ਮੰਗਲਵਾਰ, 18 ਨਵੰਬਰ, 2025
3 ਮੱਘਰ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 168

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 18 NOVEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12




## ਤਿੰਨ ਹੋਰ ਕਾਲੇ ਹਿਰਨਾਂ ਦੀ ਮੌਤ



**ਬੇਲਾਗਾਵੀ (ਕਰਨਾਟਕ) :** ਕਿਟੂਰ ਰਾਣੀ ਚੇਨੰਮਾ ਚਿੜੀਆਘਰ 'ਚ ਤਿੰਨ ਹੋਰ ਕਾਲੇ ਹਿਰਨਾਂ (ਬਲੈਕਬੱਕ) ਦੀ ਮੌਤ ਨਾਲ ਪਿਛਲੇ ਚਾਰ ਦਿਨਾਂ ਵਿੱਚ ਕੁੱਲ ਮੌਤਾਂ ਦੀ ਗਿਣਤੀ 31 ਤੱਕ ਪਹੁੰਚ ਗਈ ਹੈ। ਕਰਨਾਟਕ ਦੇ ਜੰਗਲਾਤ ਮੰਤਰੀ ਈਸ਼ਵਰ ਖਾਂਡਰੇ ਨੇ ਕਿਹਾ ਕਿ ਕਾਲੇ ਹਿਰਨਾਂ ਦੀ ਮੌਤ ਬੈਕਟੀਰੀਆ ਦੀ ਲਾਗ ਕਾਰਨ ਹੋਈ ਹੈ ਅਤੇ ਉਨ੍ਹਾ ਨੇ ਉੱਚ-ਪੱਧਰੀ ਜਾਂਚ ਦੇ ਹੁਕਮ ਦਿੱਤੇ ਹਨ। ਉਨ੍ਹਾ ਬੈਕਟੀਰੀਆ ਦੀ ਲਾਗ ਦੇ ਫੈਲਣ ਦੀ ਤੁਲਨਾ ਕੋਵਿਡ-19 ਨਾਲ ਕਰਦਿਆਂ ਕਿਹਾ ਕਿ ਅਜਿਹੀਆਂ ਘਟਨਾਵਾਂ ਦੀ ਕੋਈ ਵੀ ਭਵਿੱਖਬਾਣੀ ਨਹੀਂ ਕੀਤੀ ਜਾ ਸਕਦੀ। ਚਿੜੀਆਘਰ ਵਿੱਚ ਕਾਲੇ ਹਿਰਨਾਂ ਦੀ ਆਬਾਦੀ 38 ਤੋਂ ਘਟ ਕੇ ਸੱਤ ਰਹਿ ਗਈ ਹੈ। ਵੀਰਵਾਰ 8 ਤੇ ਸਨਿੱਚਰਵਾਰ ਨੂੰ 20 ਹਿਰਨਾਂ ਦੀ ਮੌਤ ਹੋਈ ਸੀ। ਐਤਵਾਰ ਤੇ ਸੋਮਵਾਰ ਤਿੰਨ ਹੋਰ ਕਾਲੇ ਹਿਰਨਾਂ ਦੀ ਮੌਤ ਹੋ ਗਈ।

## ਆਸਾਮ 'ਚ ਐੱਸ ਆਈ ਆਰ ਦਾ ਹੁਕਮ

**ਨਵੀਂ ਦਿੱਲੀ :** ਚੋਣ ਕਮਿਸ਼ਨ ਨੇ ਸੋਮਵਾਰ ਅਸਾਮ ਵਿੱਚ ਵੀ ਵੋਟਰ ਸੂਚੀਆਂ ਦੀ ਵਿਸ਼ੇਸ਼ ਮੁੜ ਸੁਧਾਈ (ਐੱਸ ਆਈ ਆਰ) ਦੇ ਹੁਕਮ ਦੇ ਦਿੱਤੇ। ਪਹਿਲੀ ਜਨਵਰੀ 2026 ਤੱਕ ਵਿਸ਼ੇਸ਼ ਮੁੜ ਸੁਧਾਈ ਨੂੰ ਲਾਗੂ ਕੀਤਾ ਜਾਵੇਗਾ। ਚੋਣ ਕਮਿਸ਼ਨ ਨੇ ਪਿਛਲੇ ਮਹੀਨੇ ਕਈ ਰਾਜਾਂ ਵਿੱਚ ਐੱਸ ਆਈ ਆਰ ਦਾ ਹੁਕਮ ਦਿੱਤਾ ਸੀ। ਇਨ੍ਹਾਂ ਵਿੱਚੋਂ ਤਾਮਿਲਨਾਡੂ, ਪੁਡੂਚੇਰੀ, ਕੇਰਲਾ ਅਤੇ ਪੱਛਮੀ ਬੰਗਾਲ 'ਚ ਚੋਣਾਂ ਅਗਲੇ ਸਾਲ ਹੋਣਗੀਆਂ। ਅਸਾਮ ਲਈ ਐੱਸ ਆਈ ਆਰ ਦਾ ਐਲਾਨ ਵੱਖਰੇ ਤੌਰ 'ਤੇ ਕੀਤਾ ਗਿਆ ਹੈ, ਹਾਲਾਂਕਿ ਉੱਥੇ ਵੀ ਅਗਲੇ ਸਾਲ ਚੋਣਾਂ ਹੋਣੀਆਂ ਹਨ।

## ਕਸ਼ਮੀਰੀ ਵਪਾਰੀ ਨੇ ਦਮ ਤੋੜਿਆ

**ਸ੍ਰੀਨਗਰ :** ਡਰਾਈ ਫਰੂਟ ਵਪਾਰੀ ਬਿਲਾਲ ਅਹਿਮਦ ਵਾਨੀ, ਜਿਸ ਨੇ ਦਹਿਸ਼ਤੀ ਮੌਡਿਊਲ ਕੇਸ ਵਿੱਚ ਪੁਲਸ ਵੱਲੋਂ ਪੁੱਛਗਿੱਛ ਲਈ ਸੱਦੇ ਜਾਣ ਮਗਰੋਂ ਕਾਜ਼ੀਗੁੰਡ ਵਿਚਲੇ ਆਪਣੇ ਘਰ ਵਿਚ ਖੁਦ ਨੂੰ ਅੱਗ ਲਾ ਲਈ ਸੀ, ਦੀ ਐਤਵਾਰ ਰਾਤ ਹਸਪਤਾਲ ਵਿੱਚ ਮੌਤ ਹੋ ਗਈ। ਪੁਲਸ ਨੇ ਟੈਰਰ ਮੌਡਿਊਲ ਕੇਸ ਦੇ ਸੰਬੰਧ ਵਿੱਚ ਪੁੱਛ-ਪੜਤਾਲ ਲਈ ਵਾਨੀ ਤੇ ਉਸ ਦੇ ਪੁੱਤਰ ਜਾਸੀਰ ਬਿਲਾਲ ਨੂੰ ਚੁੱਕਿਆ ਸੀ। ਬਿਲਾਲ ਨੂੰ ਪੁਲਸ ਨੇ ਛੱਡ ਦਿੱਤਾ, ਜਦੋਂਕਿ ਜਾਸੀਰ ਬਿਲਾਲ ਪੁੱਛਗਿੱਛ ਲਈ ਪੁਲਸ ਦੀ ਹਿਰਾਸਤ ਵਿੱਚ ਸੀ।

## ਰੰਗਦਾਰ ਵਿਸ਼ੇਸ਼ ਸਪਲੀਮੈਂਟ



ਧੰਨ-ਧੰਨ ਬਾਬਾ ਸ਼ਾਮ ਸਿੰਘ ਜੀ ਪਿੰਡ ਨਾਰਲਾ ਦੇ ਸਾਲਾਨਾ 335ਵੇਂ ਜੋੜ ਮੇਲੇ ਨੂੰ ਸਮਰਪਿਤ **ਭਿੱਖੀਵਿੰਡ** ਵਿਸ਼ੇਸ਼ ਸਪਲੀਮੈਂਟ 25 ਨਵੰਬਰ ਨੂੰ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਲਖਵਿੰਦਰ ਸਿੰਘ ਗੋਲਣ** ਨਾਲ ਮੋਬਾਇਲ ਨੰਬਰ 98147-70122 'ਤੇ ਸੰਪਰਕ ਕੀਤਾ ਜਾ ਸਕਦਾ ਹੈ।

-ਜਨਰਲ ਮੈਨੇਜਰ

# ਸ਼ੇਖ ਹਸੀਨਾ ਨੂੰ ਮੌਤ ਦੀ ਸਜ਼ਾ

**ਢਾਕਾ :** ਬੰਗਲਾਦੇਸ਼ੀ ਟ੍ਰਿਬਿਊਨਲ ਨੇ ਮੁਲਕ ਦੀ ਗੱਦੀਓਂ ਲਾਹੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ (78) ਤੇ ਸਾਬਕਾ ਗ੍ਰਹਿ ਮੰਤਰੀ ਅਸਦ ਉਜ਼ ਜ਼ਮਾਨ ਖਾਨ ਕਾਮਲ ਨੂੰ ਸੋਮਵਾਰ ਮੌਤ ਦੀ ਸਜ਼ਾ ਸੁਣਾਈ। ਹਸੀਨਾ ਉੱਤੇ ਪਿਛਲੇ ਸਾਲ ਵਿਦਿਆਰਥੀਆਂ ਦੀ ਅਗਵਾਈ ਵਾਲੇ ਅੰਦੋਲਨ ਦੌਰਾਨ ਮਨੁੱਖਤਾ ਖਿਲਾਫ ਕਥਿਤ ਅਪਰਾਧਾਂ ਲਈ ਮੁਕੱਦਮਾ ਚਲਾਇਆ ਗਿਆ ਸੀ। ਵਿਦਿਆਰਥੀ ਅੰਦੋਲਨ ਕਰਕੇ ਹਸੀਨਾ ਦੀ ਸਰਕਾਰ ਡਿੱਗ ਗਈ ਸੀ ਤੇ ਉਹ ਮੁਲਕ ਛੱਡ ਕੇ ਭਾਰਤ ਆ ਗਈ ਸੀ।

ਫੈਸਲੇ ਤੋਂ ਪਹਿਲਾਂ ਪੂਰੇ ਬੰਗਲਾਦੇਸ਼ ਵਿੱਚ ਇਹਤਿਆਤੀ ਪ੍ਰਬੰਧ ਵਜੋਂ ਸੁਰੱਖਿਆ ਵਧਾ ਦਿੱਤੀ ਗਈ ਤੇ ਕੌਮੀ ਰਾਜਧਾਨੀ ਵਿੱਚ ਪੁਲਸ ਨੂੰ ਹਿੰਸਕ ਪ੍ਰਦਰਸ਼ਨਕਾਰੀਆਂ ਨੂੰ ਗੋਲੀ ਮਾਰਨ ਦੇ ਹੁਕਮ ਵੀ ਦਿੱਤੇ ਗਏ। ਢਾਕਾ ਮੈਟਰੋਪੋਲੀਟਨ ਪੁਲਸ ਦੇ ਕਮਿਸ਼ਨਰ ਸ਼ੇਖ ਮੁਹੰਮਦ ਸੱਜਾਤ ਅਲੀ ਨੇ ਟ੍ਰਿਬਿਊਨਲ ਦੇ ਫੈਸਲੇ ਤੋਂ ਪਹਿਲਾਂ ਐਤਵਾਰ ਸ਼ਾਮ ਨੂੰ ਅਗਜ਼ਨੀ ਹਮਲਿਆਂ, ਧਮਾਕਿਆਂ ਜਾਂ ਪੁਲਸ ਤੇ ਨਾਗਰਿਕਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਦੇਖਦੇ ਹੀ ਗੋਲੀ ਮਾਰਨ ਦੇ ਹੁਕਮ ਦਿੱਤੇ ਹਨ।

ਉਧਰ ਅਵਾਮੀ ਲੀਗ, ਜੋ ਹੁਣ ਭੰਗ ਕੀਤੀ ਜਾ ਚੁੱਕੀ ਹੈ, ਨੇ ਫੈਸਲੇ ਤੋਂ ਪਹਿਲਾਂ ਦੋ ਦਿਨਾਂ ਦੇ ਬੰਦ ਦਾ ਐਲਾਨ ਕੀਤਾ। ਹਿੰਸਾ ਦੇ ਡਰੋਂ ਰਾਜਧਾਨੀ ਦੀਆਂ ਬਹੁਤੀਆਂ ਗਲੀਆਂ ਵਿਚ ਸੁੰਨ ਪੱਸਰੀ ਹੋਈ ਹੈ।



ਸੰਯੁਕਤ ਰਾਸ਼ਟਰ ਦੇ ਮਨੁੱਖੀ ਹੱਕਾਂ ਬਾਰੇ ਦਫਤਰ ਦੀ ਇੱਕ ਰਿਪੋਰਟ ਮੁਤਾਬਕ 15 ਜੁਲਾਈ ਤੋਂ 15 ਅਗਸਤ ਦਰਮਿਆਨ 1,400 ਲੋਕ ਮਾਰੇ ਗਏ ਸਨ। ਹਸੀਨਾ ਸਰਕਾਰ ਨੇ ਉਦੋਂ ਪ੍ਰਦਰਸ਼ਨਕਾਰੀਆਂ ਖਿਲਾਫ ਵਿਆਪਕ ਸੁਰੱਖਿਆ ਕਾਰਵਾਈ ਦਾ ਹੁਕਮ ਦਿੱਤਾ ਸੀ। ਹਸੀਨਾ, ਕਾਮਲ ਅਤੇ ਮਾਮੂਨ 'ਤੇ ਅੰਤਰਰਾਸ਼ਟਰੀ ਅਪਰਾਧ ਟ੍ਰਿਬਿਊਨਲ ਵਿੱਚ ਮੁਕੱਦਮਾ ਚਲਾਇਆ ਗਿਆ। ਅਦਾਲਤ ਨੇ ਹਸੀਨਾ ਅਤੇ ਕਾਮਲ ਨੂੰ ਭਗੌੜਾ ਐਲਾਨਿਆ ਅਤੇ ਉਨ੍ਹਾਂ ਦੀ ਗੈਰਹਾਜ਼ਰੀ ਵਿੱਚ ਉਨ੍ਹਾਂ ਵਿਰੁੱਧ ਮੁਕੱਦਮਾ ਚਲਾਇਆ। ਮਾਮੂਨ ਖਿਲਾਫ ਵਿਅਕਤੀਗਤ ਤੌਰ 'ਤੇ ਮੁਕੱਦਮਾ ਚਲਾਇਆ ਗਿਆ, ਪਰ ਮਗਰੋਂ ਉਹ ਸਰਕਾਰੀ ਗਵਾਹ ਵਜੋਂ ਪੇਸ਼ ਹੋਇਆ।

ਮੰਨਿਆ ਜਾਂਦਾ ਹੈ ਕਿ ਕਾਮਲ ਨੇ ਵੀ ਭਾਰਤ ਵਿੱਚ ਸ਼ਰਨ ਲਈ ਹੋਈ ਹੈ। ਮੁਹੰਮਦ ਯੂਨੁਸ ਦੀ ਅਗਵਾਈ ਵਾਲੀ ਅੰਤਰਮ ਸਰਕਾਰ ਨੇ ਹਸੀਨਾ ਦੀ ਹਵਾਲਗੀ ਦੀ ਮੰਗ ਕੀਤੀ ਹੈ, ਪਰ ਭਾਰਤ ਨੇ ਅਜੇ ਤੱਕ ਕੋਈ ਜਵਾਬ ਨਹੀਂ ਦਿੱਤਾ ਹੈ। ਸ਼ੇਖ ਹਸੀਨਾ ਨੇ ਕਿਹਾ ਹੈ ਕਿ ਇਹ ਫੈਸਲਾ ਸਿਆਸਤ ਨਾਲ ਪ੍ਰੇਰਤ ਹੈ। ਹਸੀਨਾ ਨੇ ਕਿਹਾ ਕਿ ਉਹ ਇੱਕ ਢੁਕਵੇਂ ਟ੍ਰਿਬਿਊਨਲ ਵਿੱਚ ਆਪਣੇ ਦੋਸ਼ਾਂ ਦਾ ਸਾਹਮਣਾ ਕਰਨ ਤੋਂ ਨਹੀਂ ਡਰਦੀ, ਜਿੱਥੇ ਸਬੂਤਾਂ ਦਾ ਨਿਰਪੱਖ ਤਰੀਕੇ ਨਾਲ ਮੁਲਾਂਕਣ ਅਤੇ ਜਾਂਚ ਕੀਤੀ ਜਾ ਸਕੇ। ਇਸੇ ਲਈ ਉਸ ਨੇ ਅੰਤਰਮ ਸਰਕਾਰ ਨੂੰ ਵਾਰ-ਵਾਰ ਚੁਣੌਤੀ ਦਿੱਤੀ ਹੈ ਕਿ ਉਹ ਇਨ੍ਹਾਂ ਦੋਸ਼ਾਂ ਨੂੰ ਹੇਗ ਵਿੱਚ ਅੰਤਰਰਾਸ਼ਟਰੀ ਅਪਰਾਧ ਅਦਾਲਤ ਦੇ ਸਾਹਮਣੇ ਲਿਆਵੇ। ਜ਼ਿਕਰਯੋਗ ਹੈ ਕਿ ਇਹ ਫੈਸਲਾ ਬੰਗਲਾਦੇਸ਼ ਵਿੱਚ ਸੰਸਦੀ ਚੋਣਾਂ ਤੋਂ ਤਿੰਨ ਮਹੀਨੇ ਪਹਿਲਾਂ ਆਇਆ ਹੈ। ਹਸੀਨਾ ਦੀ ਅਵਾਮੀ ਲੀਗ ਪਾਰਟੀ ਨੂੰ ਫਰਵਰੀ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਹਿੱਸਾ ਲੈਣ ਤੋਂ ਰੋਕ ਦਿੱਤਾ ਗਿਆ ਹੈ।

## ਸੈਨਾ ਮੁਖੀ ਦੀ ਪਾਕਿਸਤਾਨ ਨੂੰ ਸਖਤ ਚਿਤਾਵਨੀ

**ਨਵੀਂ ਦਿੱਲੀ :** ਥਲ ਸੈਨਾ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਸੋਮਵਾਰ ਪਾਕਿਸਤਾਨ ਨੂੰ ਇਕ ਸਖਤ ਸੁਨੇਹੇ ਵਿੱਚ ਕਿਹਾ ਕਿ ਭਾਰਤ ਦਹਿਸ਼ਤਗਰਦਾਂ ਅਤੇ ਉਨ੍ਹਾਂ ਦੇ ਸਰਪ੍ਰਸਤਾਂ/ਹਮਾਇਤੀਆਂ ਨਾਲ ਇਕੋ ਜਿਹਾ ਸਲੂਕ ਕਰਦਾ ਹੈ ਤੇ ਦਹਿਸ਼ਤਗਰਦੀ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ। ਇੱਕ ਸੰਵਾਦ ਸੈਸ਼ਨ ਦੌਰਾਨ ਉਨ੍ਹਾ ਇਹ ਗੱਲ ਵੀ ਮੰਨੀ ਕਿ ਭਾਰਤ ਤੇ ਚੀਨ ਦੀ ਲੀਡਰਸ਼ਿਪ ਵਿਚਾਲੇ ਗੱਲਬਾਤ ਤੋਂ ਬਾਅਦ ਪਿਛਲੇ ਇੱਕ ਸਾਲ ਵਿੱਚ ਦੋਵਾਂ ਮੁਲਕਾਂ ਦੇ ਰਿਸ਼ਤਿਆਂ ਵਿੱਚ ਸੁਧਾਰ ਹੋਇਆ ਹੈ।



ਸਰਹੱਦ ਪਾਰਲੀ ਦਹਿਸ਼ਤਗਰਦੀ 'ਤੇ ਜਨਰਲ ਦਿਵੇਦੀ ਨੇ ਕਿਹਾ ਕਿ ਭਾਰਤ ਪਾਕਿਸਤਾਨ ਨਾਲ ਨਜਿੱਠਣ ਵਿੱਚ 'ਨਵੀਂ ਆਮ ਨੀਤੀ' ਦੀ ਪਾਲਣਾ ਕਰ ਰਿਹਾ ਹੈ ਅਤੇ ਜੇ ਗੁਆਂਢੀ ਮੁਲਕ ਭਾਰਤ ਨੂੰ ਨਿਸ਼ਾਨਾ ਬਣਾਉਣ ਵਾਲੇ ਦਹਿਸ਼ਤਗਰਦ ਸਮੂਹਾਂ ਦਾ ਸਮਰਥਨ ਕਰਨਾ ਜਾਰੀ ਰੱਖਦਾ ਹੈ ਤਾਂ ਇਹ ਪਾਕਿਸਤਾਨ ਲਈ ਇੱਕ ਚੁਣੌਤੀ ਹੋਵੇਗੀ। ਫੌਜ ਮੁਖੀ ਨੇ ਕਿਹਾ, "ਅਸੀਂ ਸਾਫ ਕਰ ਚੁੱਕੇ ਹਾਂ ਕਿ ਗੱਲਬਾਤ ਅਤੇ ਦਹਿਸ਼ਤਗਰਦੀ ਇਕੱਠੇ ਨਹੀਂ ਚੱਲ ਸਕਦੇ; ਖ਼ੂਨ ਅਤੇ ਪਾਣੀ ਇਕੱਠੇ ਨਹੀਂ ਚੱਲ ਸਕਦੇ।"

## ਚੰਡੀਗੜ੍ਹ, ਪੰਜਾਬ 'ਵਰਸਿਟੀ, ਦਰਿਆਈ ਪਾਣੀਆਂ 'ਤੇ ਸਿਰਫ ਪੰਜਾਬ ਦਾ ਹੱਕ : ਭਗਵੰਤ ਮਾਨ

### ਉੱਤਰੀ ਜ਼ੋਨਲ ਕੌਂਸਲ ਦੀ ਮੀਟਿੰਗ 'ਚ ਸੰਘੀ ਢਾਂਚੇ ਦੀ ਜ਼ੋਰਦਾਰ ਵਕਾਲਤ

**ਫਰੀਦਾਬਾਦ :** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ ਉੱਤਰੀ ਜ਼ੋਨਲ ਕੌਂਸਲ ਦੀ 32ਵੀਂ ਮੀਟਿੰਗ 'ਚ ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ ਅਤੇ ਦਰਿਆਈ ਪਾਣੀਆਂ 'ਤੇ ਜ਼ੋਰਦਾਰ ਢੰਗ ਨਾਲ ਦਾਅਵਾ ਪੇਸ਼ ਕੀਤਾ ਅਤੇ ਦੇਸ਼ ਵਿੱਚ ਸਹੀ ਮਾਅਨਿਆਂ ਵਿੱਚ ਸੰਘੀ ਢਾਂਚੇ ਦੀ ਵਕਾਲਤ ਕੀਤੀ।ਇਹ ਮੁੱਦੇ ਉਠਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਾਡੇ ਸੰਵਿਧਾਨ ਨੇ ਸਪੱਸ਼ਟ ਤੌਰ 'ਤੇ ਉਨ੍ਹਾਂ ਖੇਤਰਾਂ ਦੀ ਹੱਦਬੰਦੀ ਕੀਤੀ ਹੈ, ਜਿਸ ਵਿੱਚ ਕੇਂਦਰ ਤੇ ਰਾਜਾਂ ਨੂੰ ਆਪਣੇ ਅਧਿਕਾਰ ਦੀ ਵਰਤੋਂ ਕਰਨ ਦੀ ਇਜਾਜ਼ਤ ਹੈ।ਉਨ੍ਹਾ ਕਿਹਾ ਕਿ ਸੰਘਵਾਦ ਸਾਡੇ ਸੰਵਿਧਾਨ ਦੇ ਬੁਨਿਆਦੀ ਸਿਧਾਂਤਾਂ ਵਿੱਚੋਂ ਇਕ ਹੈ, ਪਰ ਬਦਕਿਸਮਤੀ ਨਾਲ ਪਿਛਲੇ 75 ਸਾਲਾਂ ਵਿੱਚ ਇਸ ਅਧਿਕਾਰ ਦੇ ਕੇਂਦਰੀਕਰਨ ਦਾ ਰੁਝਾਨ ਹਾਵੀ ਰਿਹਾ ਹੈ।ਚੰਡੀਗੜ੍ਹ ਨੂੰ ਪੰਜਾਬ ਹਵਾਲੇ ਕਰਨ ਦੀ ਜ਼ੋਰਦਾਰ ਵਕਾਲਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਾਲ 1970 ਵਿੱਚ ਹੋਏ ਇੰਦਰਾ ਗਾਂਧੀ ਸਮਝੌਤੇ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਸੀ ਕਿ 'ਚੰਡੀਗੜ੍ਹ ਦਾ ਰਾਜਧਾਨੀ ਪ੍ਰੋਜੈਕਟ ਖੇਤਰ ਸਮੁੱਚੇ ਤੌਰ 'ਤੇ ਪੰਜਾਬ ਨੂੰ ਜਾਵੇਗਾ।' ਇਹ ਕੇਂਦਰ ਸਰਕਾਰ ਦੀ ਸਪੱਸ਼ਟ ਵਚਨਬੱਧਤਾ ਸੀ। ਮਾਨ ਨੇ ਕਿਹਾ ਕਿ 24 ਜੁਲਾਈ, 1985 ਨੂੰ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਚਕਾਰ ਹੋਏ ਰਾਜੀਵ-ਲੌਂਗੋਵਾਲ ਸਮਝੌਤੇ ਤਹਿਤ ਇਸ ਦੀ ਸਪੱਸ਼ਟ ਤੌਰ 'ਤੇ ਪੁਸ਼ਟੀ ਕੀਤੀ ਗਈ ਕਿ ਚੰਡੀਗੜ੍ਹ ਨੂੰ ਪੰਜਾਬ ਹਵਾਲੇ ਕਰ ਦਿੱਤਾ ਜਾਵੇਗਾ। ਉਹਨਾ ਦੁੱਖ ਨਾਲ ਕਿਹਾ ਕਿ



• ਬਾਕੀ ਸਫਾ 2 'ਤੇ

## ਆਜ਼ਮ ਖਾਨ ਤੇ ਬੇਟੇ ਨੂੰ 7-7 ਸਾਲ ਕੈਦ

**ਰਾਮਪੁਰ :** ਸਪਾ ਆਗੂ ਆਜ਼ਮ ਖਾਨ ਤੇ ਉਨ੍ਹਾ ਦੇ ਬੇਟੇ ਅਬਦੁੱਲਾ ਨੂੰ ਫਿਰ 7-7 ਸਾਲ ਕੈਦ ਦੀ ਸਜ਼ਾ ਹੋਈ ਹੈ। ਰਾਮਪੁਰ ਦੀ ਐੱਮ ਪੀ/ ਐੱਮ ਐੱਲ ਏ ਕੋਰਟ ਨੇ ਫਰਜ਼ੀ ਪੈਨ ਕਾਰਡ ਮਾਮਲੇ ਵਿੱਚ ਸੋਮਵਾਰ ਦੋਵਾਂ ਨੂੰ ਦੋਸ਼ੀ ਠਹਿਰਾਉਣ ਦੇ ਥੋੜ੍ਹੀ ਦੇਰ ਬਾਅਦ ਸਜ਼ਾ ਵੀ ਸੁਣਾ ਦਿੱਤੀ। ਕੋਰਟ ਨੇ ਦੋਹਾਂ ਨੂੰ 0-50 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਲਾਇਆ ਹੈ। ਫੈਸਲੇ ਤੋਂ ਬਾਅਦ ਪੁਲਸ ਦੋਹਾਂ ਨੂੰ ਰਾਮਪੁਰ ਜੇਲ੍ਹ ਲੈ ਗਈ। ਜੇਲ੍ਹ ਵਿੱਚ ਦਾਖਲ ਹੋਣ ਤੋਂ ਪਹਿਲਾਂ ਆਜ਼ਮ ਨੇ ਕਿਹਾ, 'ਕੋਰਟ ਦਾ ਫੈਸਲਾ ਹੈ, ਕੋਰਟ ਨੇ ਗੁਨਾਹਗਾਰ ਸਮਝਿਆ ਤਾਂ ਸਜ਼ਾ ਸੁਣਾਈ ਹੈ।' ਰਾਮਪੁਰ ਕੋਰਟ ਦਾ ਫੈਸਲਾ ਆਜ਼ਮ ਖਾਨ ਖਿਲਾਫ ਦਰਜ 104 ਮਾਮਲਿਆਂ ਵਿੱਚੋਂ ਇੱਕ ਹੈ। ਹੁਣ ਤੱਕ ਕੋਰਟ 11 ਫੈਸਲੇ ਸੁਣਾ ਚੁੱਕੀ ਹੈ। ਛੇ ਵਿੱਚ ਉਨ੍ਹਾ ਨੂੰ ਸਜ਼ਾ ਦਿੱਤੀ ਗਈ ਹੈ ਤੇ ਪੰਜ ਵਿੱਚ ਬਰੀ ਕੀਤਾ ਗਿਆ ਹੈ। ਆਜ਼ਮ ਖਾਨ 'ਤੇ ਦੋਸ਼ ਸੀ ਕਿ ਉਨ੍ਹਾ ਸਵਾਰ ਅਸੰਬਲੀ ਸੀਟ ਲੜਵਾਉਣ ਲਈ ਫਰਜ਼ੀ ਜਨਮ ਸਰਟੀਫਿਕੇਟ ਨਾਲ ਬੇਟੇ ਦਾ ਪੈਨ ਕਾਰਡ ਬਣਵਾਇਆ। ਹਾਰਨ ਵਾਲੇ ਬਸਪਾ ਉਮੀਦਵਾਰ ਨਵਾਬ ਕਾਜ਼ਿਮ ਅਲੀ ਖਾਨ ਨੇ ਕੋਰਟ ਵਿੱਚ ਕੇਸ ਕਰ ਦਿੱਤਾ ਕਿ ਚੋਣ ਲੜਨ ਵੇਲੇ ਅਬਦੁੱਲਾ 25 ਸਾਲ ਦਾ ਨਹੀਂ ਸੀ। ਜਾਂਚ ਵਿੱਚ ਇਹ ਸਾਬਤ ਵੀ ਹੋ ਗਿਆ।



## ਟਰੰਪ ਨੇ ਰੂਸੀ ਤੇਲ ਖਰੀਦਣ ਵਾਲਿਆਂ ਨੂੰ ਮੁੜ ਧਮਕਾਇਆ

**ਵਾਸ਼ਿੰਗਟਨ :** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੇਤਾਵਨੀ ਦਿੱਤੀ ਹੈ ਕਿ ਰੂਸ ਨਾਲ ਵਪਾਰ ਜਾਂ ਕਾਰੋਬਾਰ ਕਰਨ ਵਾਲੇ ਕਿਸੇ ਵੀ ਮੁਲਕ ਨੂੰ 'ਬਹੁਤ ਸਖਤ ਪਾਬੰਦੀਆਂ' ਦਾ ਸਾਹਮਣਾ ਕਰਨਾ ਪਏਗਾ। ਟਰੰਪ ਨੇ ਇਹ ਧਮਕੀ ਅਜਿਹੇ ਮੌਕੇ ਦਿੱਤੀ ਹੈ ਜਦੋਂ ਉਨ੍ਹਾ ਦੇ ਪ੍ਰਸ਼ਾਸਨ ਤੇ ਰਿਪਬਲਿਕਨ ਕਾਨੂੰਨਘਾੜੇ ਮਾਸਕੋ ਨੂੰ ਨਿਸ਼ਾਨਾ ਬਣਾਉਂਦਿਆਂ ਸਖਤ ਕਾਨੂੰਨ ਬਣਾਉਣ ਦੀ ਦਿਸ਼ਾ ਵੱਲ ਵਧ ਰਹੇ ਹਨ। ਪੱਤਰਕਾਰਾਂ ਨੇ ਜਦੋਂ ਪੁੱਛਿਆ ਕਿ ਕੀ ਕਾਂਗਰਸ ਲਈ ਰੂਸ ਅਤੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ 'ਤੇ ਦਬਾਅ ਪਾਉਣ ਲਈ ਕਾਨੂੰਨ ਪਾਸ ਕਰਨ ਦਾ ਸਮਾਂ ਆ ਗਿਆ ਹੈ ਤਾਂ ਟਰੰਪ ਨੇ ਕਿਹਾ, "ਮੈਂ ਸੁਣਿਆ ਹੈ ਕਿ ਉਹ ਅਜਿਹਾ ਕਰ ਰਹੇ ਹਨ ਅਤੇ ਇਹ ਮੇਰੇ ਲਈ ਠੀਕ ਹੈ। ਉਹ ਕਾਨੂੰਨ ਪਾਸ ਕਰ ਰਹੇ ਹਨ... ਰਿਪਬਲਿਕਨ ਕਾਨੂੰਨ ਬਣਾ ਰਹੇ ਹਨ... ਰੂਸ ਨਾਲ ਵਪਾਰ ਕਰਨ ਵਾਲੇ ਕਿਸੇ ਵੀ ਦੇਸ਼ 'ਤੇ ਬਹੁਤ ਸਖ਼ਤ ਪਾਬੰਦੀਆਂ ਲਾਈਆਂ ਜਾਣਗੀਆਂ... ਉਹ ਇਸ ਵਿੱਚ ਈਰਾਨ ਨੂੰ ਸ਼ਾਮਲ ਕਰ ਸਕਦੇ ਹਨ... ਮੈਂ ਇਹ ਸੁਝਾਅ ਦਿੱਤਾ ਸੀ।" ਕਾਬਿਲੇਗੌਰ ਹੈ ਕਿ ਟਰੰਪ ਪ੍ਰਸ਼ਾਸਨ ਨੇ ਰੂਸੀ ਤੇਲ ਖਰੀਦਣ ਬਦਲੇ ਭਾਰਤ 'ਤੇ ਜੁਰਮਾਨੇ ਵਜੋਂ 25 ਫੀਸਦ ਵਾਧੂ ਟੈਕਸ ਲਗਾਇਆ ਸੀ। ਅਮਰੀਕਾ ਇਸ ਵੇਲੇ ਭਾਰਤ ਤੋਂ ਦਰਾਮਦ ਵਸਤਾਂ 'ਤੇ 50 ਫੀਸਦ ਟੈਰਿਫ ਵਸੂਲਦਾ ਹੈ। ਸੈਨੇਟਰ ਲਿੰਡਸੇ ਗ੍ਰਾਹਮ ਵੱਲੋਂ ਪੇਸ਼ ਕੀਤੇ ਗਏ ਬਿੱਲ ਵਿੱਚ ਰੂਸੀ ਤੇਲ ਦੀ ਸੈਕੰਡਰੀ ਖਰੀਦ ਅਤੇ ਮੁੜ ਵਿਕਰੀ 'ਤੇ 500 ਫੀਸਦ ਟੈਰਿਫ ਦੀ ਤਜਵੀਜ਼ ਰੱਖੀ ਗਈ ਹੈ। ਇਸ ਤਜਵੀਜ਼ ਨੂੰ ਸੈਨੇਟ ਦੀ ਵਿਦੇਸ਼ੀ ਮਾਮਲਿਆਂ ਬਾਰੇ ਕਮੇਟੀ ਦੀ ਤਕਰੀਬਨ ਸਰਬਸੰਮਤੀ ਨਾਲ ਹਮਾਇਤ ਪ੍ਰਾਪਤ ਹੈ।



### ਮਮਦਾਨੀ ਨੂੰ ਮਿਲਣ ਦਾ ਇਸ਼ਾਰਾ

ਟਰੰਪ ਨੇ ਇਸ਼ਾਰਾ ਕੀਤਾ ਹੈ ਕਿ ਉਹ ਨਿਊ ਯਾਰਕ ਸ਼ਹਿਰ ਦੇ ਮੇਅਰ ਚੁਣੇ ਜ਼ੋਹਰਾਨ ਮਮਦਾਨੀ ਨੂੰ ਮਿਲਣ ਦੀ ਯੋਜਨਾ ਬਣਾ ਰਹੇ ਹਨ। ਉਨ੍ਹਾ ਕਿਹਾ ਹੈ ਕਿ ਉਹ 'ਕੋਈ ਨਾ ਕੋਈ ਹੱਲ ਕੱਢਣਗੇ', ਜੋ ਰਿਪਬਲਿਕਨ ਰਾਸ਼ਟਰਪਤੀ ਤੇ ਡੈਮੋਕਰੇਟ ਸਿਆਸੀ ਤਾਰੇ ਲਈ ਇੱਕ ਸਮਝੌਤਾ ਸਾਬਤ ਹੋ ਸਕਦਾ ਹੈ। ਟਰੰਪ ਪਿਛਲੇ ਕਈ ਮਹੀਨਿਆਂ ਤੋਂ ਮਮਦਾਨੀ ਦੀ ਨੁਕਤਾਚੀਨੀ ਕਰਦੇ ਆ ਰਹੇ ਹਨ। ਉਹ ਮਮਦਾਨੀ ਨੂੰ ਝੂਠਾ 'ਕਾਮਰੇਡ' ਦੱਸਦੇ ਰਹੇ ਹਨ। ਉਨ੍ਹਾ ਇਥੋਂ ਤੱਕ ਆਖ ਦਿੱਤਾ ਸੀ ਕਿ ਜੇ ਡੈਮੋਕਰੈਟਿਕ ਸੋਸ਼ਲਿਸਟ ਮਮਦਾਨੀ ਮੇਅਰ ਚੁਣੇ ਗਏ ਤਾਂ ਉਨ੍ਹਾ ਦਾ ਪਿੱਤਰੀ ਸ਼ਹਿਰ ਬਰਬਾਦ ਹੋ ਜਾਵੇਗਾ।

ਉਨ੍ਹਾ ਯੁਗਾਂਡਾ ਵਿੱਚ ਜਨਮੇ ਤੇ ਕੁਦਰਤੀ ਰੂਪ 'ਚ ਅਮਰੀਕੀ ਨਾਗਰਿਕ ਬਣ ਚੁੱਕੇ ਮਮਦਾਨੀ ਨੂੰ ਡਿਪੋਰਟ ਕਰਨ ਤੇ ਨਿਊ ਯਾਰਕ ਤੋਂ ਸੰਘੀ ਰਾਸ਼ੀ ਵਾਪਸ ਲੈਣ ਦੀ ਧਮਕੀ ਵੀ ਦਿੱਤੀ ਸੀ।

## ਮਹਿਲਾ ਸਾਫਟਵੇਅਰ ਇੰਜੀਨੀਅਰ ਨੂੰ ਡਿਜੀਟਲ ਅਰੈਸਟ ਕਰਕੇ 32 ਕਰੋੜ ਦੀ ਠੱਗੀ

**ਬੇਂਗਲੁਰੂ :** ਇੱਥੋਂ ਦੀ 57 ਸਾਲਾ ਮਹਿਲਾ ਨੂੰ ਕਥਿਤ 'ਡਿਜੀਟਲ ਅਰੈਸਟ' ਵਿੱਚ ਰੱਖ ਕੇ 32 ਕਰੋੜ ਰੁਪਏ ਲੁੱਟ ਲਏ ਗਏ। ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਅਲਸਾਜ਼ਾਂ ਨੇ ਸੀ ਬੀ ਆਈ ਅਧਿਕਾਰੀ ਬਣ ਕੇ ਸਕਾਈਪ ਜ਼ਰੀਏ ਮਹਿਲਾ 'ਤੇ ਲਗਾਤਾਰ ਨਿਗਰਾਨੀ ਰੱਖ ਕੇ ਉਸ ਨੂੰ 'ਡਿਜੀਟਲ ਅਰੈਸਟ' ਦੀ ਹਾਲਤ ਵਿਚ ਰੱਖਿਆ ਤੇ ਉਸ ਦੀ ਦਹਿਸ਼ਤ ਦਾ ਲਾਹਾ ਲੈ ਕੇ ਉਸ ਤੋਂ ਸਾਰੀ ਵਿੱਤੀ ਜਾਣਕਾਰੀ ਹਾਸਲ ਕੀਤੀ ਅਤੇ 187 ਬੈਂਕ ਟਰਾਂਜੈਕਸ਼ਨਾਂ ਲਈ ਦਬਾਅ ਪਾਇਆ।



ਸ਼ਹਿਰ ਦੇ ਇੰਦਰਾਨਗਰ ਦੀ ਸਾਫਟਵੇਅਰ ਇੰਜੀਨੀਅਰ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਕਿ ਅਖੀਰ ਵਿੱਚ 'ਕਲੀਅਰੈਂਸ ਲੈਟਰ' ਮਿਲਣ ਤੱਕ ਜਾਅਲਸਾਜ਼ਾਂ ਨੇ ਉਸ ਨੂੰ ਛੇ ਮਹੀਨਿਆਂ ਤੋਂ ਵੱਧ ਸਮੇਂ ਤੱਕ 'ਡਿਜੀਟਲ ਗ੍ਰਿਫਤਾਰੀ' ਦੇ ਧੋਖੇ ਵਿੱਚ ਰੱਖਿਆ। ਇਸ ਦੀ ਸ਼ੁਰੂਆਤ 15 ਸਤੰਬਰ 2024 ਨੂੰ ਇੱਕ ਵਿਅਕਤੀ ਦੇ ਫੋਨ ਨਾਲ ਹੋਈ, ਜਿਸ ਨੇ ਡੀ ਐੱਚ ਐੱਲ ਅੰਧੇਰੀ ਤੋਂ ਹੋਣ ਦਾ ਦਾਅਵਾ ਕਰਦੇ ਹੋਏ ਦੋਸ਼ ਲਗਾਇਆ ਕਿ ਉਸ ਦੇ ਨਾਂਅ ਤੋਂ ਬੁੱਕ ਕੀਤੇ ਗਏ ਪਾਰਸਲ ਵਿੱਚ ਕਰੈਡਿਟ ਕਾਰਡ, ਪਾਸਪੋਰਟ ਤੇ 'ਐੱਮ ਐੱਮ ਡੀ ਏ' ਹਨ ਤੇ ਉਸ ਦੀ ਸ਼ਨਾਖਤ ਦੀ ਦੁਰਵਰਤੋਂ ਕੀਤੀ ਗਈ ਹੈ। ਐੱਮ ਐੱਮ ਡੀ ਏ ਇੱਕ ਤਰ੍ਹਾਂ ਦਾ ਨਸ਼ੀਲਾ ਪਦਾਰਥ ਹੈ।

ਉਸ ਦੇ ਜਵਾਬ ਦੇਣ ਤੋਂ ਪਹਿਲਾਂ, ਕਾਲ ਉਨ੍ਹਾਂ ਵਿਅਕਤੀਆਂ ਨੂੰ ਟਰਾਂਸਫਰ ਕਰ ਦਿੱਤੀ ਗਈ ਜੋ ਆਪਣੇ ਆਪ ਨੂੰ ਸੀ ਬੀ ਆਈ ਅਧਿਕਾਰੀ ਹੋਣ ਦਾ ਦਾਅਵਾ ਕਰਦੇ ਸਨ। ਇਨ੍ਹਾਂ ਅਖੌਤੀ ਅਧਿਕਾਰੀਆਂ ਨੇ ਉਸ ਨੂੰ ਧਮਕੀ ਦਿੱਤੀ ਅਤੇ ਦਾਅਵਾ ਕੀਤਾ ਕਿ 'ਸਾਰੇ ਸਬੂਤ ਉਸ ਦੇ ਖਿਲਾਫ' ਹਨ। ਔਰਤ ਨੂੰ ਦੋ ਸਕਾਈਪ ਆਈ ਡੀ ਬਣਾਉਣ ਅਤੇ ਵੀਡੀਓ 'ਤੇ ਰਹਿਣ ਲਈ ਕਿਹਾ ਗਿਆ ਸੀ।

ਮੋਹਿਤ ਹਾਂਡਾ ਨਾਂਅ ਦੇ ਇੱਕ ਵਿਅਕਤੀ ਨੇ ਦੋ ਦਿਨ ਉਸ ਦੀ ਨਿਗਰਾਨੀ ਕੀਤੀ। ਇਸ ਮਗਰੋਂ ਰਾਹੁਲ ਯਾਦਵ ਨੇ ਇੱਕ ਹਫਤੇ ਲਈ ਨਜ਼ਰ ਰੱਖੀ। ਇੱਕ ਹੋਰ ਜਾਅਲਸਾਜ਼ ਪ੍ਰਦੀਪ ਸਿੰਘ ਨੇ ਖੁਦ ਨੂੰ ਸੀਨੀਅਰ ਸੀ ਬੀ ਆਈ ਅਧਿਕਾਰੀ ਵਜੋਂ ਪੇਸ਼ ਕੀਤਾ ਅਤੇ ਉਸ ਨੂੰ ਆਪਣੀ ਬੇਗੁਨਾਹੀ ਸਾਬਤ ਕਰਨ ਲਈ ਦਬਾਅ ਪਾਇਆ। ਉਮਾ ਰਾਣੀ ਨੇ 24 ਸਤੰਬਰ ਤੋਂ 22 ਅਕਤੂਬਰ ਤੱਕ ਆਪਣੇ ਵਿੱਤੀ ਵੇਰਵੇ ਸਾਂਝੇ ਕੀਤੇ ਅਤੇ ਵੱਡੀ ਰਕਮ ਟਰਾਂਸਫਰ ਕੀਤੀ। ਉਨ੍ਹਾਂ ਨੇ 24 ਅਕਤੂਬਰ ਤੋਂ 3 ਨਵੰਬਰ ਦੇ ਵਿਚਕਾਰ 2 ਕਰੋੜ ਦੀ ਕਥਿਤ ਸੁਰੱਖਿਆ ਰਕਮ ਜਮ੍ਹਾਂ ਕਰਵਾਈ, ਜਿਸ ਤੋਂ ਬਾਅਦ ਟੈਕਸਾਂ ਲਈ ਹੋਰ ਭੁਗਤਾਨ ਕੀਤੇ ਗਏ। ਪੀੜਤ ਨੂੰ ਕਥਿਤ ਤੌਰ 'ਤੇ 1 ਦਸੰਬਰ ਨੂੰ ਕਲੀਅਰੈਂਸ ਲੈਟਰ ਮਿਲਿਆ, ਪਰ ਤਣਾਅ ਕਰਕੇ ਉਹ ਗੰਭੀਰ ਰੂਪ ਵਿੱਚ ਬਿਮਾਰ ਹੋ ਗਈ ਅਤੇ ਉਸ ਨੂੰ ਠੀਕ ਹੋਣ ਵਿੱਚ ਇੱਕ ਮਹੀਨਾ ਲੱਗ ਗਿਆ। ਦਸੰਬਰ ਤੋਂ ਬਾਅਦ ਜਾਅਲਸਾਜ਼ਾਂ ਨੇ ਪ੍ਰੋਸੈਸਿੰਗ ਫੀਸ ਦੀ ਮੰਗ ਕੀਤੀ ਅਤੇ ਫਰਵਰੀ ਅਤੇ ਫਿਰ ਮਾਰਚ ਤੱਕ ਰਿਫੰਡ ਵਿੱਚ ਵਾਰ-ਵਾਰ ਦੇਰੀ ਕੀਤੀ। 26 ਮਾਰਚ, 2025 ਨੂੰ ਸਾਰੇ ਸੰਚਾਰ ਬੰਦ ਹੋ ਗਏ। ਪੀੜਤਾ ਨੇ ਕਿਹਾ, "ਮੇਰੇ ਨਾਲ 187 ਲੈਣ-ਦੇਣ ਰਾਹੀਂ ਕਰੀਬ 31.83 ਕਰੋੜ ਦੀ ਧੋਖਾਧੜੀ ਕੀਤੀ ਗਈ।"

## ਨਿੱਕੇ ਹੱਜ 'ਤੇ ਗਏ 43 ਭਾਰਤੀਆਂ ਦੀ ਸੜਕ ਹਾਦਸੇ 'ਚ ਮੌਤ




ਇਕੱਲਾ ਮੁਹੰਮਦ ਅਬਦੁਲ ਸ਼ੋਇਬ ਹੀ ਬਚਿਆ

**ਰਿਆਧ :** ਸਾਊਦੀ ਅਰਬ ਵਿੱਚ ਸੋਮਵਾਰ ਸਵੇਰੇ ਮੱਕਾ ਤੋਂ ਮਦੀਨਾ ਜਾ ਰਹੀ ਬੱਸ ਦੀ ਡੀਜ਼ਲ ਵਾਲੇ ਟੈਂਕਰ ਨਾਲ ਟੱਕਰ 'ਚ ਹੈਦਰਾਬਾਦ ਨਾਲ ਸੰਬੰਧਤ 43 ਉਮਰਾਹ ਸ਼ਰਧਾਲੂਆਂ ਦੀ ਮੌਤ ਹੋ ਗਈ। ਉਨ੍ਹਾ ਨਾਲ ਚੱਲ ਰਹੇ ਦੋ ਸਾਊਦੀ ਨਾਗਰਿਕ ਵੀ ਮਾਰੇ ਗਏ। ਹਾਦਸਾ ਭਾਰਤੀ ਸਮੇਂ ਮੁਤਾਬਕ ਤੜਕੇ ਡੇਢ ਵਜੇ ਦੇ ਕਰੀਬ ਮੁਫ਼ਰੀਹਾਟ ਇਲਾਕੇ ਵਿੱਚ ਹੋਇਆ। ਬੱਸ 'ਤੇ ਕੁੱਲ 46 ਯਾਤਰੀ ਸਵਾਰ ਸਨ, ਜਿਨ੍ਹਾਂ ਵਿੱਚੋਂ ਇੱਕ ਹੀ ਬਚਿਆ ਹੈ ਤੇ ਉਹ ਇਸ ਵੇਲੇ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਮ੍ਰਿਤਕਾਂ 'ਚ ਮਹਿਲਾਵਾਂ ਤੇ ਬੱਚੇ ਵੀ ਸ਼ਾਮਲ ਹਨ। ਹੈਦਰਾਬਾਦ ਦੇ ਪੁਲਸ ਕਮਿਸ਼ਨਰ ਵੀ ਸੀ ਸੱਜਨਾਰ ਨੇ ਮੁੱਢਲੀ ਜਾਣਕਾਰੀ ਦੇ ਹਵਾਲੇ ਨਾਲ ਦਾਅਵਾ ਕੀਤਾ ਕਿ ਘੱਟੋਘੱਟ 45 ਲੋਕ ਮਾਰੇ ਗਏ ਹਨ। ਉਨ੍ਹਾ ਕਿਹਾ ਕਿ 9 ਨਵੰਬਰ ਨੂੰ 54 ਵਿਅਕਤੀ ਜੇਦਾਹ ਗਏ ਸਨ ਤੇ ਇਨ੍ਹਾਂ ਨੇ 23 ਨਵੰਬਰ ਨੂੰ ਉਥੋਂ ਵਾਪਸ ਆਉਣਾ ਸੀ। ਇਨ੍ਹਾਂ 54 ਵਿੱਚੋਂ ਚਾਰ ਜਣੇ ਵੱਖਰੇ ਤੌਰ 'ਤੇ ਕਾਰ ਰਾਹੀਂ ਮਦੀਨਾ ਦੀ ਯਾਤਰਾ ਕਰ ਰਹੇ ਸਨ, ਜਦੋਂਕਿ ਚਾਰ ਹੋਰਨਾਂ ਨੇ ਮੱਕਾ ਵਿੱਚ ਹੀ ਰਹਿਣ ਦਾ ਫੈਸਲਾ ਕੀਤਾ। ਬੱਸ ਵਿੱਚ 46 ਵਿਅਕਤੀ ਸਨ। ਬਚਣ ਵਾਲੇ ਦੀ ਪਛਾਣ 24 ਸਾਲਾ ਮੁਹੰਮਦ ਅਬਦੁਲ ਸ਼ੋਇਬ ਵਜੋਂ ਹੋਈ ਹੈ ਤੇ ਉਹ ਬੱਸ ਦੇ ਡਰਾਈਵਰ ਕੋਲ ਬੈਠਾ ਸੀ।

### ਹੱਜ ਤੇ ਉਮਰਾਹ 'ਚ ਫਰਕ

ਉਮਰਾਹ ਦਾ ਮਤਲਬ 'ਆਬਾਦ ਥਾਂ 'ਤੇ ਜਾਣਾ' ਹੈ। ਇਸ ਨੂੰ ਛੋਟਾ ਹੱਜ ਵੀ ਕਿਹਾ ਜਾਂਦਾ ਹੈ। ਇਸ ਦਾ ਉਦੇਸ਼ ਗੁਨਾਹਾਂ ਦੀ ਮੁਆਫੀ ਮੰਗਣਾ, ਈਮਾਨ ਨੂੰ ਤਾਜ਼ਾ ਕਰਨਾ ਤੇ ਅੱਲ੍ਹਾ ਨਾਲ ਸੰਬੰਧ ਮਜ਼ਬੂਤ ਕਰਨਾ ਹੁੰਦਾ ਹੈ। ਹੱਜ ਇੱਕ ਖਾਸ ਸਮੇਂ ਕੀਤਾ ਜਾਂਦਾ ਹੈ, ਜਦਕਿ ਉਮਰਾਹ ਸਾਲ ਵਿੱਚ ਕਿਸੇ ਵੀ ਸਮੇਂ ਕੀਤਾ ਜਾ ਸਕਦਾ ਹੈ। ਇਸ ਵਿੱਚ ਇਹਰਾਮ (ਖਾਸ ਵਸਤਰ) ਪਹਿਨਿਆ ਜਾਂਦਾ ਹੈ। ਕਾਬਾ ਦੇ ਚੌਹੀਂ ਪਾਸੀਂ ਸੱਤ ਵਾਰ ਤਵਾਫ (ਪਰਕਰਮਾ) ਕਰਨਾ ਹੁੰਦਾ ਹੈ ਅਤੇ ਅਲ ਸਫਾ ਤੇ ਅਲ ਮਰਵਾ ਵਿਚਾਲੇ ਸੱਤ ਵਾਰ ਦੌੜਨਾ (ਸਈ) ਹੁੰਦਾ ਹੈ। ਉਮਰਾਹ ਇੱਕ ਛੋਟੀ ਯਾਤਰਾ ਹੈ ਤੇ ਇਸ ਨੂੰ ਕੁਝ ਘੰਟਿਆਂ ਵਿੱਚ ਪੂਰਾ ਕੀਤਾ ਜਾ ਸਕਦਾ ਹੈ, ਜਦਕਿ ਹੱਜ ਲੰਮੀ ਤੇ ਲਾਜ਼ਮੀ ਤੀਰਥ ਯਾਤਰਾ ਹੁੰਦੀ ਹੈ।



ਉਮਰਾਹ ਵਿੱਚ ਹੱਜ ਦੀਆਂ ਸਾਰੀਆਂ ਰਸਮਾਂ ਸ਼ਾਮਲ ਨਹੀਂ ਹੁੰਦੀਆਂ, ਜਿਵੇਂ ਕਿ ਮੀਨਾ, ਅਰਾਫਾਤ ਤੇ ਮੁਜ਼ਦਲਿਫਾ ਵਿੱਚ ਰੁਕਣਾ ਜਾਂ ਜਮਰਾ 'ਤੇ ਪੱਥਰ ਮਾਰਨਾ। ਹੱਜ ਹਰ ਮੁਸਲਮਾਨ ਲਈ ਜ਼ਰੂਰੀ ਸਮਝਿਆ ਜਾਂਦਾ ਹੈ, ਬਸ਼ਰਤੇ ਕਿ ਉਸ ਦੀ ਆਰਥਕ ਹਾਲਤ ਤੇ ਸਿਹਤ ਆਗਿਆ ਦਿੰਦੀ ਹੋਵੇ।

## ਅੱਜ-ਨਾਮਾ

ਵਿੱਚੋਂ ਬੈਂਕਾਂ ਦੇ ਅੱਜ ਆ ਖਬਰ ਨਿਕਲੀ,
ਪੈਸਾ ਬੈਂਕਾਂ ਵਿੱਚ ਪਿਆ ਈ ਬੜਾ ਬੇਲੀ।
ਪੁੱਛਣ ਦੱਸਣ ਨਾ ਕੋਈ ਵੀ ਕਦੇ ਆਉਂਦਾ,
ਵਾਰਸ ਹੁੰਦਾ ਨਹੀਂ ਕਦੇ ਕੋਈ ਖੜਾ ਬੇਲੀ।
ਪੈਸਾ ਕਈਆਂ ਦੇ ਨਾਂਅ ਦਾ ਬਹੁਤ ਭਾਰਾ,
ਭਰਿਆ ਨੋਟਾਂ ਦਾ ਜਿੱਦਾਂ ਈ ਘੜਾ ਬੇਲੀ।
ਰਿਜ਼ਰਵ ਬੈਂਕ ਨੇ ਤਾਜ਼ਾ ਈ ਹੁਕਮ ਕੀਤਾ,
ਲੱਗਾ ਈ ਖਾਤਿਆਂ ਨੂੰ ਲੱਗਣ ਕੜਾ ਬੇਲੀ।
ਲਾਵਾਰਸ ਪੈਸਾ ਇਹ ਪੂਰਾ ਹੀ ਜਾਮ ਹੋਣਾ,
ਕੇਂਦਰੀ ਬੈਂਕ ਵੱਲ ਸਿੱਧਾ ਹੀ ਜਾਊਗਾ ਈ।
ਮਿਲ ਜਾਊ ਪੈਸਾ ਸਬੂਤ ਸਭ ਦੇਣ ਮਗਰੋਂ,
ਭੁੱਲਾ-ਭਟਕਿਆ ਜਦੋਂ ਕੋਈ ਆਊਗਾ ਈ।

-ਤੀਸ ਮਾਰ ਖਾਂ

18-NOV-PAGE-1.qxd 11/17/2025 9:17 PM Page 2



## ਦੇਸ਼ ਭਗਤ 'ਵਰਸਿਟੀ ਨੇ ਮਨਾਇਆ ਰਾਸ਼ਟਰੀ ਸਿੱਖਿਆ ਦਿਵਸ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਵੱਲੋਂ ਭਾਰਤ ਦੇ ਪਹਿਲੇ ਸਿੱਖਿਆ ਮੰਤਰੀ ਮੌਲਾਨਾ ਅਬੁਲ ਕਲਾਮ ਆਜ਼ਾਦ ਦੇ ਜਨਮ ਦਿਨ ਨੂੰ ਸਮਰਪਤ ਰਾਸ਼ਟਰੀ ਸਿੱਖਿਆ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਸਮਾਗਮ ਦਾ ਥੀਮ 'ਏ ਆਈ ਤੇ ਸਿੱਖਿਆ : ਆਟੋਮੇਸ਼ਨ ਦੀ ਦੁਨੀਆ ਵਿੱਚ ਮਨੁੱਖੀ ਏਜੰਸੀ ਦੀ ਰੱਖਿਆ' ਥੀਮ ਹੇਠ ਅੰਤਰਰਾਸ਼ਟਰੀ ਸਿੱਖਿਆ ਦਿਵਸ 2025 ਨੂੰ ਵੀ ਉਜਾਗਰ ਕੀਤਾ।ਇਸ ਸਮਾਗਮ ਵਿੱਚ ਡੀ.ਬੀ.ਯੂ. ਦੇ ਚਾਂਸਲਰ ਡਾ. ਜ਼ੋਰਾ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਉਨ੍ਹਾਂ ਦੇ ਨਾਲ ਡਾ. ਹਰਸ਼ ਸਦਾਵਰਤੀ, ਵਾਈਸ ਚਾਂਸਲਰ, ਡਾ. ਪ੍ਰਿੰਸੀਪਲ ਸ਼ਿਓਰਾਨ, ਡਾਇਰੈਕਟਰ, ਫੈਕਲਟੀ ਆਫ਼ ਐਜੂਕੇਸ਼ਨ, ਸਤੀਸ਼ ਕੁਮਾਰ, ਐਨ.ਐਸ.ਐਸ. ਪ੍ਰੋਗਰਾਮ ਕੋਆਰਡੀਨੇਟਰ, ਕਾਰਤਿਕ ਸਿੰਗਲਾ, ਜ਼ਿਲ੍ਹਾ ਯੁਵਾ ਅਧਿਕਾਰੀ, ਮੇਰਾ ਯੁਵਾ ਭਾਰਤ, ਫਤਿਹਗੜ੍ਹ ਸਾਹਿਬ ਤੇ ਹੋਰ ਵਿਸ਼ੇਸ਼ ਮਹਿਮਾਨ ਸ਼ਾਮਲ ਹੋਏ।ਇਸ ਮੌਕੇ ਬੋਲਦਿਆਂ ਡਾ. ਜ਼ੋਰਾ ਸਿੰਘ ਨੇ ਭਾਰਤ ਦੀ ਸਿੱਖਿਆ ਪ੍ਰਣਾਲੀ ਨੂੰ ਆਕਾਰ ਦੇਣ ਅਤੇ ਸਾਖਰਤਾ ਤੇ ਸਮਾਨਤਾ ਨੂੰ ਉਤਸ਼ਾਹਤ ਕਰਨ ਵਿੱਚ ਮੌਲਾਨਾ ਅਬੁਲ ਕਲਾਮ ਆਜ਼ਾਦ ਦੇ ਅਥਾਹ ਯੋਗਦਾਨ 'ਤੇ ਜ਼ੋਰ ਦਿੱਤਾ।ਡਾ.ਪ੍ਰਿੰਸੀਪਲ ਸ਼ਿਓਰਾਨ ਨੇ ਆਈਆਈਟੀ ਤੇ ਸੰਗਠਨਾਤਮਕ ਅਕੈਡਮੀਆਂ ਵਰਗੇ ਪ੍ਰਮੁੱਖ ਸੰਸਥਾਨਾਂ ਦੀ ਸਥਾਪਨਾ ਵਿੱਚ ਆਜ਼ਾਦ ਦੇ ਦ੍ਰਿਸ਼ਟੀਕੋਣ ਤੇ ਵਿਰਾਸਤ 'ਤੇ ਵਿਚਾਰ ਪੇਸ਼ ਕੀਤੇ।ਇਹ ਸਮਾਗਮ 2025 ਦੇ ਅੰਤਰਰਾਸ਼ਟਰੀ ਸਿੱਖਿਆ ਦਿਵਸ ਥੀਮ 'ਤੇ ਚਰਚਾਵਾਂ ਨਾਲ ਸਮਾਪਤ ਹੋਇਆ।

## ਸਰੀਰਕ ਸਿੱਖਿਆ ਤੇ ਖੇਡਾਂ ਦੀ ਪਾਠ ਪੁਸਤਕ ਲੋਕ ਅਰਪਣ



**ਪਟਿਆਲਾ (ਰਾਜਿੰਦਰ ਥਿੰਦ)**-ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸੰਜੀਵ ਸ਼ਰਮਾ ਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਡਾ. ਰਵਿੰਦਰਪਾਲ ਸਿੰਘ ਵੱਲੋਂ ਡਾ. ਰਜਿੰਦਰ ਸੈਣੀ ਵੱਲੋਂ ਲਿਖੀ ਗਈ ਕਿਤਾਬ ਸਰੀਰਕ ਸਿੱਖਿਆ ਤੇ ਖੇਡਾਂ ਦੀ ਪਾਠ ਪੁਸਤਕ ਲੋਕ ਅਰਪਣ ਕੀਤੀ ਗਈ ਤੇ ਨਾਲ ਹੀ ਇਨ੍ਹਾਂ ਨੂੰ ਮੁਬਾਰਕਬਾਦ ਵੀ ਦਿੱਤੀ।ਡਾ. ਰਜਿੰਦਰ ਸੈਣੀ, ਜੋ ਕਿ ਰਾਜਪੁਰਾ ਜ਼ੋਨ ਦੇ ਜਨਰਲ ਸਕੱਤਰ ਵੀ ਹਨ, ਨੇ ਦੱਸਿਆ ਕਿ ਇਹ ਕਿਤਾਬ ਬਾਰਵੀਂ ਦੇ ਵਿਦਿਆਰਥੀਆਂ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਵੇਂ ਸਿਲੇਬਸ ਮੁਤਾਬਕ ਹੈ।ਇਸ ਕਿਤਾਬ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰਕੇ ਬਹੁਤ ਜਲਦ ਪ੍ਰਕਾਸ਼ਿਤ ਕੀਤੀ ਜਾਵੇਗੀ।ਇਸ ਮੌਕੇ ਜ਼ਿਲ੍ਹਾ ਸਪੋਰਟਸ ਕੋਆਡੀਨੇਟਰ ਡਾ. ਦਲਜੀਤ ਸਿੰਘ, ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ, ਅਮਨਿੰਦਰ ਸਿੰਘ ਬਾਬਾ, ਸ਼ਸ਼ੀ ਮਾਨ, ਜਸਵਿੰਦਰ ਸਿੰਘ ਚੱਪੜ, ਗੁਰਨਾਮ ਸਿੰਘ, ਅਰਸ਼ਦ ਖਾਨ, ਗੁਰਪ੍ਰੀਤ ਸਿੰਘ ਟਿਵਾਣਾ ਤੇ ਜਸਵਿੰਦਰ ਸਿੰਘ ਗੱਜੂ ਮਾਜਰਾ ਹਾਜ਼ਰ ਸਨ।

## ਅਮਲ ਸੋਸਾਇਟੀ ਨਾਭਾ ਵੱਲੋਂ ਸਰਬੱਤ ਦੇ ਭਲੇ ਲਈ ਧਾਰਮਿਕ ਸਮਾਗਮ



**ਨਾਭਾ (ਵਰਿੰਦਰ ਵਰਮਾ)**-ਸਥਾਨਕ ਅਲਹੌਰਾਂ ਗੇਟ ਸ਼ਮਸ਼ਾਨ ਘਾਟ ਦਾ ਰੱਖ ਰਖਾਵ ਕਰਨ ਵਾਲੀ ਅਮਲ ਸੁਸਾਇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਸਰਬੱਤ ਦੇ ਭਲੇ ਲਈ ਧਾਰਮਿਕ ਸਮਾਗਮ ਕਰਵਾਇਆ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦੀ ਸਮਾਪਤੀ ਤੋਂ ਬਾਅਦ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ ਤੇ ਰਾਗੀ ਸਿੰਘਾਂ ਨੇ ਕੀਰਤਨ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਸੁਸਾਇਟੀ ਵੱਲੋਂ ਕਈ ਸਕੂਲਾਂ ਦੇ ਲੋੜਵੰਦ ਤੇ ਹੋਣਹਾਰ ਬੱਚਿਆਂ ਵਿਦਿਆਰਥੀਆਂ ਨੂੰ ਇਸ ਮੌਕੇ ਵਜ਼ੀਫੇ ਵੀ ਦਿੱਤੇ ਗਏ।ਸੋਸਾਇਟੀ ਦੇ ਪ੍ਰਧਾਨ ਬਲਜੀਤ ਸਿੰਘ ਖੈਰਾ ਸੋਸਾਇਟੀ ਦੇ ਪ੍ਰਧਾਨ ਬਲਜੀਤ ਸਿੰਘ ਖਹਿਰਾ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਸਮਾਜ ਸੇਵਾ ਦੇ ਕੰਮ ਹਮੇਸ਼ਾ ਕੀਤੇ ਗਏ ਹਨ ਤੇ ਕੀਤੇ ਜਾਣਗੇ। ਸੋਸਾਇਟੀ ਵੱਲੋਂ ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਅਮਰਦੀਪ ਸਿੰਘ ਖੰਨਾ, ਨਗਰ ਕੌਂਸਲ ਨਾਭਾ ਦੇ ਕਾਰਜਕਾਰੀ ਪ੍ਰਧਾਨ ਜਸਦੀਪ ਸਿੰਘ ਖੰਨਾ ਤੇ ਹੋਰ ਸ਼ਖਸੀਅਤਾਂ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾ. ਚੇਅਰਮੈਨ ਗੁਰਦਿਆਲ ਇੰਦਰ ਸਿੰਘ ਬਿੱਲੂ, ਸੋਸਾਇਟੀ ਦੇ ਸੀਨੀਅਰ ਮੀਤ ਪ੍ਰਧਾਨ ਪ੍ਰਿੰ. ਅਮਰਜੀਤ ਵਰਮਾ, ਸਕੱਤਰ ਛੱਜੂ ਰਾਮ ਸਿੰਘੀ, ਕੈਸ਼ੀਅਰ ਸੁਖਵਿੰਦਰ ਸਿੰਘ ਐੱਸਡੀਓ, ਪ੍ਰੈੱਸ ਸਕੱਤਰ ਕਰਮਜੀਤ ਸਿੰਘ ਮਹਿਰਮ, ਅਜੀਤ ਸਿੰਘ ਖਹਿਰਾ, ਪਰਮਜੀਤ ਸਿੰਘ ਸੋਢੀ, ਬਰਿੰਦਰ ਪਾਲ ਸਿੰਘ ਨਾਭਾ, ਮਲਕੀਤ ਸਿੰਘ ਅਟਵਾਲ, ਦੇਵਿੰਦਰ ਖੇਤਰਪਾਲ, ਪ੍ਰਿੰਸੀਪਲ ਸੁਚੇਤ ਸਿੰਘ ਬੇਦੀ, ਡੀ ਐੱਸ ਹਰਜਾਈ ਐਡ. ਗੀਤ ਇਕਬਾਲ ਸਿੰਘ ਮਝੈਲ, ਨਰੇਸ਼ ਸਾਲਦੀ, ਸਤਪਾਲ ਅਰੋੜਾ, ਕਾਹਨ ਸਿੰਘ, ਵਿਨੇ ਬਿੰਦਰਾ, ਹਰਪਾਲ ਸਿੰਘ ਐੱਸਡੀਓ, ਸਤਿਗੁਰ ਸਿੰਘ ਨਰਮਾਣਾ, ਗੁਰਮੁਖ ਸਿੰਘ ਭੋਜੋਮਾਜਰੀ, ਰਣਜੀਤ ਸਿੰਘ ਢੀਂਡਸਾ, ਚਰਨਜੀਤ ਸਿੰਘ ਵਿਰਕ ਤੇ ਵੱਡੀ ਗਿਣਤੀ ਵਿੱਚ ਸੁਸਾਇਟੀ ਦੇ ਮੈਂਬਰ ਤੇ ਇਲਾਕਾ ਨਿਵਾਸੀ ਹਾਜ਼ਰ ਸਨ।

## ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕਰਨ ਲਈ ਕਰੋੜਾਂ ਰੁਪਏ ਖਰਚ ਕੀਤੇ ਜਾਣਗੇ : ਪੰਡੋਰੀ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਮਹਿਲ ਕਲਾਂ ਹਲਕੇ ਅੰਦਰ ਖੇਡ ਸਟੇਡੀਅਮ ਬਣਾਉਣ ਲਈ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ।ਇਹ ਪ੍ਰਗਟਾਵਾ ਚੇਅਰਮੈਨ ਵਿਸ਼ੇਸ਼ ਅਧਿਕਾਰ ਕਮੇਟੀ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਪਿੰਡ ਚੰਨਣਵਾਲ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ 'ਚ 35 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਜਾ ਰਹੇ ਖੇਡ ਸਟੇਡੀਅਮ ਦੇ ਨਿਰਮਾਣ ਦੀ ਸ਼ੁਰੂਆਤ ਕਰਾਉਣ ਸਮੇਂ ਕੀਤਾ।ਉਨ੍ਹਾਂ ਕਿਹਾ ਕਿ ਸਰਕਾਰ ਪੰਜਾਬ ਦੇ ਲੋਕਾਂ ਵਾਸਤੇ ਹਰ ਸਹੂਲਤ ਦਾ ਪ੍ਰਬੰਧ ਕਰਨ ਲਈ ਵਚਨਬੱਧ ਹੈ।ਉਨ੍ਹਾਂ ਦੱਸਿਆ ਕਿ ਪਿਛਲੇ ਸਾਢੇ ਤਿੰਨ ਸਾਲਾਂ ਦੌਰਾਨ ਮੈਦਾਨ ਮਾਡਲ, ਨਵੀਆਂ ਖੇਡ ਨਰਸਰੀਆਂ, ਤੇ ਕੋਚਾਂ ਦੀ ਭਰਤੀ ਰਾਹੀਂ ਨੌਜਵਾਨਾਂ ਲਈ ਸੁਵਿਧਾਵਾਂ ਵਧਾਈਆਂ ਗਈਆਂ ਹਨ।ਸਿੱਖਿਆ ਖੇਤਰ 'ਚ ਸਰਕਾਰੀ ਸਕੂਲਾਂ ਦੀ ਨਵੀਨੀਕਰਨ ਪ੍ਰਕਿਰਿਆ, ਸਮਾਰਟ ਕਲਾਸ ਰੂਮ, ਲੈਬਾਂ ਤੇ ਸਿੱਖਿਆ ਦੇ ਪੱਧਰ ਨੂੰ ਉੱਚਾ ਕੀਤਾ ਗਿਆ ਹੈ।ਆਮ ਆਦਮੀ ਕਲਿਨਿਕਾਂ ਤੇ ਕੈਸ਼ ਰਹਿਤ ਇਲਾਜ ਯੋਜਨਾ ਨੇ ਲੋਕਾਂ ਨੂੰ ਬੂਹੇ 'ਤੇ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਹਨ।ਵਿਧਾਇਕ ਪੰਡੋਰੀ ਨੇ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਹੋਰ ਵੱਡੇ ਪ੍ਰਾਜੈਕਟ ਸ਼ੁਰੂ ਕੀਤੇ ਜਾਣਗੇ।ਉਨ੍ਹਾਂ ਸਮੂਹ ਲੋਕਾਂ ਤੋਂ ਆਪਸੀ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਸਹਿਯੋਗ ਦੇਣ ਦੀ ਅਪੀਲ ਕੀਤੀ।ਇਸ ਮੌਕੇ ਸਰਪੰਚ ਕੁਲਵਿੰਦਰ ਕੌਰ ਧਾਲੀਵਾਲ, ਬਲਵਿੰਦਰ ਸਿੰਘ ਫੌਜੀ, ਪ੍ਰਿਤਪਾਲ ਸਿੰਘ, ਗੁਰਜੰਟ ਸਿੰਘ, ਕਰਮਜੀਤ ਕੌਰ, ਗੁਰਜੀਤ ਸਿੰਘ, ਗੁਰਮੀਤ ਕੌਰ, ਨਸੀਬ ਕੌਰ ਆਦਿ ਹਾਜ਼ਰ ਸਨ।

## ਪੀ ਐਮ ਸ਼੍ਰੀ ਕੰਨਿਆ ਸਕੂਲ ਦੇ ਵਿਦਿਆਰਥੀਆਂ ਦਾ ਵਿੱਦਿਅਕ ਟੂਰ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਗਿਆ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਪੀ ਐਮ ਸ਼੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦੇ ਵਿਦਿਆਰਥੀਆਂ ਦਾ ਵਿੱਦਿਅਕ ਟੂਰ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਹਰਦੀਪ ਕੌਰ ਦੀ ਯੋਗ ਅਗਵਾਈ ਦੇ ਹੇਠ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਗਿਆ, ਜਿਸ 'ਚ ਛੇਵੀਂ ਤੋਂ ਲੈ ਕੇ ਬਾਰ੍ਹਵੀਂ ਤੱਕ ਵਿਦਿਆਰਥੀਆਂ ਨੂੰ ਲੈ ਕੇ ਗਏ।ਵਿਦਿਆਰਥੀਆਂ ਨਾਲ ਉਨ੍ਹਾਂ ਦੇ ਇੰਚਾਰਜ ਸਾਹਿਬਾਨ ਵੀ ਮੌਜੂਦ ਸਨ।ਵਿਦਿਆਰਥੀਆਂ ਨੂੰ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ, ਗੁਰਦੁਆਰਾ ਸ੍ਰੀ ਸ਼ੀਸ਼ ਮਹਿਲ, ਮੋਤੀ ਬਾਗ, ਕਾਲੀ ਦੇਵੀ ਦਾ ਮੰਦਰ ਆਦਿ ਥਾਂਵਾਂ ਪਟਿਆਲੇ ਵਿਖਾਈਆਂ ਗਈਆਂ। ਵਾਪਸੀ 'ਤੇ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ, ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ, ਟੋਡਰਮਲ ਦੀ ਹਵੇਲੀ, ਰੋਜ਼ਾ ਸ਼ਰੀਫ, ਮੋਤੀ ਮਹਿਰਾ ਦਾ ਗੁਰਦੁਆਰਾ ਆਦਿ ਥਾਂਵਾਂ ਵੀ ਵਿਦਿਆਰਥੀਆਂ ਨੂੰ ਵਿਖਾਈਆਂ ਗਈਆਂ। ਪ੍ਰਿੰਸੀਪਲ ਹਰਦੀਪ ਕੌਰ ਵੱਲੋਂ ਵਿਦਿਆਰਥੀਆਂ ਨੂੰ ਗੁਰਦੁਆਰੇ ਦੇ ਇਤਿਹਾਸ ਦੇ ਬਾਰੇ ਜਾਣੂ ਕਰਾਇਆ ਗਿਆ ਅਤੇ ਉਨ੍ਹਾਂ ਨੂੰ ਸਿੱਖ ਇਤਿਹਾਸ ਦੇ ਨਾਲ ਜੋੜਿਆ ਗਿਆ।ਵਿਦਿਆਰਥੀਆਂ ਨੂੰ ਮੌਕੇ 'ਤੇ ਰਿਫਰੈਸ਼ਮੈਂਟ ਵੀ ਦਿੱਤੀ ਗਈ। ਵਿਦਿਆਰਥੀਆਂ ਨੇ ਟੂਰ ਦਾ ਬਹੁਤ ਆਨੰਦ ਮਾਣਿਆ।ਵਿਦਿਆਰਥੀਆਂ ਨਾਲ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਹਰਦੀਪ ਕੌਰ, ਰਾਜੇਸ਼ ਕੁਮਾਰੀ, ਡਿੰਪਲ ਰਾਓ, ਰਾਜ ਰਾਣੀ, ਬਲਜੀਤ ਕੌਰ, ਸਤਨਾਮ ਸਿੰਘ, ਗੁਰਮੀਤ ਸਿੰਘ, ਅਸ਼ਵਨੀ ਕੁਮਾਰ, ਹਰਿੰਦਰ ਸਿੰਘ ਮੌਕੇ 'ਤੇ ਹਾਜ਼ਰ ਸਨ।ਵਿਦਿਆਰਥੀਆਂ ਦਾ ਇਹ ਟੂਰ ਯਾਦਗਾਰੀ ਹੋਰ ਨਿੱਬੜਿਆ।

# ਗ਼ਦਰੀ ਗੁਲਾਬ ਕੌਰ ਤੇ ਸਰਾਭਾ ਦੇ ਸ਼ਹੀਦੀ ਦਿਵਸ ਨੂੰ ਸਮਰਪਤ ਪੇਂਟਿੰਗ ਮੁਕਾਬਲਾ

### 120 ਸਕੂਲਾਂ ਦੇ 1800 ਵਿਦਿਆਰਥੀਆਂ ਨੇ ਭਾਗ ਲਿਆ : ਖਨੌਰੀ



**ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)** ਸ਼ਹੀਦ ਕਰਤਾਰ ਸਿੰਘ ਸਰਾਭਾ ਵੈੱਲਫੇਅਰ ਟਰੱਸਟ ਵੱਲੋਂ ਗਦਰੀ ਗੁਲਾਬ ਕੌਰ ਦੀ ਸ਼ਹਾਦਤ ਸ਼ਤਾਬਦੀ ਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 110ਵੇਂ ਸ਼ਹੀਦੀ ਦਿਵਸ ਨੂੰ ਸਮਰਪਤ ਤੀਜਾ ਪੇਂਟਿੰਗ ਮੁਕਾਬਲਾ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪੁਰਾਣੀ ਪੁਲਸ ਲਾਈਨ ਪਟਿਆਲਾ ਵਿਖੇ ਕਰਵਾਇਆ ਗਿਆ।ਇਸ ਮੌਕੇ ਮੁੱਖ ਮਹਿਮਾਨ ਰਾਜੀਵ ਬਾਂਸਲ ਮੈਨੇਜਿੰਗ ਡਾਇਰੈਕਟਰ ਬੈਥੇ ਗਰੁੱਪ ਪਟਿਆਲਾ, ਰਾਕੇਸ਼ ਗੁਪਤਾ ਪ੍ਰਧਾਨ ਵਪਾਰ ਮੰਡਲ ਪਟਿਆਲਾ, ਮਨਜੀਤ ਸਿੰਘ ਸ਼ਾਹੀ ਪ੍ਰਧਾਨ ਅਰਬਨ ਅਸਟੇਟ ਫੇਜ਼-3 ਪਟਿਆਲਾ, ਡਾ. ਰਵਿੰਦਰਪਾਲ ਸ਼ਰਮਾ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ, ਅਜੀਤ ਸਿੰਘ ਭੱਟੀ ਸਾਬਕਾ ਪ੍ਰਿੰਸੀਪਲ ਫ਼ਿਲਖਾਨਾ ਸਕੂਲ, ਵਿਨੈ ਸ਼ਾਹਰਕਰ ਡਿਪਟੀ ਮੈਨੇਜਰ ਲਾਲੀ ਮੋਟਰਜ਼ ਪਟਿਆਲਾ, ਬਰਜਿੰਦਰ ਸਿੰਘ ਸੋਢੀ ਉੱਘੇ ਵਕੀਲ, ਜਤਿਨ ਬੱਤਰਾ ਮੈਨੇਜਿੰਗ ਡਾਇਰੈਕਟਰ ਬੱਤਰਾ ਅਕੈਡਮੀ ਪਾਤੜਾਂ, ਡਾ. ਬਰਜਿੰਦਰ ਸੋਹਲ ਡਾਕਟਰ, ਡਾ. ਭੀਮ ਇੰਦਰ ਸਿੰਘ ਮੁਖੀ ਯੁਵਕ ਭਲਾਈ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰਜੀਤ ਕੌਰ ਪ੍ਰਧਾਨ ਆਦਰਸ਼ ਐਜੂਕੇਸ਼ਨਲ ਸੁਸਾਇਟੀ ਤੇ ਮੈਡਮ ਮਨਦੀਪ ਕੌਰ ਅੰਟਾਲ ਪ੍ਰਿੰਸੀਪਲ ਪੁਰਾਣੀ ਪੁਲਸ ਲਾਈਨ ਸਕੂਲ ਪਟਿਆਲਾ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਟਰੱਸਟ ਵੱਲੋਂ ਪ੍ਰਾਇਮਰੀ, ਮਿਡਲ ਤੇ ਸੈਕੰਡਰੀ ਪੱਧਰ ਦਾ ਪੇਂਟਿੰਗ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਪਟਿਆਲਾ ਜ਼ਿਲ੍ਹੇ ਦੇ 120 ਸਕੂਲਾਂ ਦੇ 1800 ਵਿਦਿਆਰਥੀਆਂ ਨੇ ਭਾਗ ਲਿਆ।ਪ੍ਰਾਈਵੇਟ ਤੇ ਸਰਕਾਰੀ ਸਕੂਲਾਂ ਦੇ ਮੁਕਾਬਲੇ ਵੱਖ ਵੱਖ ਕਰਵਾਏ ਗਏ। ਜੱਜਾਂ ਦੀ ਭੂਮਿਕਾ ਸ੍ਰੀ ਪ੍ਰਵੇਸ਼ ਕੁਮਾਰ, ਮੈਡਮ ਹਰਦੀਪ ਕੌਰ, ਰਮੇਸ਼ ਕੁਮਾਰ, ਗੁਰਜਿੰਦਰ ਸਿੰਘ, ਮੈਡਮ ਮਨੀਸ਼ਾ, ਹਰਮਨ ਸਿੰਘ, ਕਾਲਾ ਸਿੰਘ, ਹਰਜੀਤ ਸਿੰਘ, ਜਸਪ੍ਰੀਤ ਸਿੰਘ, ਮੈਡਮ ਕਿਰਨਪ੍ਰੀਤ ਕੌਰ, ਅਤਿੰਦਰਪਾਲ ਸਿੰਘ ਤੇ ਸਰਬਜੀਤ ਸਿੰਘ ਨੇ ਬਾਖੂਬੀ ਨਿਭਾਈ।ਇਸ ਮੌਕੇ ਟਰੱਸਟ ਦੇ ਪ੍ਰਧਾਨ ਅਕਸ਼ੈ ਕੁਮਾਰ ਖਨੌਰੀ ਨੇ ਸਭ ਦਾ ਸਵਾਗਤ ਕਰਦਿਆਂ ਕਿਹਾ ਕਿ ਸਕੂਲੀ ਵਿਦਿਆਰਥੀਆਂ ਦੇ ਪੇਂਟਿੰਗ ਮੁਕਾਬਲੇ ਕਰਵਾਉਣ ਦਾ ਉਦੇਸ਼ ਵਿਦਿਆਰਥੀਆਂ ਅੰਦਰ ਛਿਪੀ ਪ੍ਰਤਿਭਾ ਨੂੰ ਉਭਾਰਨਾ ਤੇ ਹੋਰ ਨਿਖਾਰਨਾ ਹੈ। ਇਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਸ਼ਹੀਦਾਂ ਦੀ ਸੋਚ ਬਾਰੇ ਜਾਣੂੰ ਕਰਵਾਉਣਾ ਤੇ ਸਮਾਜਿਕ ਚੇਤਨਾ ਪੈਦਾ ਕਰਨਾ ਵੀ ਹੈ।ਇਸ ਮੌਕੇ ਸਕੂਲ ਪ੍ਰਿੰਸੀਪਲ ਮਨਦੀਪ ਕੌਰ ਅੰਟਾਲ ਨੇ ਆਏ ਮਹਿਮਾਨਾਂ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।ਉਨ੍ਹਾਂ ਵਿਦਿਆਰਥੀਆਂ ਨੂੰ ਸ਼ਹੀਦਾਂ ਦੀ ਸੋਚ ਤੇ ਵਿਚਾਰਾਂ 'ਤੇ ਚੱਲਣ ਲਈ ਸੰਦੇਸ਼ ਦਿੱਤਾ।ਇਸ ਮੌਕੇ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ, ਟਰਾਫੀ ਤੇ ਨਕਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਸੰਗੀਤ, ਕੋਰੀਓਗ੍ਰਾਫੀ, ਸਮੂਹ ਗਾਣ, ਗਿੱਧੇ ਤੇ ਭੰਗੜੇ ਦੀ ਪੇਸ਼ਕਾਰੀ ਕੀਤੀ।ਇਸ ਮੌਕੇ ਭਾਗ ਲੈਣ ਵਾਲੇ ਹਰ ਸਕੂਲ ਨੂੰ ਗਾਈਡ ਅਧਿਆਪਕ ਨੂੰ ਵੀ ਸਨਮਾਨਤ ਕੀਤਾ ਗਿਆ ਤੇ ਭਾਗ ਲੈਣ ਵਾਲੇ ਹਰ ਵਿਦਿਆਰਥੀ ਨੂੰ ਪਾਰਟੀਸਿਪੇਸ਼ਨ ਸਰਟੀਫਿਕੇਟ ਦਿੱਤੇ ਗਏ।ਟਰੱਸਟ ਦੇ ਮੈਂਬਰ ਮਾਸਟਰ ਨਰਿੰਦਰਪਾਲ ਸਿੰਘ, ਮੈਡਮ ਸੰਤੋਸ਼ ਸੰਧੀਰ ਤੇ ਮੈਡਮ ਗੁਰਪ੍ਰੀਤ ਕੌਰ ਨੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ।

## ਸ਼ਾਹਪੁਰ 'ਚ ਕਮਿਊਨਿਟੀ ਹਾਲ ਬਣਾਉਣ ਦੀ ਮੰਗ ਨੂੰ ਲੈ ਕੇ ਡਾ. ਗਾਂਧੀ ਨੂੰ ਮੰਗ ਪੱਤਰ ਸੌਂਪਿਆ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਪਿੰਡ ਸ਼ਾਹਪੁਰ ਦੇ ਗਰੀਬ ਵਰਗ ਦੇ ਲੋਕਾਂ ਲਈ ਦੁੱਖ ਸੁੱਖ ਵਿੱਚ ਕੋਈ ਪ੍ਰੋਗਰਾਮ ਕਰਨ ਲਈ ਕਿਸੇ ਵੀ ਤਰਾਂ ਦੇ ਕਮਿਊਨਿਟੀ ਹਾਲ ਦੀ ਵਿਵਸਥਾ ਨਹੀਂ ਹੈ।ਪਿੰਡ ਵਾਸੀਆਂ ਵੱਲੋਂ ਹਲਕਾ ਸ਼ੁਤਰਾਣਾ ਦੇ ਸਰਗਰਮ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਪਾਸ ਪਿੰਡ ਵਾਸੀਆਂ ਦੀ ਇਸ ਸਮੱਸਿਆ ਨੂੰ ਰੱਖਿਆ ਗਿਆ ਤਾਂ ਹਲਕੇ ਦੇ ਨੌਜਵਾਨ ਆਗੂ ਨੇ ਖੁਦ ਪਿੰਡ ਵਿੱਚ ਜਾ ਕੇ ਲੋਕਾਂ ਦੀ ਇਸ ਦਿੱਕਤ ਬਾਰੇ ਜਾਣਿਆ, ਜਿਸ ਤੋਂ ਬਾਅਦ ਉਨ੍ਹਾਂ ਪਿੰਡ ਦੇ ਮੋਹਤਬਰ ਸਾਥੀਆਂ ਤੇ ਪੰਚਾਇਤ ਦੇ ਨੁਮਾਇੰਦਿਆਂ ਨੂੰ ਨਾਲ ਲੈ ਕੇ ਪਟਿਆਲਾ ਦੇ ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ ਪਾਸ ਪਿੰਡ ਵਾਸੀਆਂ ਦੀ ਇਸ ਤਕਲੀਫ ਦੇ ਹੱਲ ਲਈ ਮੰਗ ਰੱਖੀ।ਇਸ ਮੌਕੇ ਗੱਲਬਾਤ ਕਰਦਿਆਂ ਡਾ. ਜਤਿੰਦਰ ਸਿੰਘ ਮੱਟੂ ਨੇ ਕਿਹਾ ਕਿ ਪਿੰਡ ਸ਼ਾਹਪੁਰ ਦੇ ਗਰੀਬ ਪਰਵਾਰਾਂ ਦੇ ਲੋਕਾਂ ਪਾਸ ਜਗ੍ਹਾ ਤਾਂ ਹੈ, ਜਿਸ ਨੂੰ ਉਹ ਚਾਰਦੀਵਾਰੀ ਕੀਤੀ ਹੋਈ ਹੈ, ਪਰ ਕਿਸੇ ਵੀ ਧਾਰਮਿਕ ਸਮਾਗਮ ਨੂੰ ਮਨਾਉਣ ਸਮੇਂ ਗਰੀਬ ਪਰਵਾਰ ਮਹਿੰਗੇ ਭਾਅ ਦੇ ਟੈਂਟ ਲਗਾਉਣ ਤੇ ਮਜਬੂਰ ਹਨ।ਬਾਰਿਸ਼ ਦੇ ਦਿਨਾਂ ਵਿੱਚ ਮੀਂਹ ਅਜਿਹੇ ਪ੍ਰਬੰਧਾਂ ਨੂੰ ਤਹਿਸ ਨਹਿਸ ਕਰ ਦਿੰਦਾ ਹੈ।ਇਸ ਲਈ ਪਿੰਡ ਸ਼ਾਹਪੁਰ ਦੇ ਗਰੀਬ ਪਰਵਾਰਾਂ ਦੀ ਇਸ ਤਕਲੀਫ ਦੇ ਹੱਲ ਲਈ ਸ਼ੈੱਡ ਦਾ ਬੰਦੋਬਸਤ ਹੋਣਾ ਬਹੁਤ ਜ਼ਰੂਰੀ ਹੈ।ਇਸ ਮੌਕੇ ਡਾ. ਧਰਮਵੀਰ ਗਾਂਧੀ ਨੇ ਵਿਸ਼ਵਾਸ ਦਿਵਾਇਆ ਕਿ ਉਹ ਆਮ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕੰਮ ਕਰ ਰਹੇ ਹਨ, ਪਿੰਡ ਸ਼ਾਹਪੁਰ ਦੇ ਗਰੀਬ ਪਰਵਾਰਾਂ ਦੀ ਇਸ ਤਕਲੀਫ ਦਾ ਵੀ ਹੱਲ ਕਰ ਦਿੱਤਾ ਜਾਵੇਗਾ।ਇਸ ਮੌਕੇ ਹਾਜ਼ਰ ਪਿੰਡ ਵਾਸੀਆਂ ਵਿੱਚ ਸਾਬਕਾ ਮੈਂਬਰ ਪੰਚਾਇਤ, ਮੈਂਬਰ ਫਕੀਰ ਚੰਦ, ਹਰਜਿੰਦਰ ਸਿੰਘ, ਗੁਰਮੀਤ ਸਿੰਘ, ਗੁਰਤੇਜ ਸਿੰਘ, ਘੱਗਰਾਜ ਸਿੰਘ, ਬਲਵੰਤ ਸਿੰਘ ਆਦਿ ਹਾਜ਼ਰ ਸਨ।

## ਆਪਣੀ ਕਾਬਲੀਅਤ ਦੇ ਦਮ 'ਤੇ ਲੱਖਾ ਪਾਇਲ ਤੀਜੀ ਵਾਰ ਪ੍ਰਧਾਨ ਬਣੇ : ਗਿੱਲ ਬੇਰਕਲਾਂ



**ਦੋਰਾਹਾ (ਹਰਮਿੰਦਰ ਸੋਨ)**-ਆਪਣੀ ਮਿਹਨਤ, ਕਾਬਲੀਅਤ ਤੇ ਹਰ ਕਾਂਗਰਸੀ ਵਰਕਰ ਦੇ ਦੁੱਖ ਸੁੱਖ ਵਿੱਚ ਸ਼ਰੀਕ ਹੋਣ ਕਾਰਨ ਲਗਾਤਾਰ ਤੀਸਰੀ ਵਾਰ ਲਖਵੀਰ ਸਿੰਘ ਲੱਖਾ ਪਾਇਲ ਜ਼ਿਲ੍ਹਾ ਕਾਂਗਰਸ ਖੰਨਾ ਦੇ ਪ੍ਰਧਾਨ ਬਣੇ। ਬਲਾਕ ਕਾਂਗਰਸ ਮਲੌਦ ਦੇ ਪ੍ਰਧਾਨ ਤੇ ਸਾਬਕਾ ਬਲਾਕ ਸੰਮਤੀ ਮੈਂਬਰ ਗੁਰਮੇਲ ਸਿੰਘ ਗਿੱਲ ਬੇਰਕਲਾਂ ਨੇ ਆਪਣੇ ਅਤਿ ਕਰੀਬੀ ਸਾਥੀ ਸਾਬਕਾ ਵਿਧਾਇਕ ਲਖਵੀਰ ਸਿੰਘ ਲੱਖਾ ਪਾਇਲ ਨੂੰ ਮਿਲ ਕੇ ਲਗਾਤਾਰ ਤੀਸਰੀ ਵਾਰ ਜ਼ਿਲ੍ਹਾ ਕਾਂਗਰਸ ਖੰਨਾ ਦੇ ਪ੍ਰਧਾਨ ਬਣਨ 'ਤੇ ਉਨ੍ਹਾਂ ਵਧਾਈ ਦਿੱਤੀ। ਗਿੱਲ ਬੇਰਕਲਾਂ ਨੇ ਕਿਹਾ ਕਿ ਉਹ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਹਲਕਾ ਪਾਇਲ ਦੇ ਕਾਂਗਰਸੀਆਂ ਵੱਲੋਂ ਧੰਨਵਾਦ ਕਰਦੇ ਹਨ, ਜਿਨ੍ਹਾਂ ਨੇ ਲੋਕ ਭਾਵਨਾਵਾਂ ਦੀ ਕਦਰ ਕਰਦੇ ਹੋਏ ਲਗਾਤਾਰ ਤੀਸਰੀ ਵਾਰ ਲਖਵੀਰ ਸਿੰਘ ਲੱਖਾ ਪਾਇਲ ਨੂੰ ਜ਼ਿਲ੍ਹਾ ਕਾਂਗਰਸ ਖੰਨਾ ਦਾ ਪ੍ਰਧਾਨ ਬਣਾਇਆ। ਉਨ੍ਹਾਂ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਮਜ਼ਬੂਤ ਹੋਵੇਗੀ ਤੇ ਆਉਣ ਵਾਲੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਵੀ ਚੰਗਾ ਪ੍ਰਦਰਸ਼ਨ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਬਦਲਾਅ ਵਾਲੀ ਸਰਕਾਰ ਤੋਂ ਅੱਕੇ ਪਏ ਹਨ ਤੇ ਉਹ ਕਾਂਗਰਸ ਪਾਰਟੀ ਦੀ ਸਰਕਾਰ ਵੇਖਣਾ ਚਾਹੁੰਦੇ ਹਨ।

## ਕੇਂਦਰ ਦੇ ਮਨਸੂਬੇ ਕਦੇ ਸਫਲ ਨਹੀਂ ਹੋਣ ਦਿਆਂਗੇ : ਸੁਰਿੰਦਰ ਮਿੱਤਲ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਤੇ ਸਾਬਕਾ ਚੇਅਰਮੈਨ ਸੁਰਿੰਦਰ ਮਿੱਤਲ ਨੇ ਆਖਿਆ ਕਿ ਕੇਂਦਰ ਆਪਣੇ ਮਾੜੇ ਮਨਸੂਬਿਆਂ ਨਾਲ ਪੰਜਾਬ ਯੂਨੀਵਰਸਿਟੀ ਨੂੰ ਹੜੱਪਣਾ ਚਾਹੁੰਦੀ ਹੈ ਤੇ ਉਸ ਉੱਪਰ ਕਬਜ਼ਾ ਕਰਨਾ ਚਾਹੁੰਦੀ ਹੈ, ਪਰ ਪੰਜਾਬ ਦੇ ਲੋਕ ਇਸਨੂੰ ਕਦੇ ਵੀ ਸਫਲ ਨਹੀਂ ਹੋਣ ਦੇਣਗੇ।ਮਿੱਤਲ ਨੇ ਆਖਿਆ ਕਿ ਪੰਜਾਬ ਯੂਨੀਵਰਸਿਟੀ ਨੂੰ ਪੰਜਾਬੀਆਂ ਨੇ ਆਪਣੇ ਪੈਸੇ ਨਾਲ ਬਣਾਇਆ ਸੀ।ਇਸ ਲਈ ਕਿਸੇ ਤੋਂ ਉਨ੍ਹਾਂ ਗਰਾਂਟ ਨਹੀਂ ਲਈ।ਪਹਿਲਾਂ ਹੀ ਪੰਜਾਬ ਯੂਨੀਵਰਸਿਟੀ ਵਿੱਚ ਪੰਜਾਬ ਦਾ ਹਿੱਸਾ ਘਟਾ ਕੇ 60 ਫੀਸਦੀ ਤੱਕ ਸੀਮਤ ਕਰ ਦਿੱਤਾ ਗਿਆ ਸੀ।ਹੁਣ ਕੇਂਦਰ ਇਹ ਸਾਰਾ ਕੁਝ ਭੰਗ ਕਰ ਕੇ ਇਸ ਉਪਰ ਸਿੱਧੇ ਰੂਪ ਵਿੱਚ ਕਬਜ਼ਾ ਕਰਨਾ ਚਾਹੁੰਦਾ ਹੈ। ਸੁਰਿੰਦਰ ਮਿੱਤਲ ਨੇ ਆਖਿਆ ਕਿ ਅਸਲ ਵਿੱਚ ਕੇਂਦਰ ਦਾ ਮਨਸੂਬਾ ਸਿੱਖਿਆ ਸੰਸਥਾਨਾਂ ਉਪਰ ਕਬਜ਼ੇ ਕਰ ਕੇ ਪੰਜਾਬ ਦੇ ਇਤਿਹਾਸ ਨੂੰ ਤੋੜ ਮਰੋੜ ਕੇ ਖਤਮ ਕਰਨਾ ਹੈ।ਉਨ੍ਹਾਂ ਅਜਿਹੀ ਸਿੱਖਿਆ ਦੇਣੀ ਚਾਹੁੰਦੇ ਹਨ, ਜਿਹੜੀ ਆਰ. ਐੱਸ. ਐੱਸ. ਨਾਲ ਸਬੰਧਤ ਹੋਵੇ, ਪਰ ਪੰਜਾਬੀਆਂ ਨੂੰ ਇਹ ਪ੍ਰਵਾਨ ਨਹੀਂ ਹੈ।

# ਮੁਕਤਸਰ ਵਿਕਾਸ ਮਿਸ਼ਨ ਵੱਲੋਂ ਪ੍ਰਤਿਭਾਸ਼ਾਲੀ ਕੰਨਿਆ ਸਨਮਾਨ ਸਮਾਰੋਹ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਪ੍ਰਤਿਭਾਸ਼ਾਲੀ ਕੰਨਿਆ ਸਨਮਾਨ ਸਮਾਰੋਹ ਕਰਵਾਇਆ ਗਿਆ।ਸਥਾਨਕ ਕੋਟਕਪੂਰਾ ਰੋਡ ਸਥਿਤ ਰਾਹਤ ਹੋਟਲ ਵਿਖੇ ਹੋਏ ਇਸ ਸਮਾਰੋਹ ਦੀ ਪ੍ਰਧਾਨਗੀ ਬਿਮਲਾ ਢੋਸੀਵਾਲ ਨੇ ਕੀਤੀ, ਜਦੋਂਕਿ ਇੰਦਰਜੀਤ ਕੌਰ ਕੌਂਸਲਰ ਨੇ ਬਤੌਰ ਮੁੱਖ ਮਹਿਮਾਨ ਸਮਾਰੋਹ 'ਚ ਸ਼ਿਰਕਤ ਕੀਤੀ।ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਤੇ ਦੇਖ ਰੇਖ ਹੇਠ ਹੋਏ ਇਸ ਸਮਾਰੋਹ ਦੌਰਾਨ ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ, ਚੇਅਰਮੈਨ ਨਿਰੰਜਣ ਸਿੰਘ ਰੱਖਰਾ, ਚੀਫ ਪੈਟਰਨ ਇੰਜ. ਜਗਸੀਰ ਸਿੰਘ, ਪੈਟਰਨ ਡਾ. ਸੁਰਿੰਦਰ ਗਿਰਧਰ, ਜਨਰਲ ਸਕੱਤਰ ਡਾ. ਜਸਵਿੰਦਰ ਸਿੰਘ, ਲੋਕ ਸੰਪਰਕ ਵਿੰਗ ਦੇ ਡਾਇਰੈਕਟਰ ਵਿਜੇ ਸਿਡਾਨਾ, ਜੁਗਨੂੰ ਗਗਨੇਜਾ, ਰਜਨੀ ਜੋਸ਼ੀ, ਕਮਲ ਕਿਸ਼ੋਰ ਸ਼ਰਮਾ, ਪ੍ਰਿਯਾ, ਸੁਮਨ ਗਿਰਧਰ, ਵੀਰਪਾਲ ਕੌਰ ਤੋਂ ਇਲਾਵਾ ਗੋਵਿੰਦ, ਮਾਧਵ, ਅਨਾਇਆ, ਆਨਿਆ, ਜਾਨਵੀ, ਮਾਹਿਰ ਸਮੇਤ ਵੀਰਪਾਲ ਕੌਰ ਬਲਾਕ ਪ੍ਰਧਾਨ, ਜਸਕਰਨ ਸਿੰਘ ਸੀ.ਆਈ.ਡੀ., ਮੋਨਿਕਾ ਅਰੋੜਾ ਆਦਿ ਸਮੇਤ ਸਨਮਾਨਤ ਕੀਤੀਆਂ ਕੰਨਿਆਵਾਂ ਦੇ ਮਾਂ-ਬਾਪ ਤੇ ਪਰਿਵਾਰਕ ਮੈਂਬਰ ਮੌਜੂਦ ਸਨ।ਇਸ ਤੋਂ ਇਲਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਦੇਕਰਨ ਦੇ ਪ੍ਰਿੰਸੀਪਲ ਦੀਪਕ ਬਾਂਸਲ ਅਤੇ ਲੈਕਚਰਾਰ ਅਮਨ ਚੁੱਘ ਵੀ ਸਮਾਰੋਹ ਦੌਰਾਨ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਮਿਸ਼ਨ ਮੈਂਬਰ ਪੂਨਮ ਗਿਰਧਰ ਨੇ ਮੁੱਖ ਮਹਿਮਾਨ ਤੇ ਹੋਰਨਾਂ ਦਾ ਸਵਾਗਤ ਕਰਦੇ ਹੋਏ ਉਨ੍ਹਾਂ ਨੂੰ ਜੀ ਆਇਆਂ ਕਿਹਾ।ਸਮਾਰੋਹ ਦੌਰਾਨ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ 23 ਪ੍ਰਤਿਭਾਸ਼ਾਲੀ ਕੰਨਿਆਵਾਂ ਨੂੰ ਮਿਸ਼ਨ ਵੱਲੋਂ ਮੁੱਖ ਮਹਿਮਾਨ ਦੁਆਰਾ ਸ਼ਾਨਦਾਰ ਮੋਮੈਂਟੋ ਭੇਟ ਕਰਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ।ਇਸ ਮੌਕੇ ਮੁੱਖ ਮਹਿਮਾਨ ਇੰਦਰਜੀਤ ਕੌਰ ਕੌਂਸਲਰ ਨੇ ਮਿਸ਼ਨ ਵੱਲੋਂ ਸਨਮਾਨ ਸਮਾਰੋਹ ਕੀਤੇ ਜਾਣ ਦੇ ਉਪਰਾਲੇ ਦੀ ਪ੍ਰਸ਼ੰਸਾ ਕਰਦੇ ਹੋਏ ਮਿਸ਼ਨ ਮੁਖੀ ਸਮੇਤ ਸਮੁੱਚੀ ਟੀਮ ਨੂੰ ਵਧਾਈ ਦਿੱਤੀ।ਉਕਤ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਢੋਸੀਵਾਲ ਨੇ ਦੱਸਿਆ ਕਿ ਸਮਾਰੋਹ ਦੌਰਾਨ ਮਹਿਨਾਜ, ਮਾਨਿਆ, ਜਾਨਵੀ ਤੇ ਅਨਾਇਆ ਸਮੇਤ ਕਈ ਹੋਰ ਬੱਚੀਆਂ ਨੇ ਸ਼ਾਨਦਾਰ ਕਲਚਰਲ ਪ੍ਰੋਗਰਾਮ ਵੀ ਪੇਸ਼ ਕੀਤਾ।ਸਮਾਰੋਹ ਵਿੱਚ ਰੋਸ਼ਨ ਲਾਲ, ਜਗਦੇਵ ਸਿੰਘ, ਯਸ਼, ਕਮਲਜੀਤ, ਪੁਸ਼ਪਾ, ਸੇਵਾ ਸਿੰਘ, ਮਨਸੀਰਤ, ਨਰਿੰਦਰ ਕੌਰ, ਸੋਮਾ ਕੌਰ, ਸਪਿੰਦਰਜੀਤ ਸਿੰਘ, ਅਮਨਪ੍ਰੀਤ ਕੌਰ, ਰਾਜ ਕੁਮਾਰ, ਸ਼ਿਵਾਲੀ, ਸੰਤ ਲਾਲ, ਹਰਦੀਪ ਸਿੰਘ, ਅਮਨਦੀਪ ਕੌਰ, ਸੰਸਾਰ ਖਾਨ, ਪਰਮਵੀਰ ਸਿੰਘ, ਰਵੀ ਕੁਮਾਰ, ਨੀਤੀ, ਰਮਨਦੀਪ ਤੇ ਦੀਪਤੀ ਆਦਿ ਸਮੇਤ ਕਈ ਹੋਰ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਸਨ।

## ਕੋਟਭਾਈ ਨੂੰ ਕਾਂਗਰਸ ਜ਼ਿਲ੍ਹਾ ਦਿਹਾਤੀ ਦਾ ਪ੍ਰਧਾਨ ਬਣਾਏ ਜਾਣ 'ਤੇ ਵਰਕਰਾਂ 'ਚ ਖੁਸ਼ੀ ਦਾ ਮਾਹੌਲ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਹਲਕਾ ਭੁੱਚੋ ਮੰਡੀ ਤੋਂ ਸਾਬਕਾ ਵਿਧਾਇਕ ਪ੍ਰੀਤਮ ਸਿੰਘ ਕੋਟਭਾਈ ਨੂੰ ਕਾਂਗਰਸ ਵੱਲੋਂ ਜ਼ਿਲ੍ਹਾ ਬਠਿੰਡਾ ਦਿਹਾਤੀ ਦਾ ਪ੍ਰਧਾਨ ਬਣਾਏ ਜਾਣ 'ਤੇ ਪਾਰਟੀ ਦੇ ਸਥਾਨਕ ਆਗੂਆਂ/ਵਰਕਰਾਂ 'ਚ ਖੁਸ਼ੀ ਦਾ ਮਾਹੌਲ ਹੈ। ਕੁਲਵਿੰਦਰ ਸਿੰਘ ਕਿੰਦੀ ਲਹਿਰਾ ਮੁਹੱਬਤ (ਜ਼ਿਲ੍ਹਾ ਜਨਰਲ ਸਕੱਤਰ ਕਾਂਗਰਸ ਕਮੇਟੀ ਬਠਿੰਡਾ) ਨੇ ਪ੍ਰੀਤਮ ਸਿੰਘ ਕੋਟਭਾਈ ਦੀ ਜ਼ਿਲ੍ਹਾ ਦਿਹਾਤੀ ਪ੍ਰਧਾਨ ਵਜੋਂ ਨਿਯੁਕਤੀ 'ਤੇ ਉਨ੍ਹਾਂ ਨੂੰ ਮਿਲ ਕੇ ਵਧਾਈ ਦਿੱਤੀ ਅਤੇ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕੀਤਾ। ਇਸ ਤੋਂ ਇਲਾਵਾ ਕੌਂਸਲਰ ਗੁਰਸੇਵਕ ਸਿੰਘ (ਸਾਬਕਾ ਵਾਈਸ ਪ੍ਰਧਾਨ ਨਗਰ ਪੰਚਾਇਤ ਲਹਿਰਾ ਮੁਹੱਬਤ), ਕੌਂਸਲਰ ਮੁਖਤਿਆਰ ਸਿੰਘ, ਕੌਂਸਲਰ ਪ੍ਰੀਤਮ ਸਿੰਘ, ਸਾਬਕਾ ਕੌਂਸਲਰ ਜਗਦੇਵ ਸਿੰਘ, ਡਾ. ਹਰਭਜਨ ਸਿੰਘ, ਬੂਟਾ ਸਿੰਘ, ਬਲਰਾਜ ਸਿੰਘ, ਗੁਰਜੀਤ ਸਿੰਘ, ਮੇਜਰ ਸਿੰਘ, ਗੁਰਚਰਨ ਸਿੰਘ, ਜੁਗਰਾਜ ਸਿੰਘ ਤੇ ਰਾਜ ਬਹਾਦੁਰ ਸਿੰਘ ਆਦਿ ਨੇ ਵਧਾਈ ਦਿੰਦਿਆਂ ਕਿਹਾ ਕਿ ਇਸ ਨਿਯੁਕਤੀ ਨਾਲ ਪਾਰਟੀ ਵਰਕਰਾਂ ਵਿੱਚ ਭਾਰੀ ਉਤਸ਼ਾਹ ਹੈ ਤੇ ਸ੍ਰੀ ਕੋਟਭਾਈ ਦੀ ਅਗਵਾਈ ਹੇਠ ਪਾਰਟੀ ਹੋਰ ਵਧੇਰੇ ਮਜ਼ਬੂਤ ਹੋਵੇਗੀ।

# ਗਤਕਾ ਚੈਂਪੀਅਨਸ਼ਿਪ 'ਚ ਗੁਰੂ ਤੇ.ਗ ਬਹਾਦਰ ਖਾਲਸਾ ਕਾਲਜ ਦੀ ਝੰਡੀ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਯੋਜਿਤ ਅੰਤਰ ਕਾਲਜ ਗੱਤਕਾ ਚੈਂਪੀਅਨਸ਼ਿਪ 10 ਤੋਂ 11 ਨਵੰਬਰ ਤੱਕ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਵਿਖੇ ਸੁਚੱਜੇ ਢੰਗ ਨਾਲ ਆਯੋਜਤ ਕੀਤੀ ਗਈ।ਇਸ ਦੋ ਦਿਨਾ ਮੁਕਾਬਲੇ ਵਿੱਚ ਫਤਹਿ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਖਿਡਾਰੀਆਂ ਨੇ ਕਾਬਿਲ-ਏ-ਤਾਰੀਫ਼ ਖੇਡ ਜੌਹਰ ਦਿਖਾਉਂਦੇ ਹੋਏ ਦੋ ਸੋਨੇ ਅਤੇ ਦੋ ਤਾਂਬੇ ਦੇ ਤਮਗੇ ਹਾਸਲ ਕਰਕੇ ਸੰਸਥਾ ਦਾ ਮਾਣ ਵਧਾਇਆ।ਪਹਿਲੇ ਪਹਿਰ ਦੇ ਮੁਕਾਬਲਿਆਂ ਵਿੱਚ ਸਿੰਗਲ ਸੋਟੀ ਟੀਮ ਦੇ ਤਹਿਤ ਹਰਮਨਦੀਪ ਕੌਰ, ਸੁਮਨਦੀਪ ਕੌਰ ਅਤੇ ਸੁਖਦੀਪ ਕੌਰ ਦੀ ਜੁੜੀ ਤਿਕੜੀ ਨੇ ਸ਼ੁਰੂ ਤੋਂ ਹੀ ਮੈਦਾਨ ਤੇ ਕਬਜ਼ਾ ਜਮਾਇਆ ਅਤੇ ਬੇਦਾਗ ਪ੍ਰਦਰਸ਼ਨ ਕਰਦਿਆਂ ਸੋਨੇ ਦਾ ਤਮਗਾ ਜਿੱਤਿਆ।ਦੂਜੇ ਪਹਿਰੇ ਵਿੱਚ ਸਿੰਗਲ ਸੋਟੀ ਵਿਅਕਤੀਗਤ ਵਿਭਾਗ ਵਿੱਚ ਸੁਮਨਦੀਪ ਕੌਰ ਨੇ ਬੇਹਤਰੀਨ ਤਕਨੀਕ ਤੇ ਦਮਦਾਰ ਹੌਸਲੇ ਨਾਲ ਆਪਣੇ ਵਿਰੋਧੀਆਂ ਨੂੰ ਪਿੱਛੇ ਛੱਡਦੇ ਹੋਏ ਗੋਲਡ ਮੈਡਲ ਆਪਣੇ ਨਾਂਅ ਕੀਤਾ।ਤੀਜੇ ਪਹਿਰੇ ਦੇ ਰੋਮਾਂਚਕ ਮੁਕਾਬਲਿਆਂ ਵਿੱਚ ਫਰੀ ਸੋਟੀ ਵਿਅਕਤੀਗਤ ਸ਼੍ਰੇਣੀ ਵਿੱਚ ਹਰਦੀਪ ਕੌਰ ਨੇ ਜੁਰਅਤ ਤੇ ਧੀਰਜ ਦਾ ਪ੍ਰਦਰਸ਼ਨ ਕਰਦਿਆਂ ਬਰਾਂਜ਼ ਤਮਗਾ ਜਿੱਤਿਆ।ਚੌਥੇ ਪਹਿਰੇ ਵਿੱਚ ਸਿੰਗਲ ਸੋਟੀ ਫੁੱਲ ਸਟਰਾਈਕ ਦੀ ਸ਼੍ਰੇਣੀ ਵਿੱਚ ਪਰਦੀਪ ਕੌਰ ਨੇ ਨਿਪੁੰਨ ਅਤੇ ਤਿੱਖੀ ਖੇਡ ਦਾ ਮਾਹਰਾਨਾ ਪ੍ਰਦਰਸ਼ਨ ਕਰਦਿਆਂ ਬ੍ਰਾਂਜ਼ ਮੈਡਲ ਹਾਸਲ ਕੀਤਾ।ਇਹ ਚਾਰ ਮੈਡਲ ਫਤਹਿ ਗਰੁੱਪ ਦੇ ਲਗਾਤਾਰ ਉਤਸ਼ਾਹ, ਦਿ ?ੜ ਸੰਕਲਪ ਅਤੇ ਖਿਡਾਰੀਆਂ ਦੀ ਅਟੱਲ ਮਿਹਨਤ ਦਾ ਪਰਮਾਣ ਹਨ।ਮੁਕਾਬਲਿਆਂ ਦੇ ਦੌਰਾਨ ਖਿਡਾਰੀਆਂ ਨੇ ਨਾ ਸਿਰਫ ਤਕਨੀਕੀ ਚੁਸਤਤਾ ਦਿਖਾਈ, ਸਗੋਂ ਗੱਤਕੇ ਦੀ ਪ੍ਰੰਪਰਾਤਮਕ ਸ਼ਾਨ ਨੂੰ ਵੀ ਬਰਕਰਾਰ ਰੱਖਿਆ।ਗਰੁੱਪ ਦੇ ਚੇਅਰਮੈਨ ਐਸ. ਐਸ. ਚੱਠਾ ਨੇ ਖਿਡਾਰੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਵਿਦਿਆਰਥੀਆਂ ਨੇ ਸੰਸਥਾ ਦਾ ਮਾਣ ਵਧਾਇਆ ਹੈ ਅਤੇ ਇਹ ਪ੍ਰਦਰਸ਼ਨ ਉਨ੍ਹਾਂ ਦੀ ਲਗਨ, ਅਨੁਸ਼ਾਸਨ ਅਤੇ ਸਖ਼ਤ ਮਿਹਨਤ ਦਾ ਨਤੀਜਾ ਹੈ। ਐਮ.ਡੀ. ਮਨਜੀਤ ਕੌਰ ਚੱਠਾ ਨੇ ਕਿਹਾ ਕਿ ਗੱਤਕਾ ਸਾਡੀ ਵਿਰਾਸਤ ਦਾ ਹਿੱਸਾ ਹੈ ਅਤੇ ਇਸਨੂੰ ਨੌਜਵਾਨ ਪੀੜ੍ਹੀ ਦੁਆਰਾ ਅਪਨਾ ਕੇ ਰੱਖਿਆ ਜਾਣਾ ਬਹੁਤ ਖੁਸ਼ੀ ਦੀ ਗੱਲ ਹੈ।ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ ਸਿੱਧੂ ਤੇ ਡਿਗਰੀ ਕਾਲਜ ਮੁਖੀ ਪ੍ਰੋ. ਜਸਵਿੰਦਰ ਸਿੰਘ ਨੇ ਕਿਹਾ ਕਿ ਇਸ ਜਿੱਤ ਨਾਲ ਹੋਰ ਵਿਦਿਆਰਥੀਆਂ ਵਿੱਚ ਵੀ ਖੇਡਾਂ ਲਈ ਨਵਾਂ ਜੋਸ਼ ਪੈਦਾ ਹੋਵੇਗਾ।

ਪ੍ਰਿੰਸੀਪਲ ਬਘੇਲ ਸਿੰਘ ਤੇ ਸਹਾਇਕ ਡਾਇਰੈਕਟਰ ਹਰਪ੍ਰੀਤ ਸ਼ਰਮਾ ਨੇ ਖਿਡਾਰੀਆਂ ਦੇ ਪ੍ਰਦਰਸ਼ਨ ਨੂੰ ਸੰਸਥਾ ਦੀ ਸਫਲ ਨੀਤੀ ਅਤੇ ਖੇਡਾਂ ਨੂੰ ਮਿਲ ਰਹੇ ਸਹਿਯੋਗ ਦਾ ਨਤੀਜਾ ਦੱਸਿਆ।ਖੇਡ ਵਿਭਾਗ ਮੁਖੀ ਪ੍ਰੋ ਕੁਲਦੀਪ ਸਿੰਘ ਅਤੇ ਪ੍ਰੋ ਵਰੀਂਦਰ ਕੌਰ ਨੇ ਖਿਡਾਰੀਆਂ ਦੀ ਤਿਆਰੀ ਅਤੇ ਤਕਨੀਕੀ ਮੁਹਾਰਤ ਬਾਰੇ ਖਾਸ ਪ੍ਰਸ਼ੰਸਾ ਕੀਤੀ।ਫ਼ਤਿਹ ਗਰੁੱਪ ਦੇ ਸਮੂਹ ਸਟਾਫ, ਵਿਦਿਆਰਥੀਆਂ ਨੇ ਇਸ ਪ੍ਰਾਪਤੀ ਨੂੰ ਇਤਿਹਾਸਕ ਦੱਸਿਆ ਤੇ ਮੁਬਾਰਕਬਾਦ ਦਿੱਤੀ।

## ਮਹਿੰਦਰ ਸਿੰਘ ਕੱਲੂ ਬਾਲਿਆਂਵਾਲੀ ਦੀ ਮੌਤ 'ਤੇ ਦੁੱਖ ਪ੍ਰਗਟ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਬਲਾਕ ਰਾਮਪੁਰਾ ਦੇ ਪ੍ਰਧਾਨ ਮਹਿੰਦਰ ਸਿੰਘ ਕੱਲੂ ਬਾਲਿਆਂਵਾਲੀ ਦੀ ਡੇਂਗੂ ਦੇ ਬੁਖਾਰ ਤੇ ਘਟੇ ਸੈਲਾਂ ਦੇ ਹੋਏ ਅਟੈਕ ਕਾਰਨ ਹੋਈ ਬੇਵਕਤੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਬਲਾਕ ਆਗੂ ਸਰਦੂਲ ਸਿੰਘ ਰਾਮਨਿਵਾਸ ਤੇ ਸੁਰਜੀਤ ਸਿੰਘ ਮੰਡੀ ਕਲਾਂ ਨੇ ਕਿਹਾ ਕਿ ਸਾਥੀ ਮਹਿੰਦਰ ਸਿੰਘ ਕੱਲੂ ਦੇ ਵਿਛੋੜਾ ਦੇਣ ਜਾਣ ਨਾਲ ਪਰਵਾਰ ਤੇ ਜਥੇਬੰਦੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।ਜਗਦੀਸ਼ ਸਿੰਘ ਰਾਮਪੁਰਾ ਕਿਹਾ ਕਿ ਵਿਛੜੇ ਸਾਥੀ ਨੇ ਸਮੇਂ-ਸਮੇਂ 'ਤੇ ਕਿਸਾਨੀ ਦੀਆਂ ਹੱਕੀ ਮੰਗਾਂ ਲੈ ਕੇ ਚੱਲੇ ਕਿਸਾਨੀ ਘੋਲਾਂ 'ਚ ਮੋਹਰੀ ਆਗੂ ਵਜੋਂ ਭੂਮਿਕਾ ਨਿਭਾਉਂਦੇ ਹੋਏ ਅਹਿਮ ਯੋਗਦਾਨ ਪਾਇਆ ਹੈ ਤੇ ਕਿਹਾ ਕਿ ਇਸ ਸਮੇਂ ਸਰਕਾਰਾਂ ਵੱਲੋਂ ਕਿਸਾਨ ਵਿਰੋਧੀ ਨੀਤੀਆਂ ਲਾਗੂ ਕਰਕੇ ਕਿਸਾਨਾਂ ਤੋਂ ਜ਼ਮੀਨ ਖੋਹਣ ਦੀ ਤਿਆਰੀ ਕੀਤੀ ਜਾ ਰਹੀ ਹੈ ਤੇ ਜਿਨਸਾਂ ਦਾ ਬਣਦਾ ਵਾਜਬ ਰੇਟ ਨਾ ਦੇ ਕੇ ਕਿਸਾਨਾਂ ਦੀ ਅੰਨ੍ਹੀ ਲੁੱਟ ਕੀਤੀ ਜਾ ਰਹੀ ਹੈ, ਜਿਸ ਕਰਕੇ ਕਿਸਾਨੀ ਸਮੱਸਿਆਵਾਂ ਵਿੱਚ ਘਿਰੀ ਹੋਈ ਹੈ ਤੇ ਜਥੇਬੰਦੀ ਮਹਿਸੂਸ ਕਰਦੀ ਹੈ ਕਿ ਇਸ ਸਮੇ ਕਿਸਾਨੀ ਨੂੰ ਬਚਾਉਣ ਲਈ ਵਿੱਢੇ ਜਾਣ ਵਾਲੇ ਕਿਸਾਨੀ ਘੋਲਾਂ 'ਚ ਸਾਥੀ ਦੀ ਅਹਿਮ ਲੋੜ ਸੀ ਤੇ ਜਥੇਬੰਦੀ ਨੂੰ ਵਿਛੜੇ ਸਾਥੀ ਦੀ ਘਾਟ ਮਹਿਸੂਸ ਹੁੰਦੀ ਰਹੇਗੀ।

## ...ਸ.ਫਾ 1 ਦੇ ਬਾਕੀ

### ਚੰਡੀਗੜ੍ਹ, ਪੰਜਾਬ 'ਵਰਸਿਟੀ...

ਵਾਅਦੇ 'ਤੇ ਵਾਅਦਾ ਕਰਨ ਦੇ ਬਾਵਜੂਦ ਚੰਡੀਗੜ੍ਹ ਪੰਜਾਬ ਦੇ ਹਵਾਲੇ ਨਹੀਂ ਕੀਤਾ ਗਿਆ, ਜਿਸ ਨਾਲ ਹਰੇਕ ਪੰਜਾਬੀ ਦਾ ਹਿਰਦਾ ਵਲੰਧੂਰਿਆ ਗਿਆ।

ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਕੰਮਕਾਜ ਵਿੱਚ ਪੰਜਾਬ ਅਤੇ ਹਰਿਆਣਾ ਦੇ ਸੇਵਾ ਕਰਮਚਾਰੀਆਂ ਦੀ ਭਰਤੀ ਵਿੱਚ 60:40 ਦੇ ਅਨੁਪਾਤ ਦੀ ਬਰਕਰਾਰ ਰੱਖਣ ਦੀ ਮੰਗ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਸਮੇਂ ਦੀ ਵੱਡੀ ਲੋੜ ਹੈ। ਇਹ ਬੜੇ ਦੁੱਖ ਦੀ ਗੱਲ ਹੈ ਕਿ ਆਈ ਏ ਐੱਸ ਅਤੇ ਪੀ ਸੀ ਐੱਸ ਅਧਿਕਾਰੀਆਂ ਨੂੰ ਪ੍ਰਸ਼ਾਸਨ ਵਿੱਚ ਮੁੱਖ ਅਹੁਦਿਆਂ ਤੋਂ ਬਾਹਰ ਰੱਖਿਆ ਗਿਆ ਹੈ। ਆਬਕਾਰੀ, ਸਿੱਖਿਆ, ਵਿੱਤ ਅਤੇ ਸਿਹਤ ਵਰਗੇ ਵਿਭਾਗਾਂ ਵਿੱਚ ਇਨ੍ਹਾਂ ਅਸਾਮੀਆਂ ਨੂੰ ਸਟੇਟ ਯੂ ਟੀ ਕੇਡਰ (ਡੈਨਿਕਸ) ਵਰਗੇ ਕੇਡਰਾਂ ਲਈ ਖੋਲ੍ਹਿਆ ਜਾ ਰਿਹਾ ਹੈ, ਜਿਸ ਨਾਲ ਯੂ ਟੀ ਪ੍ਰਸ਼ਾਸਨ ਦੇ ਪ੍ਰਭਾਵਸ਼ਾਲੀ ਕੰਮਕਾਜ ਵਿੱਚ ਪੰਜਾਬ ਰਾਜ ਦੀ ਭੂਮਿਕਾ 'ਤੇ ਮਾੜਾ ਪ੍ਰਭਾਵ ਪੈਂਦਾ ਹੈ।ਮੁੱਖ ਮੰਤਰੀ ਨੇ ਪੰਜਾਬ ਕਾਡਰ ਦੇ ਅਧਿਕਾਰੀਆਂ ਨੂੰ ਜਨਰਲ ਮੈਨੇਜਰ ਐੱਫ ਸੀ ਆਈ (ਪੰਜਾਬ) ਦੇ ਅਹੁਦੇ 'ਤੇ ਤਾਇਨਾਤ ਕਰਨ ਦਾ ਇਕ ਹੋਰ ਮੁੱਦਾ ਉਠਾਉਂਦਿਆਂ ਕੇਂਦਰੀ ਅਨਾਜ ਪੂਲ ਵਿੱਚ ਪੰਜਾਬ ਦੇ ਸਭ ਤੋਂ ਵੱਧ ਯੋਗਦਾਨ ਨੂੰ ਧਿਆਨ ਵਿੱਚ ਰੱਖਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਨੂੰ ਪੰਜਾਬ ਕੇਡਰ ਦੇ ਆਈ ਏ ਐੱਸ ਅਧਿਕਾਰੀ ਨੂੰ ਐੱਫ ਸੀ ਆਈ ਦੇ ਰਿਜਨਲ ਦਫ਼ਤਰ ਵਿੱਚ ਤਾਇਨਾਤ ਕਰਨ ਦੇ ਸਥਾਪਤ ਰੁਝਾਨ ਨੂੰ ਭੰਗ ਨਹੀਂ ਕੀਤਾ ਜਾਣਾ ਚਾਹੀਦਾ।ਮਾਨ ਨੇ ਕਿਹਾ ਕਿ ਚਨਾਬ ਦਰਿਆ ਨੂੰ ਰਾਵੀ ਅਤੇ ਬਿਆਸ ਦਰਿਆਵਾਂ ਨਾਲ ਜੋੜਨ 'ਤੇ ਵਾਧੂ ਪਾਣੀ ਦੇ ਵਹਾਅ ਨੂੰ ਹੇਠਲੇ ਰਾਜਾਂ ਦੁਆਰਾ ਬਿਜਲੀ ਉਤਪਾਦਨ ਅਤੇ ਸਿੰਚਾਈ ਦੋਵਾਂ ਉਦੇਸ਼ਾਂ ਲਈ ਲਾਭਦਾਇਕ ਢੰਗ ਨਾਲ ਵਰਤਿਆ ਜਾ ਸਕਦਾ ਹੈ।

ਮੁੱਖ ਮੰਤਰੀ ਨੇ ਰਾਜਸਥਾਨ ਤੋਂ ਬੀ ਬੀ ਐੱਮ ਬੀ ਵਿੱਚ ਮੈਂਬਰ ਦੀ ਨਿਯੁਕਤੀ ਬਾਰੇ ਪੰਜਾਬ ਦਾ ਪੱਖ ਪੇਸ਼ ਕੀਤਾ। ਉਨ੍ਹਾ ਬੀ ਬੀ ਐੱਮ ਬੀ ਵਿੱਚ ਰਾਜਸਥਾਨ ਤੋਂ ਸਥਾਈ ਮੈਂਬਰ ਦੀ ਨਿਯੁਕਤੀ ਦੇ ਪ੍ਰਸਤਾਵ 'ਤੇ ਆਪਣਾ ਸਖ਼ਤ ਵਿਰੋਧ ਦਰਜ ਕਰਵਾਇਆ। ਉਨ੍ਹਾ ਕਿਹਾ ਕਿ ਬੀ ਬੀ ਐੱਮ ਬੀ ਪੰਜਾਬ ਪੁਨਰਗਠਨ ਐਕਟ, 1966 ਦੇ ਅਧੀਨ ਗਠਿਤ ਸੰਸਥਾ ਹੈ, ਜੋ ਸਿਰਫ ਉੱਤਰਾਧਿਕਾਰੀ ਰਾਜਾਂ ਪੰਜਾਬ ਅਤੇ ਹਰਿਆਣਾ ਨਾਲ ਸੰਬੰਧਤ ਹੈ। ਉਹਨਾ ਕਿਹਾ ਕਿ ਪੰਜਾਬ ਨੇ ਪਹਿਲਾਂ ਹੀ ਮੈਂਬਰਾਂ ਦੀ ਨਿਯੁਕਤੀ ਲਈ ਇੱਕ ਪੈਨਲ ਪੇਸ਼ ਕੀਤਾ ਹੈ ਅਤੇ ਭਾਰਤ ਸਰਕਾਰ ਪੰਜਾਬ ਅਤੇ ਹਰਿਆਣਾ ਤੋਂ ਇੱਕ-ਇੱਕ ਮੈਂਬਰ ਦੀ ਅਸਲ ਵਿਵਸਥਾ ਨੂੰ ਜਾਰੀ ਰੱਖੇ।ਮੁੱਖ ਮੰਤਰੀ ਨੇ ਪੰਜਾਬ ਭਾਖੜਾ ਅਤੇ ਪੌਂਗ ਡੈਮਾਂ ਦੇ ਪੂਰੇ ਜਲ ਭੰਡਾਰ ਪੱਧਰ (ਐੱਫ ਆਰ ਐੱਲ) ਨੂੰ ਵਧਾਉਣ ਦੇ ਪ੍ਰਸਤਾਵ ਦਾ ਸਖ਼ਤ ਵਿਰੋਧ ਕੀਤਾ।ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੂੰ ਪਿਛਲੇ ਸਾਲ ਲਗਭਗ 13,500 ਕਰੋੜ ਰੁਪਏ ਦਾ ਭਾਰੀ ਨੁਕਸਾਨ ਹੋਇਆ, ਜਦੋਂ ਕਿ ਰਾਜਸਥਾਨ ਨੂੰ ਕੋਈ ਪ੍ਰਭਾਵ ਨਹੀਂ ਪਿਆ। ਉਨ੍ਹਾ ਕਿਹਾ ਕਿ ਰਾਜਸਥਾਨ ਨੇ ਖੁਦ ਕਿਹਾ ਹੈ ਕਿ ਉਹ ਹੜ੍ਹਾਂ ਦੌਰਾਨ ਕੋਈ ਵਾਧੂ ਪਾਣੀ ਨਹੀਂ ਲੈ ਸਕਦਾ। ਉਹਨਾ ਕਿਹਾ ਕਿ ਰਾਵੀ-ਬਿਆਸ ਦੇ ਪਾਣੀਆਂ ਦੀ ਉਪਲੱਬਧਤਾ ਵਿੱਚ ਕਾਫ਼ੀ ਗਿਰਾਵਟ ਆਈ ਹੈ, ਪੰਜਾਬ ਦੇ 75% ਬਲਾਕਾਂ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਤੋਂ ਕਾਫ਼ੀ ਹੇਠਾਂ ਜਾ ਚੁੱਕਾ ਹੈ ਅਤੇ ਇਹ ਮਾਮਲਾ ਰਾਵੀ-ਬਿਆਸ ਟ੍ਰਿਬਿਊਨਲ ਅੱਗੇ ਵਿਚਾਰ ਅਧੀਨ ਹੈ। ਉਨ੍ਹਾ ਕਿਹਾ ਕਿ ਇਸ ਲਈ ਐੱਸ ਵਾਈ ਐੱਲ 'ਤੇ ਸਾਰੀਆਂ ਕਾਰਵਾਈਆਂ ਨੂੰ ਉਦੋਂ ਤੱਕ ਮੁਲਤਵੀ ਰੱਖਿਆ ਜਾਣਾ ਚਾਹੀਦਾ ਹੈ, ਜਦੋਂ ਤੱਕ ਟ੍ਰਿਬਿਊਨਲ ਆਪਣਾ ਅੰਤਮ ਫੈਸਲਾ ਨਹੀਂ ਸੁਣਾ ਦਿੰਦਾ। ਮਾਨ ਨੇ ਰੋਪੜ, ਹਰੀਕੇ ਅਤੇ ਫਿਰੋਜ਼ਪੁਰ ਹੈੱਡਵਰਕਸ ਦਾ ਕੰਟਰੋਲ ਬੀ ਬੀ ਐੱਮ ਬੀ ਨੂੰ ਤਬਦੀਲ ਕਰਨ ਦੇ ਪ੍ਰਸਤਾਵ 'ਤੇ ਸਖ਼ਤ ਵਿਰੋਧ ਜਤਾਉਂਦਿਆਂ ਕਿਹਾ ਕਿ ਇਹ ਹੈੱਡਵਰਕਸ ਪੂਰੀ ਤਰ੍ਹਾਂ ਪੰਜਾਬ ਦੇ ਅੰਦਰ ਸਥਿਤ ਹਨ ਅਤੇ ਹਮੇਸ਼ਾ ਰਾਜ ਦੁਆਰਾ ਸੰਚਾਲਿਤ ਅਤੇ ਰੱਖ-ਰਖਾਅ ਕੀਤੇ ਗਏ ਹਨ। ਉਨ੍ਹਾ ਕਿਹਾ ਕਿ ਭਾਰਤ ਵਿੱਚ ਕਿਤੇ ਵੀ ਕਿਸੇ ਸੂਬੇ ਦੇ ਹੈੱਡਵਰਕਸ ਕਿਸੇ ਬਾਹਰੀ ਏਜੰਸੀ ਦੁਆਰਾ ਨਹੀਂ ਚਲਾਏ ਜਾਂਦੇ ਅਤੇ ਹਰਿਆਣਾ ਵੀ ਯਮੁਨਾ 'ਤੇ ਹਥਨੀਕੁੰਡ ਨੂੰ ਖੁਦ ਸੰਭਾਲਦਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੂੰ ਹਮੇਸ਼ਾ ਬੀ ਬੀ ਐੱਮ ਬੀ ਅਤੇ ਇਸ ਦੇ ਨੌਕਰਸ਼ਾਹਾਂ ਦੇ ਰਹਿਮ 'ਤੇ ਛੱਡਿਆ ਗਿਆ ਹੈ ਅਤੇ ਕਿਹਾ ਕਿ ਜੇਕਰ ਹੈੱਡਵਰਕਸ ਦਾ ਕੰਟਰੋਲ ਵੀ ਪੰਜਾਬ ਤੋਂ ਖੋਹ ਲਿਆ ਜਾਂਦਾ ਹੈ ਤਾਂ ਪੰਜਾਬ ਨੂੰ ਹੜ੍ਹਾਂ ਨੂੰ ਕੰਟਰੋਲ ਕਰਨ ਵਿੱਚ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਉਹਨਾ ਕਿਹਾ ਕਿ ਇਸ ਵਿੱਚੋਂ ਗਾਰ ਨਾ ਕੱਢਣ ਕਰਕੇ ਕਪੂਰਥਲਾ ਅਤੇ ਜਲੰਧਰ ਜ਼ਿਲ੍ਹੇ ਤੱਕ ਉੱਪਰਲੇ ਇਲਾਕਿਆਂ ਵਿੱਚ ਹੜ੍ਹ ਆਉਂਦੇ ਹਨ।ਉਨ੍ਹਾ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਇਸ ਕਾਰਜ ਲਈ ਸੂਬਾ ਸਰਕਾਰ ਨੂੰ ਵਿੱਤੀ ਮਦਦ ਦੇਣ ਦੇ ਨਾਲ-ਨਾਲ ਵਾਤਾਵਰਣ ਸੰਬੰਧੀ ਪ੍ਰਵਾਨਗੀਆਂ ਦੇ ਮਾਮਲੇ ਵਿੱਚ ਸਹਿਯੋਗ ਦੇਵੇ।ਪੰਜਾਬ ਯੂਨੀਵਰਸਿਟੀ ਦੇ ਮੁੱਦੇ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਯੂਨੀਵਰਸਿਟੀ ਦਾ ਪੰਜਾਬ ਦੇ ਲੋਕਾਂ ਨਾਲ ਡੂੰਘਾ ਸੰਬੰਧ ਹੈ ਅਤੇ ਇਹ ਸਿਰਫ਼ ਪੰਜਾਬ ਹੀ ਹੈ, ਜੋ ਪਿਛਲੇ 50 ਸਾਲਾਂ ਤੋਂ ਇਸ ਯੂਨੀਵਰਸਿਟੀ ਦਾ ਸਮਰਥਨ ਅਤੇ ਪ੍ਰਬੰਧਨ ਕਰ ਰਿਹਾ ਹੈ।ਉਨ੍ਹਾ ਕਿਹਾ ਕਿ ਹੁਣ ਇਸ ਪੜਾਅ 'ਤੇ ਸਾਨੂੰ ਸਮਝ ਨਹੀਂ ਆ ਰਿਹਾ ਕਿ ਹਰਿਆਣਾ ਆਪਣੇ ਕਾਲਜਾਂ ਨੂੰ ਪੰਜਾਬ ਯੂਨੀਵਰਸਿਟੀ ਨਾਲ ਕਿਉਂ ਜੋੜਨਾ ਚਾਹੁੰਦਾ ਹੈ, ਜਦੋਂ ਕਿ ਉਹ ਪਹਿਲਾਂ ਹੀ ਪਿਛਲੇ 50 ਸਾਲਾਂ ਤੋਂ ਕੁਰੂਕਸ਼ੇਤਰ ਯੂਨੀਵਰਸਿਟੀ ਨਾਲ ਸੰਬੰਧਤ ਹਨ, ਜੋ ਕਿ ਇੱਕ ਏ+ ਐੱਨ ਏ ਏ ਸੀ ਮਾਨਤਾ ਪ੍ਰਾਪਤ ਯੂਨੀਵਰਸਿਟੀ ਹੈ। ਉਹਨਾ ਕਿਹਾ ਕਿ ਪਿਛਲੇ 50 ਸਾਲਾਂ ਤੋਂ ਪੰਜਾਬ ਯੂਨੀਵਰਸਿਟੀ ਨੂੰ ਨਜ਼ਰਅੰਦਾਜ਼ ਕਰਨ ਤੋਂ ਬਾਅਦ ਹੁਣ ਹਰਿਆਣਾ ਨੂੰ ਇਹ ਮਾਨਤਾ ਪ੍ਰਾਪਤ ਕਰਨ ਦਾ ਖ਼ਿਆਲ ਕਿਵੇਂ ਆ ਗਿਆ।ਮਾਨ ਨੇ ਚੇਤਾਵਨੀ ਦਿੱਤੀ ਕਿ ਪੰਜਾਬ ਯੂਨੀਵਰਸਿਟੀ ਸਿਰਫ਼ ਇੱਕ ਅਕਾਦਮਿਕ ਸੰਸਥਾ ਨਹੀਂ, ਸਗੋਂ ਪੰਜਾਬੀ ਪਛਾਣ ਦਾ ਅਨਿੱਖੜਵਾਂ ਅੰਗ ਹੈ। ਉਨ੍ਹਾ ਜਮਹੂਰੀ ਪ੍ਰਕਿਰਿਆਵਾਂ ਦੀ ਬਹਾਲੀ ਦੀ ਅਪੀਲ ਕੀਤੀ, ਜਿਸ ਵਿੱਚ ਅਸਲ 91 ਮੈਂਬਰੀ ਸੈਨੇਟ ਲਈ ਚੋਣਾਂ ਦਾ ਐਲਾਨ ਵੀ ਸ਼ਾਮਲ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਤੋਂ ਵੱਧ ਸਮੇਂ ਦੌਰਾਨ ਆਪਣੇ ਲੋਕਾਂ ਦੀ ਭਲਾਈ ਲਈ ਲੀਕ ਤੋਂ ਹਟਵੀਆਂ ਪਹਿਲਕਦਮੀਆਂ ਕੀਤੀਆਂ ਹਨ ਅਤੇ ਪੰਜਾਬ ਭਾਰਤ ਦਾ ਪਹਿਲਾ ਸੂਬਾ ਬਣ ਗਿਆ ਹੈ, ਜਿਸ ਨੇ ਹਰ ਪਰਵਾਰ ਨੂੰ ਮੁਫ਼ਤ ਬਿਜਲੀ, ਮੁਫ਼ਤ ਸਿਹਤ ਸੰਭਾਲ, ਮੁਫ਼ਤ ਸਿੱਖਿਆ ਅਤੇ ਔਰਤਾਂ ਲਈ ਮੁਫ਼ਤ ਬੱਸ ਸਫ਼ਰ ਦੀ ਗਰੰਟੀ ਦਿੱਤੀ ਹੈ। ਉਨ੍ਹਾ ਕਿਹਾ ਕਿ 45 ਦਿਨਾਂ ਦੀ ਸਮਾਂ ਸੀਮਾ ਦਾ ਐਲਾਨ ਕਰਨ ਦੇ ਬਾਵਜੂਦ ਸੂਬਾ ਸਰਕਾਰ ਨੇ ਵਿਸ਼ੇਸ਼ ਗਿਰਦਾਵਰੀ ਤੋਂ ਬਾਅਦ 30 ਦਿਨਾਂ ਦੇ ਅੰਦਰ ਕਿਸਾਨਾਂ ਨੂੰ ਪ੍ਰਤੀ ਏਕੜ 20,000 ਰੁਪਏ ਦਾ ਹੜ੍ਹ ਮੁਆਵਜ਼ਾ ਵੰਡਿਆ ਹੈ, ਜੋ ਦੇਸ਼ ਵਿੱਚ ਸਭ ਤੋਂ ਵੱਧ ਹੈ।

## ਪੈਨਸ਼ਨਰਜ਼ ਐਸੋਸੀਏਸ਼ਨ ਮੰਡਲ ਦੀ ਹੋਈ ਮਹੀਨਾਵਾਰ ਮੀਟਿੰਗ

**ਬੁਢਲਾਡਾ (ਅਸ਼ੋਕ ਲਾਕੜਾ)** ਪੈਨਸ਼ਨਰਜ਼ ਐਸੋਸੀਏਸ਼ਨ ਮੰਡਲ ਦੀ ਮਹੀਨਾਵਾਰ ਮੀਟਿੰਗ ਸ੍ਰੀ ਦੇਸਰਾਜ ਮੰਘਾਣੀਆ ਦੀ ਪ੍ਰਧਾਨਗੀ ਹੇਠ ਮੰਡਲ ਦਫ਼ਤਰ ਦੇ ਅਹਾਤੇ ਵਿੱਚ ਹੋਈ। ਮੀਟਿੰਗ ਵਿੱਚ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੈਜਮੈਂਟ ਵੱਲੋਂ ਪੈਨਸ਼ਨਰਜ਼ ਦੀਆਂ ਮੰਗਾਂ ਬਾਰੇ ਗੁਰਜੰਟ ਸਿੰਘ ਬੀਰੋਕੇ ਸਕੱਤਰ ਪੈਨਸ਼ਨਰਜ਼ ਐਸੋਸੀਏਸ਼ਨ ਨੇ ਦੱਸਿਆ ਕਿ ਮੈਨੇਜਮੈਂਟ ਵੱਲੋਂ ਪੈਨਸ਼ਨਰਜ਼ ਦੀ ਸੋਧੀ ਪੈਨਸ਼ਨ ਦਾ ਬਕਾਇਆ ਇਕੱਠਾ ਜਾਂ ਕਿਸ਼ਤਾਂ ਵਿੱਚ ਦੇ ਕੇ ਖੱਪਰ ਭੱਖਰ ਕਰ ਦਿੱਤਾ ਹੈ।200/- ਰੁਪਏ ਜਜ਼ੀਆ ਟੈਕਸ ਤੇ ਪਾਵਰਕਾਮ ਪੈਨਸ਼ਨਰਜ਼ ਤੋਂ ਕੱਟਿਆ ਜਾ ਰਿਹਾ ਹੈ, ਜਦੋਂ ਕਿ ਪੰਜਾਬ ਸਰਕਾਰ ਦੇ ਪੈਨਸ਼ਨਰਜ਼ ਤੋਂ ਨਹੀਂ ਕੱਟਿਆ ਜਾ ਰਿਹਾ।ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਤੁਰੰਤ ਜਾਰੀ ਕੀਤੀਆਂ ਜਾਣ ਤੇ ਇਨ੍ਹਾਂ ਦਾ ਰਹਿੰਦਾ ਬਕਾਇਆ ਤੁਰੰਤ ਦਿੱਤਾ ਜਾਵੇ।ਸਾਲ 2016 ਤੋਂ ਪਹਿਲਾਂ ਰਿਟਾਇਰਡ ਹੋਏ ਪੈਨਸ਼ਨਰਜ਼ ਦੀ ਪੈਨਸ਼ਨ 2.59 ਦੇ ਫੈਕਟਰ ਲਾ ਕੇ ਸੋਧੀ ਜਾਵੇ।

ਮੀਟਿੰਗ ਵਿੱਚ ਪੈਨਸ਼ਨਰਜ਼ ਸਾਥੀ ਸੂਰਜ ਭਾਨ ਅਤੇ ਸੁਖਦੇਵ ਰਾਮ ਸਹਾਇਕ ਲਾਈਨਮੈਨ ਆਦਿ ਨੇ ਸ੍ਰੀ ਛੋਟੂ ਰਾਮ ਮੰਘਾਣੀਆ ਦੀ ਮੌਤ ਤੇ ਦੋ ਮਿੰਟ ਦਾ ਮੌਨ ਵਰਤ ਕਰਕੇ ਅਫ਼ਸੋਸ ਕੀਤਾ।ਮੀਟਿੰਗ ਨੂੰ ਸ੍ਰੀ ਅਮਰੀਕ ਸਿੰਘ ਜੇਈ ਬਰੇਟਾ, ਕਰਨੈਲ ਸਿੰਘ ਜੇਈ ਬੋਹਾ ਤੇ ਸੁਖਲਾਲ ਸਿੰਘ ਬਰੇਟਾ ਨੇ ਸੰਬੋਧਨ ਕੀਤਾ ਅਤੇ ਦੇਸਰਾਜ ਮੰਘਾਣੀਆ ਨੇ ਪਟਿਆਲਾ ਤੇ ਧੂਰੀ ਵਿੱਚ ਹੋਏ ਸਫ਼ਲ ਧਰਨਿਆਂ ਲਈ ਐਸੋਸੀਏਸ਼ਨ ਦਾ ਧੰਨਵਾਦ ਕੀਤਾ ਤੇ ਮੀਟਿੰਗ ਵਿੱਚ ਆਏ ਸਾਥੀਆਂ ਨੂੰ ਜੀ ਆਇਆਂ ਆਖਿਆ।

## ਪਿੰਡ ਯਾਰੇ ਸ਼ਾਹ ਵਾਲਾ 'ਚ ਕਬੱਡੀ ਟੂਰਨਾਮੈਂਟ 'ਤੇ ਨਕਦ ਰਾਸ਼ੀ ਭੇਟ



**ਫ਼ਿਰੋਜ਼ਪੁਰ (ਗੁਰਬਚਨ ਸਿੰਘ)**-ਵਿਧਾਨ ਸਭਾ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਪਿੰਡ ਯਾਰੇ ਸ਼ਾਹ ਵਾਲਾ ਵਿਖੇ ਕਬੱਡੀ ਟੂਰਨਾਮੈਂਟ ਚ ਆਸ਼ੂ ਬੰਗੜ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਆਸ਼ੂ ਬੰਗੜ ਵੱਲੋਂ 5100 ਦੀ ਨਕਦ ਰਾਸ਼ੀ ਨਾਲ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ।ਆਸ਼ੂ ਬੰਗੜ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਸਾਨੂੰ ਇਸ ਤਰ੍ਹਾਂ ਦੇ ਉਪਰਾਲੇ ਸਮੇਂ ਸਮੇਂ 'ਤੇ ਕਰਦੇ ਰਹਿਣਾ ਚਾਹੀਦਾ ਹੈ।

## ਅਮਨਦੀਪ ਹਸਪਤਾਲ ਨੇ ਜੂਨੀਅਰ ਕਲਾਕਾਰਾਂ ਨਾਲ ਮਨਾਇਆ ਬਾਲ ਦਿਵਸ




**ਫ਼ਿਰੋਜ਼ਪੁਰ (ਗੁਰਬਚਨ ਸਿੰਘ)**-ਅਮਨਦੀਪ ਹਸਪਤਾਲ ਵੱਲੋਂ ਬਾਲ ਦਿਵਸ ਬੜੇ ਉਤਸ਼ਾਹ ਤੇ ਉਮੰਗ ਨਾਲ ਮਨਾਇਆ ਗਿਆ।ਇਹ ਵਿਸ਼ੇਸ਼ ਸਮਾਰੋਹ ਪੰਜ ਪ੍ਰਸਿੱਧ ਸਕੂਲਾਂ ਦੇ ਸਹਿਯੋਗ ਨਾਲ ਆਯੋਜਤ ਕੀਤਾ ਗਿਆ, ਜਿਸ ਵਿੱਚ ਮੁਕਾਬਲਿਆਂ ਦੇ ਪਹਿਲੇ ਪੜਾਅ ਦੀਆਂ ਸਭ ਗਤੀਵਿਧੀਆਂ ਸਕੂਲ ਪੱਧਰ 'ਤੇ ਹੀ ਕਰਾਈਆਂ ਗਈਆਂ। ਹਸਪਤਾਲ ਦੇ ਫੈਸਿਲਟੀ ਡਾਇਰੈਕਟਰ ਡਾ. ਅਭਿਸ਼ੇਕ ਅਰੋੜਾ ਨੇ ਦੱਸਿਆ ਕਿ ਦ ਬ੍ਰਿਟਿਸ਼ ਸਕੂਲ ਫ਼ਿਰੋਜ਼ਸ਼ਾਹ, ਮਾਤਾ ਗੁਜਰੀ ਪਬਲਿਕ ਸਕੂਲ ਭੜਾਣਾ, ਦੂਨ ਜੂਨੀਅਰ ਸਕੂਲ ਫ਼ਿਰੋਜ਼ਪੁਰ, ਬਾਬਾ ਫ਼ਰੀਦ ਇੰਟਰਨੈਸ਼ਨਲ ਸਕੂਲ ਕੁਲਗੜ੍ਹੀ, ਦਿੱਲੀ ਪਬਲਿਕ ਸਕੂਲ ਦੇ ਲਗਭਗ 1200 ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਹਰ ਸਕੂਲ ਦੇ ਜੇਤੂਆਂ ਨੂੰ ਅੰਤਿਮ ਪੜਾਅ ਲਈ ਅਮਨਦੀਪ ਹਸਪਤਾਲ ਬੁਲਾਇਆ ਗਿਆ, ਜਿੱਥੇ ਵੱ-ਵੱਖ ਸ਼੍ਰੇਣੀਆਂ ਵਿੱਚ ਮੁਕਾਬਲੇ ਕਰਾਏ ਗਏ।ਸਮਾਰੋਹ ਦਾ ਮੁੱਖ ਉਦੇਸ਼ ਬੱਚਿਆਂ ਦੀਆਂ ਲੁਕੀਆਂ ਪ੍ਰਤਿਭਾਵਾਂ ਨੂੰ ਮੰਚ ਦੇਣਾ, ਉਨ੍ਹਾਂ ਨੂੰ ਨਿਖਾਰਣਾ ਤੇ ਸਿੱਖਣ ਦੇ ਨਵੇਂ ਮੌਕੇ ਪ੍ਰਦਾਨ ਕਰਨਾ ਸੀ।ਪ੍ਰੋਗਰਾਮ 'ਚ ਡਰਾਇੰਗ, ਨਾਚ, ਸੰਗੀਤ ਤੇ ਕੁਇਜ਼ ਸਮੇਤ ਕਈ ਰਚਨਾਤਮਕ ਗਤੀਵਿਧੀਆਂ ਸ਼ਾਮਲ ਸਨ।ਜ਼ਿਲ੍ਹਾ ਸਿੱਖਿਆ ਅਧਿਕਾਰੀ (ਪ੍ਰਾਇਮਰੀ) ਵਿਭਾਗ ਤੋਂ ਸੁਨੀਤਾ ਰਾਣੀ ਨੇ ਬੱਚਿਆਂ ਦਾ ਹੌਸਲਾ ਵਧਾਉਂਦੇ ਹੋਏ ਕਿਹਾ ਕਿ ਸਿੱਖਿਆ ਸਿਰਫ਼ ਕਿਤਾਬਾਂ ਤੱਕ ਸੀਮਤ ਨਹੀਂ, ਬਲਕਿ ਬੱਚਿਆਂ ਦੀ ਪ੍ਰਤਿਭਾ ਨੂੰ ਉਭਾਰਨਾ ਵੀ ਬਹੁਤ ਜ਼ਰੂਰੀ ਹੈ।ਸੈਕੰਡਰੀ ਸਕੂਲ ਦੇ ਆਰਟ ਐਂਡ ਕਰਾਫਟ ਅਧਿਆਪਕ ਰਾਹੁਲ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।ਅਮਨਦੀਪ ਹਸਪਤਾਲ ਦੀ ਡਾਇਰੈਕਟਰ ਡਾ. ਅਮਨਦੀਪ ਕੌਰ ਨੇ ਕਿਹਾ ਕਿ ਬੱਚਿਆਂ ਦੀ ਸੋਚ, ਕਲਾ ਤੇ ਪ੍ਰਤਿਭਾ ਨੂੰ ਵਿਕਸਤ ਕਰਨਾ ਸਾਡਾ ਉਦੇਸ਼ ਹੈ।ਬਾਲ ਦਿਵਸ 'ਤੇ ਬੱਚਿਆਂ ਨਾਲ ਇਹ ਪ੍ਰੋਗਰਾਮ ਮਨਾਉਣਾ ਸਾਡੇ ਲਈ ਬਹੁਤ ਖੁਸ਼ੀ ਦੀ ਗੱਲ ਹੈ।ਬੱਚਿਆਂ ਦੀ ਸਕਾਰਾਤਮਕ ਸੋਚ ਅਤੇ ਸਿਹਤਮੰਦ ਮੁਕਾਬਲੇ ਦੀ ਭਾਵਨਾ ਦੇਖਣਾ ਵਾਕਈ ਪ੍ਰੇਰਕ ਹੈ। ਸੀਨੀਅਰ ਚਾਈਲਡ ਸਪੇਸ਼ਲਿਸਟ ਡਾ. ਮੇਜਰ ਡੇਵਿਡ ਆਗਸਟਿਨ ਨੇ ਬੱਚਿਆਂ ਨੂੰ ਸਿਹਤ, ਸੰਤੁਲਤ ਖੁਰਾਕ ਅਤੇ ਮਿਹਨਤ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ।ਉਨ੍ਹਾਂ ਕਿਹਾ ਸਿਹਤਮੰਦ ਭੋਜਨ ਹੀ ਖੁਸ਼ਹਾਲ ਜੀਵਨ ਦੀ ਪਹਿਲੀ ਸੀੜ੍ਹੀ ਹੈ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

18-Nov-PAGE-3.qxd 11/17/2025 11:13 PM Page 1



## ਰੋਹ 'ਚ ਆਈ ਕਿਸਾਨ ਯੂਨੀਅਨ ਨੇ ਸਾੜਿਆ ਪ੍ਰਧਾਨ ਮੰਤਰੀ ਦਾ ਪੁਤਲਾ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਪੰਜਾਬ ਵਿੱਚ ਬਿਜਲੀ ਐਕਟ ਨੂੰ ਲਾਗੂ ਕਰਨ ਦਾ ਵਿਰੋਧ ਵੱਖ ਵੱਖ ਕਿਸਾਨ ਜਥੇਬੰਦੀਆਂ ਵੱਲੋਂ ਕੀਤਾ ਜਾ ਰਿਹਾ ਹੈ।ਇਸ ਵਿਰੋਧ ਦੇ ਵਿੱਚ ਕਿਸਾਨ ਜਥੇਬੰਦੀਆਂ ਦੇ ਵੱਲੋਂ ਇਸ ਐਕਟ ਦੇ ਵਿਰੋਧ ਵਿੱਚ ਪੰਜਾਬ ਭਰ ਦੇ ਵਿੱਚ ਕੇਂਦਰ ਅਤੇ ਪੰਜਾਬ ਸਰਕਾਰ ਦੇ ਪੁਤਲੇ ਸਾੜ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ । ਇਸੇ ਲੜੀ ਦੇ ਤਹਿਤ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੱਦੇ 'ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਜੋਨ ਸਠਿਆਲੀ ਵਲੋਂ ਗੁਰਦਾਸਪੁਰ-ਸ੍ਰੀ ਹਰਗੋਬਿੰਦਪੁਰ ਸਾਹਿਬ ਮੁੱਖ ਮਾਰਗ ਉੱਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦਾ ਪੁਤਲਾ ਸਾੜਿਆ ਗਿਆ। ਇਸੇ ਹੀ ਤਰ੍ਹਾਂ ਜ਼ੋਨ ਸੰਤ ਬਾਬਾ ਲਾਲ ਸਿੰਘ ਨਾਲ ਸੰਬੰਧਿਤ ਕਿਸਾਨ ਆਗੂਆਂ ਵੱਲੋਂ ਭੈਣੀ ਮੀਆਂ ਖਾਂ ਕਸਬੇ ਵਿੱਚ ਪੁਤਲਾ ਸਾੜ ਕੇ ਕੇਂਦਰ ਅਤੇ ਪੰਜਾਬ ਸਰਕਾਰ ਦੇ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਪੁਤਲਾ ਸਾੜਨ ਉਪਰੰਤ ਇਸ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਰਣਜੀਤ ਸਿੰਘ ਧੰਦਲ, ਲਖਵਿੰਦਰ ਸਿੰਘ ਕਾਲਾ ਬਾਲਾ, ਕਾਬਲ ਸਿੰਘ ਧੰਦਲ, ਗੁਰਮੇਜ ਸਿੰਘ ਨੈਨੇਕੋਟ, ਨਿਸਾਨ ਸਿੰਘ ਭਿੱਟੇਵੱਡ, ਬਲਵਿੰਦਰ ਸਿੰਘ ਵੜੈਚ, ਬਲਕਾਰ ਸਿੰਘ ਮੱਲੀਆਂ, ਵੀਰ ਸਿੰਘ ਕੋਟ ਟੋਡਰ ਮੱਲ, ਪਰਮਜੀਤ ਸਿੰਘ ਨਿਮਾਣੇ, ਹਰਜੀਤ ਸਿੰਘ ਕੋਟ ਬੁੱਢਾ, ਸਾਹਿਬ ਸਿੰਘ ਬੁੱਟਰ ਕਲਾਂ, ਹੀਰਾ ਸਿੰਘ ਜੋਗੀ ਚੀਮਾ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਪਾਵਰ ਕਾਮ ਪੰਜਾਬ ਨੂੰ ਨਿੱਜੀ ਹੱਥਾਂ ਵਿੱਚ ਸੌਂਪ ਕੇ ਬਿਜਲੀ ਖਪਤਕਾਰਾਂ ਦਾ ਸ਼ੋਸ਼ਣ ਕਰਨਾ ਚਾਹੁੰਦੀ ਹੈ ਪਰ ਕਿਸਾਨ ਜਥੇਬੰਦੀਆਂ ਕੇਂਦਰ ਅਤੇ ਪੰਜਾਬ ਸਰਕਾਰ ਦੇ ਕਿਸੇ ਵੀ ਮਨਸੂਬੇ ਨੂੰ ਕਾਮਯਾਬ ਨਹੀਂ ਹੋਣ ਦੇਣਗੀਆਂ ਸਗੋਂ ਇਸਦਾ ਡਟਵਾਂ ਵਿਰੋਧ ਕੀਤਾ ਜਾਵੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਕਿ ਜੇਕਰ ਕੇਂਦਰ ਅਤੇ ਪੰਜਾਬ ਸਰਕਾਰ ਨੇ ਪਿੰਡਾਂ ਵਿੱਚ ਬਿਜਲੀ ਖਪਤਕਾਰਾਂ ਦੇ ਲਗਾਏ ਗਏ ਚਿੱਪ ਵਾਲੇ ਮੀਟਰਾਂ ਨਾ ਉਤਾਰਿਆ ਗਿਆ ਤਾਂ ਕਿਸਾਨ ਜਥੇਬੰਦੀਆਂ 10 ਦਸੰਬਰ ਤੋਂ ਬਾਅਦ ਪਿੰਡਾਂ ਵਿੱਚ ਖਪਤਕਾਰਾਂ ਦੇ ਲੱਗੇ ਚਿੱਪ ਵਾਲੇ ਮੀਟਰਾਂ ਨੂੰ ਉਤਾਰ ਕੇ ਪਾਵਰ ਕਾਮ ਦਫਤਰਾਂ 'ਚ ਜਮਾ ਕਰਵਾ ਦੇਣਗੇ । ਜੇਕਰ ਸਰਕਾਰ ਨੇ ਅਜਿਹਾ ਕਰਦੇ ਸਮੇਂ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਰਦੇ ਹੋਏ ਕਿਸਾਨਾਂ ਦਾ ਵਿਰੋਧ ਕੀਤਾ ਤਾਂ ਇਸ ਤੋਂ ਨਿਕਲਣ ਵਾਲੇ ਸਿੱਟੇ ਲਈ ਕੇਂਦਰ ਅਤੇ ਪੰਜਾਬ ਸਰਕਾਰ ਜਿੰਮੇਵਾਰ ਹੋਵੇਗੀ।

## ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਅੱਜ ਅੰਮ੍ਰਿਤਸਰ 'ਚ ਹੋਵੇਗਾ ਵਿਸ਼ਾਲ ਜਾਗਰੂਕਤਾ ਪ੍ਰੋਗਰਾਮ: ਬਿੰਦਰਾ

**ਮਜੀਠਾ( ਸੋਇਮ ਆਨੰਦ)**

ਕੇਂਦਰ ਸਰਕਾਰ ਦੇ ਸੋਸ਼ਲ ਜਸਟਿਸ ਅਤੇ ਇੰਪਾਵਰਮੈਂਟ ਮੰਤਰਾਲੇ ਵੱਲੋਂ 15 ਅਗਸਤ 2020 ਤੋਂ ਚਲਾਏ ਜਾ ਰਹੇ ਨਸ਼ਾ ਮੁਕਤ ਭਾਰਤ ਅਭਿਆਨ ਦਾ ਵਿਸ਼ਾਲ ਜਾਗਰੂਕਤਾ ਪ੍ਰੋਗਰਾਮ 18 ਨਵੰਬਰ ਨੂੰ ਅੰਮ੍ਰਿਤਸਰ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਕਰਵਾਇਆ ਜਾਵੇਗਾ। ਇਸ ਵਿੱਚ ਵੱਖ-ਵੱਖ ਸੰਸਥਾਵਾਂ ਤੋਂ 10 ਹਜ਼ਾਰ ਦੇ ਕਰੀਬ ਨੌਜਵਾਨ ਅਤੇ ਵਲੰਟੀਅਰ ਭਾਗ ਲੈਣਗੇ।ਐੱਨ ਆਈ ਐੱਸ ਡੀ ਦੇ ਮੈਂਬਰ ਸੁਖਵਿੰਦਰ ਬਿੰਦਰਾ ਨੇ ਦੱਸਿਆ ਕੇ ਹੁਣ ਤੱਕ ਇਸ ਮੁਹਿੰਮ ਤਹਿਤ ਦੇਸ਼ ਭਰ ਵਿੱਚ 18 ਕਰੋੜ ਤੋਂ ਵੱਧ ਲੋਕਾਂ ਨੂੰ ਆਪਣੇ ਨਾਲ ਜੋੜ ਚੁੱਕੇ ਹਾਂ।ਉਹਨਾਂ ਦੱਸਿਆ ਕਿ ਇਹ ਪ੍ਰੋਗਰਾਮ ਸਾਰੇ ਰਾਜਾਂ ਵਿੱਚ ਨਸ਼ੇ ਦੀ ਸਮਾਪਤੀ ਨੂੰ ਲੈ ਕੇ ਜਾਗਰੂਕਤਾ ਫੈਲਾਉਣ ਲਈ ਚਲਾਇਆ ਜਾ ਰਿਹਾ ਹੈ ਅਤੇ ਹੁਣ ਅਸੀਂ ਇਸ ਮੁਹਿੰਮ ਦੇ ਪੰਜ ਸਾਲ ਸਫਲਤਾਪੂਰਵਕ ਪੂਰੇ ਹੋਣ ਮੌਕੇ ਵੱਡਾ ਪ੍ਰੋਗਰਾਮ ਅੰਮ੍ਰਿਤਸਰ ਵਿੱਚ ਕਰਨ ਜਾ ਰਹੇ ਹਾਂ।ਉਨ੍ਹਾਂ ਦੱਸਿਆ ਕਿ ਸਮਾਗਮ ਵਿੱਚ ਕੇਂਦਰੀ ਮੰਤਰੀ ਡਾਕਟਰ ਵਰਿੰਦਰ ਕੁਮਾਰ ਤੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵਿਸ਼ੇਸ਼ ਤੌਰ ਉਤੇ ਭਾਗ ਲੈਣਗੇ। ਉਹਨਾਂ ਕਿਹਾ ਕਿ ਅਸੀਂ 18 ਨਵੰਬਰ ਦਿਨ ਮੰਗਲਵਾਰ ਨੂੰ ਇਹ ਪ੍ਰੋਗਰਾਮ ਨੌਜਵਾਨਾਂ ਦੀ ਵੱਡੀ ਸ਼ਮੂਲੀਅਤ ਨਾਲ ਕਰਾਂਗੇ।ਐੱਨ ਆਈ ਐੱਸ ਡੀ ਦੇ ਮੈਂਬਰ ਸੁਖਵਿੰਦਰ ਬਿੰਦਰਾ ਨੇ ਸਮਾਗਮ ਵਿੱਚ ਉਹਨਾਂ ਬੱਚਿਆਂ ਅਤੇ ਨੌਜਵਾਨਾਂ ਦੀ ਸ਼ਮੂਲੀਅਤ ਯਕੀਨੀ ਬਣਾਉਣ ਦੀ ਅਪੀਲ ਕੀਤੀ ਜੋ ਕਿ ਜਵਾਨੀ ਦੀ ਦਹਿਲੀਜ਼ ਉੱਤੇ ਪੈਰ ਰੱਖ ਰਹੇ ਹਨ। ਇਹ ਕੋਈ ਰਾਜਸੀ ਪ੍ਰੋਗਰਾਮ ਨਹੀਂ ਬਲਕਿ ਭਾਰਤ ਨੂੰ ਨਸ਼ਾ ਮੁਕਤ ਕਰਨ ਲਈ ਵਿੱਢੀ ਗਈ ਮੁਹਿੰਮ ਦਾ ਹਿੱਸਾ ਹੈ, ਇਸ ਲਈ ਸਾਰੀਆਂ ਪਾਰਟੀਆਂ, ਗੈਰ ਸਰਕਾਰੀ ਸੰਸਥਾਵਾਂ, ਸਕੂਲਾਂ ਕਾਲਜਾਂ ਨੂੰ ਇਸ ਵਿੱਚ ਖੁੱਲ ਕੇ ਭਾਗ ਲੈਣ ਦੀ ਅਪੀਲ ਕੀਤੀ।ਇਸ ਮੌਕੇ ਉਨ੍ਹਾਂ ਨਾਲ ਨਸ਼ਾ ਮੁਕਤ ਭਾਰਤ ਅਭਿਆਨ ਟੀਮ ਦੇ ਮੈਂਬਰ ਮਨੋਹਰ ਸਿੰਘ ਰੰਧਾਵਾ, ਵਲੰਟੀਅਰ ਰਾਣਾ ਰਣਬੀਰ ਸਿੰਘ, ਰਵਨੀਤਜੋਤ ਸਿੰਘ ਸੁਨਾਮ, ਤਰਸੇਮ ਬਰਾੜ, ਸਿਮਰਦੀਪ ਸਿੰਘ, ਪਲਵਿੰਦਰ ਸਿੰਘ ਸੰਧੂ, ਹੇਮਪ੍ਰਕਾਸ਼ (ਲੱਕੀ ਵੈਦ) ਅਤੇ ਪਰਮਜੀਤ ਸਿੰਘ ਘੁੰਮਣ ਆਦਿ ਮੌਜੂਦ ਸਨ।

## ਸਮੂਹ ਰੋਟਰੀ ਕਲੱਬਾਂ ਨੇ ਮਿਲ ਕੇ ਮਨਾਇਆ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ



**ਅੰਮ੍ਰਿਤਸਰ (ਅਰੋੜਾ)**

ਸ਼੍ਰੀ ਗੁਰੂ ਨਾਨਕ ਦੇਵ ਜੀ ਦਾ 556ਵਾਂ ਪ੍ਰਕਾਸ਼ ਉਤਸਵ ਗੁਰੂ ਦੀ ਨਗਰੀ ਦੇ ਸਮੂਹ ਰੋਟਰੀ ਕਲੱਬਾਂ ਵੱਲੋਂ ਮਿਲ ਕੇ ਬੜੀ ਸ਼ਰਧਾ ਭਾਵਨਾ ਦੇ ਨਾਲ ਭਾਈ ਵੀਰ ਸਿੰਘ ਹਾਲ ਲਾਰੰਸ ਰੋਡ ਦੇ ਧਾਰਮਿਕ ਆਡੀਟੋਰੀਅਮ ਵਿਖੇ ਰੋਟਰੀ ਕਲੱਬ ਆਸਥਾ ਦੀ ਦੇਖ-ਰੇਖ ਹੇਠ ਮਨਾਇਆ ਗਿਆ।ਸਮਾਗਮ ਵਿੱਚ ਪ੍ਰਸਿੱਧ ਰਾਗੀ ਜਥਿਆਂ ਨੇ ਆਪਣੀ ਸੁਰੀਲੀ ਆਵਾਜ਼ ਨਾਲ ਸ਼ਬਦ ਅਤੇ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਸਮਾਗਮ ਵਿੱਚ ਰੋਟਰੀ ਕਲੱਬ ਮੇਨ, ਰੋਟਰੀ ਕੈਂਟ ਸਿਵਲ ਲਾਈਨ, ਸੈਂਟਰਲ, ਰੋਟਰੀ ਕਲੱਬ ਨਾਰਥ, ਰੋਟਰੀ ਕਲੱਬ ਇਕੋ ਈਸਟ, ਇਲਾਈਟ, ਹੈਰੀਟੇਜ, ਮਿਡ ਟਾਊਨ, ਨਾਰਥ ਈਸਟ, ਨਿਊ ਅੰਮ੍ਰਿਤਸਰ, ਰੋਟਰੀ ਪ੍ਰੀਮੀਅਰ, ਸਾਊਥ ਵੈਸਟ, ਸਾਊਥ ਈਸਟ ਆਦਿ ਸਮੂਹ ਕਲੱਬਾਂ ਦੇ ਮੈਂਬਰਾਂ ਨੇ ਭਾਗ ਲਿਆ।ਇਸ ਵਿਸ਼ਾਲ ਧਾਰਮਿਕ ਸਮਾਗਮ ਵਿੱਚ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਅਨਿਲ ਜੋਸ਼ੀ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਕਰਮਜੀਤ ਸਿੰਘ ਰਿੰਟੂ, ਨਗਰ ਨਿਗਮ ਅੰਮ੍ਰਿਤਸਰ ਦੀ ਸੀਨੀਅਰ ਡਿਪਟੀ ਮੇਅਰ ਪ੍ਰਿਅੰਕਾ ਸ਼ਰਮਾ, ਰੋਟਰੀ ਦੇ ਜ਼ੋਨਲ ਚੇਅਰਮੈਨ ਵਿਜੇ ਭਸੀਨ, ਖਾਸ ਰੂਪ ਵਿੱਚ ਸ਼ਾਮਿਲ ਹੋਏ।ਸਮਾਗਮ ਦੇ ਆਯੋਜਕਾਂ ਇੰਜੀਨੀਅਰ ਅਸ਼ੋਕ ਸ਼ਰਮਾ, ਜਤਿੰਦਰ ਸਿੰਘ ਪੱਪੂ, ਐੱਚ. ਐੱਸ. ਜੋਗੀ, ਪਰਮਜੀਤ ਸਿੰਘ, ਅੰਦੇਸ਼ ਭੱਲਾ, ਡਾ. ਗਗਨਦੀਪ ਸਿੰਘ, ਹਰਦੇਸ ਦਵੇਸਰ, ਸਰਬਜੀਤ ਸਿੰਘ ਆਦਿ ਸੀਨੀਅਰ ਅਹੁਦੇਦਾਰਾਂ ਨੇ ਸਾਰੀਆਂ ਕਲੱਬਾਂ ਦੇ ਪ੍ਰਧਾਨ ਅਤੇ ਖਾਸ ਮਹਿਮਾਨਾਂ ਨੂੰ ਦੋਸ਼ਾਲੇ ਦੇ ਕੇ ਸਨਮਾਨਿਤ ਕੀਤਾ। ਸਮਾਗਮ ਵਿੱਚ ਰੋਟਰੀ ਦੇ ਸਾਬਕਾ ਗਵਰਨਰ ਉਪਕਾਰ ਸਿੰਘ ਸੇਠੀ, ਰੋਟਰੀ ਮੇਨ ਦੇ ਪ੍ਰਧਾਨ ਮਹਿੰਦਰਪਾਲ ਸ਼ਰਮਾ, ਰੋਟਰੀ ਨਾਰਥ ਦੇ ਵਰੁਣ ਕੱਕੜ, ਕੈਂਟ ਦੀ ਮਹਿਲਾ ਪ੍ਰਧਾਨ ਪ੍ਰਭਦੀਪ ਕੌਰ ਸੋਖੀ, ਰੋਟਰੀ ਕੈਂਟ ਦੇ ਸਾਬਕਾ ਪ੍ਰਧਾਨ ਡਾ. ਅਮਰਜੀਤ ਸਿੰਘ, ਰਸਜੀਤ ਸਿੰਘ ਖੇੜਾ, ਅਸ਼ੋਕ ਗਰੋਵਰ, ਡਾ. ਕੁਲਦੀਪ ਸਿੰਘ ਅਰੋੜਾ, ਡਾ. ਜੀ. ਐੱਸ. ਮਦਾਨ, ਇੰਜੀ. ਪਰਮੀਤ ਸਿੰਘ, ਪਵਨ ਕਪੂਰ, ਰਾਜੇਸ਼ ਭਦਵਾਰ, ਆਰ. ਕੇ. ਐੱਸ. ਚੱਠਾ ਸਹਿਤ ਸਮੂਹ ਰੋਟਰੀ ਕਲੱਬਾਂ ਦੇ ਅਹੁਦੇਦਾਰ ਅਤੇ ਮੈਂਬਰ ਪਰਿਵਾਰਾਂ ਦੇ ਨਾਲ ਮੌਜੂਦ ਸਨ।

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਮੌਕੇ ਸੰਸਾਰ ਅਗਿਆਨਤਾ ਦੇ ਹਨੇਰੇ 'ਚ ਡੁੱਬਾ ਸੀ : ਸਵਾਮੀ ਮੰਗਲ ਸਿੰਘ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਦਿਵਯ ਜਯੋਤੀ ਜਾਗਰਤੀ ਸੰਸਥਾਨ ਸ਼ਹਿਜ਼ਾਦਾ ਆਸ਼ਰਮ ਵੱਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ, ਜਿਸ ਦੌਰਾਨ ਸਵਾਮੀ ਮੰਗਲ ਸਿੰਘ ਨੇ ਕਿਹਾ ਕਿ ਜਦੋਂ ਗੁਰੂ ਜੀ ਨੇ ਅਵਤਾਰ ਧਾਰਨ ਕੀਤਾ ਉਸ ਸਮੇਂ ਇਸ ਸੰਸਾਰ ਵਿੱਚ ਅਗਿਆਨਤਾ ਦਾ ਅੰਧੇਰਾ ਫੈਲਿਆ ਸੀ, ਗੁਰੂ ਨਾਨਕ ਦੇਵ ਜੀ ਨੇ ਬਾਣੀ ਰਾਹੀਂ ਸਾਧ ਸੰਗਤ ਨੂੰ ਪ੍ਰੇਰਨਾਵਾਂ ਦਿੱਤੀਆਂ। ਗੁਰੂ ਜੀ ਨੇ ਕਿਹਾ ਕਿ ਗੁਰੂ ਤੋਂ ਬਿਨਾਂ ਗਿਆਨ ਨਹੀਂ ਹੁੰਦਾ ਚਾਹੇ ਬ੍ਰਹਮਾ ਨੂੰ ਪੁੱਛੋ ਜਾਂ ਵੇਦ ਬਿਆਸ ਨਾਰਦ ਨੂੰ ਪੁੱਛੋ। ਉਨ੍ਹਾਂ ਨੇ ਗਿਆਨ ਪ੍ਰਕਾਸ਼ ਦੇ ਨਾਲ ਅਗਿਆਨਤਾ ਦੇ ਅੰਧੇਰੇ ਦਾ ਨਾਸ਼ ਕੀਤਾ ਅਤੇ ਸਮੁੱਚੀ ਮਨੁੱਖਤਾ ਨੂੰ ਪਰਮਾਤਮਾ ਦੀ ਭਗਤੀ ਨਾਲ ਜੋੜਿਆ। ਭੁੱਲੇ ਭਟਕੇ ਲੋਕਾਂ ਨੂੰ ਸੱਚ ਦਾ ਰਾਹ ਦਿਖਾਇਆ। ਗੁਰੂ ਜੀ ਨੇ ਕਿਹਾ ਕਿ ਜਦੋਂ ਪੂਰਨ ਗੁਰੂ ਜੀਵਨ ਵਿੱਚ ਆਉਂਦਾ ਤਾਂ ਜੀਵਨ ਦਾ ਕਲਿਆਣ ਹੋ ਜਾਂਦਾ ਹੈ। ਪੂਰਨ ਗੁਰੂ ਬ੍ਰਹਮ ਗਿਆਨ ਦੁਆਰਾ ਪਰਮਾਤਮਾ ਦਾ ਦਰਸ਼ਨ ਕਰਵਾ ਕੇ ਉਸ ਨੂੰ ਬ੍ਰਹਮ ਨਾਲ ਜੋੜ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਦੀ ਸ਼ਰਨ ਵਿੱਚ ਆ ਕੇ ਅਨੇਕਾਂ ਹੀ ਲੋਕ ਭਵਸਾਗਰ ਤੋਂ ਪਾਰ ਹੋ ਗਏ। ਇਸ ਦੌਰਾਨ ਗੁਰੂ ਸਾਹਿਬਾਨ ਦੀ ਬਾਣੀ ਦਾ ਕੀਰਤਨ ਜਸ ਵੀ ਗਾਇਆ ਗਿਆ। ਭਾਈ ਸੁਰਿੰਦਰ ਸਿੰਘ, ਭਾਈ ਰਾਜੇਸ਼, ਭਾਈ ਹਰਿੰਦਰ ਸਿੰਘ ਨੇ ਸ਼ਬਦ ਗਾਇਨ ਕੀਤੇ ਗਏ, ਮੰਚ ਦੁਆਰਾ ਸਾਰੀ ਸੰਗਤ ਨੂੰ ਦਿਵਯ ਜਯੋਤੀ ਜਾਗਰਤੀ ਸੰਸਥਾਨ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਬਹੁਤ ਬਹੁਤ ਵਧਾਈਆਂ ਦਿੱਤੀਆਂ ਗਈਆਂ। ਇਸ ਦੌਰਾਨ ਗੁਰੂ ਜੀ ਦਾ ਲੰਗਰ ਅਟੁੱਟ ਵਰਤਾਇਆ ਗਿਆ।

## ਦਸਮੇਸ਼ ਵਿੱਦਿਅਕ ਸੰਸਥਾਵਾਂ 'ਚ ਬੱਚਿਆਂ ਦੀ ਆਈ ਪੀ ਐੱਸ ਅਧਿਕਾਰੀਆਂ ਨਾਲ ਪ੍ਰੇਰਨਾਦਾਇਕ ਵਿਚਾਰ-ਚਰਚਾ




**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਅਤੇ ਦਸਮੇਸ਼ ਪਬਲਿਕ ਹੈਰੀਟੇਜ ਸਕੂਲ ਮਹਿਤਾ ਚੌਕ ਵਿਖੇ ਬੱਚਿਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਆਈਪੀਐੱਸ ਅਧਿਕਾਰੀਆਂ ਨਾਲ ਪ੍ਰੇਰਨਾਦਾਇਕ ਵਿਚਾਰ-ਚਰਚਾ ਸਿਰਲੇਖ ਹੇਠ ਇਕ ਸੈਮੀਨਾਰ ਉਲੀਕਿਆ ਗਿਆ ਜਿਸ ਵਿੱਚ ਆਦਿਤਿਯ ਵਾਰੀਅਰ ਆਈਪੀਐੱਸ, ਐੱਸ ਪੀ ਇਨਵੈਸਟੀਗੇਸ਼ਨ ਅੰਮ੍ਰਿਤਸਰ ਦਿਹਾਤੀ ਅਤੇ ਜਸਰੂਪ ਕੌਰ ਬਾਠ ਆਈਪੀਐੱਸ ਅਡੀਸ਼ਨਲ ਡਿਪਟੀ ਕਮਿਸ਼ਨਰ ਪੁਲਸ ਅੰਮ੍ਰਿਤਸਰ ਪਹੁੰਚੇ।ਸਕੂਲ ਦੇ ਮੈਨੇਜਿੰਗ ਡਾਇਰੈਕਟਰ ਹਰਸ਼ਦੀਪ ਸਿੰਘ ਰੰਧਾਵਾ ਨੇ ਉਨ੍ਹਾਂ ਨੂੰ ਸਕੂਲ ਵਿੱਚ ਪਹੁੰਚਣ 'ਤੇ ਜੀ ਆਇਆਂ ਕਿਹਾ ।ਸਕੂਲ ਦੇ ਵਿਦਿਆਰਥੀਆਂ ਅਤੇ ਆਈਪੀਐੱਸ ਅਫਸਰਾਂ ਵਿਚਕਾਰ ਪ੍ਰੇਰਨਾਦਾਇਕ ਗੱਲਬਾਤ ਹੋਈ। ਗੱਲਬਾਤ ਦੌਰਾਨ ਵਿਦਿਆਰਥੀਆਂ ਨੇ ਆਪਣੀ ਜਗਿਆਸਾ ਨੂੰ ਸੰਤੁਸ਼ਟ ਕਰਨ ਲਈ ਪ੍ਰਸ਼ਨ ਵੀ ਪੁੱਛੇ ਅਤੇ ਅਧਿਕਾਰੀਆਂ ਨੇ ਬੱਚਿਆਂ ਨੂੰ ਅੱਗੇ ਵਧਣ ਦੀ ਪ੍ਰੇਰਨਾ ਦਿੰਦੇ ਹੋਏ ਪ੍ਰਸ਼ਨਾਂ ਦੇ ਉੱਤਰ ਦਿੱਤੇ।ਅਦਿਤਿਆ ਵਾਰੀਅਰ ਨੇ ਬੱਚਿਆਂ ਨੂੰ ਰੋਜ਼ਾਨਾ ਅਖਬਾਰ ਪੜ੍ਹਨ, ਖ਼ੂਬ ਮਿਹਨਤ ਕਰਨ ਅਤੇ ਜ਼ਿੰਦਗੀ ਵਿੱਚ ਉਚੀਆਂ ਬੁਲੰਦੀਆਂ ਨੂੰ ਛੂਹਣ ਦਾ ਸੰਦੇਸ਼ ਦਿੱਤਾ ।ਉਨ੍ਹਾਂ ਕਿਹਾ ਕਿ ਅਸਫਲਤਾਵਾਂ ਤੋਂ ਨਿਰਾਸ਼ ਹੋਣ ਦੀ ਬਜਾਏ ਜਿੱਤਣ ਦੀ ਧੁਨ ਅਖਤਿਆਰ ਕਰਨ ਦਾ ਸੰਦੇਸ਼ ਦਿੱਤਾ।ਇਸ ਮੌਕੇ ਸਕੂਲ ਦੇ ਚੇਅਰਮੈਨ. ਗੁਰਦੀਪ ਸਿੰਘ ਰੰਧਾਵਾ, ਮੈਨੇਜਿੰਗ ਡਾਇਰੈਕਟਰ ਹਰਸ਼ਦੀਪ ਸਿੰਘ ਰੰਧਾਵਾ, ਪ੍ਰਿੰਸੀਪਲ ਗੁਰਬੀਰ ਕੌਰ, ਮੈ. ਹਰਪ੍ਰੀਤ ਕੌਰ, ਰਵਿੰਦਰ ਕੌਰ ਅਤੇ ਵਿਦਿਆਰਥੀ ਹਾਜ਼ਰ ਸਨ।

## ਤਿੰਨ ਵੱਖ-ਵੱਖ ਨਸ਼ਾ ਤਸਕਰਾਂ ਖ਼ਿਲਾਫ਼ ਐੱਨ ਡੀ ਪੀ ਐੱਸ ਐਕਟ ਤਹਿਤ ਮਾਮਲੇ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਜ਼ਿਲ੍ਹਾ ਗੁਰਦਾਸਪੁਰ ਪੁਲਸ ਨੇ ਵੱਖ-ਵੱਖ ਥਾਣਿਆਂ ਅੰਦਰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਤਿੰਨ ਵੱਖ-ਵੱਖ ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਹੈ। ਥਾਣਾ ਕਲਾਨੌਰ ਦੇ ਏਐੱਸਆਈ ਵੈਸ਼ਨੋ ਦਾਸ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਗੁਰਦੁਆਰਾ ਸਾਹਿਬ ਸਰਾਵਾ ਰੋਡ ਮੌਜੂਦ ਸਨ ਕਿ ਬਾਵਾ ਲਾਲ ਦਿਆਲ ਮੰਦਰ ਕਲਾਨੌਰ ਵਾਲੀ ਸਾਈਡ ਤੋਂ ਇਕ ਮੋਨਾ ਨੌਜਵਾਨ ਪੈਦਲ ਆਉਂਦਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਵੇਖ ਕੇ ਪਿੱਛੇ ਨੂੰ ਮੁੜਨ ਲੱਗਾ, ਜਿਸ ਨੂੰ ਕਾਬੂ ਕਰਕੇ ਨਾਮ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਸੁਖਜੀਤ ਸਿੰਘ ਉਰਫ ਬਿੱਲਾ ਪੁੱਤਰ ਨਿਸ਼ਾਨ ਸਿੰਘ ਵਾਸੀ ਬਰੀਲਾ ਖੁਰਦ ਥਾਣਾ ਕਲਾਨੌਰ ਦੱਸਿਆ ਜਿਸ ਕੋਲੋਂ 6 ਗ੍ਰਾਮ 05 ਮਿਲੀਗ੍ਰਾਮ ਹੈਰੋਇਨ ਬਰਾਮਦ ਹੋਈ। ਇਸੇ ਤਰ੍ਹਾਂ ਥਾਣਾ ਕਾਹਨੂੰਵਾਨ ਦੇ ਏਐੱਸਆਈ.ਨਿਰਮਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਜੋਹਨ ਮਸੀਹ ਪੁੱਤਰ ਡੇਵਿਡ ਮਸੀਹ ਵਾਸੀ ਕੋਟ ਯੋਗਰਾਜ ਨੂੰ 7 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ। ਥਾਣਾ ਸਿਟੀ ਗੁਰਦਾਸਪੁਰ ਦੇ ਏਐੱਸਆਈ ਅਜੇ ਰਾਜਨ ਨੇ ਸਮੇਤ ਪੁਲਸ ਕਰਮਚਾਰੀਆਂ ਦੇ ਠਰਮਾਨ ਢਿੱਲੋਂ ਪੁੱਤਰ ਗੁਰਤੇਜ ਸਿੰਘ ਨੂੰ 7 ਗ੍ਰਾਮ 550 ਮਿਲੀਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ। ਪੁਲਸ ਨੇ ਤਿੰਨਾਂ ਨਸ਼ਾ ਤਸਕਰਾਂ ਖ਼ਿਲਾਫ਼ ਐੱਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹਾਦਤ ਨੂੰ ਸਮਰਪਿਤ ਲਗਾਇਆ ਦੰਦਾਂ ਤੇ ਫਿਜ਼ੀਓਥਰੈਪੀ ਦਾ ਮੁਫਤ ਕੈਂਪ

**ਪੱਟੀ (ਬਲਦੇਵ ਸਿੰਘ ਸੰਧੂ)**

ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਤੂਫ਼ਾਨਾਂ ਦੇ ਸ਼ਾਹ ਅਸਵਾਰ ਵਜੋਂ ਜਾਣਿਆ ਜਾਂਦਾ ਹੈ।ਉਨ੍ਹਾਂ ਦਾ ਬੇਮਿਸਾਲ ਜਜ਼ਬਾ ਹੀ ਸੀ ਜਿਸ ਨੇ ਉਨ੍ਹਾਂ ਨੂੰ ਛੋਟੀ ਉਮਰ ਵਿੱਚ ਹੀ ਗ਼ਦਰ ਲਹਿਰ ਦੀ ਅਗਵਾਈ ਵਾਲੀ ਕਤਾਰ ਵਿੱਚ ਖੜ੍ਹਾ ਕਰ ਦਿੱਤਾ।ਅੱਜ ਅਸੀਂ ਆਪਣੇ ਇਸ ਲਾਸਾਨੀ ਸ਼ਹੀਦ ਦੀ ਸ਼ਹਾਦਤ ਦੀ ਬਦੌਲਤ ਹੀ ਆਜ਼ਾਦ ਹਵਾ ਵਿੱਚ ਸਾਹ ਲੈ ਰਹੇ ਹਾਂ।ਇਹ ਸ਼ਬਦ ਸ਼ਹੀਦ ਕਰਤਾਰ ਸਿੰਘ ਸਰਾਭਾ ਹੈਲਪਿੰਗ ਹੈਂਡ ਸੁਸਾਇਟੀ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਪਨਗੋਟਾ ਨੇ ਪੱਟੀ ਸ਼ਹਿਰ ਦੇ ਮੋਦੀਖਾਨੇ ਵਿਖੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਹੇ।ਉਨ੍ਹਾਂ ਨੇ ਦੱਸਿਆ ਕਿ ਸ਼ਹੀਦੀ ਦਿਹਾੜੇ ਦੇ ਸਬੰਧ ਵਿੱਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਅਤੇ ਹੈਲਪਿੰਗ ਹੈਂਡ ਸੁਸਾਇਟੀ ਵੱਲੋਂ ਦੰਦਾਂ ਅਤੇ ਫਿਜ਼ੀਓਥਰੈਪੀ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ, ਜਿਸ ਦੌਰਾਨ ਮਰੀਜ਼ਾਂ ਦੀ ਮੁਫ਼ਤ ਜਾਂਚ ਕੀਤੀ ਗਈ। ਇਸ ਤੋਂ ਇਲਾਵਾ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਚਲਾਏ ਜਾ ਰਹੇ ਮੁਫ਼ਤ ਸਿਲਾਈ ਅਤੇ ਮੁਫ਼ਤ ਕੰਪਿਊਟਰ ਸੈਂਟਰ ਦੇ ਸਿਖਿਆਰਥੀਆਂ ਨੂੰ ਛੇ ਮਹੀਨੇ ਦਾ ਸੈਸ਼ਨ ਪੂਰਾ ਕਰਨ 'ਤੇ ਭਾਰਤ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਸਰਟੀਫਿਕੇਟ ਤਕਸੀਮ ਕੀਤੇ ਗਏ।ਇਸ ਮੌਕੇ ਵਿਦਿਆਰਥੀਆਂ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਜੀਵਨੀ ਉਪਰ ਭਾਸ਼ਣ ਦਿੱਤੇ ਗਏ।ਇਸ ਤੋਂ ਬਾਅਦ ਪਿੰਡ ਪਨਗੋਟਾ ਦੇ



ਸ਼ਹੀਦ ਕਰਤਾਰ ਸਿੰਘ ਸਰਾਭਾ ਯਾਦਗਾਰੀ ਪਾਰਕ ਵਿੱਚ ਸ਼ਹੀਦ ਦੇ ਬੁੱਤ 'ਤੇ ਹਾਰ ਪਾ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਮੌਕੇ ਡਾ. ਇੰਦਰਪ੍ਰੀਤ ਸਿੰਘ ਧਾਮੀ, ਡਾ. ਸਰਬਪ੍ਰੀਤ ਸਿੰਘ, ਵਿਸ਼ਾਲ ਸੂਦ, ਨਿਰਮਲ ਸਿੰਘ ਪਨਗੋਟਾ, ਸਤਨਾਮ ਸਿੰਘ, ਰੋਹਿਤ ਕੁਮਾਰ, ਅਮਨੀਸ਼ ਬੱਤਰਾ, ਡਾ. ਨਿਹਾਰਿਕਾ, ਡਾ. ਚਾਂਦਨੀ, ਸਿਲਾਈ ਅਧਿਆਪਕਾ ਰਣਜੀਤ ਕੌਰ, ਕੰਪਿਊਟਰ ਅਧਿਆਪਕ ਕੁਲਵਿੰਦਰ ਸਿੰਘ, ਬਿਊਟੀ ਪਾਰਲਰ ਅਧਿਆਪਕਾ ਅਮਨ ਅਤੇ ਕਈ ਵਿਦਿਆਰਥੀ ਹਾਜ਼ਰ ਸਨ।

## ਤਲਵੰਡੀ ਖੁੰਮਣ ਤੋਂ ਚਾਚੋ ਵਾਲੀ ਲਿੰਕ ਸੜਕ ਦੇ ਨਿਰਮਾਣ ਕਾਰਜ ਦਾ ਉਦਘਾਟਨ



**ਮਜੀਠਾ (ਸੋਇਮ ਆਨੰਦ)**

ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਵੱਲੋਂ ਪਿੰਡ ਤਲਵੰਡੀ ਖੁੰਮਣ ਤੋਂ ਲੈ ਕੇ ਪਿੰਡ ਚਾਚੋ ਵਾਲੀ ਤੱਕ ਲਿੰਕ ਸੜਕ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸੜਕ ਇੱਕ ਕਰੋੜ 19 ਲੱਖ 70 ਹਜ਼ਾਰ ਦੀ ਲਾਗਤ ਨਾਲ ਤਿਆਰ ਹੋਵੇਗੀ ਤੇ ਇਸ ਸੜਕ ਦੀ ਗਰੰਟੀ ਫੁੱਲ ਹੋਏਗੀ ਜੋ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੜਕ ਦੇ ਠੇਕੇਦਾਰਾਂ ਨੂੰ ਸਾਫ ਕਹਿ ਦਿੱਤਾ ਹੈ ਕਿ ਜੇਕਰ ਸੜਕ ਪਹਿਲਾਂ ਟੁੱਟਦੀ ਹੈ ਤਾਂ ਉਕਤ ਸੜਕ ਉਨ੍ਹਾਂ ਨੂੰ ਹੀ ਬਣਾਉਣੀ ਪਵੇਗੀ। ਇਸ ਮੌਕੇ ਗਿਆਨੀ ਕਿਰਪਾਲ ਸਿੰਘ, ਗੁਰਮੀਤ ਸਿੰਘ ਜੱਜ, ਕਿਰਨਵੀਰ ਸਿੰਘ ਕਾਹਲੋਂ, ਗੁਰਵਿੰਦਰ ਪਾਲ ਸਿੰਘ ਮਿੰਟਾ, ਪਲਵਿੰਦਰ ਸਿੰਘ ਸਰਪੰਚ, ਬਲਵੀਰ ਸਿੰਘ ਬੋਪਾ ਰਾਏ, ਪ੍ਰਧਾਨ ਬਾਬਾ ਸੁਖਚੈਨ ਸਿੰਘ ਤਲਵੰਡੀ, ਸਰਪੰਚ ਸਰਜੀਤ ਸਿੰਘ ਭੋਏਵਾਲ, ਸਰਪੰਚ ਪਰਮਿੰਦਰ ਸਿੰਘ ਰਮਾਣਾ ਚੱਕ, ਸਾਹਿਬ ਸਿੰਘ, ਤਰਸੇਮ ਸਿੰਘ ਗਿੱਲ, ਬਾਊ ਚਾਚੋਵਾਲੀ, ਸੁੱਖਾ ਸਿੰਘ, ਸ਼ੇਰ ਸਿੰਘ ਚਾਚੋਵਾਲੀ, ਬਚਨ ਦਾਸ, ਕਾਲੇ ਸ਼ਾਹ, ਗੁਲਸ਼ਨ ਕੁਮਾਰ, ਬਾਵਾ ਜੈਂਤੀਪੁਰ, ਮਨਿੰਦਰ ਸਿੰਘ ਮਰੜੀ, ਧਰਮ ਸਿੰਘ, ਜਗਪ੍ਰੀਤ ਸਿੰਘ, ਮਨਜੀਤ ਸਿੰਘ ਮੰਨਾ, ਦਲਜੀਤ ਸਿੰਘ ਲਾਡੀ, ਮੈਂਬਰ ਪੰਚਾਇਤ ਪਰਵਿੰਦਰ ਸਿੰਘ ਮੁੱਗੋ ਸੋਹੀ, ਗੁਰਦਿਆਲ ਸਿੰਘ, ਹਰਜਿੰਦਰ ਸਿੰਘ ਰੰਧਾਵਾ, ਬਲਜਿੰਦਰ ਸਿੰਘ ਸਿਆਸੀ ਸਲਾਹਕਾਰ ਗਿੱਲ, ਸਰਪੰਚ ਸੀਤਲ ਸਿੰਘ ਚਾਚੋਵਾਲੀ, ਦਵਿੰਦਰ ਸਿੰਘ ਪੱਪਾ, ਬਾਬਾ ਸੁਖਦੇਵ ਸਿੰਘ ਮਰੜੀ, ਜਗਮੋਹਣ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਸੁੱਖ ਜੈਂਤੀਪੁਰ, ਸੁਰਿੰਦਰ ਪਾਲ ਸਿੰਘ ਹੈਪੀ, ਸੁੱਚਾ ਸਿੰਘ ਸਾਬਕਾ ਸਰਪੰਚ ਮੁਗੋ ਸੋਹੀ ਆਦਿ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ ।



## ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂਆਂ ਮੋਦੀ ਸਰਕਾਰ ਦਾ ਪੁਤਲਾ ਫੂਕਿਆ

**ਗੁਰਦਾਸਪੁਰ, (ਜਨਕ ਮਹਾਜਨ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਜ਼ੋਨ ਤੇਜਾ ਸਿੰਘ ਸੁਤੰਤਰ ਵੱਲੋਂ ਪਿੰਡ ਅੱਲੜ ਪਿੰਡੀ, ਡੁਗਰੀ, ਆਲੀਨੰਗਲ ਅਤੇ ਪਿੰਡ ਬਲੱਗਣ, ਆਦੀਆਂ ਵਿੱਚ ਮੋਦੀ ਸਰਕਾਰ ਅਤੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ। ਕਿਸਾਨ ਆਗੂਆਂ ਐਲਾਨ ਕੀਤਾ ਕਿ ਕਮੇਟੀ 10 ਦਸੰਬਰ ਨੂੰ ਪੂਰੇ ਪੰਜਾਬ 'ਚੋਂ ਚਿੱਪ ਵਾਲੇ ਮੀਟਰ ਲਵਾ ਕੇ ਟਰਾਲੀਆਂ ਭਰ ਕੇ ਬਿਜਲੀ ਦਫਤਰਾਂ ਵਿਚ ਜਮਾਂ ਕਰਵਾਵੇਗੀ। ਸਾਰਿਆਂ ਆਗੂਆਂ ਨੂੰ ਤਕੀਦ ਹੈ ਕਿ ਪਿੰਡਾਂ ਵਿਚ ਆਪਣੀਆਂ ਇਕਾਈਆਂ ਦਾ ਗਠਨ ਕੀਤਾ ਜਾਵੇ ਅਤੇ ਘਰ-ਘਰ ਜਾ ਕੇ ਲੋਕਾਂ ਨੂੰ ਮੀਟਰ ਲਾਹੁਣ ਬਾਰੇ ਦੱਸਿਆ ਜਾਵੇ ਤੇ ਮੀਟਰ ਲਾਹੁਣ ਲਈ ਪ੍ਰੇਰਤ ਕੀਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ੋਨ ਤੇਜਾ ਸਿੰਘ ਸੁਤੰਤਰ ਦੇ ਪ੍ਰਧਾਨ ਸੁਖਵਿੰਦਰ ਸਿੰਘ ਅੱਲੜ ਪਿੰਡੀ, ਖਜਾਨਚੀ ਸਤਨਾਮ ਸਿੰਘ, ਪ੍ਰੈੱਸ ਸਕੱਤਰ ਸੁਖਦੇਵ ਸਿੰਘ ਅੱਲੜ ਪਿੰਡੀ, ਤਰਸੇਮ ਸਿੰਘ, ਰਣਬੀਰ ਸਿੰਘ ਡੁਗਰੀ, ਸੁੱਚਾ ਸਿੰਘ ਬਲੱਗਣ, ਕਰਨੈਲ ਸਿੰਘ ਆਦੀਆਂ, ਨਰਿੰਦਰ ਸਿੰਘ ਆਲੀਨੰਗਲ, ਅਵਤਾਰ ਸਿੰਘ ਅੱਲੜ ਪਿੰਡੀ, ਨਿਸ਼ਾਨ ਸਿੰਘ ਬਾਉਪੁਰ ਅਤੇ ਜਪਕੀਰਤ ਹੁੰਦਲ ਆਦਿ ਹਾਜ਼ਰ ਸਨ।

## ਗੰਨੇ ਦੀ ਫ਼ਸਲ ਤੋਂ ਪ੍ਰਤੀ ਹੈਕਟੇਅਰ ਵਧੇਰੇ ਆਮਦਨ ਲੈਣ ਲਈ ਅੰਤਰ ਫ਼ਸਲੀ ਪ੍ਰਣਾਲੀ ਅਪਣਾਉਣ ਦੀ ਜ਼ਰੂਰਤ : ਕੇਨ ਕਮਿਸ਼ਨਰ

**ਬਟਾਲਾ, (ਡਾ. ਮਲਵਿੰਦਰ ਸਿੰਘ)**

ਕ੍ਰਿਸ਼ੀ ਉਨਤੀ ਯੋਜਨਾ ਤਹਿਤ ਕੇਂਦਰੀ ਪ੍ਰਯੋਜਿਤ ਰਾਸ਼ਟਰੀ ਖੁਰਾਕ ਸੁਰੱਖਿਆ ਅਤੇ ਪੋਸ਼ਣ ਮਿਸ਼ਨ ਤਹਿਤ ਪੰਜਾਬ ਸਰਕਾਰ ਵਲੋਂ ਗੰਨੇ ਦੀ ਪ੍ਰਤੀ ਹੈਕਟੇਅਰ ਆਮਦਨ ਵਧਾਉਣ ਦੇ ਮਕਸਦ ਲਈ ਗੰਨੇ ਦੀ ਫ਼ਸਲ ਵਿਚ ਅੰਤਰ ਫ਼ਸਲਾਂ ਨੂੰ ਉਤਸ਼ਾਹਿਤ ਕਰਨ ਲਈ ਪ੍ਰਦਰਸ਼ਨੀ ਪਲਾਟ ਲਗਾਏ ਗਏ ਹਨ ਤਾਂ ਜੋ ਗੰਨਾ ਕਾਸ਼ਤਕਾਰਾਂ ਦੀ ਆਰਥਿਕਤਾ ਮਜ਼ਬੂਤ ਕੀਤੀ ਜਾ ਸਕੇ।ਇਸ ਸਕੀਮ ਤਹਿਤ ਖ਼ੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀ ਗੰਨਾ ਸ਼ਾਖਾ ਵਲੋਂ ਦੀ ਬਟਾਲਾ ਸਹਿਕਾਰੀ ਖੰਡ ਮਿੱਲ ਜ਼ਿਲਾ ਗੁਰਦਾਸਪੁਰ ਦੇ ਅਧਿਕਾਰਤ ਖੇਤਰ ਵਿਚ ਲਗਾਏ ਪ੍ਰਦਰਸ਼ਨੀ ਪਲਾਟਾਂ ਦਾ ਜਾਇਜ਼ਾ ਲੈਣ ਲਈ ਕੇਨ ਕਮਿਸ਼ਨਰ ਪੰਜਾਬ ਡਾ. ਅਮਰੀਕ ਸਿੰਘ ਨੇ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ।ਇਸ ਤੋਂ ਪਹਿਲਾਂ ਕੇਨ ਕਮਿਸ਼ਨਰ ਵੱਲੋਂ ਜਨਰਲ ਮੈਨੇਜਰ ਕਿਰਨਦੀਪ ਕੌਰ ਨਾਲ ਵੀ ਮੀਟਿੰਗ ਕੀਤੀ।ਇਸ ਮੌਕੇ ਬਟਾਲਾ ਖੰਡ ਮਿੱਲ ਦੇ ਮੁੱਖ ਗੰਨਾ ਵਿਕਾਸ ਅਫ਼ਸਰ ਪਵਿੱਤਰ ਸਿੰਘ, ਖ਼ੇਤੀਬਾੜੀ ਵਿਕਾਸ ਅਫ਼ਸਰ (ਗੰਨਾ) ਗਗਨਦੀਪ ਕੌਰ ਅਤੇ ਹੋਰ ਗੰਨਾ ਮਿੱਲ ਦਾ ਸਟਾਫ ਹਾਜ਼ਰ ਸੀ।ਪਿੰਡ ਸੁਚਾਣੀਆਂ ਦੇ ਅਗਾਂਹਵਧੂ ਗੰਨਾ ਕਾਸ਼ਤਕਾਰ ਸੁਖਦੇਵ ਸਿੰਘ ਨੰਬਰਦਾਰ ਦੇ ਖੇਤਾਂ ਵਿਚ ਗੱਲਬਾਤ ਕਰਦਿਆਂ ਡਾ. ਅਮਰੀਕ ਸਿੰਘ ਨੇ ਦਸਿਆ ਕਿ ਗੰਨਾ ਪੰਜਾਬ ਦੀ, ਕਣਕ, ਝੋਨਾ ਅਤੇ ਕਪਾਹ ਤੋਂ ਬਾਅਦ ਚੌਥੀ ਅਜਿਹੀ ਨਕਦੀ ਫ਼ਸਲ ਹੈ ਜੋ ਮੌਸਮ ਦੇ ਬੁਰੇ ਪ੍ਰਭਾਵਾਂ ਨੂੰ ਸਹਿ ਕੇ ਵੀ ਗੰਨਾ ਕਾਸ਼ਤਕਾਰਾਂ ਨੂੰ ਆਮਦਨ ਦੇ ਜਾਂਦੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਗੰਨੇ ਦੀ ਪ੍ਰਤੀ ਹੈਕਟੇਅਰ ਉਤਪਾਦਕਤਾ ਵਧਾਉਣ ਲਈ ਬਿਜਾਈ ਦੀ ਚੌੜੀ ਵਿੱਥ ਵਿਧੀ, ਅੰਤਰ ਫ਼ਸਲਾਂ ਅਤੇ ਮਲਚਿੰਗ ਤਕਨੀਕ ਵਰਤ ਕੇ ਪ੍ਰਦਰਸ਼ਨੀ ਪਲਾਟ ਅਤੇ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ,ਜਿਸ ਤਹਿਤ ਪੰਜਾਬ ਦੀਆਂ ਵੱਖੋ ਵੱਖ ਖੰਡ ਮਿੱਲਾਂ ਦੇ ਅਧਿਕਾਰਤ ਖੇਤਰਾਂ ਵਿਚ 24 ਜਾਗਰੂਕਤਾ ਕੈਂਪ ਅਤੇ ਪ੍ਰਦਰਸ਼ਨੀ ਪਲਾਟ ਲਗਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਗੰਨੇ ਦੀ ਅੱਸੂ ਦੀ ਬਿਜਾਈ ਵੇਲੇ ਖੇਤਾਂ ਵਿਚ ਝੋਨੇ ਦੀ ਪਰਾਲੀ ਖਿਲਾਰ ਕੇ ਪਾਣੀ ਅਤੇ ਖਾਦਾਂ ਦੀ ਬੱਚਤ ਕੀਤੀ ਜਾ ਸਕਦੀ ਹੈ।ਉਨ੍ਹਾਂ ਦੱਸਿਆ ਕਿ ਪਤਝੜ ਰੁੱਤ ਦੀ ਗੰਨੇ ਦੀ ਫ਼ਸਲ ਤੋਂ ਵਧੇਰੇ ਆਮਦਨ ਲੈਣ ਲਈ ਅੰਤਰ ਫ਼ਸਲਾਂ ਲੈਣੀਆਂ ਬਹੁਤ ਜ਼ਰੂਰੀ ਹਨ।ਮੁੱਖ ਗੰਨਾ ਅਫ਼ਸਰ ਪਵਿੱਤਰ ਸਿੰਘ ਨੇ ਦਸਿਆ ਕਿ ਪੰਜਾਬ ਸਰਕਾਰ ਵਲੋਂ ਬਟਾਲਾ ਖੰਡ ਮਿੱਲ ਵਿਚ ਨਵੀਨਤਮ ਮਸੀਨਰੀ ਲਗਾ ਕੇ ਖੰਡ ਮਿਲ ਦੀ ਰੋਜ਼ਾਨਾ ਗੰਨਾ ਪੀੜ੍ਹਨ ਦੀ ਸਮਰਥਾ ਵਧਾ ਕੇ 5 ਹਜ਼ਾਰ ਟਨ ਕੀਤੀ ਗਈ ਹੈ। ਇਸ ਲਈ ਗੰਨਾ ਕਾਸ਼ਤਕਾਰਾਂ ਨੂੰ ਗੰਨੇ ਦੀ ਫ਼ਸਲ ਹੇਠ ਰਕਬਾ ਵਧਾਉਣ ਚਾਹੀਦਾ।ਗੰਨਾ ਕਾਸ਼ਤਕਾਰ ਸੁਖਦੇਵ ਸਿੰਘ ਨੇ ਦੱਸਿਆ ਕਿ ਗੰਨੇ ਦੀ ਬਿਜਾਈ ਤੋਂ ਲੈ ਕੇ ਗੰਨਾ ਮਿਲ ਤੱਕ ਢੋਆ ਢੁਆਈ ਤੱਕ ਮਜ਼ਦੂਰਾਂ ਦੀ ਘਾਟ ਹੋਣ ਕਾਰਨ ਗੰਨਾ ਕਾਸ਼ਤਕਾਰਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਪੈਂਦਾ ਹੈ ਜਿਸ ਨਾਲ ਲਾਗਤ ਖਰਚੇ ਵਧ ਜਾਂਦੇ ਹਨ।ਉਨ੍ਹਾਂ ਮੰਗ ਕੀਤੀ ਕਿ ਗੰਨੇ ਦੀ ਅਦਾਇਗੀ ਗੰਨਾ ਕੰਟਰੋਲ ਐਕਟ ਅਨੁਸਾਰ ਮਿੱਲ ਵਿਚ ਗੰਨੇ ਦੀ ਤੁਲਾਈ ਤੋਂ 14 ਦਿਨ ਦੇ ਅੰਦਰ ਕਰਨੀ ਯਕੀਨੀ ਬਣਾਈ ਜਾਵੇ ਤਾਂ ਜੋਂ ਕਿਸਾਨ ਗੰਨੇ ਹੇਠ ਰਕਬਾ ਵਧਾਉਣ ਲਈ ਉਤਸ਼ਾਹਿਤ ਹੋ ਸਕਣ।ਉਨ੍ਹਾਂ ਇਹ ਵੀ ਮੰਗ ਕੀਤੀ ਕਿ ਗੰਨੇ ਦੀ ਕਾਸ਼ਤ ਨੂੰ ਸੌਖਿਆਂ ਕਰਨ ਲਈ ਖੇਤੀ ਮਸ਼ੀਨਰੀ ਜਿਵੇਂ ਛੋਟਾ ਟਰੈਕਟਰ, ਟ੍ਰੈਂਚਰ, ਗੰਨਾ ਬੀਜਣ ਵਾਲੀ ਮਸ਼ੀਨ ਸਬਸਿਡੀ ਤੇ ਮੁਹੱਈਆ ਕਰਵਾਈ ਜਾਵੇ।



## ਸ਼੍ਰੀ ਗੋਵਿੰਦ ਯਾਤਰਾ ਸੇਵਾ ਪਰਿਵਾਰ ਨੇ ਹਰਿਨਾਮ ਕੀਰਤਨ ਕਰਵਾਇਆ



**ਛੇਹਰਟਾ, (ਮਨੋਜ ਕੁਮਾਰ)**-ਸ਼੍ਰੀ ਗੋਵਿੰਦ ਯਾਤਰਾ ਸੇਵਾ ਪਰਿਵਾਰ ਵੱਲੋਂ ਮਾਸਿਕ ਹਰਿਨਾਮ ਕੀਰਤਨ ਮੰਦਿਰ ਸ਼੍ਰੀ ਵੈਸ਼ਨੋ ਦੇਵ ਜੀ ਧਾਮ, ਸੁੰਦਰ ਨਗਰ ਵਿਖੇ ਮਾਤਾ ਸ਼ਾਰਦਾ ਮਹੇਸ਼ਵਰੀ ਜੀ ਦੀ ਰਹਿਨੁਮਾਈ ਵਿਚ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਿੱਸਾ ਲਿਆ। ਰਾਸ਼ਟਰੀ ਹਿੰਦੂ ਚੇਤਨਾ ਮੰਚ ਦੇ ਪੰਜਾਬ ਪ੍ਰਧਾਨ ਅਨੁਜ ਖੇਮਕਾ ਨੇ ਵਿਸ਼ੇਸ਼ ਤੌਰ 'ਤੇ ਇਸ ਪ੍ਰੋਗਰਾਮ ਵਿਚ ਹਾਜ਼ਰੀ ਭਰੀ, ਜਿਸ 'ਤੇ ਸ਼੍ਰੀ ਗੋਵਿੰਦ ਯਾਤਰਾ ਸੇਵਾ ਪਰਿਵਾਰ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਦਰਸ਼ਨ ਲਾਲ ਟੀਟਾ, ਗੌਰਵ ਵਰਮਾ, ਅਸ਼ਵਨੀ ਜੋਸ਼ੀ, ਬੱਬਲੂ, ਅਮਨ ਜੋਸ਼ੀ, ਰਾਮਪਾਲ ਸ਼ਰਮਾ, ਡਾ. ਅਸ਼ਵਨੀ ਮੰਨਨ, ਸੰਜੀਵ ਹਾਂਡਾ, ਰਿੰਕੂ ਬਟਵਾਲ, ਸੁਮਿਤ ਕੁਮਾਰ, ਕਪੀਸ਼ ਖੇਮਕਾ, ਅਸ਼ੀਸ਼ ਖੇਮਕਾ ਆਦਿ ਮੌਜੂਦ ਸਨ।

## ਡਾ. ਬਲਵਿੰਦਰ ਸਿੰਘ ਛੇਹਰਟਾ ਦਾ ਸ਼ਹੀਦੀ ਸਮਾਗਮ 23 ਨੂੰ

**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਕ੍ਰਿਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਜ਼ਦੂਰਾਂ ਦੇ ਸਿਰਮੌਰ ਆਗੂ ਅਤੇ ਖੱਬੀ ਲਹਿਰ ਨੂੰ ਸਮਰਪਿਤ ਡਾ. ਬਲਵਿੰਦਰ ਸਿੰਘ ਪਿਛਲੇ ਦਿਨੀਂ ਆਪਣੇ ਪਰਿਵਾਰ ਅਤੇ ਪਾਰਟੀ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਸ਼ਰਧਾਂਜਲੀ ਸਮਾਗਮ 23 ਨਵੰਬਰ ਦਿਨ ਐਤਵਾਰ ਨੂੰ ਕ੍ਰਿਸ਼ਨਾ ਮੰਦਰ ਨਰਾਇਣਗੜ੍ਹ ਛੇਹਰਟਾ ਵਿਖੇ ਹੋਵੇਗਾ। ਸਮੂਹ ਵੀ ਸੱਜਣਾਂ ਮਿਤਰਾਂ, ਪਾਰਟੀ ਮੈਂਬਰਾਂ, ਹਮਦਰਦਾਂ ਅਤੇ ਸਾਕ ਸਨੇਹੀਆਂ ਨੂੰ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ।ਸਮਾਗਮ ਵਿਚ ਧਾਰਮਿਕ, ਸਮਾਜ ਸੇਵੀ ਅਤੇ ਰਾਜਨੀਤਕ ਪਾਰਟੀਆਂ ਦੇ ਆਗੂ ਸ਼ਰਧਾ ਦੇ ਫੁੱਲ ਭੇਟ ਕਰਨਗੇ।

## ਸੰਗਰਾਂਦ ਦੇ ਦਿਹਾੜੇ ਨੂੰ ਸਮਰਪਿਤ ਲੰਗਰ ਲਗਾਇਆ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਸੰਗਰਾਂਦ ਦੇ ਦਿਹਾੜੇ ਨੂੰ ਸਮਰਪਿਤ ਜਸਵੰਤ ਸਿੰਘ ਗਿੱਲ ਅਤੇ ਉਨ੍ਹਾਂ ਦੇ ਸਪੁੱਤਰ ਹਰਜਿੰਦਰ ਸਿੰਘ ਗਿੱਲ, ਹਰਵਿੰਦਰ ਸਿੰਘ ਗਿੱਲ ਵੱਲੋਂ ਗੁਰਦੁਆਰਾ ਬਾਬਾ ਚੰਨਣ ਜੀ ਵਿਖੇ ਗੁਰੂ ਜੀ ਲੰਗਰ ਲਗਾਇਆ ਗਿਆ। ਧੰਨ-ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਸਤੇ ਸੁੰਦਰ ਰੁਮਾਲਾ ਦੁਸ਼ਾਲਾ ਸਾਹਿਬ ਭੇਟ ਕੀਤਾ ਗਿਆ।ਪਵਿੱਤਰ ਪਾਵਨ ਗੁਰਬਾਣੀ ਦੇ ਭੋਗ ਦੇ ਉਪਰੰਤ ਬਾਬਾ ਸੁਖਵੰਤ ਸਿੰਘ ਚੰਨਣਕੇ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ।ਉਪਰੰਤ ਗੁਰੂ ਜੀ ਦਾ ਲੰਗਰ ਅਟੁੱਟ ਵਰਤਿਆ।ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਹਰਜੀਤ ਸਿੰਘ ਭੋਏਵਾਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਜਸਵੰਤ ਸਿੰਘ ਗਿੱਲ, ਹਰਜਿੰਦਰ ਸਿੰਘ ਗਿੱਲ, ਹਰਵਿੰਦਰ ਸਿੰਘ ਗਿੱਲ ਨੂੰ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਅਤੇ ਹੈੱਡ ਗ੍ਰੰਥੀ ਨੇ ਸਿਰਪਾਓ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਪਾਠੀ ਸਿੰਘਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ

## ਨੌਵੇਂ ਪਾਤਸ਼ਾਹ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਵਾਇਆ ਕਵੀ ਦਰਬਾਰ

### ਪੁਸਤਕ 'ਹਿੰਦ ਦੀ ਚਾਦਰ' ਸੰਗਤਾਂ ਨੂੰ ਕੀਤੀ ਅਰਪਿਤ

**ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)**

ਇਤਿਹਾਸਕ ਨਗਰ ਬਾਬਾ ਬਕਾਲਾ ਸਾਹਿਬ ਵਿਖੇ ਪਿਛਲੇ 40 ਸਾਲਾਂ ਤੋਂ ਨਿਰੰਤਰ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਜੁਟੀ ਚਰਚਿੱਤ ਸਾਹਿਤਕ ਸੰਸਥਾ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ (ਸਬੰਧਿਤ ਕੇਂਦਰੀ ਪੰਜਾਬੀ ਲੇਖਕ ਸਭਾ) ਵੱਲੋਂ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਦੀ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ਼ਹੀਦੀ ਕਵੀ ਦਰਬਾਰ, ਬਾਬਾ ਮੱਖਣ ਸ਼ਾਹ ਲੁਬਾਣਾ ਸਰਾਂ ਬਾਬਾ ਬਕਾਲਾ ਸਾਹਿਬ ਵਿਖੇ ਕਰਵਾਇਆ ਗਿਆ ।ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਦੇ ਮੈਨੇਜਰ ਭਾਈ ਗੁਰਪ੍ਰੀਤ ਸਿੰਘ ਮੱਲੇਵਾਲ, ਮੀਤ ਮੈਨੇਜਰ ਭਾਈ ਸ਼ੇਰ ਸਿੰਘ, ਸਾ: ਹੈੱਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਕਾਰਜਕਾਰੀ ਮੈਂਬਰ ਮਾ: ਮਨਜੀਤ ਸਿੰਘ ਵੱਸੀ, ਪੰਜਾਬੀ ਸਾਹਿਤ ਸਭਾ ਦੇ ਸਰਪ੍ਰਸਤ ਪ੍ਰਿੰਸੀਪਲ ਰਘਬੀਰ ਸਿੰਘ ਸੋਹਲ, ਪ੍ਰਧਾਨ (ਮਹਿਲਾ ਵਿੰਗ) ਮੈਡਮ ਸੁਖਵੰਤ ਕੌਰ ਵੱਸੀ, ਹਰਮੇਸ਼ ਕੌਰ ਜੋਧੇ ਸਾ: ਜ਼ਿਲ੍ਹਾ ਭਾਸ਼ਾ ਅਫਸਰ, ਸੁਖਦੇਵ ਸਿੰਘ ਭੁੱਲਰ ਸੀਨੀਅਰ ਮੈਨੇਜਰ ਪੰਜਾਬ ਸਕੂਲ ਸਿਖਿਆ ਬੋਰਡ, ਸੂਬੇਦਾਰ ਹਰਜੀਤ ਸਿੰਘ ਮੁਖੀ ਗੁਰੂ ਕੇ ਬੇਟੇ ਸਮਾਜ ਸੁਧਾਰ ਸੰਸਥਾ ਆਦਿ ਸ਼ੁਸ਼ੋਭਿਤ ਹੋਏ ।ਇਸ ਮੌਕੇ ਸਭਾ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਦੁਆਰਾ ਸੰਪਾਦਿਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸਮਰਪਿਤ ਪੁਸਤਕ 'ਹਿੰਦ ਦੀ ਚਾਦਰ' ਸੰਗਤਾਂ ਨੂੰ ਅਰਪਿਤ ਕੀਤੀ ਗਈ ।ਇਸ ਮੌਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਸਮਰਪਿਤ ਹੋਏ ਕਵੀ ਦਰਬਾਰ ਵਿੱਚ ਜਤਿੰਦਰਪਾਲ ਕੌਰ ਭਿੰਡਰ, ਸੁਰਿੰਦਰ ਖਿਲ਼ਚੀਆਂ, ਹਰਵਿੰਦਰਜੀਤ ਕੌਰ ਬਾਠ, ਗੁਰਮੀਤ ਕੌਰ ਬੱਲ, ਰਜਵੰਤ ਕੌਰ, ਨਵਦੀਪ ਸਿੰਘ ਬਦੇਸ਼ਾ, ਮਾ: ਲਖਵਿੰਦਰ ਸਿੰਘ ਮਾਨ ਹਵੇਲੀਆਣਾ, ਸਤਰਾਜ ਸਿੰਘ ਜਲਾਲਾਬਾਦੀ, ਅਵਤਾਰ ਸਿੰਘ ਗੋਇੰਦਵਾਲ, ਸਕੱਤਰ ਸਿੰਘ ਪੁਰੇਵਾਲ, ਸੂਬੇਦਾਰ ਹਰਜਿੰਦਰ ਸਿੰਘ ਨਿੱਝਰ, ਸੁਖਦੇਵ ਸਿੰਘ ਗੰਡਵਾਂ, ਕੈਪਟਨ ਸਿੰਘ, ਅਜੀਤ ਸਿੰਘ ਸਠਿਆਲਵੀ, ਬਲਵਿੰਦਰ ਸਿੰਘ ਅਠੌਲਾ, ਬਲਦੇਵ ਸਿੰਘ ਸਠਿਆਲਾ, ਸਰਬਜੀਤ ਸਿੰਘ ਪੱਡਾ, ਅਮਰਜੀਤ ਸਿੰਘ ਰਤਨਗੜ੍ਹ, ਮਾ: ਧਰਮ ਸਿੰਘ ਧਿਆਨਪੁਰੀ, ਅਜੈਬ ਸਿੰਘ ਬੋਦੇਵਾਲ, ਮਾ: ਮਨਜੀਤ ਸਿੰਘ ਕੰਬੋ, ਮਾ: ਬਲਬੀਰ ਸਿੰਘ ਬੋਲੇਵਾਲ, ਕਾਲੇ ਸ਼ਾਹ ਟਾਂਗਰਾ, ਗੁਰਭੇਜ ਸਿੰਘ ਕੰਗ ਸਰਾਂ, ਹਰਦੀਪ ਸਿੰਘ ਕਾਲੇਕੇ, ਪ੍ਰਭਸਿਮਰਨ ਸਿੰਘ ਆਦਿ ਕਵੀਆਂ ਵੱਲੋਂ ਸ਼ਹੀਦੀ ਕਵੀ ਦਰਬਾਰ ਵਿੱਚ ਕਾਵਿ ਰਚਨਾਵਾਂ ਪੇਸ਼ ਕਰਦਿਆਂ ਗੁਰੂ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।





ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੇ
ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਅਤੇ
ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ 350 ਸਾਲਾ ਗੁਰਿਆਈ ਦਿਵਸ ਸਬੰਧੀ

ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ
ਸਿੱਖ ਜਥੇਬੰਦੀਆਂ, ਸੰਪ੍ਰਦਾਵਾਂ, ਨਿਹੰਗ ਸਿੰਘ ਦਲਾਂ ਅਤੇ ਸੰਗਤਾਂ ਦੇ ਸਹਿਯੋਗ ਨਾਲ

ਵਿਸ਼ਾਲ ਗੁਰਮਤਿ ਸਮਾਗਮ

ਮਿਤੀ 21 ਨਵੰਬਰ ਤੋਂ 29 ਨਵੰਬਰ 2025 ਤੱਕ
ਸਥਾਨ: ਗੁਰਦੁਆਰਾ ਸੀਸ ਗੰਜ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ (ਰੋਪੜ)

- 23 ਨਵੰਬਰ 2025 : ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ 350 ਸਾਲਾ ਗੁਰਿਆਈ ਦਿਵਸ ਸਬੰਧੀ ਮੁੱਖ ਸਮਾਗਮ।
- 25 ਨਵੰਬਰ 2025 : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਸਬੰਧੀ ਮੁੱਖ ਸਮਾਗਮ।
- 29 ਨਵੰਬਰ 2025 : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਸੀਸ ਸੰਸਕਾਰ ਸਬੰਧੀ ਮੁੱਖ ਸਮਾਗਮ।

ਇਸ ਤੋਂ ਇਲਾਵਾ ਮਿਤੀ 21 ਤੋਂ 29 ਨਵੰਬਰ 2025 ਤੱਕ ਲਗਾਤਾਰ ਅੰਮ੍ਰਿਤ ਸੰਚਾਰ, ਧਾਰਮਿਕ ਮੁਕਾਬਲੇ, ਰਾਗ ਦਰਬਾਰ, ਢਾਡੀ ਤੇ ਕਵੀਸ਼ਰੀ ਦਰਬਾਰ, ਕਵੀ ਦਰਬਾਰ, ਇਸਤਰੀ ਗੁਰਮਤਿ ਸੰਮੇਲਨ, ਲਾਈਟ ਐਂਡ ਸਾਊਂਡ, ਧਾਰਮਿਕ ਡਰਾਮੇ, ਗੱਤਕਾ ਮੁਕਾਬਲੇ ਆਦਿ ਵੱਖ-ਵੱਖ ਸਮਾਗਮ ਹੋਣਗੇ।

- 18 ਨਵੰਬਰ 2025 ਨੂੰ ਗੁਰਦੁਆਰਾ ਮਟਨ ਸਾਹਿਬ ਜੰਮੂ ਕਸ਼ਮੀਰ ਤੋਂ ਵਿਸ਼ਾਲ ਨਗਰ ਕੀਰਤਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁੱਜ ਕੇ ਸੰਪੰਨ ਹੋਵੇਗਾ।
- 23 ਨਵੰਬਰ 2025 ਨੂੰ ਗੁਰਦੁਆਰਾ ਧੋਬੜੀ ਸਾਹਿਬ ਅਸਾਮ ਤੋਂ ਸ਼ਹੀਦੀ ਨਗਰ ਕੀਰਤਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁੱਜ ਕੇ ਸੰਪੂਰਨ ਹੋਵੇਗਾ।
- 29 ਨਵੰਬਰ 2025 ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਤੋਂ ਸ਼ਹੀਦੀ ਨਗਰ ਕੀਰਤਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁੱਜ ਕੇ ਸੰਪੰਨ ਹੋਵੇਗਾ।

ਸ਼ਤਾਬਦੀ ਸਮਾਗਮਾਂ ਦੌਰਾਨ ਸਿੰਘ ਸਾਹਿਬਾਨ, ਤਖ਼ਤ ਸਾਹਿਬਾਨ ਦੇ ਜਥੇਦਾਰ ਅਤੇ ਵੱਖ-ਵੱਖ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਰਹਿਣਗੀਆਂ।
ਦੇਸ਼ ਦੁਨੀਆ ਵਿਚ ਵਸਦੀ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਇਨ੍ਹਾਂ ਸ਼ਤਾਬਦੀ ਸਮਾਗਮਾਂ 'ਚ ਵਧ-ਚੜ੍ਹ ਕੇ ਸ਼ਾਮਲ ਹੋਣ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।

ਗੁਰੂ ਪੰਥ ਦੇ ਦਾਸ

ਸਮੂਹ ਮੈਂਬਰਾਨ,
ਧਰਮ ਪ੍ਰਚਾਰ ਕਮੇਟੀ ਅਤੇ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਜਾਰੀ ਕਰਤਾ: ਸਕੱਤਰ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ।

ਨਵਾਂ ਜ਼ਮਾਨਾ
ਮੰਗਲਵਾਰ, 18 ਨਵੰਬਰ 2025

# ਨਸਲੀ ਕੀੜਾ

ਕੋਲਕਾਤਾ ਦੇ ਈਡਨ ਗਾਰਡਨ ਸਟੇਡੀਅਮ ਵਿੱਚ ਭਾਰਤ ਤੇ ਦੱਖਣੀ ਅਫਰੀਕਾ ਵਿਚਾਲੇ ਪਹਿਲੇ ਕ੍ਰਿਕਟ ਟੈਸਟ ਮੈਚ ਦੌਰਾਨ ਭਾਰਤੀ ਖਿਡਾਰੀਆਂ ਜਸਪ੍ਰੀਤ ਬੁਮਰਾਹ ਤੇ ਵਿਕਟਕੀਪਰ ਰਿਸ਼ਭ ਪੰਤ ਨੇ ਦੱਖਣੀ ਅਫਰੀਕੀ ਕਪਤਾਨ ਤੇਂਬਾ ਬਾਵੂਮਾ ਨੂੰ 'ਬੌਣਾ' ਕਹਿ ਕੇ ਸੰਬੋਧਨ ਕੀਤਾ। ਇਹ ਟਿੱਪਣੀ ਅਪਮਾਨਜਨਕ ਹੀ ਨਹੀਂ, ਸਗੋਂ ਨਸਲੀ ਵੀ ਮੰਨੀ ਜਾ ਸਕਦੀ ਹੈ। ਇਸ ਤੋਂ ਪਹਿਲਾਂ ਹਰਭਜਨ ਸਿੰਘ ਨੇ ਆਸਟਰੇਲੀਆ ਦੇ ਐਂਡ੍ਰਿਊ ਸਾਇਮੰਡ ਨੂੰ ਮੰਕੀ ਕਿਹਾ ਸੀ। ਇਸ ਨੂੰ ਨਸਲੀ ਟਿੱਪਣੀ ਮੰਨ ਕੇ ਉਸ 'ਤੇ ਤਿੰਨ ਮੈਚਾਂ ਦੀ ਪਾਬੰਦੀ ਵੀ ਲਾਈ ਗਈ ਸੀ, ਹਾਲਾਂਕਿ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਨੇ ਆਪਣੀ ਤਾਕਤ ਦਾ ਇਸਤੇਮਾਲ ਕਰਕੇ ਉਹ ਖਤਮ ਕਰਵਾ ਲਈ ਸੀ।

ਭਾਰਤੀ ਉਪ-ਮਹਾਂਦੀਪ ਲੰਮੇ ਸਮੇਂ ਤੱਕ ਗੋਰੇ ਯੂਰਪੀ-ਅਮਰੀਕੀ ਨਸਲਵਾਦ ਦਾ ਸ਼ਿਕਾਰ ਰਿਹਾ ਹੈ, ਪਰ ਭਾਰਤੀ ਸਮਾਜ ਦਾ ਇੱਕ ਵੱਡਾ ਹਿੱਸਾ ਖੁਦ ਵੀ ਨਸਲੀ ਨਫਰਤ ਦੇ ਬੋਧ ਦਾ ਡੰਗਿਆ ਰਿਹਾ ਹੈ। ਬੁਮਰਾਹ ਤੇ ਪੰਤ ਦੀ ਟਿੱਪਣੀ ਇਸ ਦਾ ਇੱਕ ਸਬੂਤ ਹੈ। ਇੱਥੇ ਇੱਕ ਵਾਰ ਯਾਦ ਕਰ ਲੈਣਾ ਜ਼ਰੂਰੀ ਹੈ ਕਿ ਦੱਖਣੀ ਅਫਰੀਕਾ ਦੇ ਮੂਲ ਵਾਸੀ ਯੂਰਪ ਤੋਂ ਉੱਥੇ ਜਾ ਕੇ ਵਸ ਗਏ ਗੋਰਿਆਂ ਦੇ ਨਸਲਵਾਦ ਦਾ ਬੁਰੀ ਤਰ੍ਹਾਂ ਸ਼ਿਕਾਰ ਰਹੇ ਹਨ। ਲੰਮੇ ਸੰਘਰਸ਼ ਦੇ ਬਾਅਦ ਨੈਲਸਨ ਮੰਡੇਲਾ ਦੀ ਅਗਵਾਈ ਵਿੱਚ ਦੱਖਣੀ ਅਫਰੀਕੀ ਲੋਕਾਂ ਨੂੰ ਬਰਾਬਰੀ ਦਾ ਹੱਕ ਮਿਲਿਆ। ਮੰਡੇਲਾ ਪਹਿਲੀ ਵਾਰ 1994 ਵਿੱਚ ਦੱਖਣੀ ਅਫਰੀਕਾ ਦੇ ਪਹਿਲੇ ਸਿਆਹਫਾਮ ਰਾਸ਼ਟਰਪਤੀ ਬਣੇ। 1948 ਵਿੱਚ ਗੋਰਿਆਂ ਨੇ ਕਾਨੂੰਨ ਬਣਾਇਆ ਸੀ ਕਿ ਦੱਖਣੀ ਅਫਰੀਕੀ ਕ੍ਰਿਕਟ ਟੀਮ ਵਿੱਚ ਸਿਆਹਫਾਮ ਸ਼ਾਮਲ ਨਹੀਂ ਹੋ ਸਕਦਾ। 1970 ਤੱਕ ਇਹ ਨਸਲਵਾਦੀ ਕਾਨੂੰਨ ਚਲਦਾ ਰਿਹਾ, ਜਿਸ ਕਰਕੇ ਕੌਮਾਂਤਰੀ ਕ੍ਰਿਕਟ ਕੌਂਸਲ ਨੇ ਦੱਖਣੀ ਅਫਰੀਕੀ ਟੀਮ ਦੀ ਮਾਨਤਾ ਰੱਦ ਕਰ ਦਿੱਤੀ ਸੀ। ਇਹ ਮਾਨਤਾ 1991 ਵਿੱਚ ਬਹਾਲ ਹੋਈ, ਪਰ ਟੀਮ ਵਿੱਚ ਗੋਰਿਆਂ ਦੀ ਚੌਧਰ ਬਰਕਰਾਰ ਰਹੀ। 2016 ਵਿੱਚ 11 ਵਿੱਚੋਂ 6 ਸਿਆਹਫਾਮ ਖਿਡਾਰੀ ਟੀਮ ਵਿੱਚ ਸ਼ਾਮਲ ਕਰਨੇ ਲਾਜ਼ਮੀ ਕੀਤੇ ਗਏ। ਇਨ੍ਹਾਂ 6 ਵਿੱਚੋਂ ਵੀ ਘੱਟੋ-ਘੱਟ 2 ਕਾਲੇ ਅਫਰੀਕੀ ਲਾਜ਼ਮੀ ਕੀਤੇ ਗਏ। ਜਦੋਂ 6 ਖਿਡਾਰੀਆਂ ਲਈ ਇਹ ਰਿਜ਼ਰਵੇਸ਼ਨ ਕੀਤੀ ਗਈ ਤਾਂ ਕਿਹਾ ਗਿਆ ਕਿ ਇਸ ਨਾਲ ਅਫਰੀਕੀ ਕ੍ਰਿਕਟ ਬਰਬਾਦ ਹੋ ਜਾਵੇਗੀ। ਅਨਾੜੀ ਖਿਡਾਰੀ ਟੀਮ ਵਿੱਚ ਆਉਣਗੇ ਤੇ ਪ੍ਰਤਿਭਾਵਾਨ ਬਾਹਰ ਹੋ ਜਾਣਗੇ, ਪਰ ਅਜਿਹਾ ਨਹੀਂ ਹੋਇਆ ਤੇ ਉਲਟਾ ਹੋਇਆ। ਦੱਖਣੀ ਅਫਰੀਕਾ ਦਾ ਪਹਿਲਾ ਬਲੈਕ ਕਪਤਾਨ ਤੇਂਬਾ ਬਾਵੂਮਾ ਇਸ ਦੀ ਮਿਸਾਲ ਹੈ। ਨਿੱਕੇ ਕੱਦ ਦੇ ਬਾਵੂਮਾ ਨੇ ਪਿਛਲੇ ਸਾਲ ਆਸਟਰੇਲੀਆ ਵਰਗੀ ਤਕੜੀ ਟੀਮ ਨੂੰ ਹਰਾ ਕੇ ਦੱਖਣੀ ਅਫਰੀਕੀ ਟੀਮ ਨੂੰ ਵਿਸ਼ਵ ਟੈਸਟ ਚੈਂਪੀਅਨ ਬਣਵਾਇਆ। ਉਹ ਸਭ ਤੋਂ ਤੇਜ਼ੀ ਨਾਲ 10 ਟੈਸਟ ਮੈਚ ਜਿਤਾਉਣ ਵਾਲਾ ਕਪਤਾਨ ਬਣਿਆ। ਈਡਨ ਗਾਰਡਨ ਵਿੱਚ ਉਸ ਨੇ ਅਰਧ ਸੈਂਕੜਾ ਮਾਰ ਕੇ ਭਾਰਤ ਨੂੰ ਬੁਰੀ ਤਰ੍ਹਾਂ ਹਰਾਇਆ।

ਨਸਲੀ ਬਰਤਰੀ ਦਾ ਬੋਧ ਵਰਣ-ਜਾਤੀਵਾਦੀ ਬਰਤਰੀ ਦੇ ਬੋਧ ਨਾਲ ਜੁੜ ਕੇ ਭਾਰਤੀ ਸਮਾਜ ਲਈ ਇੱਕ ਨਾਸੂਰ ਜਿਹਾ ਬਣ ਗਿਆ ਹੈ, ਜਿਸ ਤੋਂ ਕਈ ਲੋਕ ਅੱਜ ਵੀ ਮੁਕਤ ਨਹੀਂ ਹੋ ਪਾਏ, ਚਾਹੇ ਉਹ ਬੁਮਰਾਹ ਤੇ ਪੰਤ ਵਰਗੇ ਖਿਡਾਰੀ ਹੀ ਕਿਉਂ ਨਾ ਹੋਣ, ਜਿਹੜੇ ਪੂਰੀ ਦੁਨੀਆ ਘੁੰਮ ਚੁੱਕੇ ਹਨ ਅਤੇ ਹਰ ਤਰ੍ਹਾਂ ਦੇ ਲੋਕਾਂ ਨਾਲ ਖੇਡ ਚੁੱਕੇ ਹਨ।

ਹਾਲਾਂਕਿ, ਮੈਚ ਖਤਮ ਹੋਣ ਤੋਂ ਬਾਅਦ ਬੁਮਰਾਹ ਨੇ ਬਾਵੂਮਾ ਨੂੰ ਕਲਾਵੇ ਵਿੱਚ ਲੈ ਕੇ ਇੱਕ ਤਰ੍ਹਾਂ ਨਾਲ ਆਪਣੀ ਗਲਤੀ ਮੰਨੀ, ਪਰ ਏਨੇ ਨਾਲ ਗੱਲ ਨਹੀਂ ਬਣਨੀ। ਕ੍ਰਿਕਟ ਕੰਟਰੋਲ ਬੋਰਡ ਨੂੰ ਬੁਮਰਾਹ ਤੇ ਪੰਤ ਨੂੰ ਸਜ਼ਾ ਅਵੱਸ਼ ਦੇਣੀ ਚਾਹੀਦੀ ਹੈ, ਤਾਂ ਕਿ ਖਿਡਾਰੀ ਨਸਲੀ ਬਰਤਰੀ ਦੇ ਬੋਧ ਤੋਂ ਮੁਕਤ ਹੋ ਕੇ ਇਨਸਾਨ ਬਣਨ ਦੀ ਕੋਸ਼ਿਸ਼ ਕਰਨ।

## ਜਦ ਵੀ ਚੋਣਾਂ ਹੋਣਗੀਆਂ !

ਇਸੇ ਤਰ੍ਹਾਂ ਦਾ ਮੰਜਰ ਆਊ,
ਜਦ ਵੀ ਚੋਣਾਂ ਹੋਣਗੀਆਂ।
ਪੋਰਸ ਨਹੀਂ ਸਿਕੰਦਰ ਆਊ,
ਜਦ ਵੀ ਚੋਣਾਂ ਹੋਣਗੀਆਂ।
ਟੀਚਰ ਨਹੀਂ ਕਲੰਦਰ ਆਊ,
ਜਦ ਵੀ ਚੋਣਾਂ ਹੋਣਗੀਆਂ।
ਮਿੱਟੀ ਨੂੰ ਬੰਜਰ ਲਿਖਵਾਊ,
ਜਦ ਵੀ ਚੋਣਾਂ ਹੋਣਗੀਆਂ,
ਜੇਤੂ ਬਣੂ ਪਤੰਦਰ ਭਾਊ,
ਜਦ ਵੀ ਚੋਣਾਂ ਹੋਣਗੀਆਂ,
ਸੱਤਾ ਵਿਰੋਧੀ ਅੰਦਰ ਜਾਊ,
ਜਦ ਵੀ ਚੋਣਾਂ ਹੋਣਗੀਆਂ!
ਜਿੱਤ ਕੇ ਪਹਿਲਾਂ ਦਿੱਲੀ ਜਾਊ,
ਜਦ ਵੀ ਚੋਣਾਂ ਹੋਣਗੀਆਂ।
ਖੋਹਵੇਗਾ ਧਰਤੀ ਉਪਜਾਊ,
ਜਦ ਵੀ ਚੋਣਾਂ ਹੋਣਗੀਆਂ।
ਹਰ ਵਾਰੀ ਵੋਟਰ ਪਛਤਾਊ,
ਜਦ ਵੀ ਚੋਣਾਂ ਹੋਣਗੀਆਂ।

-ਗੁਲਪੁਰ

# ਰੇਤ ਦੇ ਟਿੱਬਿਆਂ 'ਚ ਗਵਾਚੇ ਖੇਤ, ਫ਼ਸਲਾਂ ਕਿੱਥੇ ਉਗਾਈਏ ?



ਗੁਰਪ੍ਰੀਤ

1988 ਤੋਂ ਬਾਅਦ ਪੰਜਾਬ ਵਿੱਚ ਆਏ ਇਹਨਾਂ ਹੜ੍ਹਾਂ ਦੇ ਕਾਰਨ ਜਿੱਥੇ ਪੰਜਾਬ ਦੇ ਕਰੀਬ 16 ਜ਼ਿਲ੍ਹੇ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਹੋਏ, ਉੱਥੇ ਹੀ ਇਹਨਾਂ ਹੜ੍ਹਾਂ ਦੇ ਕਾਰਨ ਸਭ ਤੋਂ ਵੱਧ ਜੇਕਰ ਕਿਸੇ ਦਾ ਨੁਕਸਾਨ ਹੋਇਆ ਤਾਂ ਉਹ ਕਿਸਾਨਾਂ ਦੀਆਂ ਫ਼ਸਲਾਂ, ਸਬਜ਼ੀਆਂ ਸੀ। ਝੋਨੇ ਦੀ ਫ਼ਸਲ ਬਿਲਕੁਲ ਤਬਾਹ ਕਰ ਦਿੱਤੀ ਇਹਨਾਂ ਹੜ੍ਹਾਂ ਨੇ, ਇਨ੍ਹਾਂ ਭਿਆਨਕ ਹੜ੍ਹਾਂ ਨੇ ਜਿੱਥੇ ਫ਼ਸਲਾਂ ਤਾਂ ਤਬਾਹ ਕੀਤੀਆਂ ਹੀ, ਉੱਥੇ ਹੀ ਖੇਤਾਂ ਨੂੰ ਪੂਰੀ ਤਰ੍ਹਾਂ ਮਾਰੂਥਲ ਵਿੱਚ ਬਦਲ ਦਿੱਤਾ। ਰਾਵੀ, ਬਿਆਸ ਅਤੇ ਸਤਲੁਜ ਦਰਿਆ ਦੇ ਪਾਣੀਆਂ ਨੇ ਮਿਲ ਕੇ ਲਹਿੰਦੇ ਅਤੇ ਚੜ੍ਹਦੇ ਪੰਜਾਬ ਨੂੰ ਹੀ ਡੋਬ ਦਿੱਤਾ। ਦਰਿਆ ਦੇ ਕੰਢਿਆਂ ਅਤੇ ਆਲੇ-ਦੁਆਲੇ ਦੇ ਖੇਤਾਂ ਵਿੱਚ ਤਾਂ ਇਸ ਵੇਲੇ ਇੰਝ ਲੱਗ ਰਿਹਾ ਹੈ, ਜਿਵੇਂ ਕੋਈ ਮਾਰੂਥਲੀ ਜ਼ਮੀਨ ਹੋਵੇ। ਕਿਸਾਨਾਂ ਦੀ ਫ਼ਸਲ ਕਿਧਰੇ ਵੀ ਨਜ਼ਰ ਨਹੀਂ ਆ ਰਹੀ, ਹਰ ਪਾਸੇ ਤਬਾਹੀ ਹੀ ਤਬਾਹੀ ਨਜ਼ਰ ਆ ਰਹੀ ਹੈ।

ਭਾਵੇਂ ਕਿ ਹੜ੍ਹ ਆਇਆਂ ਨੂੰ ਦੋ-ਢਾਈ ਮਹੀਨੇ ਬੀਤ ਚੁੱਕੇ ਨੇ, ਪਰ ਇਸ ਵੇਲੇ ਵੀ ਸਤਲੁਜ, ਰਾਵੀ, ਬਿਆਸ ਦੇ ਕੰਢੇ ਵਸੇ ਪਿੰਡਾਂ ਅਤੇ ਕਸਬਿਆਂ ਦੀ ਹਾਲਤ ਬਦ ਤੋਂ ਬਦਤਰ ਹੈ। ਪਹਾੜੀ ਸੂਬੇ ਹਿਮਾਚਲ ਪ੍ਰਦੇਸ਼ ਵਿੱਚ ਭਿਆਨਕ ਲੈਂਡ-ਸਲਾਈਡ ਯਾਨੀ ਕਿ ਜ਼ਮੀਨ ਖਿਸਕਣ ਕਾਰਨ ਉੱਥੇ ਆਏ ਹੜ੍ਹਾਂ ਨੇ ਪੰਜਾਬ ਵੱਲ ਰੁਖ ਕੀਤਾ। ਜਿਹੜੇ ਡੈਮ ਕਿਸੇ ਸਮੇਂ ਕਿਹਾ ਜਾਂਦਾ ਸੀ ਕਿ ਹੜ੍ਹਾਂ ਦੀ ਤਬਾਹੀ ਨੂੰ ਰੋਕਦੇ ਨੇ, ਉਹੀ ਡੈਮ ਹੜ੍ਹਾਂ ਦਾ ਮੁੱਖ ਕਾਰਨ ਬਣੇ। ਹੜ੍ਹਾਂ ਵਿੱਚ ਪਾਣੀ ਦਾ ਪੱਧਰ ਇਸ ਕਦਰ ਵਧ ਗਿਆ ਕਿ ਡੈਮਾਂ ਦੇ ਤਕਰੀਬਨ ਸਾਰੇ ਗੇਟ ਹੀ ਖੋਲ੍ਹਣੇ ਪਏ।

ਇਹ ਕੋਈ ਇੱਕ ਡੈਮ ਦੀ ਕਹਾਣੀ ਨਹੀਂ ਦੱਸ ਰਹੇ, ਅਸੀਂ ਰਣਜੀਤ ਸਾਗਰ ਡੈਮ, ਭਾਖੜਾ ਨੰਗਲ ਡੈਮ ਅਤੇ ਇਸ ਤੋਂ ਇਲਾਵਾ ਪਾਣੀ ਦਾ ਪੱਧਰ ਅਤੇ ਪਾਣੀ ਦਾ ਤੇਜ਼ ਵਹਾਅ ਇਸ ਕਦਰ ਵਧ ਚੁੱਕਿਆ ਸੀ ਕਿ ਮਾਧਵਪੁਰ ਹੈੱਡਵਰਕਸ ਦੇ ਤਾਂ ਗੇਟ ਹੀ ਟੁੱਟ ਗਏ। ਕਰੀਬ ਇੱਕ-ਡੇਢ ਮਹੀਨਾ ਪੰਜਾਬ ਦਾ ਬੜੇ ਹੀ ਮਾੜੇ ਹਾਲਾਤ ਵਿੱਚੋਂ ਲੰਘਿਆ, ਸਰਕਾਰ ਕਹਿੰਦੀ ਰਹੀ ਕਿ ਅਸੀਂ ਕੋਸ਼ਿਸ਼ਾਂ ਕਰ ਰਹੇ ਹਾਂ, ਅਸੀਂ ਮਦਦ ਪਹੁੰਚਾ ਰਹੇ ਹਾਂ, ਪਰ ਅਸਲ ਵਿੱਚ ਜਦੋਂ ਲੋਕਾਂ ਦੀ ਮਦਦ ਕਰਨੀ ਸੀ, ਉਸ ਵੇਲੇ ਤਾਂ ਸਰਕਾਰ ਪੁੱਜੀ ਹੀ ਨਹੀਂ। ਸਰਕਾਰ ਦੇ ਮੰਤਰੀ, ਵਿਧਾਇਕ ਅਤੇ ਖੁਦ ਮੁੱਖ ਮੰਤਰੀ ਉਦੋਂ ਹੀ ਮੈਦਾਨ 'ਚ ਆਏ, ਜਦੋਂ ਪੂਰਾ ਪੰਜਾਬ ਡੁੱਬ ਚੁੱਕਿਆ ਸੀ, ਕੇਂਦਰ ਦੇ ਮੰਤਰੀ ਵੀ ਡੁੱਬੇ ਹੋਏ ਪੰਜਾਬ ਨੂੰ ਵੇਖਦੇ ਹੀ ਰਹੇ, ਕੀਤਾ ਕੁੱਝ ਨਹੀਂ। ਪ੍ਰਧਾਨ ਮੰਤਰੀ ਵੀ ਆਏ, ਉਨ੍ਹਾਂ ਨੇ ਦੌਰਾ ਕੀਤਾ ਤੇ 1600 ਕਰੋੜ ਰੁਪਏ ਦਾ ਵਿਸ਼ੇਸ਼ ਪੈਕੇਜ ਦੇਣ ਦਾ ਐਲਾਨ ਕੀਤਾ। ਵੈਸੇ ਪੈਕੇਜਾਂ ਦਾ ਰੌਲਾ ਕਾਫ਼ੀ ਜ਼ਿਆਦਾ ਸੈਂਟਰ ਅਤੇ ਸਟੇਟ ਵਿਚਾਲੇ ਪੈਂਦਾ ਰਿਹਾ, ਪਰ ਪੰਜਾਬ ਨੂੰ ਇਹਨਾਂ ਹੜ੍ਹਾਂ ਵਿੱਚੋਂ ਬਾਹਰ ਕਿਵੇਂ ਕੱਢਿਆ ਜਾਵੇ, ਇਸ ਬਾਰੇ ਕਿਸੇ ਵੀ ਸਿਆਸੀ ਧਿਰ ਨੇ ਨਹੀਂ ਸੋਚਿਆ। ਹਰ ਕੋਈ ਇਸ 'ਤੇ ਸਿਆਸਤ ਕਰਦਾ ਨਜ਼ਰ ਆਇਆ, ਵਿਰੋਧੀ ਹੋਣ ਜਾਂ ਫਿਰ ਸੱਤਾ ਧਿਰ ਵਾਲੇ।

ਖ਼ੈਰ, ਮੁੱਦੇ 'ਤੇ ਵਾਪਸ ਆਉਂਦੇ ਹਾਂ। ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨ ਤਾਰਨ, ਫ਼ਿਰੋਜ਼ਪੁਰ, ਫ਼ਾਜ਼ਿਲਕਾ, ਸੁਲਤਾਨਪੁਰ ਲੋਧੀ, ਹੁਸ਼ਿਆਰਪੁਰ, ਨੰਗਲ, ਰੋਪੜ ਆਦਿ ਵਿੱਚ ਇਸ ਵੇਲੇ ਵੀ ਪੂਰੀ ਤਰ੍ਹਾਂ ਖੇਤ ਸਾਫ਼ ਨਹੀਂ ਹੋਏ, ਮਤਲਬ ਕਿ ਖੇਤਾਂ ਵਿੱਚੋਂ ਰੇਤਾ ਅਜੇ ਵੀ ਨਹੀਂ ਕੱਢੀ ਗਈ। ਜਾਣਕਾਰੀ ਅਨੁਸਾਰ ਗੁਰਦਾਸਪੁਰ ਦੇ ਬਹੁ-ਗਿਣਤੀ ਪਿੰਡਾਂ ਵਿੱਚ ਰਾਵੀ ਨੇ ਮਾਰ ਕੀਤੀ, ਜਿਸ ਦੇ ਕਾਰਨ ਹੜ੍ਹਾਂ ਦੇ ਨਾਲ ਆਈ ਪਹਾੜੀ ਰੇਤ ਨੇ ਕਿਸਾਨਾਂ ਦੀਆਂ ਜ਼ਮੀਨਾਂ ਇੰਜ ਮੱਲ ਲਈਆਂ, ਜਿਵੇਂ ਸਦੀਆਂ ਤੋਂ ਹੀ ਰੇਤ ਇੱਥੇ ਜੰਮੀ ਹੋਵੇ। ਕਿਸਾਨ ਆਪਣੇ ਖ਼ਰਚੇ 'ਤੇ ਪੈਲੀਆਂ 'ਚੋਂ ਰੇਤਾ ਕੱਢ ਰਹੇ ਨੇ, ਪਰ ਇਹ ਰੇਤ ਜਿੱਥੇ ਕਿਸੇ ਕੰਮ ਨਹੀਂ ਆ ਰਹੀ, ਉੱਥੇ ਦੂਜੇ ਪਾਸੇ ਇਸ ਨੂੰ ਕੱਢਣ ਵਾਸਤੇ ਪ੍ਰਤੀ ਏਕੜ ਚਾਰ ਤੋਂ ਪੰਜ ਹਜ਼ਾਰ ਰੁਪਏ ਖਰਚਾ ਆ ਰਿਹਾ। ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਥੋੜ੍ਹੀ ਹੈ, ਉਨ੍ਹਾਂ ਨੂੰ ਤਾਂ ਹੋਰ ਵੀ ਇਹ ਸਭ ਕੁੱਝ ਕਰਨਾ ਔਖਾ ਲੱਗ ਰਿਹਾ, ਕਿਉਂਕਿ ਨਾ ਤਾਂ ਉਨ੍ਹਾਂ ਕੋਲ ਟਰੈਕਟਰ ਹਨ ਅਤੇ ਨਾ ਹੀ ਕੋਈ ਜੇ ਸੀ ਬੀ, ਇਸ ਦੇ ਕਾਰਨ ਉਨ੍ਹਾਂ ਨੂੰ ਕਿਰਾਏ 'ਤੇ ਸਭ ਕੁੱਝ ਲੈਣਾ ਪੈ ਰਿਹੈ।

ਝੋਨੇ ਦੀ ਫ਼ਸਲ ਸਾਰੀ ਦੀ ਸਾਰੀ ਮਾਰੀ ਗਈ, ਸਬਜ਼ੀਆਂ ਤਬਾਹ ਹੋ ਗਈਆਂ, ਪਸ਼ੂ ਹੜ੍ਹਾਂ ਵਿੱਚ ਰੁੜ੍ਹ ਗਏ ਜਾਂ ਫਿਰ ਮਾਰੇ ਗਏ, ਪਰ ਬਚੇ ਤਾਂ ਮਗਰ ਕੁੱਝ ਕੁ ਜੀਅ। ਹੁਣ ਕੀਤਾ ਵੀ ਕੀ ਜਾਵੇ, ਸਰਕਾਰਾਂ ਨੇ ਤਾਂ ਹੱਥ ਖੜ੍ਹੇ ਜਿਹੇ ਕਰ ਦਿੱਤੇ ਨੇ, ਮੁਆਵਜ਼ੇ ਦੇ ਨਾਂਅ 'ਤੇ ਲੋਕਾਈ ਨੂੰ ਇਸ ਕਦਰ ਨਿਚੋੜਿਆ ਜਾ ਰਿਹਾ ਕਿ ਲੋਕ ਮੂੰਹ ਵਿਖਾਉਣ ਜੋਗੇ ਨਹੀਂ ਰਹੇ। ਪੰਜਾਬ ਦੇ ਜਿਨ੍ਹਾਂ ਹਿੱਸਿਆਂ ਵਿੱਚ ਹੜ੍ਹਾਂ ਨੇ ਤਬਾਹੀ ਮਚਾਈ, ਉੱਥੇ ਤਾਂ ਸਰਕਾਰ ਦਾ 50 ਤੋਂ 75 ਫੀਸਦੀ ਵਾਲਾ ਹੀ ਮੁਆਵਜ਼ਾ ਪੁੱਜਿਆ। ਭਾਵੇਂ ਕਿ ਕੁੱਝ ਸਰਕਾਰੀ ਦਾਅਵੇ ਕਹਿੰਦੇ ਨੇ ਕਿ ਕਈ ਕਿਸਾਨਾਂ ਨੇ ਦਰਿਆਈ ਜ਼ਮੀਨਾਂ 'ਤੇ ਕਬਜ਼ੇ ਕੀਤੇ ਹੋਏ ਸਨ, ਜਿਸ ਕਾਰਨ ਉਨ੍ਹਾਂ ਦੀਆਂ ਪੈਲੀਆਂ ਵਹਿ ਗਈਆਂ, ਪਰ ਸਵਾਲ ਇਹ ਹੈ ਕਿ ਜਿਹੜੀਆਂ ਜ਼ਮੀਨਾਂ ਦਰਿਆਵਾਂ ਤੋਂ ਕਈ-ਕਈ ਕਿਲੋਮੀਟਰ ਦੂਰ ਸਨ, ਉਨ੍ਹਾਂ ਦੀ ਤਬਾਹੀ ਦਾ ਮੁਆਵਜ਼ਾ ਜਾਂ ਫਿਰ ਉਨ੍ਹਾਂ ਦੀ ਮਦਦ ਕੌਣ ਕਰੇਗਾ, ਉਸ ਲਈ ਕੌਣ ਜ਼ਿੰਮੇਵਾਰ ਹੈ ?

ਹਾਲਾਤ ਪੰਜਾਬ ਦੇ ਇਹ ਬਣ ਚੁੱਕੇ ਨੇ ਕਿ ਸਰਹੱਦੀ ਪਿੰਡਾਂ ਦੇ ਲੋਕਾਂ ਨੂੰ ਜਿੱਥੇ ਕੁੱਝ ਸਮਾਂ ਪਹਿਲਾਂ ਭਾਰਤ-ਪਾਕਿਸਤਾਨ ਵਿਚਾਲੇ ਵਿਗੜੇ ਹਾਲਾਤ ਦੇ ਕਾਰਨ ਮਾਰ ਝੱਲਣੀ ਪਈ, ਉੱਥੇ ਹੀ ਦੂਜੇ ਪਾਸੇ ਹੜ੍ਹਾਂ ਕਾਰਨ ਇਹੀ ਸਰਹੱਦੀ ਪਿੰਡਾਂ ਦੇ ਲੋਕ ਮਾਰੇ ਗਏ। ਪੰਜਾਬ ਦੇ ਬਹੁ-ਗਿਣਤੀ ਕਿਸਾਨ ਇਸ ਵੇਲੇ ਖੇਤੀ ਛੱਡਣ ਨੂੰ ਮਜਬੂਰ ਹੋ ਚੁੱਕੇ ਹਨ। ਹਾਲਾਤ ਇਹ ਹਨ ਕਿ ਕਿਸਾਨਾਂ ਦਾ ਕਹਿਣਾ ਹੈ ਕਿ 1988 ਤੋਂ ਬਾਅਦ 2025 ਵਿੱਚ ਆਏ ਇਹਨਾਂ ਹੜ੍ਹਾਂ ਨੇ ਉਨ੍ਹਾਂ ਦੀ ਪੂਰੀ ਜ਼ਿੰਦਗੀ ਤਬਾਹ ਕਰਕੇ ਰੱਖ ਦਿੱਤੀ ਹੈ। ਇੱਕ ਕਿਸਾਨ ਨੇ ਦੱਸਿਆ ਕਿ ਉਨ੍ਹਾਂ ਨੂੰ ਪੈਰਾਂ ਸਿਰ ਖੜ੍ਹੇ ਹੋਣ ਵਾਸਤੇ ਘੱਟੋ-ਘੱਟ 20 ਤੋਂ 25 ਸਾਲ ਲੱਗ ਜਾਣਗੇ। ਇੱਕ ਕਿਸਾਨ ਇਹ ਵੀ ਕਹਿੰਦਾ ਸੁਣਾਈ ਦਿੱਤਾ ਕਿ ਲੱਗਭੱਗ ਇੱਕ ਪੀੜ੍ਹੀ ਇਹਨਾਂ ਹੜ੍ਹਾਂ ਨੇ ਤਬਾਹ ਕਰ ਦਿੱਤੀ ਹੈ। ਕਿਸਾਨ ਕਹਿੰਦੇ ਹਨ ਕਿ ਉਨ੍ਹਾਂ ਨੇ ਫ਼ਸਲ ਵੇਚ ਕੇ ਹੀ ਅੱਗੇ ਸਭ ਕੁੱਝ ਕਰਨਾ ਸੀ, ਵਿਆਹ ਰੱਖੇ ਸੀ ਅਤੇ ਹੋਰ ਕਈ ਪ੍ਰੋਗਰਾਮ, ਪਰ ਹੜ੍ਹਾਂ ਨੇ ਉਨ੍ਹਾਂ ਸਾਰਿਆਂ 'ਤੇ ਪਾਣੀ ਫੇਰ ਕੇ ਰੱਖ ਦਿੱਤਾ। ਬਹੁਤੇ ਮੁੰਡੇ ਕੁੜੀਆਂ ਦੇ ਵਿਆਹ ਤਾਂ ਹੜ੍ਹਾਂ ਨੇ ਹੀ ਤੁੜਵਾ ਦਿੱਤੇ।

ਖੇਤਾਂ ਵਿੱਚ ਅੱਠ-ਅੱਠ ਫੁੱਟ ਪਈ ਰੇਤ ਨੇ ਜਿੱਥੇ



ਕਿਸਾਨਾਂ ਦੇ ਸੁਪਨਿਆਂ ਨੂੰ ਪੂਰੀ ਤਰ੍ਹਾਂ ਤੋੜ ਕੇ ਰੱਖ ਦਿੱਤਾ ਹੈ, ਉੱਥੇ ਹੀ ਦੂਜੇ ਪਾਸੇ ਹੁਣ ਚਿੰਤਾ ਇਸ ਗੱਲ ਦੀ ਹੈ ਕਿ ਜੇਕਰ ਨਵੰਬਰ ਮਹੀਨੇ ਵਿੱਚ ਵਿੱਚ ਖੇਤਾਂ ਰੇਤ ਕੱਢ ਕੇ ਕਣਕ ਦੀ ਬਿਜਾਈ ਹੋ ਗਈ ਤਾਂ ਠੀਕ ਹੈ, ਨਹੀਂ ਤਾਂ ਉਨ੍ਹਾਂ ਕੋਲ ਤਾਂ ਦਾਣੇ ਵੀ ਨਹੀਂ ਬਚਣੇ ਖਾਣ ਵਾਸਤੇ। ਕਿਸਾਨ ਕਹਿੰਦੇ ਹਨ ਕਿ ਹੁਣ ਖੇਤਾਂ ਵਿੱਚ ਕਣਕ ਬੀਜਣ ਦਾ ਵੇਲਾ ਹੈ, ਪਰ ਖੇਤਾਂ ਵਿੱਚ ਕਣਕ ਦੀ ਬਿਜਾਈ ਕਰਨ ਦੀ ਬਿਜਾਏ ਉਹ ਖੇਤਾਂ ਵਿੱਚੋਂ ਰੇਤ ਕੱਢ ਰਹੇ ਨੇ, ਚਾਰੇ ਪਾਸੇ ਰੇਤ ਹੀ ਰੇਤ ਵਿਖਾਈ ਦੇ ਰਹੀ ਹੈ, ਕਿਸਾਨਾਂ ਨੂੰ ਕਿੰਨੇ ਪੈਸੇ ਮਿਲਣਗੇ ਅਤੇ ਕਿੱਥੋਂ ਮਿਲਣਗੇ, ਇਸ ਬਾਰੇ ਕੋਈ ਅਤਾ-ਪਤਾ ਨਹੀਂ। ਬਹੁਤ ਸਾਰੀਆਂ ਸੰਸਥਾਵਾਂ ਦੇ ਵੱਲੋਂ ਕਿਸਾਨਾਂ ਦੀ ਮਦਦ ਕੀਤੀ ਜਾ ਰਹੀ ਹੈ। ਕਿਸਾਨ ਕਹਿੰਦੇ ਹਨ ਕਿ ਇਹਨਾਂ ਖੇਤਾਂ ਵਿੱਚੋਂ ਰੇਤ ਕੱਢਣ ਲਈ ਲੱਖਾਂ-ਕਰੋੜਾਂ ਰੁਪਏ ਲੱਗ ਜਾਣਗੇ, ਪਰ ਇੰਨੀ ਮਦਦ ਕਰੇਗਾ ਕੌਣ ?

ਫ਼ਿਰੋਜ਼ਪੁਰ ਵਿੱਚ ਹੜ੍ਹਾਂ ਨੇ ਵੀ ਕਾਫ਼ੀ ਤਬਾਹੀ ਮਚਾਈ। ਦਰਜਨਾਂ ਪਿੰਡ ਹੜ੍ਹਾਂ ਦੀ ਮਾਰ ਹੇਠ ਆਏ ਅਤੇ ਸੈਂਕੜੇ ਏਕੜ ਫ਼ਸਲਾਂ ਮਾਰੀਆਂ ਗਈਆਂ, ਬੋਰਵੈੱਲ ਸਭ ਤਬਾਹ ਹੋ ਗਏ, ਘਰ-ਬਾਰ ਸਭ ਟੁੱਟ ਗਏ, ਪਰ ਪਿੱਛੇ ਬਚਿਆ ਸਿਰਫ਼ ਤੇ ਸਿਰਫ਼ ਸਦਮਾ। ਫ਼ਸਲਾਂ ਨੂੰ ਵੇਖ ਕੇ ਰੋਂਦੇ ਕਿਸਾਨ ਇਹ ਕਹਿ ਰਹੇ ਹਨ ਕਿ ਉਨ੍ਹਾਂ ਦੇ ਅਰਮਾਨਾਂ 'ਤੇ ਕੁਦਰਤ ਨੇ ਤਾਂ ਪਾਣੀ ਫੇਰਿਆ ਹੀ ਸੀ, ਸਗੋਂ ਸਰਕਾਰਾਂ ਦੀਆਂ ਗਲਤੀਆਂ ਦੇ ਕਾਰਨ ਵੀ ਸਾਨੂੰ ਇਹਨਾਂ ਭਿਆਨਕ ਹੜ੍ਹਾਂ ਦਾ ਸਾਹਮਣਾ ਕਰਨਾ ਪਿਆ। ਕਿਸਾਨ ਕਹਿੰਦੇ ਹਨ ਕਿ ਉਨ੍ਹਾਂ ਨੂੰ ਘੱਟੋ-ਘੱਟ 20 ਹਜ਼ਾਰ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਕੀਤਾ ਹੈ, ਪਰ ਮੁਆਵਜ਼ਾ ਅਜੇ ਪੰਜਾਬ ਦੇ ਬਹੁਤੇ ਕਿਸਾਨਾਂ ਨੂੰ ਨਹੀਂ ਮਿਲਿਆ। ਬਹੁਤ ਸਾਰੇ ਸਰਹੱਦੀ ਪਿੰਡਾਂ ਵਿੱਚ ਇਸ ਵੇਲੇ ਤਬਾਹੀ ਦੇ ਮੰਜ਼ਰ ਸਾਫ਼ ਵਿਖਾਈ ਦੇ ਰਹੇ ਨੇ।

ਫ਼ਾਜ਼ਿਲਕਾ ਜ਼ਿਲ੍ਹੇ ਦੀ ਜੇਕਰ ਗੱਲ ਕਰੀਏ ਤਾਂ ਉੱਥੇ ਸਤਲੁਜ ਦਰਿਆ ਨੇ ਸਭ ਤੋਂ ਵੱਧ ਮਾਰ ਕੀਤੀ ਹੈ। ਜਦੋਂ ਪੰਜਾਬ ਦੇ ਗੁਰਦਾਸਪੁਰ, ਪਠਾਨਕੋਟ ਹੀ ਹੜ੍ਹਾਂ ਦੀ ਮਾੜੀ-ਮੋਟੀ ਲਪੇਟ ਵਿੱਚ ਆਉਣੇ ਸ਼ੁਰੂ ਹੋਏ ਸੀ ਤਾਂ ਉਸ ਵੇਲੇ ਫ਼ਾਜ਼ਿਲਕਾ ਦੇ ਕਈ ਪਿੰਡ ਹੜ੍ਹਾਂ ਦੀ ਮਾਰ ਹੇਠ ਆ ਚੁੱਕੇ ਸਨ। ਸਤਲੁਜ ਨੇ ਕਈ ਪਿੰਡਾਂ ਦੀ ਫ਼ਸਲ ਤਬਾਹ ਕਰ ਦਿੱਤੀ ਹੈ, ਮੁੱਖ ਤੌਰ 'ਤੇ ਝੋਨੇ ਦੀ ਫ਼ਸਲ। ਉੱਥੋਂ ਦੇ ਕਿਸਾਨ ਕਹਿੰਦੇ ਹਨ ਕਿ ਹੜ੍ਹਾਂ ਕਾਰਨ ਉਨ੍ਹਾਂ ਨੂੰ ਬਹੁਤ ਭਾਰੀ ਨੁਕਸਾਨ ਹੋਇਆ ਹੈ, ਪਰ ਸਭ ਤੋਂ ਵੱਡੀ ਚਿੰਤਾ ਇਸ ਵੇਲੇ ਇਹ ਹੈ ਕਿ ਉਹ ਕਣਕ ਕਿਵੇਂ ਬੀਜਣਗੇ, ਕਿਉਂਕਿ ਪੈਲੀਆਂ ਵਿੱਚ ਕਈ-ਕਈ ਫੁੱਟ ਰੇਤ ਚੜ੍ਹੀ ਪਈ ਹੈ।

ਹੁਣ ਸਵਾਲ ਉੱਠਦਾ ਹੈ ਕਿ ਸਰਕਾਰਾਂ ਨੂੰ ਕਰਨਾ ਕੀ ਚਾਹੀਦਾ ? ਦੇਖੋ ਇਸ ਵਾਰ ਜਿਹੜੇ ਹੜ੍ਹ ਆਏ, ਇਹਨਾਂ ਨੇ ਬਹੁਤ ਜ਼ਿਆਦਾ ਤਬਾਹੀ ਮਚਾਈ, ਦੁਨੀਆ ਭਰ ਦੇ ਵੱਡੇ ਅਖ਼ਬਾਰਾਂ ਨੇ ਪੰਜਾਬ ਦੇ ਹੜ੍ਹਾਂ ਨੂੰ ਕਵਰ ਕੀਤਾ। ਬੇਸ਼ੱਕ ਸਾਡੇ ਦੇਸ਼ ਦੇ ਨੈਸ਼ਨਲ ਮੀਡੀਆ ਨੇ ਇਸ ਨੂੰ ਬਹੁਤਾ ਨਹੀਂ ਵਿਖਾਇਆ, ਜਦੋਂ ਕੇਂਦਰੀ ਮੰਤਰੀ ਪੰਜਾਬ ਦਾ ਦੌਰਾ ਕਰਨ ਆਏ ਜਾਂ ਫਿਰ ਪ੍ਰਧਾਨ ਮੰਤਰੀ ਦੌਰਾ ਕਰਨ ਆਏ, ਉਦੋਂ ਹੀ ਪੰਜਾਬ ਦੀ ਝਲਕ ਟੀਵੀਆਂ 'ਤੇ ਦਿਖਾਈ, ਪਰ ਪੰਜਾਬ ਕਰੀਬ ਡੇਢ ਮਹੀਨਾ ਡੁੱਬਿਆ ਰਿਹਾ, ਪਰ ਕਿਸੇ ਵੀ ਨੈਸ਼ਨਲ ਚੈਨਲ ਨੇ ਪੰਜਾਬ ਨੂੰ ਕਵਰ ਨਹੀਂ ਕੀਤਾ। ਹੁਣ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਇੱਕ ਵਧੀਆ ਨੀਤੀ ਬਣਾਉਣ ਅਤੇ ਆਉਂਦੇ ਸਾਲ ਦੀ ਉਡੀਕ ਨਾ ਕਰਨ, ਕਿਸਾਨਾਂ ਦੀਆਂ ਪੈਲੀਆਂ ਵਿੱਚੋਂ ਰੇਤ ਕਢਾਉਣ ਵਾਸਤੇ ਕੋਈ ਉੱਚੇ ਪ੍ਰਬੰਧ ਕੀਤੇ ਜਾਣ, ਇਸ ਤੋਂ ਇਲਾਵਾ ਡੈਮਾਂ ਵਿੱਚ ਜੰਮੀ ਪਹਾੜੀ ਮਿੱਟੀ ਨੂੰ ਕੱਢਣ ਵਾਸਤੇ ਜਲ ਸਰੋਤ ਮਹਿਕਮਾ ਅਤੇ ਨਹਿਰੀ ਮਹਿਕਮੇ ਦੇ ਇੰਜੀਨੀਅਰਾਂ ਦੀ ਸਲਾਹ ਲਈ ਜਾਵੇ। ਇਸ ਤੋਂ ਇਲਾਵਾ ਡੈਮਾਂ ਨੂੰ ਸਾਫ਼ ਕੀਤਾ ਜਾਵੇ ਅਤੇ ਦਰਿਆਵਾਂ ਅਤੇ ਨਹਿਰਾਂ ਦੀ ਬਣਤਰ ਵੀ ਸੁਧਾਰੀ ਜਾਵੇ। ਵੈਸੇ ਗੱਲਾਂ ਨਾਲ ਕੰਮ ਨਹੀਂ ਬਣਨੇ, ਭ੍ਰਿਸ਼ਟਾਚਾਰ ਨੀਤੀਆਂ ਸਰਕਾਰਾਂ ਨੂੰ ਖ਼ਤਮ ਕਰਨੀਆਂ ਪੈਣਗੀਆਂ, ਜੇਕਰ ਪੰਜਾਬ ਨੂੰ ਪੰਜਾਬ ਰਹਿਣ ਦੇਣਾ ਹੈ ਤਾਂ ਇੱਥੇ ਸਭ ਤੋਂ ਪਹਿਲਾਂ ਇਮਾਨਦਾਰੀ ਨਾਲ ਡੈਮਾਂ ਦੀ ਸਫ਼ਾਈ ਕਰਾਉਣੀ ਹੋਵੇਗੀ, ਡੈਮਾਂ ਵਿੱਚ ਬਾਹਰੋਂ ਆਉਂਦੇ ਯਾਨੀ ਕਿ ਪਹਾੜਾਂ ਤੋਂ ਆਉਂਦੇ ਪਾਣੀ ਨੂੰ ਠੱਲ੍ਹ ਪਾਉਣ ਵਾਸਤੇ ਪੱਧਰ ਉੱਚਾ ਕਰਨਾ ਪਵੇਗਾ, ਇਸ ਤੋਂ ਇਲਾਵਾ ਜੇਕਰ ਸੂਬੇ ਨੂੰ ਬਚਾਉਣ ਵਾਸਤੇ ਹੋਰ ਡੈਮ ਬਣਾਉਣ ਦੀ ਲੋੜ ਵੀ ਪੈਂਦੀ ਹੈ ਤਾਂ ਉਹ ਵੀ ਬਣਾਏ ਜਾ ਸਕਦੇ ਨੇ।

ਇੱਥੇ ਗੱਲ ਵਿਸ਼ੇਸ਼ ਤੌਰ 'ਤੇ ਦੱਸਣ ਦੀ ਲੋੜ ਹੈ ਕਿ ਦਰਿਆਵਾਂ ਦੀ ਸਫ਼ਾਈ ਅਤੇ ਡੈਮਾਂ ਵਿੱਚੋਂ ਪਹਾੜੀ ਮਿੱਟੀ ਕੱਢਣ ਦਾ ਕੰਮ ਕੋਈ ਆਮ ਬੰਦੇ ਦਾ ਨਹੀਂ, ਇਸ ਲਈ ਸਰਕਾਰਾਂ ਨੂੰ ਅਤੇ ਬੋਰਡ ਨੂੰ ਕੋਈ ਵਧੀਆ ਨੀਤੀ ਬਣਾਉਣੀ ਪੈਣੀ ਹੈ, ਤਾਂ ਹੀ ਇਹ ਸਭ ਕੁੱਝ ਕਾਰਜ ਸੰਭਵ ਹੋ ਸਕਦਾ ਹੈ, ਨਹੀਂ ਤਾਂ ਅਗਲਾ ਸਾਲ ਸਿਰ 'ਤੇ ਹੈ ਅਤੇ ਹੜ੍ਹ ਵੀ ਜ਼ਰੂਰ ਆਉਣਗੇ। ਵੇਖਦੇ ਹਾਂ ਕਿ ਸਰਕਾਰਾਂ ਕੀ ਕਰਦੀਆਂ ਨੇ ? ਸਵਾਲ ਬੜੇ ਵੱਡੇ ਨੇ, ਪਰ ਰੇਤਾਂ ਦੇ ਟਿੱਬਿਆਂ ਵਿੱਚ ਗਵਾਚੇ ਖੇਤਾਂ ਵਿੱਚ ਕਿਸਾਨ ਫ਼ਸਲਾਂ ਕਿਵੇਂ ਉਗਾਉਣਗੇ, ਇਹ ਸਵਾਲ ਸਭ ਤੋਂ ਵੱਡਾ ਹੈ ਅਤੇ ਇਸ ਬਾਰੇ ਸਰਕਾਰਾਂ ਨੂੰ ਸੋਚਣਾ ਚਾਹੀਦਾ ਹੈ ਅਤੇ ਇਸ਼ਤਿਹਾਰਬਾਜ਼ੀ ਅਤੇ ਬਿਆਨਬਾਜ਼ੀ ਤੋਂ ਟਾਲਾ ਵੱਟ ਕੇ ਅਸਲ ਵਿੱਚ ਕਿਸਾਨਾਂ ਦੀ ਮਦਦ ਕਰਨੀ ਚਾਹੀਦੀ ਹੈ।

# ਸੰਪਰਕ : 95698-20314

# ਅਵਾਰਾ ਕੁੱਤਿਆਂ ਤੋਂ ਨਿਜਾਤ ਲਈ ਆਏ ਫੈਸਲਿਆਂ ਤੋਂ ਰਾਜ ਸਰਕਾਰਾਂ ਗੰਭੀਰ ਨੇ

ਮੇਜਰ ਸਿੰਘ ਨਾਭਾ

ਪਿਛਲੇ ਮਹੀਨਿਆਂ 'ਚ ਅਵਾਰਾ ਕੁੱਤਿਆਂ ਦੇ ਗੰਭੀਰ ਮੁੱਦੇ ਉੱਪਰ ਸੁਪਰੀਮ ਕੋਰਟ ਕਈ ਫੈਸਲੇ ਆ ਚੁੱਕੇ ਹਨ, ਜਿਨ੍ਹਾਂ 'ਚੋਂ ਇੱਕ ਸਖਤ ਫੈਸਲਾ ਆਇਆ ਸੀ, ਜਿਸ ਵਿੱਚ ਦਿੱਲੀ ਸਰਕਾਰ, ਐੱਮ.ਸੀ.ਡੀ. ਅਤੇ ਐੱਨ.ਡੀ.ਐਮ.ਸੀ. ਨੂੰ ਅੱਠ ਹਫਤੇ 'ਚ ਕੁੱਤਿਆਂ ਲਈ ਸੈਲਟਰ ਘਰ ਅਤੇ ਇਸ ਦੇ ਬੁਨਿਆਦੀ ਢਾਂਚੇ ਦੀ ਰਿਪੋਰਟ ਦੇਣ ਲਈ ਕਿਹਾ ਸੀ। ਇਨ੍ਹਾਂ ਕੁੱਤਿਆਂ ਦੇ ਬੱਚਿਆਂ ਅਤੇ ਬਜ਼ੁਰਗਾਂ ਨੂੰ ਵੱਢਣ ਦੀ ਮੀਡੀਆ ਵਿੱਚ ਕਾਫੀ ਚਰਚਾ ਹੋਣ 'ਤੇ ਇਹ ਸਖਤ ਫੈਸ਼ਲਾ ਜਨ ਹਿੱਤ ਵਿੱਚ ਆਇਆ ਸੀ। ਫੈਸਲੇ ਵਿੱਚ ਇਹ ਵੀ ਸਵਾਲ ਆਇਆ ਹੈ ਕਿ ਦਿੱਲੀ ਵਿੱਚ ਬੱਚਿਆਂ ਨੂੰ ਕੱਟਣ ਕਾਰਨ ਰੈਬੀਜ਼ ਨਾਲ ਜੂਝਣ ਕਾਰਨ ਉਨ੍ਹਾਂ ਦੀ ਜ਼ਿੰਦਗੀ ਨੂੰ ਪਸ਼ੂ ਅਤੇ ਕੁੱਤਾ ਪ੍ਰੇਮੀ ਕੀ ਵਾਪਸ ਲਿਆ ਦੇਣਗੇ। ਫੈਸਲੇ 'ਚ ਇਹ ਵੀ ਕਿਹਾ ਗਿਆ ਹੈ ਕਿ ਦਿੱਲੀ ਦੇ ਸਾਰੇ ਇਲਾਕਿਆਂ ਨੂੰ ਅਵਾਰਾ ਕੁੱਤਿਆਂ ਤੋਂ ਮੁਕਤ ਕਰਾਉਣਾ ਹੈ। ਜਾਨ ਹਰੇਕ ਜੀਵ ਨੂੰ ਪਿਆਰੀ ਹੁੰਦੀ ਹੈ, ਸੋ ਸਾਰੇ ਜੀਵ-ਜੰਤੂਆਂ ਦੀ ਸੁਰੱਖਿਅਤਾ ਲਈ ਸਰਕਾਰ ਵੱਲੋਂ ਯੋਗ ਪ੍ਰਬੰਧ ਕਰਕੇ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਆਜ਼ਾਦ ਤੌਰ 'ਤੇ ਵਿਚਰਨ ਲਈ ਖੁੱਲ੍ਹ ਦਿੱਤੀ ਜਾਵੇ। ਅਕਤੂਬਰ 2025 ਦੇ ਅਖੀਰ ਵਿੱਚ ਮਾਣਯੋਗ ਸੁਪਰੀਮ ਕੋਰਟ ਨੇ ਰਾਜਾਂ ਦੇ ਢਿੱਲੇ-ਮੱਠੇ ਰਵੱਈਏ 'ਤੇ ਇਤਰਾਜ਼ ਪ੍ਰਗਟਾਉਂਦਿਆਂ ਸਾਰੇ ਰਾਜਾਂ ਦੇ ਮੁੱਖ ਸਕੱਤਰਾਂ ਨੂੰ ਨਿੱਜੀ ਤੌਰ 'ਤੇ ਅਦਾਲਤ ਵਿੱਚ ਪੇਸ਼ ਹੋਣ ਦੇ ਹੁਕਮ ਦਿੱਤੇ ਸਨ।

ਇਸੇ ਸੰਬੰਧ ਵਿੱਚ ਸੁਪਰੀਮ ਕੋਰਟ ਨੇ 7 ਨਵੰਬਰ 2025 ਨੂੰ ਵਿੱਦਿਅਕ ਸੰਸਥਾਵਾਂ, ਹਸਪਤਾਲਾਂ, ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ ਅਤੇ ਹੋਰ ਜਨਤਕ ਥਾਵਾਂ ਤੋਂ ਆਵਾਰਾ ਕੁੱਤਿਆਂ ਅਤੇ ਹੋਰ ਪਸ਼ੂਆਂ ਨੂੰ ਤੁਰੰਤ ਹਟਾਉਣ ਦੇ ਹੁਕਮ ਕੀਤੇ ਹਨ। ਅਦਾਲਤ ਨੇ ਕਿਹਾ ਹੈ ਕਿ ਜਨਤਕ ਥਾਵਾਂ ਉੱਪਰ ਵਧ ਰਹੀ ਕੁੱਤਿਆਂ ਦੀ ਗਿਣਤੀ ਨਾ ਸਿਰਫ ਜਨਤਕ ਸੁਰੱਖਿਆ ਲਈ ਖਤਰਾ ਹੈ, ਸਗੋਂ ਬੱਚਿਆਂ, ਮਰੀਜ਼ਾਂ ਅਤੇ ਬਜ਼ੁਰਗਾਂ ਲਈ ਵੀ ਗੰਭੀਰ ਚਿੰਤਾ ਦਾ ਵਿਸ਼ਾ ਹੈ। ਬੈਂਚ ਨੇ ਰਾਜ ਸਰਕਾਰਾਂ ਅਤੇ ਸਥਾਨਕ ਸੰਸਥਾਵਾਂ ਨੂੰ ਕੁੱਤਿਆਂ ਦੀ ਦੇਖਭਾਲ, ਟੀਕਾਕਰਨ ਅਤੇ ਮੁੜ ਵਸੇਬਾ ਯਕੀਨੀ ਬਣਾਉਣ ਲਈ ਹਰ ਸੰਭਵ ਹੱਲ ਅਪਣਾਉਣ ਲਈ ਕਿਹਾ ਹੈ ਅਤੇ ਅਗਲੀ ਸੁਣਵਾਈ 'ਤੇ ਕੀਤੀ ਕਾਰਵਾਈ ਦੀ ਸਮੀਖਿਆ ਕੀਤੀ ਜਾਵੇਗੀ। ਇਸ ਫਿਟਕਾਰ ਨੂੰ ਪੰਜਾਬ ਸਰਕਾਰ ਕਿਸ ਤਰ੍ਹਾਂ ਲੈਂਦੀ ਹੈ, ਇਹ ਆਉਣ ਵਾਲਾ ਸਮਾਂ ਦੱਸੇਗਾ ਕਿ ਕੁੱਤਿਆਂ ਨੂੰ ਜਨਤਕ ਥਾਵਾਂ ਤੋਂ ਕਿੰਨਾ ਕੁ ਹਟਾਇਆ ਗਿਆ ਹੈ।

ਬਜ਼ੁਰਗਾਂ ਅਤੇ ਬੱਚਿਆਂ ਲਈ ਇਹ ਅਵਾਰਾ ਕੁੱਤੇ ਜ਼ਿਆਦਾ ਖੂੰਖਾਰ ਸਿੱਧ ਹੋ ਰਹੇ ਹਨ। ਪੰਜਾਬ ਅੰਦਰ ਪਿਛਲੇ ਸਾਲਾਂ ਤੋਂ ਖੂੰਖਾਰ ਕੁੱਤਿਆਂ ਵੱਲੋਂ ਕਈ ਛੋਟੇ ਬੱਚਿਆਂ, ਬਜ਼ੁਰਗਾਂ ਨੂੰ ਨੋਚ-ਨੋਚ ਕੇ ਮੌਤ ਦੇ ਮੂੰਹ ਪਾਇਆ ਹੈ। ਇਨ੍ਹਾਂ ਪੀੜਤ ਪਰਵਾਰਾਂ ਦਾ ਦੁੱਖ ਉਹੀ ਜਾਣਦੇ ਹਨ। ਕਈ ਵਾਰੀ ਇਨ੍ਹਾਂ ਜਾਨਵਰਾਂ ਦੀ ਨਸ਼ਬੰਦੀ ਕਰਨ, ਫੜਨ ਆਦਿ ਦੀ ਗੱਲ ਤੁਰਦੀ ਹੈ, ਪਰ ਨਤੀਜਾ ਸਾਹਮਣੇ ਕੋਈ ਨਹੀਂ ਆਉਂਦਾ। ਅਵਾਰਾ ਕੁੱਤੇ ਗਲੀਆਂ ਵਿੱਚ ਜੋ ਗੰਦ ਪਾਉਂਦੇ ਹਨ, ਉਥੋਂ ਲੰਘਣਾ ਵੀ ਮੁਸ਼ਕਲ ਹੋ ਜਾਂਦਾ ਹੈ। ਪਾਲਤੂ ਕੁੱਤੇ ਨੂੰ ਕਈ ਪ੍ਰੇਮੀ ਖੁੱਲ੍ਹਾ ਛੱਡ ਕੇ ਆਪਣੇ ਨਾਲ ਲਿਜਾਣ ਵਿੱਚ ਸ਼ਾਨ ਸਮਝਦੇ ਹਨ, ਪਰ ਜਾਨਵਰ ਦਾ ਕੀ ਭਰੋਸਾ ਕਦੋਂ ਕਿਸੇ ਨੂੰ ਵੱਢ ਲਵੇ, ਕਈ ਘਟਨਾਵਾਂ ਇਸ ਤਰ੍ਹਾਂ ਵਾਪਰ ਜਾਂਦੀਆਂ ਹਨ। ਸੋ ਇਸ ਤਰ੍ਹਾਂ ਖੁੱਲ੍ਹੇ ਕੁੱਤੇ ਲਿਜਾਣ ਉੱਪਰ ਪਾਬੰਦੀ ਹੋਣੀ ਚਾਹੀਦੀ ਹੈ। ਇਹ ਪ੍ਰੇਮੀ ਸਵੇਰੇ ਹੀ ਦੂਸਰਿਆਂ ਦੇ ਘਰ ਮੂਹਰੇ, ਰਸਤਿਆਂ ਵਿਚਕਾਰ ਜਿੱਥੇ ਵੀ ਜਾਨਵਰ ਦਾ ਜੀਅ ਕਰਦਾ, ਉਥੇ ਹੀ ਪੌਟੀ ਕਰਵਾ ਦਿੰਦੇ ਹਨ, ਜਿਸ ਕਰਕੇ ਰਸਤੇ ਲੰਘਣ ਲਈ ਖਰਾਬ / ਗੰਦੇ ਹੋ ਜਾਂਦੇ ਹਨ। ਇਸ ਸੰਬੰਧੀ ਵੀ ਜਾਨਵਰ ਪਾਲਣ ਵਾਲਿਆਂ ਲਈ ਦਿਸ਼ਾ-ਨਿਰਦੇਸ਼ ਹੋਣੇ ਚਾਹੀਦੇ ਹਨ।

ਚੰਡੀਗੜ੍ਹ ਵਿੱਚ ਇੱਕ ਖਬਰ ਮੁਤਾਬਕ ਅਵਾਰਾ ਜਾਨਵਰਾਂ ਦੇ ਕਹਿਰ ਕਾਰਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਦਿਸ਼ਾ-ਨਿਰਦੇਸ਼ 'ਤੇ ਯੂ.ਟੀ. ਪ੍ਰਸ਼ਾਸਨ ਵੱਲੋਂ ਅਵਾਰਾ ਜਾਨਵਰਾਂ ਦੇ ਹਮਲੇ ਦੇ ਸ਼ਿਕਾਰ ਹੋਏ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਬਣਾਈ ਕਮੇਟੀ ਕੋਲ ਇੱਕ ਸਾਲ ਵਿੱਚ 495 ਲੋਕਾਂ ਨੇ ਮੁਆਵਜ਼ਾ ਲੈਣ ਲਈ ਅਪਲਾਈ ਕੀਤਾ, ਜਿਸ ਵਿੱਚੋਂ 480 ਮਾਮਲੇ ਕੁੱਤਿਆਂ ਦੇ ਵੱਢਣ ਦੇ ਹਨ। ਵਧੇਰੇ ਮਾਮਲਿਆਂ 'ਤੇ ਪ੍ਰਸ਼ਾਸਨ ਸੁਣਵਾਈ ਕਰ ਚੁੱਕਾ ਹੈ ਅਤੇ ਬਾਕੀਆਂ 'ਤੇ ਸੁਣਵਾਈ ਕਰ ਰਿਹਾ ਹੈ। ਇਸ ਤਰ੍ਹਾਂ ਕਮੇਟੀ ਨੇ 184 ਮਾਮਲਿਆਂ ਵਿੱਚੋਂ 171 ਵਿਅਕਤੀਆਂ ਨੂੰ 28 ਲੱਖ ਤੋਂ ਵੱਧ ਦਾ ਮੁਆਵਜ਼ਾ ਦਿੱਤਾ ਜਾ ਚੁੱਕਾ ਹੈ। ਅਜੇ 291 ਮਾਮਲੇ ਬਕਾਇਆ ਹਨ।

ਹਰ ਰੋਜ਼ ਕੋਈ ਨਾ ਕੋਈ ਖਬਰ ਅਵਾਰਾ ਕੁੱਤਿਆਂ/ਡੰਗਰਾਂ ਨਾਲ ਦੁਰਘਟਨਾ 'ਚ ਮਰਨ ਵਾਲਿਆਂ ਦੀ ਹੁੰਦੀ ਹੈ। ਇਨ੍ਹਾਂ ਕੁੱਤਿਆਂ/ਡੰਗਰਾਂ ਦੇ ਝੁੰਡਾਂ ਦੇ ਝੁੰਡ ਸੜਕਾਂ 'ਤੇ ਫਿਰਦੇ ਅਤੇ ਬੈਠੇ ਦਿਖਾਈ ਆਮ ਦਿੰਦੇ ਹਨ। ਬਹੁਤੀਆਂ ਸੜਕਾਂ ਤੇ ਸੈਰ ਕਰਨ ਵਾਲਿਆਂ ਲਈ ਵੀ ਰਸਤਾ ਸੁਰੱਖਿਅਤ ਨਹੀਂ ਹੈ। ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਹੈ। ਲੋਕਤੰਤਰੀ ਸਰਕਾਰ ਦਾ ਫਰਜ਼ ਹੈ ਕਿ ਉਹ ਲੋਕਾਂ ਦੀਆਂ ਗੰਭੀਰ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰੇ। ਜੇ ਸਰਕਾਰ ਸੁਹਿਰਦਤਾ ਨਾਲ ਲੋਕਾਂ ਦੀ ਆਵਾਜ਼ ਸੁਣੇਗੀ ਤਾਂ ਹੀ ਉਹ ਲੋਕਾਂ 'ਚ ਲੋਕਪ੍ਰਿਆ ਹੋ ਸਕਦੀ ਹੈ। ਸੋ ਇਸ ਤਰ੍ਹਾਂ ਇਨ੍ਹਾਂ ਅਵਾਰਾ ਕੁੱਤਿਆਂ, ਜੰਗਲੀ ਜੀਵਾਂ ਅਤੇ ਅਵਾਰਾ ਡੰਗਰਾਂ ਦੁਆਰਾ ਆਮ ਲੋਕਾਂ ਦੇ ਜਾਨੀ-ਮਾਲੀ ਨੁਕਸਾਨ ਨੂੰ ਤੁਰੰਤ ਰੋਕਣ ਲਈ ਪੰਜਾਬ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਇਨ੍ਹਾਂ ਜੀਵ-ਜੰਤੂਆਂ, ਜਾਨਵਰਾਂ ਦੀ ਉਚਿੱਤ ਸੰਭਾਲ ਲਈ ਹਰ ਸੰਭਵ ਉਪਰਾਲਾ ਕਰਨਾ ਚਾਹੀਦਾ ਹੈ।

# ਸੰਪਰਕ: 94635-53962

# ਗਦਰੀ ਹਰਨਾਮ ਸਿੰਘ ਟੁੰਡੀਲਾਟ ਦਾ ਜੀਵਨ ਅਧਿਆਇ

ਪਿਰਥੀਪਾਲ ਸਿੰਘ ਮਾੜੀਮੇਘਾ



ਗ਼ਦਰੀ ਦੇਸ਼ ਭਗਤ ਹਰਨਾਮ ਸਿੰਘ ਟੁੰਡੀਲਾਟ ਦਾ ਪਿੰਡ ਕੋਟਲਾ ਨੌਧ ਸਿੰਘ ਹੈ। ਇਸ ਪਿੰਡ ਦੇ ਗਦਰੀ ਅਮਰ ਸਿੰਘ ਤੇ ਸ਼ਿਵ ਵੀ ਹੋਏ ਅਤੇ ਗ਼ਦਰੀ ਗੁਲਾਬ ਕੌਰ ਦਾ ਡੇਰਾ ਵੀ ਇਥੇ ਸੀ। ਹਰਨਾਮ ਸਿੰਘ 'ਗਦਰ' ਅਖ਼ਬਾਰ ਦੇ ਐਡੀਟਰ ਬਣੇ ਸਨ। ਉਨ੍ਹਾ ਦਾ ਜਨਮ 26 ਅਕਤੂਬਰ 1884 ਨੂੰ ਹੋਇਆ। ਉਨ੍ਹਾ ਨੇ ਸਕੂਲ ਦੀ ਪੜ੍ਹਾਈ ਤੋਂ ਇਲਾਵਾ ਸ਼ਾਹ ਬਹਿਰਾਮ, ਹੀਰ ਵਾਰਿਸ, ਕਿਸ਼ਨ ਸਿੰਘ ਦੀ ਹੀਰ, ਕਾਲੀ ਦਾਸ ਦੇ ਕਿੱਸੇ, ਈਸ਼ਰ ਦਾਸ ਦੀਆਂ ਕਾਫੀਆਂ ਆਦਿ ਕਈ ਕਿਤਾਬਾਂ ਪੜ੍ਹੀਆਂ। ਕਿੱਸੇ ਪੜ੍ਹਨ ਕਰਕੇ ਬੋਲੀਆਂ ਤੇ ਟੱਪੇ ਗਾਉਣ ਦਾ ਸ਼ੌਕ ਪੈਦਾ ਹੋ ਗਿਆ।

ਹਰਨਾਮ ਸਿੰਘ ਪੇਂਡੂ ਮੇਲਿਆਂ 'ਤੇ ਆਏ ਸਿਪਾਹੀਆਂ ਨੂੰ ਚੰਗੇ ਸੂਟ ਬੂਟ ਪਾਏ ਵੇਖਦੇ ਤੇ ਉਨ੍ਹਾਂ ਦੇ ਹਿਰਦੇ ਵਿੱਚ ਵੀ ਫੌਜ ਵਿੱਚ ਭਰਤੀ ਹੋਣ ਦੀ ਜਗਿਆਸਾ ਪੈਦਾ ਹੋ ਗਈ ਅਤੇ ਪਿਸ਼ਾਵਰ ਜਾ ਕੇ ਫ਼ੌਜ ਵਿੱਚ ਭਰਤੀ ਹੋ ਗਏ।

ਗ਼ਦਰੀ ਹਰਨਾਮ ਸਿੰਘ ਨੂੰ ਫ਼ੌਜ ਵਿੱਚ ਨੌਕਰੀ ਕਰਦਿਆਂ 1904 ਦੇ ਅਖੀਰ ਜਾਂ 1905 ਦੇ ਸ਼ੁਰੂ ਵਿੱਚ ਲਾਹੌਰ ਤੋਂ ਨਿਕਲਦਾ ਅਖ਼ਬਾਰ 'ਅਖ਼ਬਾਰਿਆਮ' ਮਿਲਿਆ ਤੇ ਉਸ ਵਿੱਚ ਸੁਆਮੀ ਰਾਮ ਤੀਰਥ ਦੀ ਲਿਖਤ ਪੜ੍ਹ ਕੇ ਪਤਾ ਲੱਗਾ ਕਿ ਅਮਰੀਕਾ ਵਿੱਚ 7-8 ਰੁਪਏ ਰੋਜ਼ਾਨਾ ਮਜ਼ਦੂਰੀ ਮਿਲ ਜਾਂਦੀ ਹੈ।

ਹਰਨਾਮ ਸਿੰਘ ਦੇ ਪਿੰਡ ਦਾ ਮਿੱਤਰ ਅਮਰ ਸਿੰਘ ਫ਼ੌਜ 'ਚੋਂ ਨਾਂਅ ਕਟਵਾ ਕੇ ਵੈਨਕੂਵਰ ਪਹੁੰਚ ਗਿਆ ਤੇ ਉਸ ਨੇ ਹਰਨਾਮ ਸਿੰਘ ਨੂੰ ਚਿੱਠੀ ਲਿਖੀ। ਕੈਨੇਡਾ ਦਾ ਹਾਲ ਜਾਨਣ ਤੋਂ ਬਾਅਦ ਹਰਨਾਮ ਸਿੰਘ ਨੇ 10 ਫਰਵਰੀ 1906 ਨੂੰ ਫ਼ੌਜ ਦੀ ਨੌਕਰੀ ਛੱਡ ਦਿੱਤੀ ਅਤੇ 12 ਜੁਲਾਈ 1906 ਨੂੰ ਵੈਨਕੂਵਰ ਪਹੁੰਚ ਗਏ। ਕੈਨੇਡਾ ਤੋਂ ਉਹ ਅਮਰੀਕਾ ਗਏ।

ਅਮਰੀਕਾ ਵਿੱਚ ਗੁਰੂ ਦੱਤ ਕੁਮਾਰ ਅਤੇ ਹਰਨਾਮ ਸਿੰਘ ਸਾਹਰੀ ਦੀ ਕੋਸ਼ਿਸ਼ ਸੀ ਕਿ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਰਾਜਸੀ ਪਾਰਟੀ ਕਾਇਮ ਕੀਤੀ ਜਾਵੇ। ਈਸਵੀ 1911 ਵਿੱਚ ਸ਼ਹਿਰ ਪੋਰਟਲੈਂਡ (ਓਰੇਗਨ) ਦੇ ਆਲੇ-ਦੁਆਲੇ ਕੰਮ ਕਰਦੇ ਹਿੰਦੀ ਕਾਮਿਆਂ ਦੀ ਮੀਟਿੰਗ ਹੋਈ। ਗੁਰੂ ਦੱਤ ਕੁਮਾਰ ਦੀ ਤਜਵੀਜ਼ ਅਨੁਸਾਰ 'ਪੈਸੀਫਿਕ ਹਿੰਦੀ ਐਸੋਸੀਏਸ਼ਨ' ਨਾਂਅ ਦੀ ਇਕ ਜਥੇਬੰਦੀ ਬਣਾਈ ਗਈ, ਜਿਸ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਜਨਰਲ ਸਕੱਤਰ ਗੁਰੂ ਦੱਤ ਕੁਮਾਰ ਅਤੇ ਖਜ਼ਾਨਚੀ ਪੰਡਤ ਕਾਂਸ਼ੀ ਰਾਮ ਮੜੌਲੀ ਬਣੇ। ਮੀਟਿੰਗ ਵਿੱਚ ਹਰਨਾਮ ਸਿੰਘ ਟੁੰਡੀਲਾਟ ਅਤੇ ਅਮਰ ਸਿੰਘ ਕੋਟਲਾ ਨੌਧ ਸਿੰਘ ਵੀ ਹਾਜ਼ਰ ਸਨ।

ਹਿੰਦੀ ਕਾਮਿਆਂ ਦੇ ਫੈਸਲੇ ਅਨੁਸਾਰ 21 ਅਪ੍ਰੈਲ 1913 ਨੂੰ ਆਸਟੋਰੀਆ ਦੀ ਆਰਾ ਮਿੱਲ ਵਿੱਚ ਭਾਈ ਕੇਸਰ ਸਿੰਘ ਠੱਠਗੜ੍ਹ ਦੇ ਡੇਰੇ 'ਤੇ ਵੱਡਾ ਇਕੱਠ ਹੋਇਆ, ਜਿਸ ਵਿੱਚ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਮੀਤ ਪ੍ਰਧਾਨ ਬਾਬਾ ਕੇਸਰ ਸਿੰਘ ਠੱਠਗੜ੍ਹ, ਜਨਰਲ ਸਕੱਤਰ ਲਾਲਾ ਹਰਦਿਆਲ, ਮੀਤ ਸਕੱਤਰ ਠਾਕੁਰ ਦਾਸ ਧੂਰੀ, ਖਜ਼ਾਨਚੀ ਪੰਡਤ ਕਾਂਸ਼ੀ ਰਾਮ ਮੜੌਲੀ, ਮੀਤ ਸਕੱਤਰ ਹਰਨਾਮ ਸਿੰਘ ਟੁੰਡੀਲਾਟ, ਆਰਗੇਨਾਈਜ਼ਿੰਗ ਸਕੱਤਰ ਮੁਨਸ਼ੀ ਰਾਮ ਤੇ ਕਰੀਮ ਬਖ਼ਸ਼ ਨੂੰ ਚੁਣਿਆ ਗਿਆ।

ਕੈਲੀਫੋਰਨੀਆ ਵਿੱਚ ਵੀ ਹਿੰਦੀ ਕਾਮਿਆਂ ਵਿੱਚ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦੀ ਉਤੇਜਨਾ ਪੈਦਾ ਹੋ ਚੁੱਕੀ ਸੀ। ਲੋਕਾਂ ਵਿੱਚ ਬਹੁਤ ਉਤਸ਼ਾਹ ਸੀ ਅਤੇ ਉਨ੍ਹਾਂ ਪੈਸਾ ਵੀ ਪਾਰਟੀ ਨੂੰ ਖੁੱਲ ਕੇ ਦਿੱਤਾ। ਜਲਦੀ ਹੀ ਪਾਰਟੀ ਦਾ ਕੇਂਦਰੀ ਦਫ਼ਤਰ ਸਾਨਫਰਾਂਸਿਸਕੋ ਵਿਖੇ ਬਣਾ ਦਿੱਤਾ ਗਿਆ, ਜਿਸ ਦਾ ਨਾਂਅ 'ਯੁਗਾਂਤਰ ਆਸ਼ਰਮ' ਰੱਖਿਆ ਗਿਆ। ਸਾਰੇ ਕੰਮ-ਕਾਜ ਆਰੰਭ ਹੋਣ ਦੇ ਨਾਲ ਹੀ ਗ਼ਦਰ ਅਖਬਾਰ ਵੀ ਪ੍ਰਿੰਟ ਹੋਣੀ ਸ਼ੁਰੂ ਹੋ ਗਈ।

ਲਾਲਾ ਹਰਦਿਆਲ ਨੂੰ ਮਜਬੂਰੀਵੱਸ ਜਦੋਂ ਅਮਰੀਕਾ 'ਚੋਂ ਕੱਢਣਾ ਪਿਆ। ਉਨ੍ਹਾ ਤੋਂ ਬਾਅਦ ਗਦਰ ਅਖਬਾਰ ਦਾ ਐਡੀਟਰ ਹਰਨਾਮ ਸਿੰਘ ਨੂੰ ਬਣਾਇਆ ਗਿਆ। ਚਾਰ ਵਿਅਕਤੀਆਂ ਦੇ ਬੋਰਡ ਵਿੱਚ ਗਦਰੀ ਸੰਤੋਖ ਸਿੰਘ, ਜਗਤ ਰਾਮ,ਰਾਮ ਚੰਦ ਅਤੇ ਲਾਲ ਬਿਹਾਰੀ ਸਨ। ਅਖ਼ਬਾਰ ਦੇ ਮਜ਼ਬੂਨ ਬੋਰਡ ਵੇਖਦਾ ਅਤੇ ਬੈਂਕ ਦਾ ਹਿਸਾਬ ਹਰਨਾਮ ਸਿੰਘ ਕੋਲ ਸੀ।

ਗ਼ਦਰੀ ਹਰਨਾਮ ਸਿੰਘ ਨੇ ਬੰਬ ਬਣਾਉਣਾ ਸਿੱਖਿਆ ਹੋਇਆ ਸੀ ਤੇ ਉਸ ਨੇ ਕਈ ਗ਼ਦਰੀਆਂ ਨੂੰ ਬੰਬ ਬਣਾਉਣੇ ਸਿਖਾਏ। ਬੰਬ ਦੇ ਤਜਰਬੇ ਕਰਦਿਆਂ ਹਰਨਾਮ ਸਿੰਘ ਦਾ ਖੱਬਾ ਹੱਥ ਬੰਬ ਨਾਲ ਉਡ ਗਿਆ। ਪਾਰਟੀ ਦੇ ਫੈਸਲੇ ਅਨੁਸਾਰ ਗ਼ਦਰੀ ਹਿੰਦੁਸਤਾਨ ਨੂੰ ਵਹੀਰਾਂ ਘੱਤ ਤੁਰੇ। ਹਰਨਾਮ ਸਿੰਘ ਕਿਸ ਤਰ੍ਹਾਂ ਪਿੱਛੇ ਰਹਿ ਸਕਦਾ ਸੀ। ਉਸ ਨੇ ਬਣਾਉਟੀ ਬਾਂਹ ਲਵਾਈ ਤੇ ਉਹ ਵੀ ਹਿੰਦੁਸਤਾਨ ਪਹੁੰਚ ਗਿਆ, ਜਦੋਂ ਕਿ ਉਸ ਨੂੰ ਪਾਰਟੀ ਦਾ ਹੁਕਮ ਸੀ ਕਿ ਉਹ ਹਿੰਦੁਸਤਾਨ ਨਹੀਂ ਜਾਏਗਾ।

ਹਰਨਾਮ ਸਿੰਘ ਪਿੰਡ ਕੋਟਲਾ ਨੌਧ ਸਿੰਘ ਪਹੁੰਚਣ ਤੋਂ ਬਾਅਦ ਬੰਤਾ ਸਿੰਘ ਸੰਘਵਾਲ ਨੂੰ ਜਾ ਮਿਲਿਆ। ਉਨ੍ਹਾਂ ਦੋਵਾਂ ਨੇ ਸੰਘਵਾਲ, ਲੱਖਣਕੇ, ਰਮੀਦੀ, ਮਕਸੂਦਪੁਰ ਆਦਿ ਪਿੰਡਾਂ ਵਿੱਚ ਮੀਟਿੰਗਾਂ ਕਰਕੇ ਗ਼ਦਰ ਪਾਰਟੀ ਦੀ ਲਾਈਨ ਦੱਸੀ। ਅਲਾਵਲਪੁਰ ਡਾਕਾ ਪੈ ਗਿਆ ਤੇ ਹਰਨਾਮ ਸਿੰਘ ਸੰਘਵਾਲ ਛੱਡ ਕੇ ਪਿੰਡ ਮਾਣਕੋ ਬਾਬੂ ਸਿੰਘ ਕੋਲ ਚਲੇ ਗਿਆ ਤੇ ਸਾਧਾਂ ਵਾਲੇ ਕੱਪੜੇ ਲਾ ਕੇ ਸਾਧਾਰਨ ਕੱਪੜੇ ਪਾ ਲਏ। ਕਰਤਾਰ ਸਿੰਘ ਸਰਾਭਾ ਅਤੇ ਮੁਣਸ਼ਾ ਸਿੰਘ ਦੁਖੀ ਉਨ੍ਹਾਂ ਨੂੰ ਮਿਲੇ। ਲੁਧਿਆਣਾ ਸਟੇਸ਼ਨ ਤੇ, ਗਦਰੀ ਜਾਵੰਦ ਸਿੰਘ ਤੋਂ ਪਤਾ ਲੱਗਾ ਕਿ ਪਾਰਟੀ ਦਾ ਹੈੱਡਕੁਆਰਟਰ ਅੰਮ੍ਰਿਤਸਰ ਵਿਖੇ ਗੁਲਾਬ ਸਿੰਘ ਦੀ ਧਰਮਸ਼ਾਲਾ ਵਿਖੇ ਬਣਾਇਆ ਗਿਆ ਹੈ। ਹਰਨਾਮ ਸਿੰਘ ਅੰਮ੍ਰਿਤਸਰ ਚਲੇ ਗਿਆ ਤੇ ਹੈੱਡਕੁਆਰਟਰ 'ਤੇ ਹਿਰਦੇ ਰਾਮ ਤੇ ਰਾਮ ਸਰਨ ਦਾਸ ਮਿਲੇ ਤੇ ਹਾਲਾਤਾਂ ਦਾ ਪਤਾ ਲੱਗਾ।

ਹਰਨਾਮ ਸਿੰਘ ਲਾਹੌਰ ਪਹੁੰਚ ਗਿਆ ਤੇ ਰਾਸ ਬਿਹਾਰੀ ਬੋਸ ਨੂੰ ਮਿਲਿਆ। ਪਾਰਟੀ ਦੇ ਫੈਸਲੇ ਅਨੁਸਾਰ ਹਰਨਾਮ ਸਿੰਘ ਮੜੌਲੀ ਪਹੁੰਚ ਗਿਆ ਤੇ ਕਾਂਸ਼ੀ ਰਾਮ ਦੇ ਘਰਦਿਆਂ ਨੂੰ ਕਾਂਸ਼ੀ ਰਾਮ ਦੀ ਜ਼ਮਾਨਤ ਕਰਾਉਣ ਬਾਰੇ ਕਿਹਾ। ਜਦੋਂ ਹਰਨਾਮ ਸਿੰਘ ਮੁੜ ਲਾਹੌਰ ਹੈੱਡਕੁਆਰਟਰ 'ਤੇ ਆਇਆ ਤੇ ਪਤਾ ਲੱਗਾ ਕਿ ਗ਼ਦਰ ਦੀ ਤਰੀਕ 21 ਫਰਵਰੀ 1915 ਤਹਿ ਕੀਤੀ ਗਈ ਹੈ। ਗ਼ਦਰ ਲਹਿਰ ਵਿੱਚ ਵੜੇ ਕਿਰਪਾਲ ਸਿੰਘ ਮੁਖ਼ਬਰ ਨੂੰ ਗਦਰ ਦੀ ਤਰੀਕ ਦਾ ਪਤਾ ਲੱਗਣ 'ਤੇ ਹਰਨਾਮ ਸਿੰਘ ਤੇ ਸਰਨ ਦਾਸ ਰਾਸ ਬਿਹਾਰੀ ਨੂੰ ਦੱਸਣ ਗਏ ਤੇ ਤਰੀਕ ਬਦਲ ਕੇ 19 ਫਰਵਰੀ ਕੀਤੀ ਗਈ। ਕਿਰਪਾਲ ਸਿੰਘ ਨੂੰ 19 ਤਰੀਕ ਦਾ ਵੀ ਪਤਾ ਲੱਗ ਗਿਆ ਤੇ ਉਸ ਨੇ ਅੰਗਰੇਜ਼ਾਂ ਨੂੰ ਖ਼ਬਰ ਦੇ ਦਿੱਤੀ। ਗ਼ਦਰ ਅਸਫਲ ਹੋ ਗਿਆ।

ਇਸ ਪ੍ਰਸਥਿਤੀ ਵਿੱਚ ਰਾਸ ਬਿਹਾਰੀ ਬੋਸ ਨੂੰ ਲਾਹੌਰ ਤੋਂ ਕੱਢਿਆ ਤੇ ਹਰਨਾਮ ਸਿੰਘ, ਕਰਤਾਰ ਸਿੰਘ ਸਰਾਭਾ ਅਤੇ ਜਗਤ ਸਿੰਘ ਸੁਰਸਿੰਘ ਅਫਗਾਨਿਸਤਾਨ ਨੂੰ ਤੁਰ ਪਏ। ਬਾਰਡਰ ਤੋਂ ਇਸ ਸੋਚ ਨਾਲ ਵਾਪਸ ਮੁੜ ਆਏ ਕਿ ਫਿਰ ਗ਼ਦਰ ਦੀ ਤਿਆਰੀ ਕਰਦੇ ਹਾਂ। ਜਗਤ ਸਿੰਘ ਦੇ ਕਹਿਣ 'ਤੇ ਉਸ ਦੇ ਇੱਕ ਦੋਸਤ ਸਿਪਾਹੀ ਕੋਲ ਸਰਗੋਧੇ ਦੇ ਨਜ਼ਦੀਕ ਪਿੰਡ ਬਲ੍ਹਵਾਲ ਠਹਿਰ ਗਏ। ਉਹ ਸਿਪਾਹੀ ਰਸਾਲਦਾਰ ਗੰਡਾ ਸਿੰਘ ਗੰਡੀਵਿੰਡ ਦਾ ਅਰਦਲੀ ਸਿਪਾਹੀ ਸੀ। ਉਸ ਨੇ ਲਾਲਚ ਵਿੱਚ ਆ ਕੇ ਗੰਡਾ ਸਿੰਘ ਨੂੰ ਦੱਸ ਦਿੱਤਾ ਤੇ ਉਸ ਨੇ ਪੁਲਸ ਨੂੰ ਫੜਵਾ ਦਿੱਤਾ। ਅੰਗਰੇਜ਼ਾਂ ਨੇ ਗ਼ਦਰੀ ਹਰਨਾਮ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ। ਗ਼ਦਰੀ ਹਰਨਾਮ ਸਿੰਘ ਦੀ 15 ਸਤੰਬਰ 1930 ਨੂੰ ਅੰਬਾਲੇ ਤੋਂ ਰਿਹਾਈ ਹੋਈ। ਰਿਹਾਅ ਹੋਣ ਤੋਂ ਬਾਅਦ ਗ਼ਦਰੀ ਹਰਨਾਮ ਸਿੰਘ ਟੁੰਡੀਲਾਟ 1934-35-36 ਵਿੱਚ ਤਿੰਨ ਸਾਲ ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ ਵਿੱਚ ਕੰਮ ਕਰਦੇ ਰਹੇ। ਇਸ ਮਹਾਨ ਦੇਸ਼ ਭਗਤ ਇਨਕਲਾਬੀ ਦੀ ਮੌਤ 18-11-1962 ਨੂੰ ਹੋ ਗਈ।

ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ।

# ਸੰਪਰਕ : 98760-78731

# ਲਾਲਾ ਲਾਜਪਤ ਰਾਏ ਦਾ ਬਲੀਦਾਨ ਦਿਵਸ ਸ਼ਰਧਾਪੂਰਵਕ ਮਨਾਇਆ

## ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਲੋੜ : ਤਰੁਨਪ੍ਰੀਤ ਸੌਂਦ




**ਮੋਗਾ (ਇਕਬਾਲ ਸਿੰਘ ਖਹਿਰਾ)**
ਪੰਜਾਬ ਕੇਸਰੀ ਦੇ ਨਾਮ ਨਾਲ ਜਾਣੇ ਜਾਂਦੇ ਮਹਾਨ ਆਜ਼ਾਦੀ ਘੁਲਾਟੀਏ ਲਾਲਾ ਲਾਜਪਤ ਰਾਏ ਜੀ ਦਾ 97ਵਾਂ ਬਲੀਦਾਨ ਦਿਵਸ ਉਨ੍ਹਾਂ ਦੇ ਜਨਮ ਅਸਥਾਨ ਪਿੰਡ ਢੁੱਡੀਕੇ ਵਿਖੇ ਪੂਰੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ।ਇਸ ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਪੰਜਾਬ ਦੇ ਸੈਰ ਸਪਾਟਾ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਚਾਰੀ, ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਸ਼ਿਰਕਤ ਕੀਤੀ ਗਈ।ਇਸ ਮੌਕੇ ਉਨ੍ਹਾਂ ਨਾਲ ਨਿਹਾਲ ਸਿੰਘ ਵਾਲਾ ਦੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਧਰਮਕੋਟ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ, ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਬਰਿੰਦਰ ਕੁਮਾਰ ਮਧੇਕੇ, ਡਿਪਟੀ ਕਮਿਸ਼ਨਰ ਸਾਗਰ ਸੇਤੀਆ, ਐੱਸ.ਐੱਸ.ਪੀ. ਅਜੈ ਗਾਂਧੀ ਹਾਜ਼ਰ ਸਨ।

ਕੈਬਨਿਟ ਮੰਤਰੀ ਸੌਂਦ ਤੇ ਹੋਰ ਆਗੂਆਂ ਨੇ ਲਾਲਾ ਲਾਜਪਤ ਰਾਏ ਜੀ ਦੇ ਬੁੱਤ 'ਤੇ ਫੁੱਲ ਮਾਲਾਵਾਂ ਭੇਟ ਕਰਕੇ ਸ਼ਰਧਾਂਜਲੀ ਭੇਟ ਕੀਤੀ।ਇਸ ਮੌਕੇ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਅਜ਼ਾਦੀ ਦਾ ਸੰਘਰਸ਼ ਵਿੱਢਣ ਵਿੱਚ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਜੀ ਦਾ ਵਿਸ਼ੇਸ਼ ਯੋਗਦਾਨ ਰਿਹਾ।ਹਰੇਕ ਭਾਰਤ ਵਾਸੀ ਨੂੰ ਲਾਲਾ ਲਾਜਪਤ ਰਾਏ ਤੇ ਸਮੁੱਚੇ ਆਜ਼ਾਦੀ ਘੁਲਾਟੀਆਂ ਦੀਆਂ ਸ਼ਹਾਦਤਾਂ ਤੇ ਘਾਲਣਾਵਾਂ ਉੱਤੇ ਮਾਣ ਹੈ, ਜਿਨ੍ਹਾਂ ਦੇ ਸਿਰ 'ਤੇ ਅੱਜ ਅਸੀਂ ਆਜ਼ਾਦ ਫਿਜ਼ਾ ਵਿੱਚ ਸਾਹ ਲੈ ਰਹੇ ਹਾਂ।ਇਹ ਇਤਿਹਾਸਕ ਧਰਤੀ ਮਹਾਨ ਸ਼ਹੀਦ ਲਾਲਾ ਲਾਜਪਤ ਰਾਏ ਜੀ ਦਾ ਜਨਮ ਅਸਥਾਨ ਹੈ, ਇਸੇ ਧਰਤੀ ਤੋਂ ਸਾਡੇ ਗਦਰੀ ਬਾਬਿਆਂ ਨੇ ਜਨਮ ਲਿਆ।ਸਾਨੂੰ ਇਸ ਗੱਲ ਦਾ ਮਾਣ ਹੈ ਕਿ ਭਾਰਤ ਦੀ ਆਜ਼ਾਦੀ ਵਿੱਚ 90 ਫੀਸਦੀ ਯੋਗਦਾਨ ਪੰਜਾਬੀਆਂ ਦਾ ਹੈ।ਕੈਬਨਿਟ ਮੰਤਰੀ ਨੇ ਢੁੱਡੀਕੇ ਦੀ ਪੰਚਾਇਤ ਲਈ 10 ਲੱਖ ਰੁਪਏ ਦੀ ਗ੍ਰਾਂਟ ਜਾਰੀ ਕਰਨ ਦਾ ਐਲਾਨ ਕੀਤਾ।

ਇਸ ਤੋਂ ਪਹਿਲਾਂ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ, ਵਿਧਾਇਕ ਨਿਹਾਲ ਸਿੰਘ ਵਾਲਾ ਮਨਜੀਤ ਸਿੰਘ ਬਿਲਾਸਪੁਰ, ਵਿਧਾਇਕ ਧਰਮਕੋਟ ਦਵਿੰਦਰਜੀਤ ਸਿੰਘ ਲਾਡੀ ਢੋਸ, ਡਿਪਟੀ ਕਮਿਸ਼ਨਰ ਸਾਗਰ ਸੇਤੀਆ, ਐੱਸ.ਐੱਸ. ਪੀ. ਅਜੈ ਗਾਂਧੀ ਤੇ ਹੋਰ ਹਾਜ਼ਰੀਨ ਨੇ ਲਾਲਾ ਜੀ ਦੀ ਬੁੱਤ ਉੱਤੇ ਪਹੁੰਚ ਕੇ ਉਨ੍ਹਾਂ ਨੂੰ ਫੁੱਲ ਮਾਲਾਵਾਂ ਭੇਟ ਕੀਤੀਆਂ ਤੇ ਉਨ੍ਹਾਂ ਦੀ ਕੁਰਬਾਨੀ ਨੂੰ ਯਾਦ ਕੀਤਾ।ਇਸ ਮੌਕੇ ਉਨ੍ਹਾਂ ਲਾਇਬਰੇਰੀ ਤੇ ਹੋਰ ਇਤਿਹਾਸਕ ਸਥਾਨਾਂ ਨੂੰ ਵੀ ਦੇਖਿਆ।ਸਕੂਲਾਂ ਦੇ ਵਿਦਿਆਰਥੀਆਂ ਨੇ ਗੀਤ, ਗਰੁੱਪ ਸੌਂਗ ਆਦਿ ਵੰਨਗੀਆਂ ਪੇਸ਼ ਕੀਤੀਆਂ।ਇਸ ਉਪਰੰਤ ਉਨ੍ਹਾਂ ਨੇ ਪਿੰਡ ਦੇ ਹੀ ਬਾਕੀ ਸ਼ਹੀਦਾਂ ਦੀ ਯਾਦ ਵਿੱਚ ਬਣੇ ਸਮਾਰਕ 'ਤੇ ਵੀ ਫੁੱਲ ਮਾਲਾਵਾਂ ਭੇਟ ਕੀਤੀਆਂ।ਸਮਾਗਮ ਦੇ ਅੰਤ ਵਿੱਚ ਲਾਲਾ ਲਾਜਪਤ ਰਾਏ ਜਨਮ ਅਸਥਾਨ ਯਾਦਗਾਰ ਕਮੇਟੀ ਵੱਲੋਂ ਪ੍ਰਮੁੱਖ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ।

ਇਸ ਮੌਕੇ ਸਾਬਕਾ ਮੰਤਰੀ ਸ੍ਰੀਮਤੀ ਮਾਲਤੀ ਥਾਪਰ, ਲਾਲਾ ਲਾਜਪਤ ਰਾਏ ਜਨਮ ਅਸਥਾਨ ਯਾਦਗਾਰ ਕਮੇਟੀ ਦੇ ਵਾਈਸ ਚੇਅਰਮੈਨ ਰਣਜੀਤ ਸਿੰਘ ਧੰਨਾ, ਸਕੱਤਰ ਰਾਜਜੰਗ ਸਿੰਘ ਮੌਜੂਦਾ ਤੇ ਸਾਬਕਾ ਸਰਪੰਚ ਤੋਂ ਇਲਾਵਾ ਵਿਦਿਆਰਥੀ ਤੇ ਇਲਾਕੇ ਦੇ ਪਤਵੰਤੇ ਹਾਜ਼ਰ ਸਨ।

# ਬੀ ਕੇ ਯੂ ਕ੍ਰਾਂਤੀਕਾਰੀ ਨੇ ਕੋਟਲੇ ਤੇ ਰਾਜੀਆਣੇ 'ਚ ਫੂਕੇ ਮੋਦੀ ਤੇ ਮਾਨ ਸਰਕਾਰ ਦੇ ਪੁਤਲੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਆਗੂ ਸੁਰਜੀਤ ਸਿੰਘ ਕੋਟਲਾ ਤੇ ਮੱਘਰ ਸਿੰਘ ਮਾਨ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਅੱਜ ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ 'ਤੇ ਕੋਟਲਾ ਮੇਹਰ ਸਿੰਘ ਵਾਲਾ ਤੇ ਰਾਜੇਆਣੇ ਵਿੱਚ ਸੂਬਾ ਮੀਤ ਪ੍ਰਧਾਨ ਗੁਰਦੀਪ ਸਿੰਘ ਵੈਰੋਕੇ ਦੀ ਪ੍ਰਧਾਨਗੀ ਵਿੱਚ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਅਰਥੀਆਂ ਸਾੜੀਆਂ ਗਈਆਂ।ਮਜ਼ਦੂਰ ਕਿਸਾਨ ਮੋਰਚੇ ਨੇ ਸੱਦਾ ਦਿੱਤਾ ਸੀ ਕਿ ਬਿਜਲੀ ਮਹਿਕਮੇ ਦੇ ਨਿੱਜੀਕਰਨ ਵਿਰੁੱਧ, ਚਿੱਪ ਵਾਲੇ ਮੀਟਰ ਹਟਾਉਣ ਅਤੇ ਸ਼ੰਭੂ ਖਨੌਰੀ ਬਾਰਡਰਾਂ ਤੇ ਟਰਾਲੀ ਚੋਰਾਂ ਦੇ ਖਿਲਾਫ ਕੋਈ ਢੁੱਕਵੀਂ ਕਾਰਵਾਈ ਨਾ ਕਰਨ 'ਤੇ ਗੌਰਮੈਂਟ ਵੱਲੋਂ ਟਰਾਲੀਆਂ ਕਿਸਾਨਾਂ ਨੂੰ ਨਾ ਦਿਵਾਉਣ ਦੇ ਵਿਰੋਧ ਵਿੱਚ 15, 16 ਤੇ 17 ਨਵੰਬਰ ਨੂੰ ਇਕੱਠੇ ਹੋ ਕੇ ਪਿੰਡਾਂ ਵਿੱਚ ਅਰਥੀਆਂ ਸਾੜੀਆਂ ਗਈਆਂ।ਦੋਨਾਂ ਪਿੰਡਾਂ ਦੇ ਗੁਰੂਘਰਾਂ ਵਿੱਚ ਅਨਾਊਂਸਮੈਂਟ ਕਰਕੇ ਪਿੰਡ ਦੇ ਲੋਕਾਂ ਨੂੰ ਇਕੱਠੇ ਕਰਕੇ ਪੰਜਾਬ ਤੇ ਕੇਂਦਰ ਸਰਕਾਰ ਖਿਲਾਫ ਜ਼ੋਰਦਾਰ ਨਾਹਰੇਬਾਜ਼ੀ ਕੀਤੀ ਤੇ ਅਰਥੀਆਂ ਸਾੜੀਆਂ ਗਈਆਂ। ਸੂਬਾ ਮੀਤ ਪ੍ਰਧਾਨ ਗੁਰਦੀਪ ਸਿੰਘ ਵੈਰੋਕੇ ਨੇ ਹੋਈਆਂ ਰੈਲੀਆਂ ਨੂੰ ਸੰਬੋਧਨ ਹੁੰਦਿਆਂ ਕੇਂਦਰ ਤੇ ਪੰਜਾਬ ਸਰਕਾਰ ਨੂੰ ਤਾੜਨਾ ਦਿੱਤੀ ਕਿ ਸਾਡੀਆਂ ਜਾਇਜ਼ ਮੰਗਾਂ ਵੱਲ ਗੌਰ ਕੀਤਾ ਜਾਵੇ।ਆਗੂ ਨੇ ਐਲਾਨ ਕੀਤਾ ਕਿ ਚਿੱਪ ਵਾਲੇ ਮੀਟਰ ਪੰਜਾਬ ਵਿੱਚੋਂ ਪੁੱਟ ਕੇ ਇੱਕੋ ਦਿਨ ਪਾਵਰਕਾਮ ਦੇ ਦਫਤਰਾਂ ਵਿੱਚ ਜਮ੍ਹਾਂ ਕਰਾ ਦਿੱਤੇ ਜਾਣਗੇ।ਅਖੀਰ ਤੇ ਦੋਨਾਂ ਪਿੰਡਾਂ ਵਿੱਚ ਨਾਅਰੇਬਾਜ਼ੀ ਕਰਕੇ ਰੈਲੀ ਸਮਾਪਤ ਕੀਤੀ।

# ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਸਾਥੀਆਂ ਦਾ ਸ਼ਹੀਦੀ ਸਮਾਗਮ ਗਦਰੀ ਬਾਬਿਆਂ ਨੂੰ ਸਮਰਪਤ



**ਲੁਧਿਆਣਾ (ਰੈਕਟਰ ਕਥੂਰੀਆ)**
ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟ੍ਰੱਸਟ ਸੁਨੇਤ ਦੇ ਪ੍ਰਬੰਧਾਂ ਹੇਠ ਅੱਜ ਸ਼ਹੀਦ ਕਰਤਾਰ ਸਿੰਘ ਸਮੇਤ ਉਸ ਦੇ ਛੇ ਹੋਰ ਸਾਥੀਆਂ ਦਾ ਸ਼ਹੀਦੀ ਦਿਨ ਜ਼ਿਲ੍ਹਾ ਲੁਧਿਆਣਾ ਦੇ ਗਦਰੀ ਬਾਬਿਆਂ ਨੂੰ ਸਮਰਪਤ ਕੀਤਾ ਗਿਆ।ਇਸ ਵਿੱਚ ਸ਼ਾਮਲ ਹੋਣ ਲਈ ਲੁਧਿਆਣਾ ਜ਼ਿਲ੍ਹੇ ਦੇ ਸਾਰੇ ਪਿੰਡਾਂ ਦੀਆਂ ਗਦਰੀ ਯਾਦਗਾਰੀ ਕਮੇਟੀਆਂ ਨੂੰ ਸੱਦਾ ਦਿੱਤੇ ਸੱਦੇ ਨੂੰ ਗਦਰੀ ਬਾਬਾ ਉੱਤਮ ਸਿੰਘ ਦਾ ਹਾਂਸ ਪਿੰਡ, ਬਾਬਾ ਲਾਲ ਸਿੰਘ ਦੇ ਪਿੰਡ ਸਾਹਿਬਾਣਾ, ਬਾਬਾ ਹਰਦਿੱਤ ਸਿੰਘ ਦੇ ਪਿੰਡ ਲੰਮੇ ਜੱਟ ਪੁਰਾ, ਬਾਬਾ ਚੂਹੜ ਸਿੰਘ ਦੇ ਪਿੰਡ ਲੀਲ, ਬਾਬਾ ਹਰੀ ਸਿੰਘ ਉਸਮਾਨ ਦੇ ਪਿੰਡ ਬੱਦੋਵਾਲ, ਬਾਬਾ ਹਰਨਾਮ ਸਿੰਘ ਗੁੱਜਰਵਾਲ ਤੇ ਹਲਵਾਰਾ ਦੇ ਆਗੂਆਂ ਨੇ ਭਰਪੂਰ ਹੁੰਗਾਰਾ ਦਿੱਤਾ।ਸਥਾਨਕ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰੀ ਟ੍ਰੱਸਟ ਦੇ ਪ੍ਰਧਾਨ ਪ੍ਰੋ. ਜਗਮੋਹਨ ਸਿੰਘ ਵੱਲੋਂ ਸਾਰੀਆਂ ਕਮੇਟੀਆਂ ਤੇ ਦਰਸ਼ਕਾਂ ਨੂੰ ਜੀ ਆਇਆਂ ਕਹਿੰਦਿਆਂ ਗਦਰੀ ਬਾਬਿਆਂ ਦੇ ਇਨਕਲਾਬੀ ਕੰਮਾਂ ਦੀ ਵਿਆਖਿਆ ਕੀਤੀ।ਜਨਰਲ ਸਕੱਤਰ ਜਸਵੰਤ ਜੀਰਖ ਦੀ ਸਟੇਜ ਸੰਚਾਲਨਾ ਰਾਹੀਂ ਇਨ੍ਹਾਂ ਪਿੰਡ ਕਮੇਟੀਆਂ ਦੇ ਆਗੂਆਂ ਮਾ. ਸਾਧੂ ਸਿੰਘ, ਕੰਵਲਜੀਤ ਸਿੰਘ, ਹਰਦਿਆਲ ਸਿੰਘ, ਪ੍ਰੋ. ਜਗਮੋਹਨ ਸਿੰਘ, ਸੁਖਮਿੰਦਰ ਲੀਲ, ਉਜਾਗਰ ਸਿੰਘ ਬੱਦੋਵਾਲ, ਮਾ. ਬਲਵਿੰਦਰ ਸਿੰਘ ਗੁੱਜਰਵਾਲ ਤੇ ਮਾ. ਅਵਤਾਰ ਸਿੰਘ ਧਾਲੀਵਾਲ ਬੁਰਜ ਲਿੱਟ ਤੇ ਬਲਰਾਜ ਸਿੰਘ ਹਲਵਾਰਾ ਦੀ ਪ੍ਰਧਾਨਗੀ ਹੇਠ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ।ਉਨ੍ਹਾਂ ਆਪਣੇ ਪਿੰਡਾਂ ਵਿੱਚ ਗਦਰੀ ਬਾਬਿਆਂ ਦੀ ਯਾਦ ਵਿੱਚ ਕੀਤੇ ਜਾਂਦੇ ਸਮਾਗਮਾਂ ਬਾਰੇ ਤਜਰਬੇ ਸਾਂਝੇ ਕਰਦਿਆਂ ਮੌਜੂਦਾ ਰਾਜ ਪ੍ਰਬੰਧ ਵੱਲੋਂ ਗਦਰੀ ਬਾਬਿਆਂ ਤੇ ਹੋਰ ਇਨਕਲਾਬੀ ਲਹਿਰਾਂ ਨੂੰ ਅੱਖੋਂ ਪਰੋਖੇ ਕਰਦਿਆਂ ਕੀਤੀ ਜਾ ਰਹੀ ਗੰਧਲੀ ਰਾਜਨੀਤੀ ਵਿਰੁੱਧ ਲੋਕਾਂ ਨੂੰ ਚੇਤਨ ਕਰਨ ਦੀਆਂ ਮੁਹਿੰਮਾਂ ਚਲਾਉਣ 'ਤੇ ਜ਼ੋਰ ਦਿੱਤਾ।ਬੁਲਾਰਿਆਂ ਨੇ ਦੇਸ਼ ਦੀ ਰਾਜ ਸੱਤਾ 'ਤੇ ਵਾਰੋ ਵਾਰੀ ਕਾਬਜ਼ ਹੋ ਰਹੀਆਂ ਸਾਰੀਆਂ ਹੀ ਸਿਆਸੀ ਪਾਰਟੀਆਂ ਨੂੰ ਗਦਰੀ ਬਾਬਿਆਂ ਦੀ ਵਿਚਾਰਧਾਰਾ ਦੇ ਵਿਰੋਧੀ ਕਰਾਰ ਦਿੱਤਾ।ਪ੍ਰੋ. ਜਗਮੋਹਨ ਸਿੰਘ ਨੇ ਅੰਗਰੇਜ਼ ਹਕੂਮਤ ਦੀ ਅਦਾਲਤ ਦੇ ਜੱਜਾਂ ਵੱਲੋਂ 24 ਗਦਰੀ ਬਾਬਿਆਂ ਵਿੱਚੋਂ ਅੱਜ ਦੇ ਦਿਨ ਫਾਂਸੀ ਦੇ ਕੇ ਸ਼ਹੀਦ ਕੀਤੇ 7 ਗਦਰੀਆਂ ਨੂੰ ਇਸ ਕਰਕੇ ਫਾਂਸੀ ਦਿੱਤੀ, ਕਿਉਂਕਿ ਉਨ੍ਹਾਂ ਅੰਗਰੇਜ਼ ਹਕੂਮਤ ਦੇ ਝੋਲੀ ਚੁੱਕ, ਉਸ ਸ਼ਾਹੂਕਾਰ ਦੀਆਂ ਉਹ ਬਹੀਆਂ ਸਾੜ ਦਿੱਤੀਆਂ ਸਨ, ਜਿਨ੍ਹਾਂ ਉੱਤੇ ਕਿਸਾਨਾਂ ਨੂੰ ਵੱਡੇ ਵਿਆਜ 'ਤੇ ਦਿੱਤੀਆਂ ਰਕਮਾਂ ਦਾ ਹਿਸਾਬ ਲਿਖਿਆ ਹੋਇਆ ਸੀ।ਜੱਜ ਇਸ ਘਟਨਾਂ ਨੂੰ ਇਨਕਲਾਬੀ ਵਿਚਾਰਾਂ ਦੇ ਸਬੂਤ ਵਜੋਂ ਵੇਖਦੀ ਸੀ।ਇਸ ਮੌਕੇ ਇਹ ਫੈਸਲਾ ਵੀ ਸਰਵਸੰਮਤੀ ਨਾਲ ਲਿਆ ਗਿਆ ਕਿ ਨਵੀਂ ਪੀੜ੍ਹੀ ਨੌਜਵਾਨਾਂ ਨੂੰ ਗਦਰੀ ਬਾਬਿਆਂ ਵੱਲੋਂ ਚਿੰਤਵੇ ਮਨੁੱਖੀ ਬਰਾਬਰੀ 'ਤੇ ਅਧਾਰਤ ਸਮਾਜ ਦੀ ਸਿਰਜਣਾ ਕਰਨ ਨੂੰ ਸਕੂਲਾਂ ਵਿੱਚ ਪ੍ਰਚਾਰਨ ਲਈ ਇੱਕ ਜ਼ਿਲ੍ਹਾ ਪੱਧਰੀ ਕਮੇਟ ਗਠਨ ਕੀਤਾ ਜਾਵੇ।ਇਸ ਮੰਤਵ ਨੂੰ ਪੂਰਾ ਕਰਨ ਲਈ ਪਿੰਡ ਕਮੇਟੀਆਂ ਦੀ ਮੀਟਿੰਗ 7 ਦਸੰਬਰ ਨੂੰ ਕਰਨ ਦਾ ਫੈਸਲਾ ਕੀਤਾ ਗਿਆ।ਡਾ. ਮੋਹਨ ਸਿੰਘ, ਐਡਵੋਕੇਟ ਹਰਪ੍ਰੀਤ ਜ਼ੀਰਖ, ਕਾ. ਸੁਰਿੰਦਰ ਸਿੰਘ ਨੇ ਵੀ ਗਦਰੀ ਬਾਬਿਆਂ ਦੀ ਵਿਚਾਰਧਾਰਾ ਦੀ ਪ੍ਰੋੜ੍ਹਤਾ ਕਰਦਿਆਂ ਇਸ ਦਾ ਪਸਾਰਾ ਕਰਨ 'ਤੇ ਜ਼ੋਰ ਦਿੱਤਾ।ਇਸ ਮੌਕੇ ਜੋਗਿੰਦਰ ਸਿੰਘ, ਜਰਨੈਲ ਸਿੰਘ, ਗੁਰਮੇਲ ਸਿੰਘ, ਦਰਸ਼ਨ ਸਿੰਘ, ਸੁਖਜੀਤ ਸਿੰਘ, ਡਾ. ਵੀ ਕੇ ਵਸ਼ਿਸ਼ਟ, ਮਾ. ਸੁਰਜੀਤ ਸਿੰਘ, ਬਲਵਿੰਦਰ ਸਿੰਘ, ਮਾ. ਜਰਨੈਲ ਸਿੰਘ ਹਾਜ਼ਰ ਸਨ।ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਲੁਧਿਆਣਾ ਨੇ ਸਾਰੇ ਪ੍ਰਬੰਧਾਂ ਨੂੰ ਬਾਖੂਬੀ ਨਿਭਾਇਆ।ਅਰੁਣ ਕੁਮਾਰ ਵੱਲੋਂ ਇਨਕਲਾਬੀ ਸਾਹਿਤ ਸਬੰਧੀ ਬੁੱਕ ਸਟਾਲ ਲਾ ਕੇ ਆਪਣੀ ਜ਼ੁੰਮੇਵਾਰੀ ਨਿਭਾਈ।

## ਕਾਤਰਾਂ

### ਰੇਲ ਗੱਡੀ ਹੇਠ ਆਉਣ ਨਾਲ ਮੌਤ


**ਬਰੇਟਾ (ਰੀਤਵਾਲ)**-ਬੀਤੇ ਐਤਵਾਰ ਦੀ ਸਵੇਰ ਬੁਢਲਾਡਾ-ਬਰੇਟਾ ਰੇਲਵੇ ਲਾਈਨ 'ਤੇ ਇੱਕ ਅਣਪਛਾਤੇ ਵਿਅਕਤੀ ਦੀ ਰੇਲ ਗੱਡੀ ਹੇਠ ਆਉਣ ਨਾਲ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬੁਢਲਾਡਾ ਰੇਲਵੇ ਚੌਕੀ ਦੇ ਜਾਂਚ ਅਧਿਕਾਰੀ ਕੁਲਵੰਤ ਸਿੰਘ ਨੇ ਦੱਸਿਆ ਕਿ ਇੱਕ ਅਣਪਛਾਤੇ ਵਿਅਕਤੀ ਦੀ ਦਾਤੇਵਾਸ ਦੇ ਰੇਲਵੇ ਸਟੇਸ਼ਨ ਨਜ਼ਦੀਕ ਕਿਸੇ ਰੇਲ ਗੱਡੀ ਦੇ ਨਾਲ ਟਕਰਾਉਣ 'ਤੇ ਮੌਤ ਹੋ ਗਈ ਹੈ, ਜਿਸ ਦੀ ਹਾਲੇ ਤੱਕ ਸ਼ਨਾਖਤ ਨਹੀਂ ਹੋ ਸਕੀ।ਇਸ ਦੀ ਸ਼ਨਾਖਤ ਲਈ ਲਾਸ਼ ਨੂੰ 72 ਘੰਟੇ ਸਿਵਲ ਹਸਪਤਾਲ ਬੁਢਲਾਡਾ ਵਿਖੇ ਮੋਰਚਰੀ ਵਿੱਚ ਰੱਖਿਆ ਗਿਆ ਹੈ।

### ਜ਼ਿਮਨੀ ਚੋਣ 'ਚ ਵੋਟਰਾਂ ਨੇ ਅਕਾਲੀ ਦਲ ਨੂੰ ਪੰਜਾਬ ਹਿਤੈਸ਼ੀ ਮੰਨ ਕੇ ਸਮਰਥਨ ਦਿੱਤਾ : ਹਰਬੰਸ ਸਿੰਘ



**ਧੂਰੀ (ਮਨੋਹਰ ਸਿੰਘ ਸੱਗੂ)**-ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸੀਨੀਅਰ ਆਗੂ ਮਾਸਟਰ ਹਰਬੰਸ ਸਿੰਘ ਸ਼ੇਰਪੁਰ ਨੇ ਤਰਨਤਾਰਨ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਦੇ ਨਤੀਜੇ ਨੂੰ ਅਕਾਲੀ ਦਲ ਲਈ ਉਤਸ਼ਾਹਜਨਕ ਤੇ ਸਿਆਸੀ ਤਸੱਲੀ ਵਾਲਾ ਕਰਾਰ ਦਿੱਤਾ।ਮਾਸਟਰ ਹਰਬੰਸ ਸਿੰਘ ਸ਼ੇਰਪੁਰ ਨੇ ਕਿਹਾ ਕਿ ਤਰਨਤਾਰਨ ਦਾ ਚੋਣ ਨਤੀਜਾ ਸੂਬੇ ਦੀ ਸਿਆਸਤ 'ਚ ਅਕਾਲੀ ਦਲ ਦੀ ਸ਼ਾਨਦਾਰ ਵਾਪਸੀ ਦਾ ਸ਼ੁਭ ਸ਼ਗਨ ਹੈ।ਉਨ੍ਹਾਂ ਕਿਹਾ ਕਿ ਤਰਨਤਾਰਨ ਦੇ ਨਤੀਜੇ ਨੂੰ ਹਾਰ ਵਜੋਂ ਨਹੀਂ ਦੇਖਿਆ ਜਾ ਸਕਦਾ, ਕਿਉਂਕਿ ਅਕਾਲੀ ਦਲ ਨੇ ਸਰਕਾਰੀ ਮਸ਼ੀਨਰੀ ਦੀ ਕਥਿਤ ਦੁਰਵਰਤੋਂ ਤੇ ਸਿਆਸੀ ਦਬਾਅ ਦੇ ਬਾਵਜੂਦ ਸੱਤਾਧਾਰੀਆਂ ਨੂੰ ਸਖਤ ਟੱਕਰ ਦਿੱਤੀ ਹੈ ਅਤੇ ਨਤੀਜੇ ਨਾਲ ਅਕਾਲੀ ਆਗੂਆਂ, ਵਰਕਰਾਂ ਤੇ ਸਮਰਥਕਾਂ ਦੇ ਹੌਂਸਲੇ ਬੁਲੰਦ ਹੋਏ ਹਨ।ਉਨ੍ਹਾਂ ਕਿਹਾ ਕਿ ਅਕਾਲੀ ਦਲ 'ਜਿੱਤ ਵਰਗੀ ਹਾਰ' ਦਾ ਸਵਾਗਤ ਤੇ ਤਰਨਤਾਰਨ ਦੇ ਵੋਟਰਾਂ ਦਾ ਧੰਨਵਾਦ ਕਰਦਾ ਹੈ, ਜਿਨ੍ਹਾਂ ਨੇ ਅਕਾਲੀ ਦਲ ਨੂੰ ਪੰਜਾਬ ਹਿਤੈਸ਼ੀ ਮੰਨ ਕੇ ਭਰਵਾਂ ਸਮਰਥਨ ਦਿੱਤਾ।ਉਨ੍ਹਾਂ ਦਾਅਵਾ ਕੀਤਾ ਕਿ ਤਰਨਤਾਰਨ ਚੋਣ ਦਾ ਪ੍ਰਦਰਸ਼ਨ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਦੀ ਸੱਤਾ 'ਚ ਵਾਪਸੀ ਦਾ ਸੰਕੇਤ ਹੈ ਗਿਆ।

### ਸ਼ਰਮਾ ਪਰਵਾਰ ਨੂੰ ਸਦਮਾ, ਡਾ. ਧਰਮਪਾਲ ਸ਼ਰਮਾ ਦੀ ਮੌਤ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸ਼ਰਮਾ ਪਰਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਪਿਛਲੇ ਦਿਨੀਂ ਗਰੀਬ ਸ਼ਰਮਾ (ਰਿਸ਼ੂ) ਪ੍ਰਧਾਨ ਭਗਵਾਨ ਪਰਸ਼ੂਰਾਮ ਯੁਵਾ ਬ੍ਰਾਹਮਣ ਸਭਾ ਤੇ ਨਿਤਿਸ਼ ਸ਼ਰਮਾ ਦੇ ਪਿਤਾ ਡਾਕਟਰ ਧਰਮਪਾਲ ਸ਼ਰਮਾ (ਚਉਕੇ ਵਾਲੇ) ਅਚਨਚੇਤ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਪ੍ਰਭੂ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ।ਡਾਕਟਰ ਧਰਮਪਾਲ ਸ਼ਰਮਾ ਪੰਜਾਬ ਬ੍ਰਾਹਮਣ ਸਭਾ ਦੇ ਪ੍ਰਧਾਨ ਸਨ ਤੇ ਆਯੁਰਵੈਦਿਕ ਦੇ ਮਾਹਿਰ ਡਾਕਟਰ ਸਨ।ਇਲਾਕੇ ਦੀਆਂ ਧਾਰਮਿਕ, ਰਾਜਨੀਤਕ ਤੇ ਸਮਾਜਿਕ ਜਥੇਬੰਦੀਆਂ ਵੱਲੋਂ ਦੁਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਉਨ੍ਹਾਂ ਨਮਿਤ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਗਰੁੜ ਪੁਰਾਣ ਪਾਠ ਦਾ ਭੋਗ 21 ਨਵੰਬਰ, ਨੂੰ ਸ੍ਰੀ ਬ੍ਰਾਹਮਣ ਸਭਾ ਮੰਦਰ, ਨੇੜੇ ਬੱਸ ਸਟੈਂਡ, ਰਾਮਪੁਰਾ ਫੂਲ (ਬਠਿੰਡਾ) ਵਿਖੇ ਦੁਪਹਿਰ 12.00 ਵਜੇ ਤੋਂ 01.00 ਵਜੇ ਦੌਰਾਨ ਪਵੇਗਾ ਤੇ ਅੰਤਿਮ ਅਰਦਾਸ ਹੋਵੇਗੀ।

# ਤਰਕਸ਼ੀਲ ਸੁਸਾਇਟੀ ਨੇ ਚੇਤਨਾ ਪਰਖ ਪ੍ਰੀਖਿਆ ਦਾ ਐਲਾਨਿਆ ਨਤੀਜਾ



**ਮਾਨਸਾ (ਆਤਮਾ ਸਿੰਘ ਪਮਾਰ)**
ਵਿਦਿਆਰਥੀਆਂ 'ਚ ਵਿਗਿਆਨਕ ਚੇਤਨਾ ਵਿਕਸਤ ਕਰਨ, ਸਾਹਿਤ ਤੇ ਕਿਤਾਬਾਂ ਨਾਲ ਜੋੜਨ ਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੇ ਵਹਿਮਾਂ ਭਰਮਾਂ ਤੋਂ ਮੁਕਤ ਤੇ ਸਾਰਥਕ ਕਰਨ ਦੇ ਮਕਸਦ ਨੂੰ ਲੈ ਕੇ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਹਰ ਸਾਲ ਮਿਡਲ, ਸੈਕੰਡਰੀ ਤੇ ਅਪਰ ਸੈਕੰਡਰੀ ਦੇ ਵਿਦਿਆਰਥੀਆਂ ਦੀ ਚੇਤਨਾ ਪਰਖ ਪ੍ਰੀਖਿਆ ਕਰਾਈ ਜਾਂਦੀ ਹੈ। ਇਸ ਵਾਰ ਸੱਤਵੀਂ ਚੇਤਨਾ ਪਰਖ ਪ੍ਰੀਖਿਆ ਮਹਾਨ ਕ੍ਰਾਂਤੀਕਾਰੀ ਬੀਬੀ ਗਦਰੀ ਗੁਲਾਬ ਕੌਰ ਨੂੰ ਸਮਰਪਤ ਸੀ।ਪ੍ਰੀਖਿਆ ਦੌਰਾਨ ਸੂਬੇ ਭਰ ਚੋਂ ਤੀਹ ਹਜ਼ਾਰ ਸਕੂਲੀ ਵਿਦਿਆਰਥੀਆਂ ਨੇ ਭਾਗ ਲਿਆ।ਇਸ ਪ੍ਰੀਖਿਆ ਦੇ ਹਾਲ ਹੀ 'ਚ ਐਲਾਨੇ ਨਤੀਜੇ 'ਚ ਮਾਨਸਾ ਜ਼ਿਲ੍ਹੇ ਦੇ ਵਿਦਿਆਰਥੀਆਂ ਨੇ ਪੰਜਾਬ ਪੱਧਰ 'ਤੇ ਮੱਲਾਂ ਮਾਰੀਆਂ ਹਨ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ੋਨ ਮੁਖੀ ਅੰਮ੍ਰਿਤ ਰਿਸ਼ੀ, ਜਥੇਬੰਦਕ ਆਗੂ ਮਾ. ਲੱਖਾ ਸਿੰਘ ਸਹਾਰਨਾ, ਨਰਿੰਦਰ ਕੌਰ ਬੁਰਜ ਹਮੀਰਾ ਵੱਲੋਂ ਕੀਤਾ ਗਿਆ।

ਮੀਡੀਆ ਵਿਭਾਗ ਦੇ ਜ਼ਿਲ੍ਹਾ ਮੁਖੀ ਭੂਪਿੰਦਰ ਫੌਜੀ ਨੇ ਦੱਸਿਆ ਕਿ ਛੇਵੀਂ ਕਲਾਸ 'ਚੋਂ ਗਗਨਦੀਪ ਸਿੰਘ ਪੁੱਤਰ ਸੁਖਪਾਲ ਸਿੰਘ ਪੀ.ਐੱਮ ਸ੍ਰੀ.ਸ.ਸ.ਸ.ਸਕੂਲ (ਲੜਕੇ) ਭੀਖੀ ਨੇ ਪੰਜਾਬ ਭਰ 'ਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੇ ਸਕੂਲ ਤੇ ਮਾਪਿਆਂ ਦਾ ਨਾਂਅ ਰੋਸ਼ਨ ਕੀਤਾ ਹੈ।ਹਰਗੁਨ ਵਸ਼ਿਸ਼ਟ ਪੁੱਤਰ ਸਤਪਾਲ ਸਿੰਘ ਗੌਰਮਿੰਟ ਹਾਈ ਸਕੂਲ ਗੁਰਨੇ ਕਲਾਂ ਨੇ ਛੇਵਾਂ, ਦਸਵੀਂ ਸ਼੍ਰੇਣੀ 'ਚੋਂ ਗੁਰਮਨ ਕੌਰ ਪੁੱਤਰੀ ਰਾਜਿੰਦਰ ਸਿੰਘ ਗਿਆਨ ਸਰੋਵਰ ਸਕੂਲ ਢੱਡਾ ਮਲੋਕੇ ਨੇ ਦੂਜਾ ਸਥਾਨ ਹਾਸਲ ਕੀਤਾ।ਬਾਰ੍ਹਵੀਂ ਸ਼੍ਰੇਣੀ 'ਚੋਂ ਜਸਵਿੰਦਰ ਕੌਰ ਪੁੱਤਰੀ ਜਸਪ੍ਰੀਤ ਸਿੰਘ ਸ.ਸ.ਸ. ਸਕੂਲ ਬਾਜੇਵਾਲਾ ਨੇ ਦੂਜਾ ਸਥਾਨ ਹਾਸਲ ਕਰਕੇ ਮਾਨਸਾ ਜ਼ਿਲ੍ਹੇ ਦਾ ਨਾਂਅ ਪੂਰੇ ਪੰਜਾਬ ਵਿੱਚ ਰੋਸ਼ਨ ਕੀਤਾ ਹੈ।ਇਨ੍ਹਾਂ ਬੱਚਿਆਂ ਨੂੰ 23 ਨਵੰਬਰ ਨੂੰ ਤਰਕਸ਼ੀਲ ਸੁਸਾਇਟੀ ਵੱਲੋਂ ਬਰਨਾਲਾ ਵਿਖੇ ਨਕਦ ਰਾਸ਼ੀ, ਕਿਤਾਬਾਂ, ਸਨਮਾਨ ਚਿੰਨ੍ਹ ਤੇ ਸਰਟੀਫਿਕੇਟ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਜਾਵੇਗਾ।

ਇਸ ਤਰ੍ਹਾਂ ਜ਼ਿਲ੍ਹਾ ਪੱਧਰ 'ਤੇ ਵੀ ਪੁਜ਼ੀਸ਼ਨਾਂ ਕੱਢੀਆਂ ਗਈਆਂ ਹਨ, ਜਿਨ੍ਹਾਂ ਵਿੱਚ ਛੇਵੀਂ ਕਲਾਸ ਵਿੱਚੋਂ ਮਨਦੀਪ ਕੌਰ, ਗੁਰਮਨਜੋਤ ਸਿੰਘ, ਸੱਤਵੀਂ ਵਿੱਚੋਂ ਅਵਨੀਤ ਕੌਰ, ਹਰਕੀਰਤ ਕੌਰ, ਅੱਠਵੀਂ ਵਿੱਚੋਂ ਹਰਮਨਜੀਤ, ਖ਼ੁਸ਼ਮੀਤ ਕੌਰ, ਨੌਵੀਂ ਵਿੱਚੋਂ ਜਸਮੀਤ ਕੌਰ, ਰਾਜਨਵੀਰ ਕੌਰ ਦਸਵੀਂ ਵਿੱਚੋਂ ਤਰਨਪ੍ਰੀਤ ਕੌਰ, ਸਿਮਰਨ ਕੌਰ ਗਿਆਰ੍ਹਵੀਂ ਵਿੱਚੋਂ ਨਵਜੋਤ ਕੌਰ, ਜਸਪ੍ਰੀਤ ਕੌਰ ਬਾਰ੍ਹਵੀਂ ਵਿੱਚੋਂ ਸੰਦੀਪ ਕੌਰ, ਪਰਮਜੀਤ ਕੌਰ ਤੇ ਬਲਕਰਨ ਸਿੰਘ ਨੇ ਮਾਨਸਾ ਜ਼ਿਲ੍ਹਾ 'ਚ ਪੁਜ਼ੀਸ਼ਨਾਂ ਹਾਸਲ ਕੀਤੀਆਂ ਹਨ।ਇਨ੍ਹਾਂ ਬੱਚਿਆਂ ਨੂੰ ਜ਼ਿਲ੍ਹਾ ਪੱਧਰ 'ਤੇ ਸਨਮਾਨਤ ਕੀਤਾ ਜਾਵੇਗਾ।


# 200 ਲੀਟਰ ਨਜਾਇਜ਼ ਸ਼ਰਾਬ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**
ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ 200 ਲੀਟਰ ਲਾਹਣ ਬਰਾਮਦ ਕਰਕੇ ਇਕ ਵਿਅਕਤੀ ਖਿਲਾਫ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ।

ਜਾਣਕਾਰੀ ਦਿੰਦੇ ਹੋਏ ਐੱਚ ਸੀ ਰਮੇਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਲਈ ਬੰਨ੍ਹ ਨਿਹਾਲਾ ਕਿਲਚਾ ਪਾਸ ਪੁੱਜੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਜੰਗ ਸਿੰਘ ਪੁੱਤਰ ਸ਼ੇਰ ਸਿੰਘ ਵਾਸੀ ਪਿੰਡ ਨਿਹਾਲਾ ਕਿਲਚਾ, ਜੋ ਨਾਜਾਇਜ਼ ਸ਼ਰਾਬ ਕਸੀਦ ਕਰਕੇ ਕੱਢਣ ਤੇ ਵੇਚਣ ਦਾ ਆਦੀ ਹੈ, ਜਿਸ ਨੇ ਆਪਣੇ ਘਰ ਦੇ ਬਾਹਰਲੀ ਸਾਈਡ ਦਰਿਆ ਦੇ ਨਾਲ ਖੇਤਾਂ ਵਿਚ ਟਿਊਬ ਰਕੜ ਵਿੱਚ ਨਾਜਾਇਜ਼ ਸ਼ਰਾਬ ਰੱਖ ਕੇ ਅੱਗੇ ਸਪਲਾਈ ਕਰਨ ਲਈ ਲੁਕਾ ਛੁਪਾ ਕੇ ਰੱਖੀ ਹੋਈ ਹੈ। ਪੁਲਸ ਨੇ ਦੱਸਿਆ ਕਿ ਦੋਸ਼ੀ ਜੰਗ ਸਿੰਘ ਮੌਕੇ ਤੋਂ ਭੱਜਣ ਵਿੱਚ ਕਾਮਯਾਬ ਹੋ ਗਿਆ ਪਰ ਮੌਕੇ 'ਤੇ 200 ਲੀਟਰ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਗਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਨਗਰ ਕੌਂਸਲ ਨੇ ਨਾਜਾਇਜ਼ ਉਸਾਰੀ ਦਾ ਕੰਮ ਮੌਕੇ 'ਤੇ ਜਾ ਰੁਕਵਾਇਆ

### ਕੋਈ ਵੀ ਨਿਰਮਾਣ ਬਿਨਾਂ ਨਕਸ਼ੇ ਦੀ ਪ੍ਰਵਾਨਗੀ ਤੋਂ ਨਹੀਂ ਹੋਣ ਦਿੱਤਾ ਜਾਵੇਗਾ : ਸੰਨੂ ਕੁੰਦਰਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਨਗਰ ਕੌਂਸਲ ਦੇ ਪ੍ਰਧਾਨ ਮੋਹਿਤ ਕੁੰਦਰਾ ਸੰਨੂ ਵੱਲੋਂ ਸਮਰਾਲਾ ਰੋਡ 'ਤੇ ਬਣ ਰਹੀ ਵੱਡੀ ਨਾਜਾਇਜ਼ ਉਸਾਰੀ ਜੋ ਕਿ ਬਿਨਾਂ ਨਕਸ਼ੇ ਦੀ ਪ੍ਰਵਾਨਗੀ ਤੋਂ ਹੋ ਰਹੀ ਸੀ, ਦਾ ਮੌਕੇ 'ਤੇ ਜਾ ਕੇ ਕੰਮ ਰੁਕਵਾ ਦਿੱਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਸੰਨੂ ਕੁੰਦਰਾ ਨੇ ਕਿਹਾ ਕਿ ਕਰੀਬ 3 ਕਨਾਲਾਂ ਵਿੱਚ ਇਹ ਇੱਕ ਵੱਡੀ ਨਾਜਾਇਜ਼ ਉਸਾਰੀ ਕੀਤੀ ਜਾ ਰਹੀ ਸੀ, ਜਿਸ ਦੀ ਲੱਖਾਂ ਰੁਪਏ ਨਕਸ਼ਾ ਫੀਸ ਬਣਦੀ ਹੈ ਉਹ ਨਹੀਂ ਭਰੀ ਗਈ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਵੱਲੋਂ ਮਾਛੀਵਾੜਾ ਸ਼ਹਿਰ ਵਿੱਚ ਬਿਨਾਂ ਨਕਸ਼ੇ ਤੋਂ ਕੋਈ ਵੀ ਨਿਰਮਾਣ ਨਹੀਂ ਹੋਣ ਦਿੱਤਾ ਜਾ ਰਿਹਾ, ਪਰ ਉਕਤ ਵਿਅਕਤੀ ਵੱਲੋਂ ਨਿਯਮਾਂ ਦੀ ਉਲੰਘਣਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਕਰਮਚਾਰੀਆਂ ਵੱਲੋਂ ਉਸਾਰੀ ਕਰਨ ਵਾਲੇ ਵਿਅਕਤੀ ਨੂੰ ਨੋਟਿਸ ਵੀ ਦਿੱਤਾ ਗਿਆ ਸੀ ਕਿ ਪਹਿਲਾਂ ਨਕਸ਼ਾ ਪਾਸ ਕਰਵਾਇਆ ਜਾਵੇ, ਜਿਸ ਤੋਂ ਬਾਅਦ ਉਸਾਰੀ ਕੀਤੀ ਜਾਵੇ, ਪਰ ਸ਼ਨੀਵਾਰ, ਐਤਵਾਰ ਦੀਆਂ ਛੁੱਟੀਆਂ ਦਾ ਨਾਜਾਇਜ਼ ਫਾਇਦਾ ਉਠਾਉਂਦਿਆਂ ਲੈਂਟਰ ਪਾਉਣ ਦੀ ਤਿਆਰੀ ਕੀਤੀ ਜਾ ਰਹੀ ਸੀ, ਜਿਸ ਨੂੰ ਰੋਕ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਉਕਤ ਵਿਅਕਤੀ ਵੱਲੋਂ ਨਕਸ਼ਾ ਨਾ ਪਾਸ ਕਰਵਾਇਆ ਗਿਆ ਤਾਂ ਕੌਂਸਲ ਇਸ ਨਾਜਾਇਜ਼ ਉਸਾਰੀ ਨੂੰ ਢਾਹੁਣ ਲਈ ਵੀ ਕਾਰਵਾਈ ਆਰੰਭ ਕਰੇਗੀ। ਪ੍ਰਧਾਨ ਕੁੰਦਰਾ ਨੇ ਕਿਹਾ ਕਿ ਨਕਸ਼ਿਆਂ ਤੋਂ ਹੋਣ ਵਾਲੀ ਆਮਦਨ ਦੇ ਵਸੀਲਿਆਂ ਤੋਂ ਸ਼ਹਿਰ ਦੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਤੇ ਜੇਕਰ ਲੋਕ ਨਿਯਮਾਂ ਦੀ ਉਲੰਘਣਾ ਕਰਨਗੇ ਤਾਂ ਫਿਰ ਸ਼ਹਿਰ ਦਾ ਵਿਕਾਸ ਕਿਵੇਂ ਸੰਭਵ ਹੈ। ਉਨ੍ਹਾਂ ਕਿਹਾ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ 3 ਕਨਾਲਾਂ ਵਿੱਚ ਵੱਡੀ ਨਾਜਾਇਜ਼ ਉਸਾਰੀ ਲੈਂਟਰ ਤੱਕ ਪਹੁੰਚ ਗਈ, ਜਿਸ ਵਿੱਚ ਕਰਮਚਾਰੀਆਂ ਦੀ ਕਿਤੇ ਨਾ ਕਿਤੇ ਕੋਈ ਲਾਪਰਵਾਹੀ ਵੀ ਸਾਹਮਣੇ ਆ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸ ਮਾਮਲੇ ਵਿਚ ਕਿਸੇ ਕਰਮਚਾਰੀ ਦੀ ਮਿਲੀਭੁਗਤ ਹੋਈ ਤਾਂ ਉਸ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਪ੍ਰਧਾਨ ਕੁੰਦਰਾ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਕੋਈ ਵੀ ਸ਼ਹਿਰ ਨਾਗਰਿਕ ਬਿਨਾਂ ਨਕਸ਼ਾ ਪਾਸ ਕਰਵਾਏ ਆਪਣੀ ਦੁਕਾਨ ਜਾਂ ਮਕਾਨ ਦੀ ਉਸਾਰੀ ਨਾ ਕਰੇ ਨਹੀਂ ਤਾਂ ਮਜਬੂਰਨ ਉਨ੍ਹਾਂ 'ਤੇ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਰਾਮ ਬਾਗ ਪ੍ਰਬੰਧਕ ਕਮੇਟੀ ਵੱਲੋਂ ਉਸਾਰਿਆ ਜਾ ਰਿਹਾ ਕਮਿਨਿਊਟੀ ਹਾਲ ਵਿਵਾਦਾਂ 'ਚ

### ਉੱਚ ਅਦਾਲਤ ਵੱਲੋਂ 9 ਦਸੰਬਰ ਤੱਕ ਉਸਾਰੀ 'ਤੇ ਰੋਕ

**ਧੂਰੀ (ਮਨੋਹਰ ਸਿੰਘ ਸੱਗੂ)**-ਸਥਾਨਕ ਰਾਮ ਬਾਗ ਪ੍ਰਬੰਧਕ ਕਮੇਟੀ ਤੇ ਰਾਮ ਬਾਗ ਪਾਰਕ ਬਚਾਓ ਸੰਘਰਸ਼ ਕਮੇਟੀ ਦਰਮਿਆਨ ਕਮਿਊਨਿਟੀ ਹਾਲ ਦੀ ਉਸਾਰੀ ਨੂੰ ਲੈ ਕੇ ਚੱਲ ਰਿਹਾ ਵਿਵਾਦ ਨਰਮ ਪੈਣ ਦੀ ਬਜਾਏ ਸੰਘਰਸ਼ ਕਮੇਟੀ ਵੱਲੋਂ ਅਦਾਲਤ ਦਾ ਰੁੱਖ ਕਰਨ ਦੇ ਨਾਲ ਹੋਰ ਵੀ ਪੇਚੀਦਾ ਦਿਖਾਈ ਦੇ ਰਿਹਾ ਹੈ।ਦੱਸਣਯੋਗ ਹੈ ਕਿ ਰਾਮ ਬਾਗ ਪ੍ਰਬੰਧਕ ਕਮੇਟੀ ਵੱਲੋਂ ਆਮ ਲੋਕਾਂ ਦੀ ਸਹੂਲਤ ਲਈ ਕਰੀਬ 3 ਕਰੋੜ ਰੁਪਏ ਦੀ ਲਾਗਤ ਨਾਲ ਕਮਿਊਨਿਟੀ ਹਾਲ ਉਸਾਰਿਆ ਜਾ ਰਿਹਾ ਹੈ, ਪਰ ਦੂਜੇ ਪਾਸੇ ਪਾਰਕ ਬਚਾਓ ਸੰਘਰਸ਼ ਕਮੇਟੀ ਦਾ ਦੋਸ਼ ਹੈ ਕਿ ਰਾਮ ਬਾਗ ਕਮੇਟੀ ਵੱਲੋਂ ਇਸ ਦੀ ਉਸਾਰੀ ਦੇ ਮਾਮਲੇ 'ਚ ਕਥਿਤ ਤੌਰ 'ਤੇ ਨਗਰ ਕੌਂਸਲ ਪਾਸੋਂ ਕਮਿਊਨਿਟੀ ਹਾਲ ਦਾ ਨਕਸ਼ਾ ਪਾਸ ਨਾ ਕਰਵਾਉਣ, ਸੀ.ਐੱਲ.ਯੂ. (ਭੂਮੀ ਮੰਤਵ ਤਬਦੀਲ) ਨਾ ਕਰਵਾਉਣ ਤੇ ਉਸਾਰੀ ਨਿਯਮਾਂ ਦੀ ਉਲੰਘਣਾ ਕਰਨ ਦਾ ਦੋਸ਼ ਲਗਾਉਂਦਿਆਂ ਉਸਾਰੀ ਰੁਕਵਾਉਣ ਲਈ ਸੰਘਰਸ਼ ਕੀਤਾ ਜਾ ਰਿਹਾ ਹੈ ਤੇ ਇਸੇ ਦੌਰਾਨ ਪਾਰਕ ਬਚਾਓ ਸੰਘਰਸ਼ ਕਮੇਟੀ ਦੇ ਰਾਜਿੰਦਰ ਸਿੰਘ ਹੈਪੀ ਵੱਲੋਂ ਹਾਲ ਦੀ ਉਸਾਰੀ ਰੁਕਵਾਉਣ ਲਈ ਮਾਣਯੋਗ ਹਾਈਕੋਰਟ ਦਾ ਰੁੱਖ ਕੀਤੇ ਜਾਣ ਤੋਂ ਬਾਅਦ ਉੱਚ ਅਦਾਲਤ ਵੱਲੋਂ ਰਾਮ ਬਾਗ ਪ੍ਰਬੰਧਕ ਕਮੇਟੀ ਨੂੰ ਅਗਾਮੀ 9 ਦਸੰਬਰ ਨੂੰ ਜਵਾਬ ਦੇਣ ਲਈ ਨੋਟਿਸ ਜਾਰੀ ਕਰਦਿਆਂ ਅਗਲੀ ਤਾਰੀਕ ਪੇਸ਼ੀ ਤੱਕ ਉਸਾਰੀ ਰੋਕਣ ਦੇ ਆਦੇਸ਼ ਦਿੱਤੇ ਗਏ ਹਨ।

# ਡੀ ਏ ਵੀ ਸਕੂਲ 'ਚ ਬਾਲ ਦਿਵਸ 'ਤੇ ਫਨ-ਏ-ਪਲੂਜ਼ਾ ਸਮਾਰੋਹ



**ਰਾਮਪੁਰ (ਰਮੇਸ਼ ਕਟਾਰੀਆ)**-ਡੀ ਏ ਵੀ ਪਬਲਿਕ ਸਕੂਲ ਨੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ ਦੀ ਯਾਦ ਵਿੱਚ ਬਾਲ ਦਿਵਸ ਉਤਸ਼ਾਹ ਨਾਲ ਮਨਾਇਆ, ਜਿਨ੍ਹਾਂ ਦੇ ਬੱਚਿਆਂ ਪ੍ਰਤੀ ਪਿਆਰ ਨੇ ਇਸ ਦਿਨ ਨੂੰ ਮਨਾਉਣ ਲਈ ਪ੍ਰੇਰਿਤ ਕੀਤਾ।'ਇਕ ਦਿਨ ਦੀ ਵਿਰਾਸਤ ਤੇ ਤੋਹਫ਼ਾ ਹਨ' ਥੀਮ ਦੇ ਨਾਲ, ਸਕੂਲ ਨੇ ਵਿਦਿਆਰਥੀਆਂ ਲਈ ਦਿਨ ਨੂੰ ਯਾਦਗਾਰੀ ਬਣਾਉਣ ਲਈ ਕਈ ਦਿਲਚਸਪ ਗਤੀਵਿਧੀਆਂ ਦਾ ਆਯੋਜਨ ਕੀਤਾ।

ਪ੍ਰੋਗਰਾਮ ਦੀ ਸ਼ੁਰੂਆਤ ਪੰਡਿਤ ਨਹਿਰੂ ਨੂੰ ਸ਼ਰਧਾਂਜਲੀ ਨਾਲ ਹੋਈ। ਅਧਿਆਪਕਾਂ ਨੇ ਉਨ੍ਹਾਂ ਦੀ ਫੋਟੋ ਨੂੰ ਸ਼ਰਧਾ ਸੁਮਨ ਅਰਪਿਤ ਕੀਤੇ ਤੇ ਸਕੂਲ ਨੂੰ ਤਿਉਹਾਰੀ ਮਾਹੌਲ ਨਾਲ ਸਜਾਇਆ।ਬੱਚਿਆਂ ਨੇ ਪ੍ਰਾਰਥਨਾ ਸਭਾ ਦੌਰਾਨ ਪੰਡਿਤ ਜਵਾਹਰ ਲਾਲ ਨਹਿਰੂ ਦੇ ਜੀਵਨ 'ਤੇ ਚਾਨਣਾ ਪਾਇਆ।ਇਸ ਮੌਕੇ ਉਨ੍ਹਾਂ ਦੇ ਜੀਵਨ 'ਤੇ ਕਵਿਤਾਵਾਂ ਦੀ ਪੇਸ਼ ਕੀਤੀਆਂ ਗਈਆਂ।ਵਿਦਿਆਰਥੀਆਂ ਲਈ ਫਨ-ਏ-ਪਲੂਜ਼ਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਫੀਡ ਦਿ ਮੰਕੀ, ਸਪਿਨ ਦਿ ਵ੍ਹੀਲ, ਡ੍ਰੌਪ ਦਿ ਬਾਲ ਵਰਗੀਆਂ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ, ਜਿਨ੍ਹਾਂ ਤੋਂ ਬੱਚਿਆਂ ਨੇ ਖੇਡਾਂ ਵਿੱਚ ਹਿੱਸਾ ਲੈ ਕੇ ਇਨਾਮ ਜਿੱਤੇ।ਬੱਚਿਆਂ ਲਈ ਵੱਖ-ਵੱਖ ਖਾਣ-ਪੀਣ ਦੇ ਸਟਾਲ ਵੀ ਲਗਾਏ ਗਏ।ਸਕੂਲ ਪ੍ਰਿੰਸੀਪਲ ਅਲਪਨਾ ਪਾਠਕ ਨੇ ਵਿਦਿਆਰਥੀਆਂ ਪ੍ਰਤੀ ਆਪਣਾ ਪਿਆਰ ਜ਼ਾਹਰ ਕੀਤਾ ਤੇ ਜ਼ੋਰ ਦਿੱਤਾ ਕਿ ਬੱਚੇ ਕਿਸੇ ਵੀ ਦੇਸ਼ ਦੇ ਭਵਿੱਖ ਦੀ ਨੀਂਹ ਹੀ ਨਹੀਂ ਹੁੰਦੇ ਹਨ, ਜੋ ਉਨ੍ਹਾਂ ਦੀਆਂ ਉਮੀਦਾਂ ਤੇ ਸੰਭਾਵਨਾਵਾਂ ਨੂੰ ਆਕਾਰ ਦਿੰਦੇ ਹਨ।

# ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨੂੰ ਸਮਰਪਤ ਅੰਤਰ-ਰਾਸ਼ਟਰੀ ਪੰਜਾਬੀ ਕਵੀ ਦਰਬਾਰ

## ਪ੍ਰਧਾਨਗੀ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਵਾਲਿਆਂ ਨੇ ਕੀਤੀ



**ਲੁਧਿਆਣਾ (ਰੈਕਟਰ ਕਥੂਰੀਆ)**
ਬੁੱਢਾ ਦਰਿਆ ਲੁਧਿਆਣਾ ਕੰਢੇ ਗੁਰੂ ਨਾਨਕ ਪ੍ਰਕਾਸ਼ ਪੁਰਬ ਤੇ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ, ਸਤੀ ਦਾਸ ਤੇ ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਸਾਲ ਤੇ ਭਾਈ ਜੈਤਾ ਜੀ ਦੀ ਮਹਾਨ ਸੇਵਾ ਨੂੰ ਸਮਰਪਤ ਕਵੀ ਦਰਬਾਰ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਸਹਿਯੋਗ ਨਾਲ ਕਰਵਾਇਆ ਗਿਆ।ਮੰਚ ਸੰਚਾਲਨ ਕਰਦਿਆਂ ਸੰਤ ਸੁਖਜੀਤ ਸਿੰਘ ਸੀਚੇਵਾਲ ਨੇ ਸਮੂਹ ਪੰਜਾਬੀ ਕਵੀਆਂ ਨੂੰ ਜੀ ਆਇਆਂ ਨੂੰ ਕਿਹਾ।ਕਵੀ ਦਰਬਾਰ ਵਿੱਚ ਪ੍ਰੋ. ਰਵਿੰਦਰ ਭੱਠਲ, ਗੁਰਭਜਨ ਗਿੱਲ, ਰਵਿੰਦਰ ਸਹਿਰਾਅ (ਅਮਰੀਕਾ), ਦਲਜਿੰਦਰ ਰਹਿਲ (ਇਟਲੀ), ਪਾਲੀ ਦੇਤਵਾਲੀਆ, ਤ੍ਰੈਲੋਚਨ ਲੋਚੀ, ਸਹਿਜਪ੍ਰੀਤ ਸਿੰਘ ਮਾਂਗਟ, ਮਨਜਿੰਦਰ ਧਨੋਆ, ਡਾ. ਗੁਰਇਕਬਾਲ ਸਿੰਘ, ਰਾਮ ਸਿੰਘ ਅਲਬੇਲਾ, ਗੁਰਸੇਵਕ ਸਿੰਘ ਢਿੱਲੋਂ, ਕਰਮਜੀਤ ਗਰੇਵਾਲ ਹਰਵਿੰਦਰ ਤਤਲਾ, ਅਮਰਜੀਤ ਸਿੰਘ ਸ਼ੇਰਪੁਰੀ, ਦੇਵਿੰਦਰ ਸਿੰਘ ਜੀਤਲ ਤੇ ਹੋਰ ਦਲਬੀਰ ਕਲੇਰ ਨੇ ਕਲਾਮ ਪੇਸ਼ ਕੀਤਾ।ਕਵਿਤਾ ਸਰਨਜੀਤ ਮਟਕੂ ਨੇ ਇਸ ਮੌਕੇ 'ਤੇ ਵਿਸ਼ੇਸ਼ ਰੂਪ ਵਿੱਚ ਲਿਖੀ ਕਵਿਤਾ ਸੰਤ ਬਲਬੀਰ ਸਿੰਘ ਸੀਚੇਵਾਲ ਵਾਲਿਆਂ ਲਈ ਭੇਜੀ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਲਗਪਗ ਪੰਦਰਾਂ ਸਾਲ ਪਹਿਲਾਂ ਅਸੀਂ ਸੰਤ ਬਲਬੀਰ ਸਿੰਘ ਜੀ ਨੂੰ ਇਸ ਬੁੱਢੇ ਦਰਿਆ ਦੇ ਨਾਲ ਨਾਲ ਗੁਰਦੁਆਰਾ ਗਊ ਘਾਟ ਤੋਂ ਸਲੇਮਪੁਰ ਪਿੰਡ ਤੱਕ ਚੇਤਨਾ ਮਾਰਚ ਕਰਕੇ ਜਾਣੂ ਕਰਵਾਇਆ ਸੀ।ਉਸ ਵੇਲੇ [illegible] ਜਲ ਸੋਮੇ ਵਿੱਚ ਜ਼ਹਿਰੀਲੀਆਂ ਧਾਤਾਂ ਵਾਲੇ ਤੱਤ ਤੇ ਰਸਾਇਣ ਤੋਂ ਲਿਆਵਾ ਸੀਵਰੇਜ ਵਾਲਾ ਮੈਲ ਮੂਤਰ ਤੇ ਡੇਅਰੀਆਂ ਦਾ ਗੋਹਾ ਕੂੜਾ ਨਾ ਪਾਉਣ।ਇਹੀ ਪਾਣੀ ਦਰਿਆ ਸਤਲੁਜ ਵਿੱਚ ਪੈ ਕੇ ਅੱਗੇ ਪੀਣ ਦੇ ਕੰਮ ਆਉਂਦਾ ਹੈ ਤੇ ਕੈਂਸਰ ਦਾ ਕਾਰਨ ਬਣਦਾ ਹੈ।ਇਸ ਮੌਕੇ ਪ੍ਰਧਾਨਗੀ ਭਾਸ਼ਣ ਦਿੰਦਿਆਂ ਸੰਤ ਬਲਬੀਰ ਸਿੰਘ ਜੀ ਸੀਚੇਵਾਲ ਮੈਂਬਰ ਪਾਰਲੀਮੈਂਟ ਨੇ ਕਿਹਾ ਕਿ ਅਸੀਂ ਸਾਰਿਆਂ ਗੁਰ ਸਿੱਖਣ ਵਾਲੇ ਬੱਚ ਪਿੰਡ ਕੀਤੀ ਹੋਈ ਹੈ। ਨਾ ਪੌਣ ਨੂੰ ਗੁਰੂ ਮੰਨਦੇ ਹਾਂ, ਨਾ ਪਾਣੀ ਨੂੰ ਪਿਤਾ ਤੇ ਨਾ ਧਰਤੀ ਨੂੰ ਮਾਂ।ਇਸੇ ਕਰਕੇ ਨਰਕ ਵਰਗੀ ਜੂਨ ਹੰਢਾ ਰਹੇ ਹਾਂ।ਲੋਕ ਸੁੱਤੇ ਪਏ ਨੇ, ਨੌਕਰਸ਼ਾਹੀ ਸੰਵੇਦਨਸ਼ੀਲ ਨਹੀਂ ਰਹੀ, ਇਸ ਪਲ ਲੇਖਕਾਂ ਦੀ ਜ਼ਿੰਮੇਵਾਰੀ ਵੱਡੀ ਹੈ ਕਿ ਉਹ ਲੋਕ ਚੇਤਨਾ ਲਈ ਸਾਹਿਤ ਰਚਣ।ਨੌਕਰਸ਼ਾਹੀ ਨੂੰ ਵੀ ਸ਼ੀਸ਼ੇ ਵਿੱਚ ਉਨ੍ਹਾਂ ਦਾ ਕਰੂਪ ਚਿਹਰਾ ਵਿਖਾਉਣ।ਉਨ੍ਹਾਂ ਇਸ ਮੌਕੇ ਹਾਜ਼ਰ ਸਾਰੇ ਕਵੀਆਂ, ਅਮਰੀਕਾ ਤੋਂ ਆਈ ਬੀਬੀ ਨੀਰੂ ਸਹਿਰਾਅ ਤੇ ਦੇਸ਼ ਬਦੇਸ਼ ਤੋਂ ਆਏ ਮਹਿਮਾਨਾਂ ਨੂੰ ਦਸਤਾਰਾਂ ਭੇਟ ਕਰਕੇ ਸਨਮਾਨਤ ਕੀਤਾ।ਉਨ੍ਹਾਂ ਸਰਕਾਰੀ ਯਤਨ ਹੋਣ, ਪਰ ਜੂਨ ਨਤੀਜੇ ਜਿਸਦੇ ਦੀ ਸੰਭਾਵਨਾ ਲੱਗਦੀ ਹੈ।ਉਨ੍ਹਾਂ ਲੁਧਿਆਣਾ ਦੇ ਉਦਯੋਗਪਤੀਆਂ ਤੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਇਸ [illegible]

# ਫ਼ਿਰੋਜ਼ਪੁਰ 'ਚ ਆਏ ਦਿਨ ਹੁੰਦੇ ਨੇ ਕਤਲ, ਵਿਧਾਇਕ ਦੇਵੇ ਅਸਤੀਫ਼ਾ : ਅਣਜਾਣ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**
ਪਿਛਲੇ ਲੰਬੇ ਸਮੇਂ ਤੋਂ ਸਰਹੱਦੀ ਸੂਬਾ ਹੋਣ ਕਰਕੇ ਪੰਜਾਬ 'ਚ ਹਥਿਆਰਾਂ ਦੀ ਭਰਮਾਰ ਰਹੀ ਹੈ, ਪਰ ਕੁਝ ਸਮੇਂ ਤੋਂ ਪੰਜਾਬ ਦੇ ਵਿਚ ਨਸ਼ੇ ਦੇ ਨਾਲ ਨਾਲ ਹਥਿਆਰਾਂ ਦੀ ਤਸਕਰੀ ਦਾ ਕੰਮ ਵੀ ਉੱਚੇ ਪੱਧਰ 'ਤੇ ਹੈ। ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਮੋੜਾ ਸਿੰਘ ਅਨਜਾਣ ਨੇ ਕਿਹਾ ਕਿ ਪੰਜਾਬ ਦੇ ਵਿਚ ਜਦੋਂ ਅਕਾਲੀਦਲ ਤੇ ਕਾਂਗਰਸ ਦੀ ਸਰਕਾਰ ਸੀ ਤਾਂ ਮੌਜੂਦਾ ਮੁੱਖ ਮੰਤਰੀ ਨਿੱਕੀ ਨਿੱਕੀ ਗੱਲ ਨੂੰ ਲੈ ਕੇ ਦੋਵਾਂ ਸਰਕਾਰਾਂ ਨੂੰ ਭੰਡਦੇ ਰਹੇ ਕਿ ਸਾਡਾ ਸਾਥ ਦਿਓ, ਇਨ੍ਹਾਂ ਤੋਂ ਵਧੀਆ ਰਾਜ ਦੇਵਾਂਗੇ, ਪਰ ਜਿਵੇਂ ਹੀ ਵੋਟਾਂ ਦਾ ਦੌਰ ਗੁਜ਼ਰਿਆ ਤਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੇ ਲੋਕਾਂ ਵੱਲ ਪਰਤ ਕੇ ਨਹੀਂ ਦੇਖਿਆ। ਮੋੜਾ ਸਿੰਘ ਅਨਜਾਣ ਨੇ ਕਿਹਾ ਕਿ ਪੰਜਾਬ 'ਚ ਵਾਰਦਾਤਾਂ ਹੋਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ, ਪਰ ਜਦੋਂ ਦੀ ਪੰਜਾਬ ਦੇ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਆ ਇਸ ਸਰਕਾਰ ਦੇ ਵਿਚ ਆਏ ਦਿਨ ਕਤਲ ਲੁੱਟਾਂ ਖੋਹਾਂ ਤੇ ਚੋਰੀਆਂ ਆਮ ਗੱਲ ਹੋ ਗਈ।ਅਨਜਾਣ ਨੇ ਕਿਹਾ ਕਿ ਵਾਰਦਾਤ ਹੋਣ ਤੋਂ ਬਾਅਦ ਵਿਧਾਇਕ ਰਣਬੀਰ ਭੁੱਲਰ ਦਾ ਤੇ ਪੁਲਸ ਦਾ ਉਹੀ ਰਟਿਆ ਰਟਾਇਆ ਬਿਆਨ ਆਉਂਦਾ ਕਿ ਪੁਲਸ ਦੋਸ਼ੀਆਂ ਦੀ ਭਾਲ ਕਰ ਰਹੀ, ਜਲਦ ਤੋਂ ਜਲਦ ਦੋਸ਼ੀ ਫੜ ਲਏ ਜਾਣਗੇ। ਬੀਤੇ ਕੱਲ ਫ਼ਿਰੋਜ਼ਪੁਰ ਦੇ ਕਾਰੋਬਾਰੀ ਨਵੀਨ ਅਰੋੜਾ ਨੂੰ ਸ਼ਰੇਆਮ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਸ਼ਹਿਰ ਦਾ ਇਹ ਦਾ ਇਸ ਕਦਰ ਬਣਿਆ ਹੋਇਆ ਮਾਹੌਲ 'ਚ ਹੈ, ਚਾਹੇ ਉਹ ਕੋਈ ਛੋਟਾ ਦੁਕਾਨਦਾਰ, ਵਪਾਰੀ ਜਾਂ ਕੋਈ ਸ਼ਹਿਰ ਨੂੰ ਜਾਣ ਵਾਲਾ ਰਾਹਗੀਰ ਹੀ ਕਿਉਂ ਨਾ ਹੋਵੇ। ਨਵੀਨ ਅਰੋੜਾ ਦੇ ਕਤਲ ਕਰਕੇ ਸਾਰਾ ਸ਼ਹਿਰ ਸਹਿਮ ਦੇ ਮਾਹੌਲ 'ਚ ਹੈ ਕਿ ਆਪਣੇ ਰੋਜ਼ੀ ਕਿਰਤ ਕਰਕੇ ਖਾਣਾ ਵੀ ਜੁਰਮ ਬਣ ਚੁੱਕਿਆ ਹੈ। ਮੋੜਾ ਸਿੰਘ ਅਨਜਾਣ ਨੇ ਕਿਹਾ ਕਿ ਵਿਧਾਇਕ ਰਣਬੀਰ ਭੁੱਲਰ ਨਾ ਹੀ ਕਾਨੂੰਨ ਦਾ ਰਾਜ ਨਾ ਹੀ ਦਿਨ ਦਿਹਾੜੇ ਪਏ ਨੇ ਕਿ ਚੱਲ ਰਿਹਾ ਹੈ, ਨਾ ਛੁੱਟਾ ਖੋਹਾਂ ਤੇ ਨਾ ਹੀ ਕਤਲੇਆਮ ਰੋਕਣ 'ਚ ਸਫਲ ਹੋਏ ਹਨ, ਚਾਰ ਸਾਲ ਬੀਤ ਵਿਧਾਇਕੀ ਦਾ ਨਿੱਘ ਮਾਣਦੇ ਰਹੇ। ਅਨਜਾਣ ਨੇ ਕਿਹਾ ਕਿ ਫ਼ਿਰੋਜ਼ਪੁਰ ਦੇ ਇਤਿਹਾਸ 'ਚ ਹੁਣ ਤੱਕ ਸਭ ਤੋਂ ਅਸਫਲ ਵਿਧਾਇਕ ਬਣਕੇ ਸਾਹਮਣੇ ਆਏ। ਅਨਜਾਣ ਨੇ ਕਿਹਾ ਕਿ ਉਨ੍ਹਾਂ ਨੂੰ ਨੈਤਿਕਤਾ ਦੇ ਅਧਾਰ 'ਤੇ ਅਸਤੀਫਾ ਦੇ ਦੇਣਾ ਚਾਹੀਦਾ ਹੈ। ਮੋੜਾ ਸਿੰਘ ਨੇ ਕਿਹਾ ਕਿ ਸਰਕਾਰ ਦੇ ਮਾੜੇ ਵਤੀਰੇ ਦੇ ਕਾਰਨ ਲੋਕ ਕਰਕੇ ਪੰਜਾਬ ਦਾ ਸਾਰਾ ਤਾਣਾ ਬਾਣਾ ਉਲਝ ਚੁੱਕਿਆ ਹੈ, ਆਉਣ ਵਾਲੇ ਵਿਧਾਨ ਸਭਾ ਇਲੈਕਸ਼ਨ 'ਚ ਲੋਕ ਇਸ ਦਾ ਮੂੰਹ ਤੋੜ ਜੁਆਬ ਦੇਣਗੇ।


# ਘਲੋਟੀ 'ਚ ਮੰਡੀ ਬੋਰਡ ਵੱਲੋਂ 4.13 ਕਰੋੜ 'ਚ ਬਣਾਈ ਮੱਛੀ ਮੰਡੀ 'ਚਿੱਟਾ ਹਾਥੀ' ਬਣੀ!

### 20 ਦੁਕਾਨਾਂ ਵੇਚਣ ਦੇ ਬਾਵਜੂਦ ਨਾ ਬਹੁੜਿਆ ਕੋਈ ਮੱਛੀ ਵੇਚਣ ਵਾਲਾ




**ਪਟਿਆਲਾ/ਸਨੌਰ (ਰਾਜਿੰਦਰ ਥਿੰਦ)**-ਸ਼ਾਹੀ ਸ਼ਹਿਰ ਅੰਦਰ ਪਿਛਲੇ ਲੰਮੇ ਸਮੇਂ ਤੋਂ ਬਾਅਦ ਥਾਂ-ਥਾਂ ਮੱਛੀ ਮਾਰਕੀਟ ਲੱਗਣ ਕਾਰਨ ਸ਼ਹਿਰ ਦੇ ਲੋਕ ਬੇਹੱਦ ਪ੍ਰੇਸ਼ਾਨ ਸਨ।ਸ਼ਹਿਰ ਵਾਸੀਆਂ ਨੂੰ ਇਸ ਮੁਸ਼ਕਲ ਤੋਂ ਨਿਜ਼ਾਤ ਦੁਆਉਣ ਲਈ ਪੰਜਾਬ ਸਰਕਾਰ ਨੇ ਵਿਧਾਨ ਸਭਾ ਹਲਕੇ ਸਨੌਰ ਅੰਦਰ ਪਟਿਆਲਾ-ਦੇਵੀਗੜ੍ਹ ਰੋਡ 'ਤੇ ਪਿੰਡ ਘਲੋਟੀ ਦੀ 5 ਏਕੜ ਜ਼ਮੀਨ ਮੰਡੀ ਬੋਰਡ ਵੱਲੋਂ ਮਾਰਕੀਟ ਕਮੇਟੀ ਪਟਿਆਲਾ ਦੀ ਨਿਗਰਾਨੀ ਹੇਠ ਦਿੱਤੀ ਗਈ, ਜਿੱਥੇ ਪੰਜਾਬ ਸਰਕਾਰ ਨੇ ਮੱਛੀ ਵੇਚਣ ਦਾ ਧੰਦਾ ਕਰਨ ਵਾਲਿਆਂ ਨੂੰ ਵੱਡੀ ਰਾਹਤ ਦਿੰਦਿਆਂ ਸਾਲ 2024 ਵਿੱਚ ਪਸ਼ੂ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਤੇ ਵਿਧਾਨ ਸਭਾ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀ ਅਗਵਾਈ ਹੇਠ 5 ਏਕੜ ਜ਼ਮੀਨ 'ਚ 1 ਏਕੜ 'ਚ ਮੱਛੀ ਮੰਡੀ ਸਥਾਪਤ ਕੀਤੀ ਗਈ।ਇਸ 'ਤੇ 4 ਕਰੋੜ 13 ਲੱਖ ਰੁਪਏ ਦੀ ਲਾਗਤ ਨਾਲ ਇਮਾਰਤ ਉਸਾਰੀ ਗਈ, ਜਿਸ 'ਚ ਮੱਛੀ ਵੇਚਣ ਤੇ ਖ੍ਰੀਦਣ ਵਾਲਿਆਂ ਲਈ ਸਮੁੱਚੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ। ਆਧੁਨਿਕ ਸਹੂਲਤਾਂ ਨਾਲ ਲੈਸ ਇਸ ਮੰਡੀ ਕੰਪਲੈਕਸ ਅੰਦਰ ਪਾਰਕਿੰਗ, ਪੀਣ ਵਾਲਾ ਪਾਣੀ, ਬਾਥਰੂਮ ਆਦਿ ਬਣਾਏ ਗਏ, ਪਰ ਕਰੋੜਾਂ ਰੁਪਏ ਲਾਉਣ ਦੇ ਬਾਵਜੂਦ ਸ਼ਹਿਰ ਅੰਦਰ ਥਾਂ-ਥਾਂ ਪਹਿਲਾਂ ਦੀ ਤਰ੍ਹਾਂ ਹੁਣ ਵੀ ਮੱਛੀ ਮਾਰਕੀਟ ਬਣੀ ਹੋਈ ਹੈ, ਜਿਸ ਤੋਂ ਸਾਫ਼ ਪਤਾ ਚੱਲਦਾ ਹੈ ਕਿ ਸਰਕਾਰ ਦਾ ਮੱਛੀ ਵਿਕਰੇਤਾ ਨੂੰ ਮੱਛੀ ਮੰਡੀ ਬਣਾ ਕੇ ਲਾਭ ਦੇਣ ਲਈ ਲੱਗਿਆ 4 ਕਰੋੜ 13 ਲੱਖ ਰੁਪਇਆ ਖੂਹ ਖਾਤੇ ਪੈ ਗਿਆ ਹੈ ਤੇ ਹੁਣ ਮੰਡੀ ਸਰਕਾਰ ਲਈ ਚਿੱਟਾ ਹਾਥੀ ਬਣ ਕੇ ਰਹਿ ਗਈ ਹੈ।ਇਮਾਰਤ ਅੰਦਰ ਥਾਂ-ਥਾਂ ਗੰਦਗੀ ਦੇ ਢੇਰ ਲੱਗੇ ਹੋਏ ਹਨ ਤੇ ਇਸ ਦੀ ਦੇਖ-ਰੇਖ ਕਰਨ ਵਾਲਾ ਕੋਈ ਨਹੀਂ, ਕਿਉਂਕਿ ਸ਼ਹਿਰ ਅੰਦਰ ਲੋਕਾਂ ਨੂੰ ਮੱਛੀ ਦੀ ਖ੍ਰੀਦ 'ਤੇ ਮੱਛੀ ਮਾਰਕਿਟ ਨੂੰ ਸ਼ਹਿਰ ਦੇ ਬਾਹਰ ਥੋਪਣ 'ਚ ਤਬਦੀਲ ਕੀਤਾ ਗਿਆ ਸੀ ਤਾਂ ਜੋ ਸ਼ਹਿਰ ਨੂੰ ਸਾਫ਼ ਸੁਥਰਾ ਬਣਾਇਆ ਜਾ ਸਕੇ, ਪਰ ਕਰੋੜਾਂ ਰੁਪਏ ਲਾਉਣ ਦੇ ਬਾਵਜੂਦ ਵੇਚੀਆਂ ਗਈਆਂ 20 ਦੁਕਾਨਾਂ 'ਚੋਂ ਕਿਸੇ ਵੀ ਦੁਕਾਨਦਾਰ ਮੱਛੀ ਵੇਚਣ ਨਹੀਂ ਗਿਆ।ਇੱਕ ਗੱਲ ਸਮਝ ਤੋਂ ਬਾਹਰ ਹੈ ਕਿ ਜੇਕਰ ਮੱਛੀ ਵੇਚਣ ਵਾਲਿਆਂ ਨੇ ਮੰਡੀ 'ਚ ਜਾਣਾ ਹੀ ਨਹੀਂ ਸੀ ਤਾਂ ਮਾਰਕੀਟ ਬਣਾਈ ਹੀ ਕਿਉਂ ਗਈ? ਅਤੇ ਦੁਕਾਨਦਾਰਾਂ ਨੇ ਦੁਕਾਨਾਂ ਖਰੀਦੀਆਂ ਹੀ ਕਿਉਂ?

ਇਸ ਸਬੰਧੀ ਗੱਲਬਾਤ ਕਰਦਿਆਂ ਮੰਡੀਕਰਨ ਬੋਰਡ ਦੇ ਐਕਸੀਅਨ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਮੱਛੀ ਵਿਕਰੇਤਾ ਤੇ ਖਰੀਦਦਾਰਾਂ ਲਈ ਇਕ ਛੱਤ ਹੇਠਾਂ ਮਾਰਕੀਟ ਉਪਲੱਬਧ ਕਰਵਾਈ ਗਈ ਸੀ, ਪਰ ਇਸ ਦੀ ਸਹੂਲਤ ਲਈ ਸਰਕਾਰ ਨੇ ਬਾਕਾਇਦਾ ਨਿਲਾਮੀ ਕਰਕੇ 20 ਦੁਕਾਨਾਂ ਦੀ ਵਿਕਰੀ ਹੋ ਚੁੱਕੀ ਹੈ।ਜਿੱਥੇ ਸਮੁੱਚੇ ਮੱਛੀ ਵਿਕਰੇਤਾਵਾਂ ਨੂੰ ਆਉਣਾ ਚਾਹੀਦਾ ਹੈ, ਕਿਉਂਕਿ ਇਥੇ ਗਾਹਕਾਂ ਦੀ ਸਹੂਲਤ ਲਈ ਪਾਰਕਿੰਗ ਦਾ ਵੀ ਪੁਖਤਾ ਪ੍ਰਬੰਧ ਹੈ।ਕਾਂਗਰਸੀ ਆਗੂ ਗੁਰਦੇਵ ਸੰਧੂ ਨੇ ਇਸ ਸਬੰਧੀ ਕਿਹਾ ਕਿ ਅਕਸਰ ਹੀ ਇਹ ਵੇਖਣ 'ਚ ਆਮ ਆਦਮੀ ਪਾਰਟੀ ਸਰਕਾਰ ਦੀ ਨਾਕਾਮੀ ਦੀ ਸਬਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਕਿਹਾ ਕਿ ਇਕ ਪਾਸੇ ਸਰਕਾਰ ਦਾ ਖਜ਼ਾਨਾ ਖਾਲੀ ਪਿਆ ਹੈ, ਦੂਜੇ ਪਾਸੇ ਬਦਇੰਤਜ਼ਾਮੀ ਨਾਲ ਲੋਕਾਂ ਦੇ ਪੈਸੇ ਨੂੰ ਬਰਬਾਦ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਜਦੋਂ ਇਸ ਪ੍ਰੋਜੈਕਟ 'ਤੇ ਕਰੋੜਾਂ ਰੁਪਏ ਖਰਚ ਕੀਤੇ ਗਏ ਹਨ ਤਾਂ ਫਿਰ ਇਸ ਪ੍ਰੋਜੈਕਟ ਨੂੰ ਅਮਲੀ ਜਾਮਾ ਪਹਿਨਾਉਣ ਤੋਂ ਪਿੱਛੇ ਕਿਉਂ ਹਟ ਰਹੀ ਹੈ। ਸਰਕਾਰ ਨੂੰ ਇਸ ਪ੍ਰੋਜੈਕਟ ਨੂੰ ਤੁਰੰਤ ਚਾਲੂ ਕਰਨਾ ਚਾਹੀਦਾ ਹੈ।



# 21ਵਾਂ 'ਮੇਲਾ ਦੇਸ਼ ਭਗਤਾਂ ਦਾ' ਸ਼ਾਨੋ-ਸ਼ੌਕਤ ਨਾਲ ਸਮਾਪਤ



**ਲੌਂਗੋਵਾਲ (ਪ੍ਰਦੀਪ ਸੰਧਲ)**
ਦੇਸ਼ ਭਗਤ ਯਾਦਗਾਰ ਲੌਂਗੋਵਾਲ ਵੱਲੋਂ ਪਹਿਲੇ ਲਾਹੌਰ ਸਾਜ਼ਿਸ਼ ਕੇਸ ਦੇ ਸ਼ਹੀਦਾਂ ਕਰਤਾਰ ਸਿੰਘ ਸਰਾਭਾ ਤੇ ਸਾਥੀਆਂ ਦੀ ਯਾਦ ਵਿੱਚ ਅਤੇ ਗਦਰੀ ਗੁਲਾਬ ਕੌਰ ਬਖ਼ਸ਼ੀਵਾਲਾ ਨੂੰ ਸਮਰਪਤ 21ਵਾਂ ਮੇਲਾ ਦੇਸ਼ ਭਗਤਾਂ ਦਾ ਪੂਰੇ ਸ਼ਾਨੋ ਸ਼ੌਕਤ ਨਾਲ ਸਮਾਪਤ ਹੋ ਗਿਆ। ਦਿਨ ਵੇਲੇ ਵਿਦਿਆਰਥੀਆਂ ਦੇ ਗੀਤ, ਭਾਸ਼ਣ ਤੇ ਕੋਰੀਓਗ੍ਰਾਫੀ ਦੇ ਮੁਕਾਬਲਿਆਂ ਦਾ ਆਯੋਜਨ ਕਰਵਾਇਆ ਗਿਆ, ਜਿਸ ਵਿੱਚ ਦਰਜਨਾਂ ਸਕੂਲਾਂ ਦੇ ਸੈਂਕੜੇ ਵਿਦਿਆਰਥੀਆਂ ਨੇ ਆਪਣੀ ਕਲਾ ਦੇ ਜੌਹਰ ਦਿਖਾਉਂਦਿਆਂ ਇਨਾਮ ਹਾਸਲ ਕੀਤੇ।ਰਾਤ ਵੇਲੇ ਸੁਰਿੰਦਰ ਸ਼ਰਮਾ ਮੁੱਲਾਂਪੁਰ ਦੀ ਨਿਰਦੇਸ਼ਨਾ ਹੇਠ 'ਦੋ ਰੋਟੀਆਂ' ਤੇ 'ਕੰਮੀਆਂ ਦਾ ਵਿਹੜਾ' ਨਾਟਕਾਂ ਦਾ ਸਫਲ ਮੰਚਨ ਕੀਤਾ ਗਿਆ, ਜਿਨ੍ਹਾਂ ਵਿੱਚ ਵਿਦੇਸ਼ਾਂ ਵਿੱਚ ਪ੍ਰਵਾਸ ਕਰ ਰਹੇ ਨੌਜਵਾਨਾਂ ਦੀ ਤਰਸਭਰੀ ਜ਼ਿੰਦਗੀ ਤੇ ਜਾਤੀ ਪਾਤੀ ਵਿਤਕਰੇ ਦੀ ਸਮੱਸਿਆ ਦੇ ਰੂਬਰੂ ਕੀਤਾ ਗਿਆ। ਨਾਟਕਕਾਰ ਨੌਜਵਾਨਾਂ ਦੀ ਵਿਦੇਸ਼ਾਂ ਵਿੱਚ ਹੁੰਦੀ ਮਾਨਸਿਕ, ਆਰਥਿਕ ਲੁੱਟ ਤੇ ਨਸ਼ਿਆਂ ਦੀ ਦਲਦਲ ਵਿੱਚ ਫਸਣ ਦੀ ਸਮੱਸਿਆ ਨੂੰ ਪੇਸ਼ ਕਰਨ ਵਿੱਚ ਸਫਲ ਰਿਹਾ।ਸ਼ਹੀਦ ਮਤੀ ਦਾਸ ਸਕੂਲ ਆਫ਼ ਐਮੀਨੈਂਸ ਦੇ ਵਿਦਿਆਰਥੀਆਂ ਵੱਲੋਂ ਗ਼ਦਰੀ ਗੁਲਾਬ ਕੌਰ ਤੇ ਉਪੇਰੇ ਨਾਟਕ ਦਾ ਮੰਚਨ ਕੀਤਾ ਗਿਆ।ਵੱਖ-ਵੱਖ ਸੈਸ਼ਨਾਂ ਵਿੱਚ ਲਖਵੀਰ ਲੌਂਗੋਵਾਲ, ਰਣਜੀਤ ਸਿੰਘ, ਅਨਿਲ ਸ਼ਰਮਾ ਵੱਲੋਂ ਮੰਚ ਸੰਚਾਲਨ ਬਾਖੂਬੀ ਕੀਤਾ ਗਿਆ।ਦਿਨ ਵੇਲੇ ਭੋਲਾ ਸੰਗਰਾਮੀ ਦੇ ਗੀਤ ਤੇ ਰਾਤ ਨੂੰ ਅਜਮੇਰ ਅਕਲੀਆ ਦੇ ਸ਼ਰਧਾਂਜਲੀ ਗੀਤ ਨਾਲ ਲੋਕ ਨਾਇਕਾਂ ਦੀ ਕੁਰਬਾਨੀ ਨੂੰ ਸਿਜਦਾ ਕੀਤਾ ਗਿਆ।ਇਸ ਉਪਰੰਤ ਵਿਦਿਆਰਥੀਆਂ ਦੇ ਮੁਕਾਬਲਿਆਂ ਦਾ ਆਗਾਜ਼ ਹੋਇਆ।ਸੰਸਥਾ ਸਕੱਤਰ ਜੁਝਾਰ ਲੌਂਗੋਵਾਲ ਤੇ ਪ੍ਰਧਾਨ ਬਲਬੀਰ ਲੌਂਗੋਵਾਲ ਨੇ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ, ਭਾਰਤ ਦੀ ਲੋਕ ਮੁਕਤੀ ਲਹਿਰਾਂ ਦੇ ਸੁਨਹਿਰੀ ਪੰਨਿਆਂ ਦੇ ਨਾਲ ਅਵਾਮ ਤੇ ਵਿਦਿਆਰਥੀਆਂ ਨੂੰ ਜੋੜ ਕੇ ਨਿੱਗਰ ਸਮਾਜ ਸਿਰਜਣ ਲਈ ਅੱਗੇ ਆਉਣ ਤੇ ਮੁਲਕ ਵਿੱਚ ਲੋਕਾਂ ਨੂੰ ਜਾਤਾਂ, ਧਿਰਿਆਂ, ਅੰਧਰਾਸ਼ਟਰਵਾਦ, ਧਰਮ ਦੇ ਨਾਂ 'ਤੇ ਖ਼ੂਨ ਖਰਾਬਾ ਕਰਵਾਉਣ ਵਾਲਿਆਂ ਫਿਰਕਾਪ੍ਰਸਤ ਤਾਕਤਾਂ ਖਿਲਾਫ ਇੱਕਜੁੱਟ ਹੋ ਕੇ ਟਾਕਰਾ ਕਰਨ ਦਾ ਸੁਨੇਹਾ ਦਿੱਤਾ।ਕੋਰੀਓਗ੍ਰਾਫੀ ਮੁਕਾਬਲੇ ਵਿੱਚ ਆਸ਼ੀਰਵਾਦ ਡੇ ਬੋਰਡਿੰਗ ਸਕੂਲ ਝਾੜੋਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਗੀਤ ਮੁਕਾਬਲੇ ਵਿੱਚੋਂ ਆਦਰਸ਼ ਸੀਨੀਅਰ ਸੈਕੰਡਰੀ ਮਾਡਲ ਸਕੂਲ ਸੰਗਰੂਰ ਦੀ ਸਾਈਰਾ ਨੇ ਪਹਿਲਾ ਸਥਾਨ, ਭਾਸ਼ਣ ਮੁਕਾਬਲੇ ਵਿੱਚੋਂ ਆਸ਼ੀਰਵਾਦ ਡੇ ਬੋਰਡਿੰਗ ਸਕੂਲ ਝਾੜੋਂ ਦੀ ਗੁਰਸ਼ਾਨ ਕੌਰ ਨੇ ਪਹਿਲਾ ਸਥਾਨ ਹਾਸਲ ਕੀਤਾ।

ਸੰਸਥਾ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਕਿਤਾਬਾਂ, ਯਾਦਗਾਰੀ ਚਿੰਨ੍ਹਾਂ ਤੇ ਨਕਦ ਇਨਾਮਾਂ ਨਾਲ ਸਨਮਾਨਤ ਕੀਤਾ ਗਿਆ।ਇਸ ਤੋਂ ਇਲਾਵਾ ਸੰਸਥਾ ਦੇ ਸੀਨੀਅਰ ਮੈਂਬਰ ਕਮਲਜੀਤ ਵਿੱਕੀ ਦੇ ਪਰਵਾਰ ਵੱਲੋਂ ਆਪਣੇ ਪਿਤਾ ਜੀ ਦੀ ਯਾਦ ਵਿੱਚ ਵਿਸ਼ੇਸ਼ ਨਕਦ ਇਨਾਮ ਵੀ ਦਿੱਤਾ ਗਿਆ।ਇਸ ਮੌਕੇ ਕਮੇਟੀ ਵੱਲੋਂ ਉੱਘੇ ਪਰਜ਼ਾ ਮੰਡਲੀਏ ਪਾਲਾ ਸਿੰਘ ਨਾਗਰੀ ਦੇ ਪਰਿਵਾਰ ਦਾ ਸਨਮਾਨ, ਹਰਬੰਸ ਸਿੰਘ ਗਿੱਲ ਲੌਂਗੋਵਾਲ ਤੇ ਤਰਕਸ਼ੀਲ ਆਗੂ ਮਰਹੂਮ ਸਰਬਜੀਤ ਨਮੋਲ ਦੇ ਪਰਿਵਾਰ ਦਾ ਉਚੇਚੇ ਤੌਰ 'ਤੇ ਸਨਮਾਨ ਕੀਤਾ ਗਿਆ, ਸਨਮਾਨ ਦੌਰਾਨ ਸੰਸਥਾ ਦੇ ਵੀਰ ਸਾਲਾਂ ਦੇ ਸਫ਼ਰ ਦੀਆਂ ਸਰਗਰਮੀਆਂ ਤੇ ਇੱਕ ਕਿਤਾਬਚਾ ਵੀ ਜਾਰੀ ਕੀਤਾ ਗਿਆ।ਵਿਦਿਆਰਥੀਆਂ ਦੇ ਵੱਖ-ਵੱਖ ਮੁਕਾਬਲਿਆਂ ਦਾ ਨਿਰੀਖਣ ਰਾਕੇਸ਼ ਕੁਮਾਰ ਸੁਨਾਮ, ਵਿੰਦਰ ਠੀਕਰੀਵਾਲਾ, ਦਾਤਾ ਨਮੋਲ, ਨੈਬ ਸਿੰਘ ਰਟੋਲਾਂ, ਗੁਰਜੀਤ ਸਿੰਘ, ਡਾ. ਸ਼ਰਨਜੀਤ ਸਿੰਘ ਢੀਂਡਸਾ, ਪ੍ਰਿੰਸੀਪਲ ਅਨਿਲ ਕੁਮਾਰ, ਜੁਝਾਰ ਨਮੋਲ ਅਤੇ ਗੁਰਪਿਆਰ ਸਿੰਘ ਵੱਲੋਂ ਕੀਤਾ ਗਿਆ ਤੇ ਗੁਰਮੇਲ ਸਿੰਘ, ਚਰਨਾ ਸਿੰਘ, ਕੇਵਲ ਸਿੰਘ ਦੀ ਅਗਵਾਈ ਵਿੱਚ ਚਾਹ-ਪਾਣੀ ਦਾ ਲੰਗਰ ਸਾਰਾ ਦਿਨ ਚਲਦਾ ਰਿਹਾ।ਮਾ. ਬੀਰਬਲ ਸਿੰਘ, ਮਾ. ਚੰਦਰ ਸ਼ੇਖਰ, ਮਾ. ਜਸਵੀਰ ਨਮੋਲ, ਸੰਦੀਪ ਸਿੰਘ, ਅਵਤਾਰ ਸਿੰਘ ਤੇ ਸੁਖਵੀਰ ਸਿੰਘ ਵੱਲੋਂ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਕਰਨ ਦੀ ਡਿਊਟੀ ਪੂਰੀ ਜ਼ੁੰਮੇਵਾਰੀ ਨਾਲ ਨਿਭਾਈ ਗਈ।ਇਸ ਦੌਰਾਨ ਬੱਗਾ ਸਿੰਘ ਨਮੋਲ, ਸੁਖਪਾਲ ਸਿੰਘ ਤੇ ਭਾਗ ਸਿੰਘ ਦੀ ਅਗਵਾਈ ਅਤੇ ਦੇਖ ਰੇਖ ਵਿੱਚ ਉਸਾਰੂ ਸਾਹਿਤਕ ਕਿਤਾਬਾਂ ਦੀਆਂ ਪ੍ਰਦਰਸ਼ਨੀਆਂ ਖਿੱਚ ਦਾ ਕੇਂਦਰ ਬਣੀਆਂ ਰਹੀਆਂ।ਕਾਮਰੇਡ ਬਸੇਸਰ ਰਾਮ, ਗੁਰਮੇਲ ਪਰਦੇਸੀ, ਇੰਜੀਨੀਅਰ ਵਤਨਪ੍ਰੀਤ ਸਿੰਘ, ਸਿਮਰਨਦੀਪ ਕੌਰ ਨਮੋਲ ਤੇ ਬੂਟਾ ਸਿੰਘ ਵੱਲੋਂ ਲੋਕਪੱਖੀ ਕਵਿਤਾਵਾਂ ਪੇਸ਼ ਕੀਤੀਆਂ ਗਈਆਂ।

ਅੰਤ ਵਿੱਚ ਅਕਾਸ਼ ਗੁੰਜਾਊ ਇਨਕਲਾਬੀ ਨਾਹਰਿਆਂ ਨਾਲ ਅਮਿੱਟ ਪੈੜਾਂ ਛੱਡਦਾ ਮੇਲਾ ਦੇਸ਼ ਭਗਤਾਂ ਦਾ ਸਮਾਪਤ ਹੋ ਗਿਆ।

# ਸੰਨੀ ਗਿੱਲ ਦੀ ਅਗਵਾਈ 'ਚ ਰਣਬੀਰ ਢਿੱਲੋਂ ਵੱਲੋਂ ਐੱਸ ਓ ਆਈ 'ਚ ਨਿਯੁਕਤੀਆਂ

## ਐੱਸ ਓ ਆਈ ਦੇ ਗਠਨ ਨਾਲ਼ ਅਕਾਲੀ ਦਲ ਹੋਰ ਮਜ਼ਬੂਤ ਹੋਵੇਗਾ : ਸੰਨੀ ਗਿੱਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਐੱਸ ਓ ਆਈ ਦੇ ਸੂਬਾ ਪ੍ਰਧਾਨ ਰਣਬੀਰ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਪੂਰੇ ਸੂਬੇ ਵਿੱਚ ਐੱਸ ਓ ਆਈ ਦਾ ਗਠਨ ਕੀਤਾ ਜਾ ਰਿਹਾ ਹੈ, ਉਸੇ ਕੜੀ ਤਹਿਤ ਮੋਗਾ ਦੇ ਗੁਰੂ ਨਾਨਕ ਕਾਲਜ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ ਦੀ ਅਗਵਾਈ ਵਿੱਚ ਰਣਬੀਰ ਸਿੰਘ ਢਿੱਲੋਂ ਵੱਲੋਂ ਐੱਸ ਓ ਆਈ ਯੂਥ ਨੌਜਵਾਨਾਂ ਦਾ ਇੱਕ ਮਜ਼ਬੂਤ ਗਠਨ ਕੀਤਾ ਗਿਆ।ਇਸ ਮੌਕੇ ਤੇ ਸੰਜੀਤ ਸਿੰਘ ਸੰਨੀ ਗਿੱਲ ਨੇ ਬੋਲਦਿਆਂ ਕਿਹਾ ਕਿ ਐੱਸ ਓ ਆਈ ਦੇ ਗਠਨ ਨਾਲ ਸ਼੍ਰੋਮਣੀ ਅਕਾਲੀ ਦਲ ਹੋਰ ਮਜ਼ਬੂਤ ਹੋਵੇਗਾ ਤੇ ਸਾਲ 2027 ਦੀਆਂ ਚੋਣਾਂ ਵਿੱਚ ਯੂਥ ਅਕਾਲੀ ਦਲ ਤੇ ਐੱਸ ਓ ਆਈ ਦੀ ਅਹਿਮ ਭੂਮਿਕਾ ਹੋਵੇਗੀ ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੇਗੀ ਤੇ ਹਲਕਾ ਮੋਗਾ ਵਿੱਚ ਐੱਸ ਓ ਆਈ ਦੇ ਗਠਨ ਵਿੱਚ ਵੱਡਾ ਵਾਧਾ ਕੀਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਜੀਤ ਸਿੰਘ ਮਾਹਲਾ, ਦੇਬਸੀਸ ਮਲਿਕ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਹਰਜੋਤ ਸਿੰਘ ਡੇਮਰੂ ਜ਼ਿਲ੍ਹਾ ਪ੍ਰਧਾਨ ਦਿਹਾਤੀ, ਨੁਰਇੰਦਰ ਸਿੰਘ ਗਿੱਲ, ਸੁਖਬੀਰ ਸਿੰਘ ਗਿੱਲ ਯੂਥ ਪ੍ਰਧਾਨ ਹਲਕਾ ਮੋਗਾ, ਜਸਪ੍ਰੀਤ ਸਿੰਘ ਮਾਹਲਾ, ਜੋਏਦੀਪ ਸ਼ਰਮਾ, ਜਸਨੂਰ ਸਿੰਘ ਗਿੱਲ, ਇੰਦਰਜੀਤ ਸਿੰਘ ਬਰਾੜ ਲੰਡੇ, ਜਗਰਾਜ ਸਿੰਘ, ਵਿਸਾਲਦੀਪ ਸਿੰਘ, ਸੁਖਪ੍ਰੀਤ ਸਿੰਘ ਸਿੱਧੂ, ਵਿਕਰਮਜੀਤ ਸਿੰਘ, ਰੋਹਿਤ ਭਾਟੀਆ, ਦਿਸਾਂਤ ਸਿੰਘ, ਪ੍ਰਭਨੂਰ ਸਿੰਘ, ਅਜੇ, ਕਰਨਦੀਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਐੱਸ ਓ ਆਈ ਦੇ ਨੌਜਵਾਨ ਹਾਜ਼ਰ ਸਨ।

# ਪੰਚਾਇਤੀ ਆਮਦਨ ਦਾ ਤੀਜਾ ਹਿੱਸਾ ਵਸੂਲਣਾ ਬੰਦ ਕਰੇ ਸਰਕਾਰ : ਆਈ ਡੀ ਪੀ



**ਨਾਭਾ (ਵਰਿੰਦਰ ਵਰਮਾ)**-ਪਿੰਡ ਦੀਆਂ ਸੱਥਾਂ ਵਿੱਚੋਂ ਸਰਕਾਰ ਚਲਾਉਣ ਦਾ ਦਾਅਵਾ ਕਰਨ ਵਾਲੀ ਪੰਜਾਬ ਸਰਕਾਰ ਸੱਥਾਂ ਵਿੱਚ ਹੁੰਦੀ ਪੰਚਾਇਤੀ ਸ਼ਾਮਲਾਟ ਜ਼ਮੀਨਾਂ ਦੀ ਬੋਲੀ ਦਾ ਤੀਜਾ ਹਿੱਸਾ ਲੈ ਜਾਂਦੀ ਹੈ, ਜੋ ਕਿ ਗੈਰ ਕਾਨੂੰਨੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਈਡੀਪੀ ਵੱਲੋਂ ਕੀਤੇ ਜਾ ਰਹੇ ਪਿੰਡ ਤੇ ਪੰਜਾਬ ਬਚਾਉਣ ਦਾ ਹੋਕਾ ਦਿੰਦੇ ਕਾਫਲੇ ਵੱਲੋਂ ਪਿੰਡ ਰੈਸਲ, ਸ੍ਰੀਨਗਰ, ਖਨੌੜਾ, ਫਰੀਦਪੁਰ, ਦਰਗਾਹਪੁਰ ਪਿੰਡ ਵਿੱਚ ਜਨਤਕ ਰੈਲੀਆਂ ਨੂੰ ਸੰਬੋਧਨ ਕਰਦਿਆਂ ਆਈਡੀਪੀ ਦੇ ਸੂਬਾ ਆਗੂ ਗੁਰਮੀਤ ਸਿੰਘ ਥੂਹੀ, ਹਰਜਿੰਦਰ ਕੌਰ ਲੋਪੇ, ਕ੍ਰਿਸ਼ਨ ਲੁਬਾਣਾ ਨੇ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਹੜ੍ਹਾਂ ਦੀ ਮਾਰ ਹੇਠ ਆਉਣ ਕਾਰਨ ਵਿੱਤੀ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ।ਪਿੰਡਾਂ ਨੂੰ ਪੰਜਾਬ ਸਰਕਾਰ ਨੇ ਖਜ਼ਾਨੇ ਵਿੱਚੋਂ ਪੈਸਾ ਤਾਂ ਕੀ ਦੇਣਾ ਸੀ, ਬਲਕਿ ਪੰਚਾਇਤੀ ਸ਼ਾਮਲਾਟ ਜ਼ਮੀਨਾਂ ਦੀਆਂ ਬੋਲੀਆਂ ਦੀ ਆਮਦਨ ਵਿੱਚੋਂ ਲਗਭਗ ਤੀਜਾ ਹਿੱਸਾ ਲੈ ਜਾਂਦੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨਾਂ ਨੂੰ ਖੋਹਣ ਦੀ ਕਿਸੇ ਵੀ ਕੋਸ਼ਿਸ਼ ਨੂੰ ਪੰਜਾਬ ਦੀ ਇੱਕਜੁੱਟਤਾ ਕਾਮਯਾਬ ਨਹੀਂ ਹੋਣ ਦੇਵੇਗੀ।ਪੰਜਾਬ ਨਾਲ ਹਮੇਸ਼ਾ ਸਰਕਾਰਾਂ ਧੱਕਾ ਕਰਦੀਆਂ ਰਹੀਆਂ ਹਨ, ਪਰ ਪੰਜਾਬ ਦੇ ਲੋਕ ਉਸ ਦਾ ਮੂੰਹ ਤੋੜ ਜਵਾਬ ਦਿੰਦੇ ਆ ਰਹੇ ਹਨ।ਦੇਸ਼ ਦੇ ਰਾਜਾਂ ਦੇ ਹੱਕਾਂ ਤੇ ਕੇਂਦਰ ਸਰਕਾਰ ਲਗਾਤਾਰ ਡਾਕਾ ਮਾਰਨ ਲੱਗੀ ਹੋਈ ਹੈ।ਸੂਬਿਆਂ ਨੂੰ ਬੌਣੇ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸਾਰੇ ਪਿੰਡਾਂ ਦੀਆਂ ਗ੍ਰਾਮ ਸਭਾਵਾਂ ਸ਼ਾਮਲਾਟ ਜ਼ਮੀਨਾਂ ਉੱਤੇ ਮਨਰੇਗਾ ਨੂੰ ਸਹੀ ਰੂਪ ਵਿੱਚ ਲਾਗੂ ਕਰਕੇ ਇਸ ਵਿੱਚ ਬਾਗਬਾਨੀ ਤੇ ਐਗਰੋ ਫੌਰੈਸਟਰੀ ਸ਼ੁਰੂ ਕਰਨ ਦੇ ਫੈਸਲੇ ਕਰਨ, ਜਿਸ ਨਾਲ ਪਾਣੀ, ਵਾਤਾਵਰਨ ਤੇ ਮਿੱਟੀ ਦੀ ਗੁਣਵੱਤਾ ਬਚੇਗੀ ਤੇ ਲੋਕਾਂ ਨੂੰ ਰੁਜ਼ਗਾਰ ਮਿਲੇਗਾ।ਇਸ ਮੌਕੇ ਕਸ਼ਮੀਰਾ ਸਿੰਘ ਥੂਹੀ, ਤਰਸੇਮ ਸਿੰਘ ਭੀਮਾ ਖੇੜੀ, ਪਰਵਿੰਦਰ ਕੌਰ ਰਾਮਗੜ੍ਹ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਾਣੀ ਪ੍ਰਦੂਸ਼ਤ ਕਰਨ ਵਾਲਿਆਂ ਨੂੰ ਖੁੱਲ੍ਹੀ ਛੁੱਟੀ ਦੇਣ ਦੇ ਕਾਨੂੰਨ ਦਾ ਫ਼ੈਸਲਾ ਗਲਤ ਹੈ, ਇਸ ਨੂੰ ਵਾਪਸ ਲਿਆ ਜਾਵੇ।ਪੰਚਾਇਤਾਂ ਦੀ ਆਮਦਨ ਦਾ ਲਗਭਗ ਇੱਕ ਤਿਹਾਈ ਹਿੱਸਾ ਵਸੂਲਣਾ ਤੁਰੰਤ ਵਾਪਸ ਲਿਆ ਜਾਵੇ।

# ਪੱਤਰਕਾਰਾਂ ਨੇ ਸ਼ਹੀਦ ਸਰਾਭਾ ਨੂੰ ਯਾਦ ਕਰਦਿਆਂ ਰੋਸ ਪ੍ਰਦਰਸ਼ਨ ਕੀਤਾ



**ਸਰਾਭਾ (ਸੰਜੀਵ ਅਰੋੜਾ)**-ਪੰਜਾਬੀ ਪੱਤਰਕਾਰੀ ਦੇ ਪਿਤਾਮਾ ਤੇ ਗ਼ਦਰ ਲਹਿਰ ਦੇ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਘਰ ਤੋਂ ਮੂੰਹ ਉਪਰ ਕਾਲੀਆਂ ਪੱਟੀਆਂ ਬੰਨ੍ਹ ਕੇ ਪ੍ਰੈੱਸ ਦੀ ਅਜ਼ਾਦੀ ਉਪਰ ਦਿਨੋ-ਦਿਨ ਵਧ ਰਹੇ ਹਮਲਿਆਂ ਵਿਰੁੱਧ ਰੋਸ ਪ੍ਰਗਟ ਕਰਦਿਆਂ ਪੱਤਰਕਾਰਾਂ ਦੀਆਂ ਚਿਰਾਂ ਲਟਕਦੀਆਂ ਮੰਗਾਂ ਦੀ ਪ੍ਰਾਪਤੀ ਲਈ ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਵੱਲੋਂ ਪਿੰਡ ਸਰਾਭਾ ਦੇ ਮੁੱਖ ਚੌਕ ਵਿੱਚ ਸ਼ਹੀਦ ਦੇ ਬੁੱਤ ਤੱਕ ਰੋਸ ਮਾਰਚ ਕਰਨ ਉਪਰੰਤ ਆਗੂਆਂ ਨੇ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਪ੍ਰਦਰਸ਼ਨਕਾਰੀ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾਈ ਸਕੱਤਰ ਸੰਤੋਖ ਗਿੱਲ ਨੇ ਦੋਸ਼ ਲਾਇਆ ਕਿ ਜਿਸ ਮੀਡੀਆ ਦੇ ਸਹਾਰੇ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਉਪਰ ਕਾਬਜ਼ ਹੋਈ ਸੀ, ਅੱਜ ਉਸੇ ਮੀਡੀਆ ਪ੍ਰਤੀ ਬੇਹੱਦ ਮਾੜਾ ਰਵੱਈਆ ਅਖ਼ਤਿਆਰ ਕਰ ਲਿਆ ਹੈ।ਪਿਛਲੇ ਕਰੀਬ ਪੌਣੇ ਚਾਰ ਸਾਲਾਂ ਤੋਂ ਸੂਬਾ ਸਰਕਾਰ ਨੇ ਪਿਛਲੀਆਂ ਸਰਕਾਰਾਂ ਵੱਲੋਂ ਦਿੱਤੀਆਂ ਨਿਗੂਣੀਆਂ ਸਹੂਲਤਾਂ ਨੂੰ ਵੀ ਖੋਰਾ ਲਾ ਦਿੱਤਾ ਹੈ।ਸਾਰੇ ਪੱਤਰਕਾਰਾਂ ਤੇ ਡੈਸਕ ਸਟਾਫ਼ ਲਈ ਪੈਨਸ਼ਨ, ਹਰਿਆਣਾ ਪੈਟਰਨ ਉਪਰ ਮੁਫ਼ਤ ਬੱਸ ਸਫ਼ਰ, ਰਿਹਾਇਸ਼ੀ ਮਕਾਨਾਂ ਜਾਂ ਫਲੈਟਾਂ ਲਈ ਰਿਆਇਤੀ ਦਰਾਂ ਉਪਰ ਜ਼ਮੀਨਾਂ ਅਲਾਟ ਕਰਨ ਤੋਂ ਇਲਾਵਾ ਸਰਬੱਤ ਬੀਮਾ ਯੋਜਨਾ ਸਾਰੇ ਪੱਤਰਕਾਰਾਂ ਉਪਰ ਲਾਗੂ ਕਰਨ ਅਤੇ ਚੰਡੀਗੜ੍ਹ ਸਥਿਤ ਪੱਤਰਕਾਰਾਂ ਲਈ ਮਕਾਨ ਦਾ ਕੋਟਾ 15 ਤੋਂ ਵਧਾ ਕੇ 50 ਕਰਨ ਅਤੇ ਜ਼ਿਲ੍ਹਿਆਂ ਵਿੱਚ ਪੱਤਰਕਾਰਾਂ ਨੂੰ ਸਰਕਾਰੀ ਰਿਹਾਇਸ਼ ਦੇਣ ਸਮੇਤ ਹੋਰ ਮੰਗਾਂ ਫ਼ੌਰੀ ਪੂਰੀਆਂ ਕਰਨ ਦੀ ਮੰਗ ਕੀਤੀ।ਉਨ੍ਹਾਂ ਕਿਹਾ ਕਿ 16 ਨਵੰਬਰ ਤੋਂ 29 ਨਵੰਬਰ ਤੱਕ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਵੱਖ-ਵੱਖ ਢੰਗ ਤਰੀਕਿਆਂ ਨਾਲ ਸ਼ਹੀਦ ਸਰਾਭਾ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਪੱਤਰਕਾਰਾਂ ਦੀਆਂ ਮੰਗਾਂ ਲਈ ਅਵਾਜ਼ ਬੁਲੰਦ ਕੀਤੀ ਜਾਵੇਗੀ ਤੇ 29 ਨਵੰਬਰ ਨੂੰ ਬਰਨਾਲਾ ਵਿੱਚ ਹੋਣ ਵਾਲੀ ਸੂਬਾਈ ਕਾਨਫ਼ਰੰਸ ਮੌਕੇ ਅਗਲੇ ਸੰਘਰਸ਼ ਦੀ ਵਿਉਂਤਬੰਦੀ ਕੀਤੀ ਜਾਵੇਗੀ।

# ਅਮਨ ਅਰੋੜਾ ਨੇ ਪਾਈਪਾਂ ਪਾਉਣ ਦੇ ਕੰਮਾਂ ਦੀ ਕਰਾਈ ਸ਼ੁਰੂਆਤ



**ਲੌਂਗੋਵਾਲ (ਪ੍ਰਦੀਪ ਸੱਪਲ)**-ਕੈਬਨਿਟ ਮੰਤਰੀ ਅਮਨ ਅਰੋੜਾ ਨੇ ਪਿੰਡ ਚੱਠਾ ਸੇਖਵਾਂ ਵਿਖੇ 01 ਕਰੋੜ 29 ਲੱਖ ਤੇ ਪਿੰਡ ਰੱਤੋਕੇ ਵਿਖੇ 01 ਕਰੋੜ 11 ਲੱਖ ਨਾਲ ਸਿੰਜਾਈ ਪਾਈਪ ਲਾਈਨ ਪਾਉਣ ਦੇ ਪ੍ਰੋਜੈਕਟ ਦੀ ਸ਼ੁਰੂਆਤ ਕਰਾਈ, ਜਿਸ ਸਬੰਧੀ ਲੋਕਾਂ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਦਾ ਧੰਨਵਾਦ ਕੀਤਾ ਗਿਆ।ਕੈਬਨਿਟ ਮੰਤਰੀ ਅਰੋੜਾ ਨੇ ਦੱਸਿਆ ਕਿ ਪਿੰਡ ਚੱਠਾ ਸੇਖਵਾਂ ਵਿਖੇ ਪਾਈ ਜਾਣ ਵਾਲੀ 7750 ਮੀਟਰ ਲੰਬੀ ਪਾਈਪ ਲਾਈਨ ਨਾਲ 369.60 ਹੈਕਟੇਅਰ ਰਕਬੇ ਦੀ ਸਿੰਚਾਈ ਹੋਵੇਗੀ, ਜਿਸ ਨਾਲ 100 ਪਰਵਾਰਾਂ ਨੂੰ ਲਾਭ ਹੋਵੇਗਾ।ਇਸੇ ਤਰ੍ਹਾਂ ਪਿੰਡ ਰੱਤੋਕੇ ਵਿਖੇ ਪਾਈ ਜਾਣ ਵਾਲੀ 10645 ਮੀਟਰ ਲੰਬੀ ਸਿੰਜਾਈ ਪਾਈਪ ਲਾਈਨ ਨਾਲ 246.145 ਹੈਕਟੇਅਰ ਰਕਬੇ ਦੀ ਸਿੰਚਾਈ ਹੋਵੇਗੀ, ਜਿਸ ਨਾਲ 99 ਪਰਿਵਾਰਾਂ ਨੂੰ ਲਾਭ ਹੋਵੇਗਾ।ਅਰੋੜਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹਰ ਖੇਤ ਤਕ ਨਹਿਰੀ ਪਾਣੀ ਪੁੱਜਦਾ ਕੀਤੇ ਜਾਣ ਦੇ ਕੀਤੇ ਵਾਅਦੇ ਮੁਤਾਬਕ ਕੀਤੇ ਕੰਮ ਨਾਲ ਕਈ ਖੇਤਾਂ ਨੂੰ ਕਰੀਬ 30 ਸਾਲ ਬਾਅਦ ਨਹਿਰੀ ਪਾਣੀ ਮਿਲਿਆ ਹੈ।ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਮੌਜੂਦਾ ਸਰਕਾਰ ਬਣਨ ਤਕ ਪੰਜਾਬ ਦੇ ਹਿੱਸੇ ਦਾ ਤੀਜਾ ਹਿੱਸਾ ਪਾਣੀ ਵਰਤਿਆ ਹੀ ਨਹੀਂ ਜਾ ਰਿਹਾ ਸੀ, ਕਿਉਂਕਿ ਪਿਛਲੀਆਂ ਸਰਕਾਰਾਂ ਨੇ ਸੂਬੇ ਦੇ ਨਹਿਰੀ ਪ੍ਰਬੰਧ ਨੂੰ ਠੀਕ ਕਰਨ ਵੱਲ ਧਿਆਨ ਨਹੀਂ ਦਿੱਤਾ ਸੀ, ਪਰ ਮੌਜੂਦਾ ਸਰਕਾਰ ਦੇ ਯਤਨਾਂ ਸਦਕਾ ਨਹਿਰੀ ਪਾਣੀ ਦੀ ਵਰਤੋਂ ਵੱਡੇ ਪੱਧਰ ਉੱਤੇ ਵਧੀ ਹੈ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ



**ਫਰੀਦਕੋਟ (ਬੇਦੀ, ਡਿਸੂਜਾ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਫਰੀਦਕੋਟ ਦੀ ਮਹੀਨਾਵਾਰ ਮੀਟਿੰਗ ਸਥਾਨਕ ਰੈਸਟ ਹਾਊਸ ਵਿਖੇ ਬਲਾਕ ਪ੍ਰਧਾਨ ਡਾਕਟਰ ਅੰਮ੍ਰਿਤ ਪਾਲ ਸਿੰਘ ਟਹਿਣਾ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਵਿੱਚ ਜ਼ਿਲ੍ਹਾ ਡੈਲੀਗੇਟ ਡਾਕਟਰ ਵਿਜੇ ਪਾਲ ਕੰਮਿਆਣਾ, ਡਾਕਟਰ ਗੁਰਤੇਜ ਸਿੰਘ ਦਾਨਾ ਰੁਮਾਣਾ, ਵੈਦ ਗੁਰਦੀਪ ਸਿੰਘ ਕਾਬਲ ਵਾਲਾ ਚੇਅਰਮੈਨ, ਜ਼ਿਲ੍ਹਾ ਪ੍ਰਧਾਨ ਡਾਕਟਰ ਰਸ਼ਪਾਲ ਸਿੰਘ ਵਿਸ਼ੇਸ਼ ਤੌਰ 'ਤੇ ਪੁੱਜੇ।ਬਲਾਕ ਦੇ ਜਨਰਲ ਸਕੱਤਰ ਡਾਕਟਰ ਕੁਲਵੰਤ ਸਿੰਘ ਚਹਿਲ ਨੇ ਆਪਣੇ ਵਿਚਾਰਾਂ ਦੀ ਸਾਂਝ ਨਾਲ ਸ਼ੁਰੂਆਤ ਕੀਤੀ ਤੇ ਡਾਕਟਰ ਗੁਰਚਰਨ ਸਿੰਘ ਪੱਖੀ ਦੇ ਸਤਿਕਾਰਯੋਗ ਭਰਾ ਬਲਬੀਰ ਸਿੰਘ ਪੁਰਬਾ ਦੀ ਅਚਨਚੇਤ ਹੋਈ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ। ਬਲਾਕ ਪ੍ਰਧਾਨ ਡਾਕਟਰ ਅੰਮ੍ਰਿਤ ਪਾਲ ਸਿੰਘ ਟਹਿਣਾ ਨੇ ਮਹੀਨਾਵਾਰ ਫੀਸ ਵਿੱਚ ਵਾਧੇ ਬਾਰੇ ਸਾਰੇ ਡਾਕਟਰ ਸਾਥੀਆਂ ਨਾਲ ਵਿਚਾਰ ਕੀਤੀ ਤੇ ਕੀਤੇ ਹੋਏ ਫੈਸਲੇ ਦੀ ਹਾਊਸ ਤੋਂ ਪ੍ਰਵਾਨਗੀ ਲਈ। ਜ਼ਿਲ੍ਹਾ ਪ੍ਰਧਾਨ ਡਾਕਟਰ ਰਸ਼ਪਾਲ ਸਿੰਘ ਸੰਧੂ ਨੇ ਸਾਰੇ ਡਾਕਟਰ ਸਾਥੀਆਂ ਨੂੰ ਸਾਫ ਸੁਥਰੀ ਪ੍ਰੈਕਟਿਸ ਕਰਨ, ਭਰੂਣ ਹੱਤਿਆ ਤੇ ਨਸ਼ਿਆਂ ਆਦਿ ਦੀਆਂ ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣ ਲਈ ਕਿਹਾ।ਇਸ ਮੀਟਿੰਗ ਦੀ ਜਾਣਕਾਰੀ ਦਿੰਦਿਆਂ ਪ੍ਰੈੱਸ ਸਕੱਤਰ ਡਾਕਟਰ ਯਸ਼ਪਾਲ ਗੁਲਾਟੀ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਡਾਕਟਰ ਗੁਰਮੀਤ ਸਿੰਘ ਢੁੱਡੀ ਬਲਾਕ ਕੈਸ਼ੀਅਰ, ਡਾਕਟਰ ਰਾਜਵਿੰਦਰ ਸਿੰਘ, ਡਾਕਟਰ ਰਜਿੰਦਰ ਅਰੋੜਾ, ਡਾਕਟਰ ਮੈਡਮ ਸ਼ਰਨਜੀਤ ਕੌਰ, ਡਾਕਟਰ ਗੁਰਪ੍ਰੀਤ ਸਿੰਘ, ਡਾਕਟਰ ਬਲਜੀਤ ਸਿੰਘ, ਡਾਕਟਰ ਬੂਟਾ ਸਿੰਘ ਧੂੜਕੋਟ, ਡਾਕਟਰ ਧਰਮ ਪਰਵਾਨਾ ਨਵਾਂ ਕਿਲ੍ਹਾ, ਡਾਕਟਰ ਬਲਦੇਵ ਸਿੰਘ, ਡਾਕਟਰ ਪਰਵਿੰਦਰ ਕੰਧਾਰੀ, ਡਾਕਟਰ ਮੈਡਮ ਪੂਨਮ, ਡਾਕਟਰ ਬਲਦੇਵ (ਡਿੰਪਲ), ਡਾਕਟਰ ਗੁਰਵਿੰਦਰ ਸਿੰਘ ਆਦਿ ਸ਼ਾਮਲ ਹੋਏ।

# ਪੀੜਤ ਮਜ਼ਦੂਰਾਂ ਨੂੰ ਘਰਾਂ ਦੀ ਉਸਾਰੀ ਲਈ ਅਜੇ ਤੱਕ ਨਹੀਂ ਮਿਲੀ ਕੋਈ ਰਾਹਤ : ਜੱਸੀ ਪੇਧਨੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਭਾਰੀ ਬਾਰਸ਼ਾਂ ਨਾਲ ਢਹਿ ਢੇਰੀ ਹੋਏ ਘਰਾਂ ਦੀ ਮੁੜ ਉਸਾਰੀ ਤੇ ਬਿਪਤਾ ਮਾਰੇ ਲੋਕਾਂ ਨੂੰ ਰਾਹਤ ਲਈ ਪੰਜਾਬ ਸਰਕਾਰ ਨੇ ਅਜੇ ਤੱਕ ਕੋਈ ਫੰਡ ਨਹੀਂ ਜਾਰੀ ਕੀਤੇ।ਇਹ ਪ੍ਰਗਟਾਵਾ ਉੱਘੇ ਸਮਾਜ ਸੇਵਕ ਭਾਨ ਸਿੰਘ ਜੱਸੀ ਪੇਧਨੀ ਨੇ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਭਰ ਵਿੱਚ ਕਿਸਾਨਾਂ ਦੀਆਂ ਫਸਲਾਂ ਪ੍ਰਭਾਵਿਤ ਹੋਣ ਦੇ ਨਾਲ-ਨਾਲ ਪੱਛੜੇ ਵਰਗ ਦੇ ਪਰਵਾਰਾਂ ਦੇ ਘਰ ਵੀ ਭਾਰੀ ਮੀਂਹ ਦੀ ਲਪੇਟ ਵਿੱਚ ਆ ਕੇ ਢਹਿ ਗਏ।ਇਸ ਬਿਪਤਾ ਦੀ ਘੜੀ 'ਚ ਪੀੜਤ ਪਰਵਾਰਾਂ ਨੂੰ ਪਿੰਡਾਂ ਦੀਆਂ ਸਾਂਝੀਆਂ ਥਾਵਾਂ, ਧਰਮਸ਼ਾਲਾਵਾਂ 'ਚ ਦਿਨ ਕੱਟਣੇ ਪਏ।ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੀੜਤਾਂ ਨੂੰ ਯੋਗ ਮੁਆਵਜ਼ਾ ਹਰ ਤਰ੍ਹਾਂ ਦੀ ਰਾਹਤ ਦੇਣ ਦੇ ਐਲਾਨ ਕਰਨ ਦੇ ਬਾਵਜੂਦ ਅਜ ਤੱਕ ਵੀ ਪੀੜਤ ਮਜ਼ਦੂਰ ਪਰਵਾਰਾਂ ਨੂੰ ਯੋਗ ਮੁਆਵਜ਼ਾ ਨਹੀਂ ਮਿਲਿਆ।ਆਗੂ ਜੱਸੀ ਪੇਧਨੀ ਨੇ ਕਿਹਾ ਕਿ ਕੁਦਰਤ ਦੀ ਕਰੋਪੀ ਕਰਕੇ ਗੁਰਬਤ ਦੀ ਜ਼ਿੰਦਗੀ ਬਸਰ ਕਰਨ ਲਈ ਬੇਵੱਸ ਮਜ਼ਦੂਰ ਪਰਵਾਰਾਂ ਦੇ ਬੈਠਣ ਲਈ ਛੱਤ ਬਣਾਉਣ ਲਈ ਤੁਰੰਤ ਰਾਹਤ ਫੰਡ ਜਾਰੀ ਕਰਨ ਦੀ ਮੁੱਖ ਲੋੜ ਹੈ।ਉਨ੍ਹਾਂ ਪੱਛੜੇ ਵਰਗ ਨੂੰ ਜਨਤਕ ਵੰਡ ਪ੍ਰਣਾਲੀ ਰਾਹੀਂ ਪਿੰਡਾਂ ਅੰਦਰ ਸਸਤੇ ਭਾਅ ਦਾ ਰਾਸ਼ਨ ਦੀ ਸਪਲਾਈ ਯਕੀਨੀ ਬਣਾਉਣ ਲਈ ਪਿੰਡ-ਪਿੰਡ ਸਸਤੀਆਂ ਦੁਕਾਨਾਂ ਖੋਲ੍ਹੇ ਜਾਣ ਦੀ ਮੰਗ ਕੀਤੀ।

# 'ਸਾਂਝਾਂ ਪਿਆਰ ਦੀਆਂ' ਵੱਲੋਂ ਅਣਗੌਲੇ ਸਾਹਿਤਕਾਰਾਂ ਨੂੰ ਉੱਚਾ ਚੁੱਕਣ ਦਾ ਉਪਰਾਲਾ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬੀ ਅੰਤਰਰਾਸ਼ਟਰੀ ਸਾਹਿਤਕ ਮੰਚ 'ਸਾਂਝਾਂ ਪਿਆਰ ਦੀਆਂ' ਵੱਲੋਂ ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਦੇ ਸਹਿਯੋਗ ਨਾਲ ਬੀਤੇ ਐਤਵਾਰ ਨੂੰ ਲੇਖਕ ਭਵਨ ਸੰਗਰੂਰ ਵਿਖੇ ਕੁਲਦੀਪ ਸਿੰਘ ਬੰਗੀ, ਬਲਵੰਤ ਚਿਰਾਗ, ਜੱਸ ਬਠਿੰਡਾ ਤੇ ਸੁਖਵਿੰਦਰ ਸਿੰਘ ਲੋਟੇ ਦੀ ਸਾਂਝੇ ਤੌਰ 'ਤੇ ਪ੍ਰਧਾਨਗੀ ਹੇਠ ਸਾਲਾਨਾ ਸਨਮਾਨ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਗ਼ਜ਼ਲ ਸਮਰਾਟ ਪੁਰਸਕਾਰ ਤਰਸੇਮ ਨੂਰ ਨੂੰ ਦਿੱਤਾ ਗਿਆ ਤੇ ਮਨਜੀਤ ਬਠਿੰਡਾ, ਸੁਖਜੀਤ ਸਿੰਘ ਤੇ ਮਨਜੀਤ ਕੌਰ ਅੰਬਾਲਵੀ ਨੂੰ ਵਿਸ਼ੇਸ਼ ਸਨਮਾਨਾਂ ਨਾਲ ਸਨਮਾਨਤ ਕੀਤਾ ਗਿਆ।ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦੇ ਹੋਏ ਕੁਲਦੀਪ ਸਿੰਘ ਬੰਗੀ ਨੇ ਕਿਹਾ ਕਿ ਸਾਂਝਾਂ ਪਿਆਰ ਦੀਆਂ ਗਰੁੱਪ ਸਰਦਾਰ ਜਸਪਾਲ ਸੂਸ ਤੇ ਗੁਰਸ਼ਰਨ ਸਿੰਘ ਅਜੀਬ ਵੱਲੋਂ ਪਿਛਲੇ ਲੰਬੇ ਅਰਸੇ ਤੋਂ ਚਲਾਇਆ ਜਾ ਰਿਹਾ ਹੈ, ਜਿਸ ਦਾ ਖਰਚਾ ਉਨ੍ਹਾਂ ਦੁਆਰਾ ਸਾਂਝੇ ਤੌਰ 'ਤੇ ਕੀਤਾ ਜਾਂਦਾ ਹੈ।ਇਸ ਗਰੁੱਪ ਨਾਲ ਵਿਸ਼ਵ ਦੇ ਕਈ ਮੁਲਕਾਂ ਦੇ ਸਾਹਿਤਕਾਰ ਜੁੜੇ ਹੋਏ ਹਨ।ਗਰੁੱਪ ਦੁਆਰਾ ਕਵੀਆਂ ਦੀਆਂ ਰਚਨਾਵਾਂ ਇਕੱਠੀਆਂ ਕਰਕੇ ਕਈ ਕਾਵਿ-ਸੰਗ੍ਰਹਿ ਛਾਪੇ ਜਾ ਚੁੱਕੇ ਹਨ।ਬਹੁਤ ਸਾਰੇ ਲੇਖਕਾਂ ਦੇ ਗੀਤ ਰਿਕਾਰਡ ਕਰਵਾਏ ਗਏ ਹਨ।ਹਰ ਸਾਲ ਪਾਰਦਰਸ਼ੀ ਤਰੀਕੇ ਨਾਲ ਚੋਣ ਕਰਕੇ ਸਨਮਾਨ ਦਿੱਤੇ ਜਾਂਦੇ ਹਨ।ਬਲਵੰਤ ਚਿਰਾਗ ਨੇ ਕਿਹਾ ਕਿ ਸਾਹਿਤਕਾਰਾਂ ਨੂੰ ਗਰੁੱਪ ਦੀਆਂ ਉਸਾਰੂ ਗਤੀਵਿਧੀਆਂ ਤੋਂ ਕਾਫ਼ੀ ਹੌਸਲਾ ਮਿਲਦਾ ਹੈ।ਜੱਸ ਬਠਿੰਡਾ ਨੇ ਸ੍ਰ. ਜਸਪਾਲ ਸੂਸ, ਗੁਰਸ਼ਰਨ ਸਿੰਘ ਅਜੀਬ ਤੇ ਹੋਰ ਐਕਟਿਵ ਸਾਹਿਤਕਾਰਾਂ 'ਤੇ ਲਿਖੀ ਆਪਣੀ ਰਚਨਾ ਸੁਣਾ ਕੇ ਸਾਰਿਆਂ ਦਾ ਦਿਲ ਮੋਹ ਲਿਆ।ਸੁਖਵਿੰਦਰ ਸਿੰਘ ਲੋਟੇ ਨੇ ਕਿਹਾ ਕਿ ਮੈਂ ਲੰਬੇ ਸਮੇਂ ਤੋਂ ਗਰੁੱਪ ਨਾਲ ਜੁੜਿਆ ਹੋਇਆ ਹਾਂ।ਮੈਨੂੰ ਸਾਹਿਤ ਤੇ ਕਲਾ ਦੇ ਖੇਤਰ ਵਿੱਚ ਗਰੁੱਪ ਨਾਲ ਜੁੜ ਕੇ ਬਹੁਤ ਕੁਝ ਸਿੱਖਣ ਦਾ ਮੌਕਾ ਮਿਲਿਆ ਹੈ। ਮਾਲਵਾ ਲਿਖਾਰੀ ਸਭਾ ਦੇ ਪ੍ਰਧਾਨ ਕਰਮ ਸਿੰਘ ਜ਼ਖ਼ਮੀ ਨੇ ਵੀ ਸਾਂਝਾਂ ਪਿਆਰ ਦੀਆਂ ਗਰੁੱਪ ਦੀ ਪ੍ਰਸ਼ੰਸਾ ਕੀਤੀ।ਗ਼ਜ਼ਲ ਸਮਰਾਟ ਤਰਸੇਮ ਨੂਰ ਨੇ ਆਪਣੀ ਸ਼ਾਇਰੀ ਨਾਲ ਸਰੋਤਿਆਂ ਦਾ ਦਿਲ ਜਿੱਤ ਲਿਆ।ਸਮਾਗਮ ਵਿੱਚ ਮਨਜੀਤ ਕੌਰ ਅੰਬਾਲਵੀ ਦਾ ਮਿੰਨੀ ਕਹਾਣੀ-ਸੰਗ੍ਰਹਿ 'ਸਿੱਲ੍ਹੀਆਂ ਅੱਖਾਂ' ਲੋਕ ਅਰਪਣ ਕੀਤਾ ਗਿਆ।ਇਸ ਮੌਕੇ ਹੋਏ ਵਿਸ਼ਾਲ ਕਵੀ ਦਰਬਾਰ ਵਿੱਚ ਹਾਜ਼ਰ ਕਵੀਆਂ ਨੇ ਆਪਣੀਆਂ ਰਚਨਾਵਾਂ ਸੁਣਾ ਕੇ ਖੂਬ ਰੰਗ ਬੰਨ੍ਹਿਆ। ਮੰਚ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਰਾਜਨ ਨੇ ਬਾਖ਼ੂਬੀ ਨਿਭਾਈ।ਸਮਾਗਮ ਦੇ ਅਖੀਰ ਵਿੱਚ ਸੁਖਵਿੰਦਰ ਸਿੰਘ ਲੋਟੇ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਭਾਈ ਘਨੱਈਆ ਸੁਸਾਇਟੀ ਵੱਲੋਂ ਸਰਕਾਰੀ ਸਕੂਲ ਜੰਡ ਸਾਹਿਬ ਵਿਖੇ ਜਾਗਰੂਕਤਾ ਸੈਮੀਨਾਰ



**ਕੋਟਕਪੂਰਾ (ਰਛਪਾਲ ਭੁੱਲਰ)**

ਵਾਤਾਵਰਣ ਦੀ ਸੰਭਾਲ ਲਈ ਜਿੰਨੀਆਂ ਵੀ ਸੰਸਥਾਵਾਂ ਤੇ ਜਥੇਬੰਦੀਆਂ ਯਤਨਸ਼ੀਲ ਹਨ, ਉਨ੍ਹਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ, ਕਿਉਂਕਿ ਅੱਜ ਕੁਦਰਤ ਨਾਲ ਖਿਲਵਾੜ ਕਰਕੇ ਵਾਤਾਵਰਣ ਪਲੀਤ ਹੋਣ ਨਾਲ ਜਿਹੜੀਆਂ ਮੁਸ਼ਕਲਾਂ ਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਸ ਤੋਂ ਬਚਣ ਲਈ ਵਾਤਾਵਰਣ ਦੀ ਸੰਭਾਲ ਬਹੁਤ ਜ਼ਰੂਰੀ ਹੈ।ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੰਡ ਸਾਹਿਬ ਨੇੜੇ ਸਾਦਿਕ ਵਿਖੇ ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਦੇ ਸੰਸਥਾਪਕ ਗੁਰਪ੍ਰੀਤ ਸਿੰਘ ਚੰਦਬਾਜਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕੋਟਕਪੂਰਾ ਗਰੁੱਪ ਆਫ ਫੈਮਿਲੀਜ਼ ਬਰੈਂਪਟਨ (ਕੈਨੇਡਾ) ਦੇ ਸਹਿਯੋਗ ਨਾਲ ਕਰਵਾਏ ਗਏ ਜਾਗਰੂਕਤਾ ਸੈਮੀਨਾਰ ਦੌਰਾਨ ਮੁੱਖ ਵਕਤਾ ਦੇ ਤੌਰ 'ਤੇ ਪੁੱਜੇ ਸੁਸਾਇਟੀ ਦੇ ਪ੍ਰੈੱਸ ਸਕੱਤਰ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਉਕਤ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਆਖਿਆ ਕਿ ਖੁਸ਼ੀ ਗਮੀ ਮੌਕੇ ਬੂਟੇ ਲਾਉਣੇ, ਉਨ੍ਹਾਂ ਦੀ ਸਾਂਭ ਸੰਭਾਲ ਕਰਨੀ ਤੇ ਪਟਾਕਿਆਂ ਜਾਂ ਆਤਿਸ਼ਬਾਜ਼ੀ ਆਦਿ ਦੀ ਵਰਤੋਂ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ।ਉਨ੍ਹਾਂ ਅੰਕੜਿਆਂ ਸਹਿਤ ਦਲੀਲਾਂ ਦਿੰਦਿਆਂ ਦਾਅਵਾ ਕੀਤਾ ਕਿ ਕੋਰੋਨਾ ਵਾਇਰਸ ਦੀ ਕਰੋਪੀ ਦੇ ਸੰਕਟ ਦੌਰਾਨ ਇੱਕ-ਇੱਕ ਕਰੋੜ ਰੁਪਏ ਦਾ ਆਕਸੀਜਨ ਦਾ ਸਿਲੰਡਰ ਵਿਕਿਆ ਤੇ ਸਾਨੂੰ ਅਹਿਸਾਸ ਹੋਇਆ ਕਿ ਦਰੱਖਤ ਸਾਨੂੰ ਮੁਫਤ ਆਕਸੀਜਨ ਮੁਹੱਈਆ ਕਰਵਾ ਰਹੇ ਹਨ, ਪਰ ਸੰਕਟ ਟਲਣ ਤੋਂ ਬਾਅਦ ਅਸੀਂ ਫਿਰ ਆਪਣੀਆਂ ਪੁਰਾਣੀਆਂ ਆਦਤਾਂ ਉਪਰ ਪਰਤ ਆਏ। ਅੱਜ ਦਰਿਆਵਾਂ ਵਿੱਚ ਸੁੱਟਿਆ ਜਾ ਰਿਹਾ ਮੁਸ਼ਕ ਮਾਰਦਾ ਅਣਟ੍ਰੀਟਡ ਗੰਦਾ ਪਾਣੀ, ਜੰਗਲਾਂ ਦੀ ਅੰਨ੍ਹੇਵਾਹ ਕਟਾਈ, ਹਰ ਖੁਸ਼ੀ ਮੌਕੇ ਜਾਂ ਇਤਿਹਾਸਕ ਦਿਹਾੜਿਆਂ ਸਮੇਂ ਪਟਾਕਿਆਂ ਤੇ ਆਤਿਸ਼ਬਾਜ਼ੀ ਦੀ ਵਰਤੋਂ, ਝੋਨੇ ਦੀ ਪਰਾਲੀ ਨੂੰ ਲੱਗਦੀਆਂ ਅੱਗਾਂ, ਕੂੜੇ ਦੇ ਢੇਰਾਂ 'ਚੋਂ ਨਿਕਲਦੀਆਂ ਗੈਸਾਂ, ਵਾਹਨਾਂ ਦਾ ਪ੍ਰਦੂਸ਼ਤ ਧੂੰਆਂ, ਹਸਪਤਾਲ ਤੇ ਮੈਡੀਕਲ ਦੀਆਂ ਦੁਕਾਨਾਂ 'ਚ ਵਾਧਾ ਕਰ ਰਿਹਾ ਹੈ।ਮੰਚ ਸੰਚਾਲਨ ਕਰਦਿਆਂ ਮਾਸਟਰ ਰੰਗ ਹਰਜਿੰਦਰ ਸਿੰਘ ਨੇ ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਦੇ ਸੇਵਾ ਕਾਰਜਾਂ ਤੋਂ ਜਾਣੂ ਕਰਵਾਇਆ, ਜਦਕਿ ਸਕੂਲ ਮੁਖੀ ਮੈਡਮ ਹਰਪ੍ਰੀਤ ਕੌਰ ਨੇ ਸੁਸਾਇਟੀ ਤੇ ਮੁੱਖ ਬੁਲਾਰੇ ਸਮੇਤ ਵਰਿੰਦਰਪਾਲ ਸਿੰਘ ਅਰਨੇਜਾ ਆਦਿਕ ਮਹਿਮਾਨਾਂ ਦਾ ਧੰਨਵਾਦ ਕੀਤਾ।ਉਨ੍ਹਾਂ ਇੱਕ-ਇੱਕ ਗੱਲ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਉਪਰਾਲੇ ਜਾਰੀ ਰਹਿਣੇ ਚਾਹੀਦੇ ਹਨ।ਇਸ ਮੌਕੇ ਜਾਗਰੂਕਤਾ ਵਾਲੀਆਂ ਕਾਪੀਆਂ ਵੀ ਵੰਡੀਆਂ ਗਈਆਂ।ਇਸ ਮੌਕੇ ਸਕੂਲ ਦੇ ਸਮੁੱਚੇ ਸਟਾਫ ਦਾ ਵੀ ਭਰਪੂਰ ਸਹਿਯੋਗ ਰਿਹਾ।

# ਦਸਮੇਸ਼ ਮਿਸ਼ਨ ਸਕੂਲ ਹਰੀ ਨੌ ਵੱਲੋਂ ਵਿੱਦਿਅਕ ਟੂਰ ਕਰਾਇਆ ਗਿਆ



**ਕੋਟਕਪੂਰਾ (ਰਛਪਾਲ ਭੁੱਲਰ)**-ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀਨੌ ਵੱਲੋਂ ਹਰ ਸਾਲ ਦੀ ਤਰ੍ਹਾਂ ਸੀਨੀਅਰ ਸੈਕੰਡਰੀ ਕਲਾਸਾਂ ਦਾ ਵਿਦਿਅਕ ਦੌਰਾ ਚੰਡੀਗੜ੍ਹ ਤੇ ਪੰਚਕੂਲਾ ਵਿਖੇ ਕਰਾਇਆ ਗਿਆ।ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸਰਦਾਰ ਬਲਜੀਤ ਸਿੰਘ ਅਤੇ ਡਾਇਰੈਕਟਰ ਪ੍ਰਿੰਸੀਪਲ ਸ੍ਰੀਮਤੀ ਸੁਰਿੰਦਰ ਕੌਰ ਤੇ ਪ੍ਰਿੰਸੀਪਲ ਸ੍ਰੀਮਤੀ ਸੋਮਾ ਦੇਵੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਸ ਦੀ ਅਗਵਾਈ ਗੁਰਵਿੰਦਰ ਸਿੰਘ ਅਤੇ ਬਲਜੀਤ ਕੌਰ ਵੱਲੋਂ ਕੀਤੀ ਗਈ।ਬੱਚਿਆਂ ਨੂੰ ਸੰਘੋਲ ਵਿਖੇ ਪੁਰਾਤਨ ਸੱਭਿਅਤਾ ਨਾਲ ਸੰਬੰਧਿਤ ਅਜਾਇਬ ਘਰ ਦਿਖਾਇਆ ਗਿਆ।ਇਸ ਉਪਰੰਤ ਰੋਜ਼ ਗਾਰਡਨ ਤੇ ਬਰਡ ਪਾਰਕ ਚੰਡੀਗੜ੍ਹ ਵਿਖੇ ਲਿਜਾਇਆ ਗਿਆ ਜੋ ਬੱਚਿਆਂ ਲਈ ਬਹੁਤ ਰੌਚਕ ਅਤੇ ਜਾਣਕਾਰੀ ਭਰਪੂਰ ਸੀ।ਸ਼ਾਮ ਹੋਣ ਉਪਰੰਤ ਬੱਚਿਆਂ ਨੇ ਸੁਖਨਾ ਝੀਲ ਦੇ ਖ਼ੂਬਸੂਰਤ ਨਜ਼ਾਰਿਆਂ ਦਾ ਆਨੰਦ ਮਾਣਿਆ।ਸਮੇਂ-ਸਮੇਂ 'ਤੇ ਬੱਚਿਆਂ ਦੇ ਖਾਣ-ਪੀਣ ਦਾ ਖਾਸ ਧਿਆਨ ਰੱਖਿਆ ਗਿਆ।ਬੱਚਿਆਂ ਦੀ ਰਾਤ ਦੇ ਰੁਕਣ ਲਈ ਵੀ ਵਧੀਆ ਪ੍ਰਬੰਧ ਕੀਤਾ ਗਿਆ।ਸਵੇਰੇ ਨਾਸ਼ਤਾ ਕਰਾ ਕੇ ਬੱਚਿਆਂ ਨੂੰ ਮੋਰਨੀ ਦੀਆਂ ਪਹਾੜੀਆਂ ਵਿਖੇ ਲਿਜਾਇਆ ਗਿਆ, ਜਿੱਥੇ ਬੱਚਿਆਂ ਨੇ ਬੋਟਿੰਗ ਕਰਕੇ ਖੂਬ ਆਨੰਦ ਮਾਣਿਆ।ਸ਼ਾਮ ਨੂੰ ਫ਼ਤਿਹਗੜ੍ਹ ਸਾਹਿਬ ਵਿਖੇ ਗੁਰਦੁਆਰਾ ਕੰਧ ਸਾਹਿਬ ਤੇ ਠੰਡੇ ਬੁਰਜ ਵਿੱਚ ਬੱਚੇ ਨਤਮਸਤਕ ਹੋਏ।ਸਾਰੇ ਟੂਰ ਦੌਰਾਨ ਸ਼ਮਿੰਦਰ ਕੌਰ, ਮਨਪ੍ਰੀਤ ਕੌਰ ਤੇ ਗੁਰਸ਼ਿੰਦਰ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸਰਦਾਰ ਬਲਜੀਤ ਸਿੰਘ ਵੱਲੋਂ ਦੱਸਿਆ ਗਿਆ ਕਿ ਪੜ੍ਹਾਈ ਦੇ ਨਾਲ ਨਾਲ ਬੱਚਿਆਂ ਨੂੰ ਖੇਡਾਂ ਸਮੇਤ ਧਾਰਮਿਕ, ਸਮਾਜਿਕ, ਰਾਜਨੀਤਕ ਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਵੀ ਭਾਗ ਲੈਣ ਲਈ ਪ੍ਰੇਰਿਆ ਜਾਂਦਾ ਹੈ ਤਾਂ ਜੁ ਬੱਚੇ ਦਾ ਸਰਵਪੱਖੀ ਵਿਕਾਸ ਹੋ ਸਕੇ।

# ਸਾਹਿਤ ਸਭਾ ਪ੍ਰਧਾਨ ਨੇ ਸਕੂਲੀ ਬੱਚਿਆਂ ਨੂੰ ਇਨਾਮ ਵੰਡੇ



**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ)**-ਸਰਕਾਰੀ ਐਲੀਮੈਂਟਰੀ ਸਕੂਲ (ਲਛਮੀ ਬਾਗ) ਵੱਲੋਂ ਹੁਸ਼ਿਆਰ ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਸੰਖੇਪ ਸਮਾਗਮ ਕਰਾਇਆ ਗਿਆ।ਸਾਹਿਤ ਸਭਾ ਧੂਰੀ ਦੇ ਪ੍ਰਧਾਨ ਸੁਰਿੰਦਰ ਸ਼ਰਮਾ ਨਾਗਰਾ ਵੱਲੋਂ ਆਪੋ ਆਪਣੀਆਂ ਕਲਾਸਾਂ 'ਚੋਂ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਇਨਾਮ ਵੰਡ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ।ਹੋਰਨਾਂ 'ਚ ਵਪਾਰ ਮੰਡਲ ਦੇ ਆਗੂ ਅਸ਼ੋਕ ਭੰਡਾਰੀ, ਸੇਵਾ ਮੁਕਤ ਅਧਿਆਪਕ ਕੇਸਰ ਸਿੰਘ, ਰਣਵੀਰ ਸੋਢੀ ਤੇ ਗੁਰਤੇਜ ਸਿੰਘ ਨੇ ਬੱਚਿਆਂ ਨੂੰ ਹੋਰ ਵਧੇਰੇ ਮਿਹਨਤ ਕਰਨ ਅਤੇ ਪੜ੍ਹਾਈ ਦੇ ਨਾਲ ਖੇਡਾਂ 'ਚ ਵੀ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸਕੂਲ ਅਧਿਆਪਕਾ ਵਰਿੰਦਰ ਕੌਰ ਅਤੇ ਨੀਤੂ ਸੇਠ ਦੀ ਅਗਵਾਈ ਹੇਠ ਬੱਚਿਆਂ ਵਲੋਂ ਅਨੁਸ਼ਾਸਨ ਦਾ ਸਬੂਤ ਦਿੱਤਾ ਗਿਆ।ਆਖਰ 'ਚ ਸਕੂਲ ਇੰਚਾਰਜ ਮੈਡਮ ਮਧੂ ਬਾਲਾ ਨੇ ਮਹਿਮਾਨਾਂ ਦਾ ਧੰਨਵਾਦ ਕੀਤਾ।

# ਰਣਜੋਧ ਸਿੰਘ ਹਡਾਣਾ ਨੇ ਦੇਵੀਗੜ੍ਹ-ਪਿਹੋਵਾ ਸੜਕ ਦਾ ਰੱਖਿਆ ਨੀਂਹ ਪੱਥਰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਹਲਕਾ ਸਨੌਰ ਦੇ ਵਿਕਾਸ ਪ੍ਰਤੀ ਤੇਜ਼ੀ ਨਾਲ ਵੱਡਾ ਕਦਮ ਚੁੱਕਦਿਆਂ ਹਲਕਾ ਇੰਚਾਰਜ ਸਨੌਰ ਰਣਜੋਧ ਸਿੰਘ ਹਡਾਣਾ ਨੇ ਦੇਵੀਗੜ੍ਹ ਤੋਂ ਪਿਹੋਵਾ ਰੋਡ ਦੇ ਨਵੇਂ ਨਿਰਮਾਣ ਅਤੇ ਚੌੜਾਈ ਕਰਨ ਦਾ ਨੀਂਹ ਪੱਥਰ 12 ਕਰੋੜ ਰੁਪਏ ਦੀ ਲਾਗਤ ਨਾਲ ਰੱਖਿਆ।ਵਿਸ਼ਾਲ ਪ੍ਰੋਜੈਕਟ ਦਾ ਉਦਘਾਟਨ ਦੁੱਧਨ ਸਾਧਾ ਤਹਿਸੀਲ ਦੇ ਨਜ਼ਦੀਕ ਇੱਕ ਵਿਸ਼ੇਸ਼ ਸਮਾਗਮ ਦੌਰਾਨ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਇਲਾਕਾ ਵਾਸੀਆਂ, ਆਪ ਆਗੂਆ, ਪੰਚਾਇਤਾਂ ਦੇ ਮੈਂਬਰ ਅਤੇ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦੇ ਮੌਜੂਦ ਸਨ।ਉਦਘਾਟਨ ਸਮਾਰੋਹ ਦੌਰਾਨ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਇਹ ਸੜਕ ਦੇ ਨਿਰਮਾਣ ਨਾਲ ਦੇਵੀਗੜ੍ਹ, ਪਿਹੋਵਾ ਤੇ ਆਸ-ਪਾਸ ਦੇ ਦਰਜਨਾਂ ਪਿੰਡਾਂ ਦੀ ਆਵਾਜਾਈ ਸੁਵਿਧਾ ਵਿੱਚ ਬੇਮਿਸਾਲ ਸੁਧਾਰ ਆਏਗਾ।ਉਨ੍ਹਾਂ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਇਹ ਸੜਕ ਬਹੁਤ ਖਰਾਬ ਹੋ ਚੁੱਕੀ ਸੀ, ਜਿਸ ਕਾਰਨ ਆਵਾਜਾਈ ਵਿੱਚ ਖਾਸ ਕਰਕੇ ਖੇਤੀਬਾੜੀ ਨਾਲ ਜੁੜੇ ਲੋਕਾਂ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ।ਨਵੀਂ ਬਣ ਰਹੀ ਸੜਕ ਨਾਲ ਹੁਣ ਸਫ਼ਰ ਤੇਜ਼, ਸੁਰੱਖਿਅਤ ਅਤੇ ਆਰਾਮਦਾਇਕ ਹੋਵੇਗਾ।ਹਡਾਣਾ ਨੇ ਕਿਹਾ ਕਿ ਕੇਵਲ ਸੜਕਾਂ ਦੀ ਸੁਧਾਈ ਹੀ ਨਹੀਂ, ਬਲਕਿ ਹਲਕੇ ਦੇ ਸਮੂਹ ਵਿਕਾਸ ਲਈ ਕਈ ਪ੍ਰੋਜੈਕਟ ਇੱਕ-ਇੱਕ ਕਰਕੇ ਸ਼ੁਰੂ ਕੀਤੇ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਮਿਲ ਰਹੀ ਲਗਾਤਾਰ ਸਹਾਇਤਾ ਕਰਕੇ ਸਨੌਰ ਹਲਕਾ ਵਿਕਾਸ ਦੇ ਰਾਹ 'ਤੇ ਮਾਡਲ ਹਲਕੇ ਵਜੋਂ ਉਭਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸੜਕ ਨਾਲ ਨਾ ਕੇਵਲ ਵਪਾਰ ਵਧੇਗਾ, ਬਲਕਿ ਹਸਪਤਾਲਾਂ, ਮਾਰਕੀਟਾਂ ਤੇ ਸਿੱਖਿਆ ਸਥਾਨਾਂ ਤੱਕ ਪਹੁੰਚ ਵੀ ਤੇਜ਼ ਤੇ ਆਸਾਨ ਹੋ ਜਾਵੇਗੀ।


**Capital Small Finance Bank Ltd.**

MIDAS Corporate Park, 3rd Floor, 37, G.T. Road, Jalandhar-144001, Punjab, India

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ**

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 01-11-2025 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

1. (ਐੱਲ ਏ ਪੀ ਵਿੱਚ ਕਰਜ਼ਦਾਰ) : ਸ੍ਰੀ ਗੁਰਚੇਤ ਸਿੰਘ ਪੁੱਤਰ ਹਰਜਿੰਦਰ ਸਿੰਘ ਵਾਸੀ ਪਿੰਡ ਟਿੱਬੀ ਤਾਇਬਾ, ਚੱਕ ਟਿੱਬੀ, ਤਾਇਬਾ, ਮਖੂ, ਫਿਰੋਜ਼ਪੁਰ, ਪੰਜਾਬ-142044
2. (ਐੱਲ ਏ ਪੀ ਵਿੱਚ ਕਰਜ਼ਦਾਰ) : ਸ੍ਰੀਮਤੀ ਮਨਜੀਤ ਕੌਰ ਪਤਨੀ ਹਰਜਿੰਦਰ ਸਿੰਘ ਵਾਸੀ ਪਿੰਡ ਟਿੱਬੀ, ਤਾਇਬਾ, ਚੱਕ ਟਿੱਬੀ, ਤਾਇਬਾ, ਮਖੂ, ਫਿਰੋਜ਼ਪੁਰ, ਪੰਜਾਬ-142044
3. (ਐੱਲ ਏ ਪੀ ਵਿੱਚ ਗਰੰਟਰ) : ਨਵਜੋਤ ਸਿੰਘ ਪੁੱਤਰ ਹਰਜਿੰਦਰ ਸਿੰਘ ਵਾਸੀ ਡਾਕਖਾਨਾ ਫਤਿਹਗੜ੍ਹ ਪੰਜਤੂਰ, ਬੁਰਜ ਮੁਹੰਮਦ ਸ਼ਾਹਵਾਲਾ, ਫਿਰੋਜ਼ਪੁਰ, ਪੰਜਾਬ-142043

| ਮਨਜ਼ੂਰ ਸਹੂਲਤ ਦੀ ਕਿਸਮ/ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (01.11.2025 ਤੋਂ ਬਿਨਾਂ ਵਿਆਜ) |
|---|---|---|
| LAP/013602004572 | Rs. 14,98,231/- | Rs. 16,08,632.85/- |

ਪ੍ਰਾਇਮਰੀ ਸਕਿਉਰਿਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਤਬਾਦਲਾ ਬੈਨਾਮਾ ਦਸਤਾਵੇਜ਼ ਨੰ. 2023-24/119/1/319 ਮਿਤੀ 01-06-2023 ਅਨੁਸਾਰ ਸਬ-ਰਜਿਸਟਰਾਰ ਮਖੂ (ਪੰਜਾਬ) ਵਿਖੇ ਸ੍ਰੀ ਗੁਰਚੇਤ ਸਿੰਘ ਪੁੱਤਰ ਸ੍ਰੀ ਹਰਜਿੰਦਰ ਸਿੰਘ ਦੇ ਨਾਂਅ ਰਜਿਸਟਰਡ ਜਾਇਦਾਦ ਰਕਬਾ 1 ਕਨਾਲ, ਪਿੰਡ ਟਿੱਬੀ ਤਾਇਬਾ ਵਿਖੇ ਸਥਿਤ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਨਾਲ ਸੰਬੰਧਤ ਸਭ ਕੁਝ।

ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਜੀ ਟੀ ਰੋਡ, ਜਲੰਧਰ (ਬੀ ਸੀ ਵਰਟੀਕਲ) ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: -

(ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ (ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ (ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ (ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।

ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਮਿਤੀ : 17-11-2025 ਸਥਾਨ : ਜਲੰਧਰ ਅਧਿਕਾਰਤ ਅਫਸਰ



**FEDBANK FINANCIAL SERVICES LTD.**

Registered Office: Unit No. 1101, 11th Floor, Cignus, Plot No. 71 A, Powai, Paspoli, Mumbai – 400087

**ਅਚੱਲ ਜਾਇਦਾਦਾਂ ਦੀ ਨਿਲਾਮੀ ਕਮ ਵਿਕਰੀ ਲਈ ਜਨਤਕ ਨੋਟਿਸ**

ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 (6) ਅਤੇ 9 (1) ਨਾਲ ਪੜ੍ਹੇ ਜਾਂਦੇ ਸਕਿਉਰਟੀਜੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸਟਸ ਐਂਡ-ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ 2002 ਤਹਿਤ ਫੈਡਬੈਂਕ ਫਾਇਨਾਂਸ਼ੀਅਲ ਸਰਵਿਸਿਜ਼ ਲਿਮਟਿਡ (ਸਕਿਉਰਡ ਕ੍ਰੈਡਿਟਰ) ਵੱਲੋਂ ਅਚੱਲ ਸਕਿਉਰਡ ਐਸਟਸ ਦੀ ਵਿਕਰੀ ਲਈ 30 ਦਿਨਾ ਨੋਟਿਸ ਨਿਮਨ ਹਸਤਾਖਰੀ ਨੇ ਸਕਿਉਰਡ ਕ੍ਰੈਡਿਟਰ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਰਫੇਸੀ ਐਕਟ 2002 ਅਧੀਨ ਸਕਿਉਰਡ ਐਸਟਸ (ਐਸਟਸ) ਦਾ ਕਬਜ਼ਾ ਲੈ ਲਿਆ ਹੈ।

ਇਸ ਦੁਆਰਾ ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਦ ਸਕਿਉਰਡ ਕ੍ਰੈਡੀਟਰ, ਫੈਡਬੈਂਕ ਫਾਇਨਾਂਸ਼ੀਅਲ ਸਰਵਿਸਿਜ਼ ਲਿਮਟਿਡ ਕੋਲ ਰਹਿਣ/ਚਾਰਜਡ ਹੈ, ਜਿਸ ਦਾ ਫੈਡਬੈਂਕ ਫਾਇਨਾਂਸ਼ੀਅਲ ਸਰਵਿਸਿਜ਼ ਲਿਮਟਿਡ, ਸਕਿਉਰਡ ਕ੍ਰੈਡਿਟਰ ਦੁਆਰਾ ਕਬਜ਼ਾ ਲੈ ਲਿਆ ਹੈ ਜਿਸ ਦੀ ਵਿਕਰੀ ਫੈਡਬੈਂਕ ਫਾਇਨਾਂਸ਼ੀਅਲ ਸਰਵਿਸਿਜ਼ ਲਿਮਟਿਡ, ਸਕਿਉਰਡ ਕ੍ਰੈਡਿਟਰ ਦੀ 1,50,48,713.50/- (ਇੱਕ ਕਰੋੜ ਪੰਜਾਹ ਲੱਖ ਅਠਤਾਲੀ ਹਜ਼ਾਰ ਸੱਤ ਸੌ ਤੇਰਾਂ ਰੁਪਏ ਅਤੇ ਪੰਜਾਹ ਪੈਸੇ ਕੇਵਲ) ਜੋ ਕਿ ਐਫ ਈ ਡੀ ਸੀ-ਐੱਚ ਜੀ ਐੱਲ ਏ ਪੀ 513521 'ਚ ਰੁਪਏ 86,12,323.04/- (ਛਿਆਸੀ ਲੱਖ ਬਾਰਾਂ ਹਜ਼ਾਰ ਤਿੰਨ ਸੌ ਤੇਈ ਰੁਪਏ ਅਤੇ ਚਾਰ ਪੈਸੇ ਕੇਵਲ) ਅਤੇ ਐੱਫ ਈ ਡੀ ਸੀ ਐੱਚ ਜੀ ਐੱਲ ਏ ਪੀ 0514230 ਰੁਪਏ 64,36,390.46/- (ਚੌਂਹਠ ਲੱਖ ਛੱਤੀ ਹਜ਼ਾਰ ਤਿੰਨ ਸੌ ਨੱਬੇ ਰੁਪਏ ਅਤੇ ਛਿਆਲੀ ਪੈਸੇ ਕੇਵਲ) ਦੀ 14.01.2025 ਨੂੰ ਸਮੇਤ ਇਸ 'ਤੇ 15/01/2025 ਤੱਕ ਦੀ ਵਸੂਲੀ ਲਈ 'ਜਿਵੇਂ ਹੈ ਜਿੱਥੇ', ਜਿਵੇਂ ਹੈ ਜੋ ਹੈ', ਅਤੇ ਉਥੇ ਜੋ ਵੀ ਹੈ 26/12/2025 ਨੂੰ ਸਵੇਰੇ 10 ਵਜੇ ਤੋਂ ਸਵੇਰੇ 10.30 ਦਰਮਿਆਨ ਕੀਤੀ ਜਾਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਜਾਇਦਾਦ ਰਕਬਾ 5 ਮਰਲੇ, ਖੇਵਟ/ਖਤੌਨੀ ਨੰ. 946/954, ਖਸਰਾ ਨੰ. 588 (152-0) ਇਸ ਦਾ ਹਿੱਸਾ 5/3341 ਰਕਬਾ 4 ਮਰਲੇ 5 ਸਰਸਾਈ, ਖੱਤਾ ਨੰ. 947/955, 955/3, ਖਸਰਾ ਨੰ. 640 (5-2) ਇਸ ਦਾ ਹਿੱਸਾ 5/3341 ਰਕਬਾ 1 ਸਰਸਾਈ, ਖੱਤਾ ਨੰ. 948/957, 957/2, ਖਸਰਾ ਨੰ. 493/2 (9-14) ਇਸ ਦਾ ਹਿੱਸਾ 5/3341 ਰਕਬਾ 3 ਸਰਸਾਈ ਕੁਲ ਰਕਬਾ 5 ਮਰਲੇ ਪਿੰਡ ਖਰੜ ਵਿਖੇ ਸਥਿਤ ਹੈ, ਹੱਦਬਸਤ ਨੰ. 184, ਤਹਿਸੀਲ ਖਰੜ, ਜ਼ਿਲ੍ਹਾ ਐੱਸ ਏ ਐੱਸ ਨਗਰ, ਮੁਹਾਲੀ, ਪੰਜਾਬ। ਇਸ ਦੀਆਂ ਹੱਦਾਂ :- ਉੱਤਰ : ਸ੍ਰੀ ਗੁਰਮੁਖ ਸਿੰਘ ਅਤੇ ਸ੍ਰੀ ਜੰਗ ਸਿੰਘ ਦੀ ਜਾਇਦਾਦ, ਪੂਰਬ : ਸੜਕ, ਦੱਖਣ : ਵਰਿੰਦਰ ਸਿੰਘ ਅਤੇ ਸ੍ਰੀ ਗੌਰਵ ਸਿੰਗਲਾ ਦੀ ਜਾਇਦਾਦ, ਪੱਛਮ: ਸ੍ਰੀ ਅਰੁਣ ਕੁਮਾਰ ਦੀ ਜਾਇਦਾਦ

| | |
|---|---|
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ, 1,62,00,000/- (ਇੱਕ ਕਰੋੜ ਬਾਹਠ ਲੱਖ ਰੁਪਏ ਕੇਵਲ) |
| ਫੈਡਬੈਂਕ ਫਾਇਨਾਂਸ਼ੀਅਲ ਸਰਵਿਸਿਜ਼ ਲਿਮਟਿਡ ਦੇ ਪੱਖ 'ਚ ਡੀ ਡੀ/ਪੀ ਓ/ਆਰ ਟੀ ਜੀ ਐੱਸ ਰਾਹੀਂ ਰਕਮ ਬਿਆਨਾ ਜਮ੍ਹਾਂ (ਰੁਪਏ 'ਚ) | ਰੁਪਏ 16,20,000/- (ਸੋਲਾਂ ਲੱਖ ਵੀਹ ਹਜ਼ਾਰ ਰੁਪਏ ਕੇਵਲ) |
| ਬੋਲੀ ਵਾਧਾ ਰਕਮ | (ਰੁਪਏ 50,000/-) (ਪੰਜਾਹ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | 24 ਦਸੰਬਰ 2025 ਨੂੰ 05.00 ਵਜੇ ਸ਼ਾਮ ਤੱਕ ਫੈਡਬੈਂਕ ਫਾਈਨਾਂਸ਼ੀਅਲ ਸਰਵਿਸਿਜ਼ ਲਿਮਟਿਡ ਐੱਸ ਸੀ ਏ 94-95, ਸੈਕਟਰ 34, ਤੀਜੀ ਮੰਜ਼ਲ ਚੰਡੀਗੜ੍ਹ, 160022 ਵਿਖੇ |
| ਜਾਇਦਾਦ ਦਾ ਨਿਰੀਖਣ | 22 ਦਸੰਬਰ 2025 ਨੂੰ ਸ਼ਾਮ 5.00 ਵਜੇ ਤੋਂ ਪਹਿਲਾਂ |
| ਸਫਲ ਬੋਲੀਕਾਰਾਂ ਲਈ ਪ੍ਰਵਾਨ ਉੱਚਤਮ ਬੋਲੀ ਦੀ 25% ਅਦਾਇਗੀ ਦੀ ਆਖਰੀ ਮਿਤੀ (ਈ ਐੱਮ ਡੀ ਤੋਂ ਬਿਨਾਂ) | ਪੁਸ਼ਟੀ ਬੋਲੀ ਦੀ ਮਿਤੀ ਤੋਂ ਅਗਲੇ ਕੰਮ ਵਾਲੇ ਦਿਨ ਅਦਾਇਗੀ ਕੀਤੀ ਜਾਣੀ ਚਾਹੀਦੀ। |
| ਉੱਚਤਮ ਬੋਲੀ ਦੀ 75% ਅਦਾਇਗੀ ਦੀ ਆਖਰੀ ਮਿਤੀ | ਪੁਸ਼ਟੀ ਬੋਲੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ |

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਫੈਡਬੈਂਕ ਫਾਇਨਾਂਸ਼ੀਅਲ ਸਰਵਿਸਿਜ਼ ਲਿਮਟਿਡ (ਫੈਡਫਿਨਾ) ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ www.fedfine.com : ਅਤੇ https:www.fedfina.com/public-notice-for-auction-cum-sale/under Auction ਲਿੰਕ ਦਾ ਹਵਾਲਾ ਲਿਆ ਜਾਵੇ। ਕਿਸੇ ਪੁੱਛਗਿੱਛ, ਜਾਣਕਾਰੀ, ਸਪੋਰਟ, ਕਾਰਵਾਈ ਅਤੇ ਟ੍ਰੇਨਿੰਗ ਲਈ ਕ੍ਰਿਪਾ ਕਰਕੇ ਫੈਡਬੈਂਕ ਫਾਇਨਾਂਸ਼ੀਅਲ ਸਰਵਿਸਿਜ਼ ਲਿਮਟਿਡ ਦੇ ਅਧਿਕਾਰਤ ਅਫਸਰ ਸ੍ਰੀ ਹੇਮੰਤ ਪਾਂਡੇ-87077-52796 ਈ-ਮੇਲ ਆਈ ਡੀ hemant,pandey@fedfina.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਸਥਾਨ : ਖਰੜ
ਮਿਤੀ : 18.11.2025

ਸਹੀ/-
ਅਧਿਕਾਰਤ ਅਫਸਰ
ਵਾਸਤੇ ਫੈੱਡਬੈਂਕ ਫਾਈਨਾਂਸ਼ੀਅਲ ਸਰਵਿਸਿਜ਼ ਲਿਮਟਿਡ



**ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ**

(Regd. Office: PSEB, Head Office, The Mall, Patiala-147001)

Corporate Identification No.: U40109PB2010SGC033813, Website: www.pspcl.in

**ਬਿਜਲੀ ਚੋਰੀ ਰੋਕੋ, ਰਾਸ਼ਟਰ ਦਾ ਸਾਥ ਦਿਓ**

ਬਿਜਲੀ ਚੋਰੀ ਵਿਕਾਸ ਲਈ ਇੱਕ ਵੱਡੀ ਰੁਕਾਵਟ ਹੈ। ਤੁਹਾਡੀ ਇੱਕ ਸੂਚਨਾ ਪੰਜਾਬ ਦੇ ਹਰ ਨਾਗਰਿਕ ਨੂੰ ਬਿਹਤਰ ਬਿਜਲੀ ਸੇਵਾਵਾਂ ਦੇਣ ਵਿੱਚ ਮਦਦ ਕਰੇਗੀ।

ਬਿਜਲੀ ਚੋਰੀ ਦੀ ਸੂਚਨਾ ਦਿਓ:
ਸੰਪਰਕ ਦਾ ਤਰੀਕਾ/ਨੰਬਰ:

ਮੋਬਾਇਲ ਕਾਲ 96461-75770
ਵਟਸਐਪ 96461-75770

ਇਹ ਨੰਬਰ ਸਿੱਧਾ CMD, PSPCL ਦੇ ਅਧੀਨ ਹੈ।

ਤੁਹਾਡੀ ਪਹਿਚਾਣ ਸਾਡੀ ਜ਼ਿੰਮੇਵਾਰੀ ਹੈ!

ਤੁਹਾਡੀ ਪਛਾਣ 100 ਪ੍ਰਤੀਸ਼ਤ ਗੁਪਤ ਰੱਖੀ ਜਾਵੇਗੀ।
ਡਰੋ ਨਾ! ਆਪਣਾ ਫਰਜ਼ ਨਿਭਾਓ।

ਜਾਰੀ ਕਰਤਾ: ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟੇਡ

# ਸ਼ਹੀਦੀ ਸਮਾਗਮਾਂ ਨੂੰ ਸਮਰਪਤ ਨਗਰ ਕੀਰਤਨ ਦੇ ਸਵਾਗਤ ਸੰਬੰਧੀ ਅਧਿਕਾਰੀਆਂ ਨਾਲ ਮੀਟਿੰਗ



ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)- ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ, ਹਿੰਦ ਦੀ ਚਾਦਰ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਮੌਕੇ ਉਲੀਕੇ ਸਮਾਗਮਾਂ ਦੀ ਲੜੀ ਵਿੱਚ ਐੱਸ ਏ ਅੱਸ ਨਗਰ ਵਿਖੇ 21 ਨਵੰਬਰ ਨੂੰ ਪੁੱਜਣ ਵਾਲੇ ਨਗਰ ਕੀਰਤਨ ਦੇ ਸਬੰਧੀ ਅਗੇਤੇ ਪ੍ਰਬੰਧਾਂ ਬਾਰੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ।

ਮੀਟਿੰਗ ਦੌਰਾਨ ਉਨ੍ਹਾਂ ਕਿਹਾ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ 20 ਨਵੰਬਰ ਨੂੰ ਚੱਲ ਕੇ 21 ਨਵੰਬਰ ਨੂੰ ਮੋਹਾਲੀ ਵਿਖੇ ਰਾਤਰੀ ਪੜਾਅ ਲਈ ਪੁੱਜ ਰਹੇ ਨਗਰ ਕੀਰਤਨ ਵਿੱਚ ਵੱਡੀ ਗਿਣਤੀ ਵਿਚ ਸੰਗਤਾਂ ਦੇ ਪਹੁੰਚਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸ਼ਨ ਵੱਲੋਂ ਇਸ ਦੇ ਲਈ ਕੀਤੀਆਂ ਜਾਣ ਵਾਲੀਆਂ ਤਿਆਰੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਨਹੀਂ ਹੋਣੀ ਚਾਹੀਦੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸ਼ਹੀਦੀ ਸਮਾਗਮਾਂ ਸਬੰਧੀ ਰਾਜ ਦੇ ਵੱਖ-ਵੱਖ ਹਿੱਸਿਆਂ ਤੋਂ 20 ਨਵੰਬਰ ਤੋਂ 22 ਨਵੰਬਰ ਤੱਕ ਚਾਰ ਯਾਤਰਾਵਾਂ, ਜੋ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮਾਪਤ ਹੋਣਗੀਆਂ, ਮੁਤਾਬਿਕ ਮਾਲਵਾ-2 ਰੂਟ ਤਹਿਤ ਇੱਕ ਯਾਤਰਾ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ, ਜ਼ਿਲ੍ਹਾ ਪਟਿਆਲਾ ਤੋਂ ਹੁੰਦੇ ਹੋਏ ਰਾਜਪੁਰਾ ਤੋਂ ਬਨੂੜ ਤੋਂ ਮੋਹਾਲੀ ਤੋਂ ਕੁਰਾਲੀ ਤੋਂ ਰੂਪਨਗਰ ਰਾਹੀਂ ਸ੍ਰੀ ਅਨੰਦਪੁਰ ਸਾਹਿਬ ਪਹੁੰਚੇਗੀ। ਇਸ ਯਾਤਰਾ ਦਾ ਮਿਤੀ 21 ਨਵੰਬਰ ਨੂੰ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਠਹਿਰਾਓ ਹੋਵੇਗਾ। ਇਹ ਯਾਤਰਾ 21 ਨਵੰਬਰ ਨੂੰ ਗੁਰਦੁਆਰਾ ਅਕਾਲ ਗੜ੍ਹ ਬਨੂੜ ਵਿਖੇ ਪੁੱਜੇਗੀ ਅਤੇ ਸ਼ਾਮ ਨੂੰ ਇਹ ਯਾਤਰਾ ਮੁਹਾਲੀ ਵਿਖੇ ਪੁੱਜੇਗੀ ਅਤੇ ਰਾਤ ਦਾ ਠਹਿਰਾਅ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਸਾਹਿਬ ਵਿਖੇ ਅਤੇ ਗੁਰਦੁਆਰਾ ਸ੍ਰੀ ਅੰਬ ਸਾਹਿਬ ਵੀ ਵਿਖੇ ਹੋਵੇਗਾ ਅਤੇ ਫਿਰ ਇਹ ਯਾਤਰਾ ਗੁਰਦੁਆਰਾ ਕਰਤਾਰਸਰ ਸਾਹਿਬ, ਪਡਿਆਲਾ, ਕੁਰਾਲੀ ਵਿਖੇ ਪਹੁੰਚੇਗੀ।



# ਸ਼ਹੀਦੀ ਦਿਹਾੜੇ ਨੂੰ ਸਮਰਪਤ ਵਿਸ਼ਾਲ ਕੀਰਤਨ ਦਰਬਾਰ ਅੱਜ

## ਮੁੱਖ ਮੰਤਰੀ ਮਾਨ ਤੇ ਕੇਜਰੀਵਾਲ ਕਰਨਗੇ ਸ਼ਿਰਕਤ



ਚੰਡੀਗੜ੍ਹ (ਨ ਜ਼ ਸ)-ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਪੂਰੀ ਸ਼ਰਧਾ ਨਾਲ ਸਮਰਪਿਤ ਇੱਕ ਵਿਸ਼ਾਲ ਕੀਰਤਨ ਦਰਬਾਰ ਅੱਜ (ਮੰਗਲਵਾਰ) ਸ੍ਰੀਨਗਰ ਵਿੱਚ ਆਯੋਜਿਤ ਕੀਤਾ ਜਾ ਰਿਹਾ ਹੈ। ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਦੇ ਸਲਾਹਕਾਰ ਦੀਪਕ ਬਾਲੀ ਨੇ ਜਾਣਕਾਰੀ ਦਿੰਦੀ ਕਿ ਇਹ ਵਿਸ਼ਾਲ ਕੀਰਤਨ ਦਰਬਾਰ ਕੱਲ ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ ਗੁਰਦੁਆਰਾ ਛੇਵੀਂ ਪਾਤਸ਼ਾਹੀ, ਸ੍ਰੀਨਗਰ ਵਿਖੇ ਹੋਵੇਗਾ। ਇਸ ਮੌਕੇ ਪੰਥ ਦੇ ਪ੍ਰਸਿੱਧ ਰਾਗੀ ਜਥੇ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਜੋੜਨਗੇ।ਬਾਲੀ ਨੇ ਦੱਸਿਆ ਕਿ ਭਾਈ ਹਰਜਿੰਦਰ ਸਿੰਘ ਜੀ (ਸ੍ਰੀਨਗਰ ਵਾਲੇ), ਭਾਈ ਮਹਿਤਾਬ ਸਿੰਘ ਜੀ (ਜਲੰਧਰ ਵਾਲੇ) ਅਤੇ ਭਾਈ ਬਲਵਿੰਦਰ ਸਿੰਘ ਜੀ (ਰੰਗੀਲਾ) ਵਿਸ਼ੇਸ਼ ਤੌਰ 'ਤੇ ਕੀਰਤਨ ਦਰਬਾਰ ਵਿੱਚ ਸ਼ਾਮਲ ਹੋਣਗੇ। ਇਸ ਤੋਂ ਇਲਾਵਾ, ਸੰਤ ਸੇਵਾ ਸਿੰਘ ਜੀ (ਰਾਮਪੁਰ ਖੇੜਾ ਸਾਹਿਬ ਵਾਲੇ) ਵੀ ਇਸ ਧਾਰਮਿਕ ਸਮਾਗਮ ਵਿੱਚ ਸ਼ਾਮਲ ਹੋਣਗੇ ਅਤੇ ਸੰਗਤ ਨੂੰ ਆਪਣਾ ਅਸ਼ੀਰਵਾਦ ਦੇਣਗੇ।ਇਹ ਪ੍ਰਮੁੱਖ ਸ਼ਖਸੀਅਤਾਂ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੀ ਇਥੇ ਮੱਥਾ ਟੇਕਣ ਲਈ ਪਹੁੰਚਣਗੇ।ਉਨ੍ਹਾਂ ਕਿਹਾ ਕਿ ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਪੰਜਾਬ ਸਰਕਾਰ ਦੇ ਸਾਰੇ ਕੈਬਨਿਟ ਮੰਤਰੀ ਅਤੇ ਸੰਸਦ ਮੈਂਬਰ ਵੀ ਮੌਜੂਦ ਰਹਿਣਗੇ। ਗੁਰੂ ਸਾਹਿਬ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਇਸ ਕੀਰਤਨ ਦਰਬਾਰ ਵਿੱਚ ਸ੍ਰੀਨਗਰ ਵਿੱਚ ਰਹਿਣ ਵਾਲੇ ਹਿੰਦੂ ਅਤੇ ਸਿੱਖ ਭਾਈਚਾਰਿਆਂ ਦੇ ਵੱਡੀ ਗਿਣਤੀ ਵਿੱਚ ਲੋਕ ਪੂਰੀ ਸ਼ਰਧਾ ਨਾਲ ਹਿੱਸਾ ਲੈਣਗੇ।

# ਅੱਖਾਂ ਤੋਂ ਖ਼ੂਨ ਆਉਣਾ, ਡਬਲ ਵਿਜ਼ਨ ਦਾ ਨਿਊਰੋ-ਐਂਡੋਵੈਸਕੁਲਰ ਨਾਲ ਸਫਲ ਇਲਾਜ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਅੱਖਾਂ ਤੋਂ ਖ਼ੂਨ ਆਉਣਾ ਅਤੇ ਡਬਲ ਵਿਜ਼ਨ ਤੋਂ ਪੀੜਿਤ ਵਿਅਕਤੀ ਦਾ ਹਾਲ ਹੀ ਵਿੱਚ ਲਿਵਾਸਾ ਹਸਪਤਾਲ ਵਿੱਚ ਨਿਊਰੋ-ਐਂਡੋਵੈਸਕੁਲਰ ਦੁਆਰਾ ਸਫਲ ਇਲਾਜ ਕੀਤਾ ਗਿਆ। ਅਮ੍ਰਿਤਪਾਲ ਸਿੰਘ (40) ਨੂੰ ਅੱਖਾਂ ਤੋਂ ਖ਼ੂਨ ਆਉਣਾ, ਦਰਦ, ਡਬਲ ਵਿਜ਼ਨ ਅਤੇ ਅੱਖਾਂ ਦਾ ਵਿਜ਼ਨ ਘੱਟਣਾ ਵਰਗੇ ਗੰਭੀਰ ਅਤੇ ਚਿੰਤਾਜਨਕ ਲੱਛਣਾਂ ਦੇ ਨਾਲ ਲਿਵਾਸਾ ਹਸਪਤਾਲ ਲਿਆਂਦਾ ਗਿਆ ਸੀ। ਨਿਊਰੋ ਅਤੇ ਸਪਾਈਨ ਸਰਜਰੀ ਡਾਇਰੈਕਟਰ ਅਤੇ ਨਿਊਰੋ ਇੰਟਰਵੈਂਸ਼ਨ ਹੈਡ, ਡਾ. ਵਿਨੀਤ ਸੱਗਰ ਦੁਆਰਾ ਜਾਂਚ ਵਿੱਚ ਦਾਹਣੀ ਇੰਟਰਨਲ ਕੈਰੋਟਿਡ ਧਮਨੀ (ਆਈ ਸੀ ਏ) ਤੋਂ ਇੱਕ ਪੋਸਟ-ਟ੍ਰੌਮੈਟਿਕ ਕੈਰੋਟਿਡ-ਕੈਵਰਨਸ ਫਿਸਟੁਲਾ (ਸੀ ਸੀ ਐੱਫ) ਦਾ ਪਤਾ ਲਗਾ, ਜੋ ਇੱਕ ਦੁਰਲਭ ਅਤੇ ਆਈ ਵਿਜਨ ਲਈ ਸੰਭਾਵਿਤ ਰੂਪ ਵਿੱਚ ਖ਼ਤਰਾ ਪੈਦਾ ਕਰਨ ਵਾਲੀ ਵੈਸਕੁਲ ਸਥਿਤੀ ਹੈ ਜਿੱਥੇ ਐਕਸਪੋਰਟ ਇੰਟਰਵੈਂਸ਼ਨ ਦੀ ਜ਼ਰੂਰਤ ਹੁੰਦੀ ਹੈ।

ਡਾ. ਸੱਗਰ ਦੀ ਅਗਵਾਈ ਹੇਠ ਹਸਪਤਾਲ ਦੀ ਨਿਊਰੋ-ਐਂਡੋਵੈਸਕੁਲਰ ਟੀਮ ਨੇ ਐਂਡੋਵੈਸਕੁਲਰ ਕੋਇਲ ਐਂਬੋਲਾਈਜ਼ੇਸ਼ਨ ਕੀਤਾ, ਜੋ ਇੱਕ ਮਿਨਿਮਲੀ ਇਨਵੇਸਿਵ ਪ੍ਰੋਸੀਜ਼ਰ ਹੈ। ਪ੍ਰੋਸੀਜ਼ਰ ਦੇ ਬਾਅਦ ਸੁਜਨ ਤੇਜ਼ੀ ਨਾਲ ਘੱਟੀ, ਦਰਦ ਘਟਿਆ, ਅੱਖਾਂ ਦੀ ਰੋਸ਼ਨੀ ਆਈ ਅਤੇ ਮਰੀਜ਼ ਨੂੰ ਸਥਿਰ ਕੰਡੀਸ਼ਨ ਵਿੱਚ ਉਸੇ ਹੀ ਹਫ਼ਤੇ ਛੁੱਟੀ ਦੇ ਦਿੱਤੀ ਗਈ।

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਸੁਮੇਰ ਸਿੰਘ ਗੁੱਜਰ, ਆਈ. ਏ. ਐੱਸ. ਵਿੱਤੀ ਕਮਿਸ਼ਨਰ (ਅਪੀਲਜ਼), ਪੰਜਾਬ, ਚੰਡੀਗੜ੍ਹ।

ਆਰ.ਓ.ਆਰ. ਨੰ: 502 ਆਫ 2024

[illegible]

ਮਨਜੀਤ ਕੌਰ ਅਤੇ ਹੋਰ ...ਉੱਤਰਵਾਦੀ

ਇਹ ਪਬਲਿਕ ਨੋਟਿਸ [illegible]

ਇਹ ਕਿ ਗ[illegible] ਧਾਰਾ 16 ਪੰਜਾਬ [illegible] ਤਹਿਸੀਲਦਾਰ [illegible] ਤਹਿਸੀਲਦਾਰ-ਕਮ-[illegible] ਪਾਰਟੀ ਡਰਾਨ [illegible] ਵਾਸੀ ਘੋੜਾ ਵਰਤਮਾਨ ਵਾਸੀ ਸਰਮਸਤਪੁਰ, ਜ਼ਿਲ੍ਹਾ ਜਲੰਧਰ 2) ਦਲਜੀਤ ਸਿੰਘ ਪੁੱਤਰ ਬਿੱਕਰ ਸਿੰਘ 3) ਜੋਗਿੰਦਰ ਸਿੰਘ ਪੁੱਤਰ ਬਿੱਕਰ ਸਿੰਘ (ਹੁਣ ਮ੍ਰਿਤਕ, ਨੋਟ ਜੇਕਰ ਕੋਈ ਵਾਰਸ ਪਾਰਟੀ ਬਣਨਾ ਚਾਹੁੰਦਾ ਹੈ ਤਾਂ ਇਸ ਨੋਟਿਸ ਵਿੱਚ ਦਿੱਤੇ ਸਮੇਂ ਦੇ ਅੰਦਰ-ਅੰਦਰ ਪਾਰਟੀ ਬਣ ਸਕਦਾ ਹੈ) ਦੋਨੋਂ ਵਾਸੀ ਪਿੰਡ ਨੰਗਲ ਸ਼ਾਮਾ, ਤਹਿ. ਤੇ ਜ਼ਿਲ੍ਹਾ ਜਲੰਧਰ, 4) ਹਰਦੇਵ ਸਿੰਘ ਪੁੱਤਰ ਸੁਲੱਖਣ ਸਿੰਘ, 5) ਬਲਜਿੰਦਰ ਕੌਰ ਪੁੱਤਰੀ ਸੁਲੱਖਣ ਸਿੰਘ ਦੋਨੋਂ ਵਾਸੀ ਘੋੜਾ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ, 6) ਪੇਂਡੂ ਵਿਕਾਸ ਵਿਭਾਗ, ਪੰਜਾਬ ਰਾਹੀਂ ਸਕੱਤਰ, ਵਿਕਾਸ ਭਵਨ, ਸੈਕਟਰ 62, ਫੇਜ਼-8, ਐੱਸ ਏ ਐੱਸ ਨਗਰ, ਮੋਹਾਲੀ, ਪੰਜਾਬ ਨੂੰ ਉੱਤਰਵਾਦੀ ਬਣਾਇਆ ਗਿਆ ਹੈ।

ਇਹ ਕਿ ਇਸ ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਉਕਤ ਵਿਅਕਤੀਆਂ ਦੀ - ਤਾਮੀਲ ਸਧਾਰਨ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਕੇਸ ਦੀ ਅਗਲੀ ਸੁਣਵਾਈ ਹੁਣ ਮਿਤੀ 24-11-2025 ਨੂੰ 11:00 ਵਜੇ ਸਵੇਰੇ ਰੱਖੀ ਗਈ ਹੈ ਅਤੇ ਜੇ ਉਹ ਇਸ ਕੇਸ ਵਿੱਚ ਕੁੱਝ ਕਹਿਣਾ ਚਾਹੁੰਦੇ ਹਨ ਤਾਂ ਮਿਤੀ 26-11-2025 ਨੂੰ 11:00 ਵਜੇ ਸਵੇਰੇ ਮਿੰਨੀ ਸਕੱਤਰੇਤ, ਸੈਕਟਰ 9, ਚੰਡੀਗੜ੍ਹ ਵਿਖੇ ਰੱਖੀ ਗਈ ਹੈ, ਇਸ ਲਈ ਖੁਦ ਆਪ ਆਪਣੇ ਵਕੀਲ ਜਾਂ ਕਿਸੇ ਅਧਿਕਾਰਤ ਵਿਅਕਤੀ ਰਾਹੀਂ ਮੇਰੀ ਕੋਰਟ ਵਿੱਚ ਪੇਸ਼ ਹੋਣ। ਇਹ ਯਾਦ ਰਹੇ ਕਿ ਉਹਨਾਂ ਦੇ ਉਪਰੋਕਤ ਮਿਤੀ ਅਤੇ ਸਮੇਂ ਮੁਤਾਬਿਕ ਅਦਾਲਤ ਵਿੱਚ ਪੇਸ਼ ਨਾ ਹੋਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਕੇਸ ਦਾ ਫੈਸਲਾ ਤੱਥਾਂ ਦੇ ਆਧਾਰ 'ਤੇ ਉਹਨਾਂ ਦੀ ਗੈਰਹਾਜ਼ਰੀ ਵਿੱਚ ਕਰ ਦਿੱਤਾ ਜਾਵੇਗਾ।

ਅੱਜ ਮਿਤੀ 15.10.2025 ਨੂੰ ਮੇਰੇ ਦਸਤਖ਼ਤਾਂ ਅਤੇ ਮੋਹਰ ਨਾਲ ਜਾਰੀ ਕੀਤਾ ਗਿਆ।

ਸਹੀ/- ਸੁਮੇਰ ਸਿੰਘ ਗੁੱਜਰ, ਆਈ.ਏ. ਐੱਸ. ਵਿੱਤੀ ਕਮਿਸ਼ਨਰ (ਅਪੀਲ), ਪੰਜਾਬ।

# ਸਾਈਕਲ ਯਾਤਰਾ ਦਾ ਸਵਾਗਤ ਅੱਜ : ਖੁਰਾਣਾ/ਚੰਦੀ

ਫਗਵਾੜਾ, (ਡਾ. ਰਮਨ)-ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾਂ ਸ਼ਹੀਦੀ ਦਿਹਾੜੇ ਦੇ ਸਬੰਧ ਵਿੱਚ ਦਿੱਲੀ ਦੇ ਗੁਰੂਦੁਆਰਾ ਸ੍ਰੀ ਸੀਸ ਗੰਜ ਸਾਹਿਬ (ਸ਼ਹੀਦੀ ਅਸਥਾਨ) ਤੋਂ ਸ਼ੁਰੂ ਹੋਈ ਸਾਈਕਲ ਯਾਤਰਾ ਦਾ ਮੰਗਲਵਾਰ, 18 ਨਵੰਬਰ ਨੂੰ ਫਗਵਾੜਾ ਪੁੱਜਣ 'ਤੇ ਦੁਪਹਿਰ 1 ਵਜੇ ਗੋਲ ਚੌਂਕ (ਪੇਪਰ ਚੌਂਕ) ਜੀ ਟੀ ਰੋਡ ਵਿਖੇ ਇਲਾਕੇ ਭਰ ਦੀਆਂ ਸਮੂਹ ਸੰਗਤਾਂ ਅਤੇ ਸ਼੍ਰੋਮਣੀ ਅਕਾਲੀ ਦਲ ਹਲਕਾ ਫਗਵਾੜਾ ਵੱਲੋਂ ਨਿੱਘਾ ਸਵਾਗਤ ਕੀਤਾ ਜਾਵੇਗਾ। ਵਧੇਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ (ਬ) ਵਿਧਾਨ ਸਭਾ ਹਲਕਾ ਫਗਵਾੜਾ ਸ਼ਹਿਰੀ ਦੇ ਇੰਚਾਰਜ ਰਣਜੀਤ ਸਿੰਘ ਖੁਰਾਣਾ ਤੇ ਦਿਹਾਤੀ ਹਲਕਾ ਇੰਚਾਰਜ ਰਜਿੰਦਰ ਸਿੰਘ ਚੰਦੀ ਨੇ ਦੱਸਿਆ ਕਿ ਇਹ ਯਾਤਰਾ ਵਾਇਆ ਬੰਗਾ ਰੋਡ ਗੁਰਦੁਆਰਾ ਸ੍ਰੀ ਸੁਖਚੈਨਆਣਾ ਸਾਹਿਬ ਵਿਖੇ ਪਹੁੰਚੇਗੀ, ਜਿੱਥੇ ਸਾਈਕਲ ਯਾਤਰਾ ਵਾਲੇ ਜੱਥੇ ਨੂੰ ਅਤੇ ਸੰਗਤਾਂ ਨੂੰ ਲੰਗਰ ਛਕਾਇਆ ਜਾਵੇਗਾ। ਜਿਸ ਤੋਂ ਬਾਅਦ ਇਹ ਸਾਈਕਲ ਯਾਤਰਾ ਅਗਲੇ ਪੜਾਅ ਜਲੰਧਰ ਵੱਲ ਰਵਾਨਾ ਹੋ ਜਾਵੇਗੀ। ਉਹਨਾਂ ਦੱਸਿਆ ਕਿ ਇਹ ਸਾਈਕਲ ਯਾਤਰਾ 19 ਨਵੰਬਰ ਨੂੰ ਗੁਰਦੁਆਰਾ ਗੁਰੂ ਕਾ ਮਹਿਲ ਅੰਮ੍ਰਿਤਸਰ ਸਾਹਿਬ ਵਿਖੇ ਸਮਾਪਤ ਹੋਵੇਗੀ।

# 'ਮਹਿਲਾ ਜਨ-ਸੁਣਵਾਈ ਪ੍ਰੋਗਰਾਮ' ਅੱਜ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)-ਮੈਂਬਰ, ਨੈਸ਼ਨਲ ਕਮਿਸ਼ਨ ਫਾਰ ਵੂਮੈਨ ਮਮਤਾ ਕੁਮਾਰੀ ਵੱਲੋਂ ਮਿਤੀ 18 ਨਵੰਬਰ ਨੂੰ ਜ਼ਿਲ੍ਹਾ ਐੱਸ ਏ ਐੱਸ ਨਗਰ ਦਾ ਦੌਰਾ ਕੀਤਾ ਜਾਣਾ ਹੈ, ਜਿਸ ਦੇ ਤਹਿਤ 18 ਨਵੰਬਰ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸੈਕਟਰ-76 ਕਮਰਾ ਨੰਬਰ 256 ਪਹਿਲੀ ਮੰਜਿਲ ਵਿਖੇ ਸਵੇਰੇ 10.00 ਵਜੇ ਤੋਂ ਰਾਸ਼ਟਰੀ ਮਹਿਲਾ ਆਯੋਗ-ਆਪਦੇ ਦੁਆਰ ਦੇ ਤਹਿਤ ਮਹਿਲਾ ਜਨ-ਸੁਣਵਾਈ ਦਾ ਪ੍ਰੋਗਰਾਮ ਉਲਿਕਿਆ ਗਿਆ ਹੈ, ਜਿਸ ਦੌਰਾਨ 60 ਤੋਂ ਵੱਧ ਮਹਿਲਾਵਾਂ ਦੀਆਂ ਪੈਂਡਿੰਗ ਪਈਆਂ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾਣਾ ਹੈ।ਇਸ ਤੋਂ ਇਲਾਵਾ ਮਹਿਲਾਵਾਂ ਨਾਲ ਸਬੰਧਤ ਵੱਖ-ਵੱਖ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਣਦੇ ਹੋਏ ਮੌਕੇ ਤੇ ਹੱਲ ਕੀਤਾ ਜਾਣਾ ਹੈ। ਇਸ ਸਬੰਧੀ ਜ਼ਿਲ੍ਹਾ ਐੱਸ.ਏ.ਐੱਸ.ਨਗਰ ਅਧੀਨ ਆਉਦੀਆਂ ਮਹਿਲਾਵਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਮਹਿਲਾ ਦੀ ਕੌਮੀ ਮਹਿਲਾ ਕਮਿਸ਼ਨ ਕੋਲ ਕੋਈ ਸ਼ਿਕਾਇਤ ਪੈਂਡਿੰਗ ਹੈ ਤਾਂ 18 ਨਵੰਬਰ ਨੂੰ ਸਮਾਂ ਸਵੇਰੇ 10.00 ਵਜੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸੈਕਟਰ-76 ਮੋਹਾਲੀ ਦੇ ਕਮਰਾ ਨੰਬਰ 256 ਪਹਿਲੀ ਮੰਜਿਲ ਵਿਖੇ ਜਾ ਕੇ ਅਪਨੀ ਸ਼ਿਕਾਇਤ ਸਬੰਧੀ ਕਾਰਵਾਈ ਕਰਵਾ ਸਕਦੇ ਹਨ।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਤਹਿਸੀਲਦਾਰ ਆਦਮਪੁਰ,
ਜ਼ਿਲ੍ਹਾ ਜਲੰਧਰ।
ਨੋਟਿਸ ਬਨਾਮ ਆਮ ਪਬਲਿਕ

ਵਿਸ਼ਾ : ਮਾਲ ਰਿਕਾਰਡ ਵਾਕਿਆ ਪਿੰਡ ਹਰੀਪੁਰ ਹਬ ਨੰ. 63 ਵਿੱਚ ਨਾਂਅ ਹਰਜਿੰਦਰ ਸਿੰਘ ਪੁੱਤਰ ਅਵਤਾਰ ਸਿੰਘ ਪੁੱਤਰ ਨਰੰਜਣ ਸਿੰਘ ਗਲਤ ਨਾਂਅ, ਜਿਸ ਦੀ ਦਰੁਸਤੀ ਰਜਿੰਦਰ ਦਿਉਲ ਪੁੱਤਰ ਅਵਤਾਰ ਸਿੰਘ ਪੁੱਤਰ ਨਰੰਜਣ ਸਿੰਘ ਦੀ ਦਰੁਸਤੀ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸ੍ਰੀ ਕੁਲਵੀਰ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਪਿੰਡ ਹਰੀਪੁਰ, ਜ਼ਿਲ੍ਹਾ ਜਲੰਧਰ ਮੁਖਤਿਆਰ ਆਮ ਵੱਲੋਂ ਦਰਖਾਸਤ ਪੇਸ਼ ਕੀਤੀ ਹੈ ਕਿ ਉਸ ਦੇ ਭਰਾ ਦਾ ਨਾਂਅ ਮਾਲ ਰਿਕਾਰਡ ਵਾਕਿਆ ਪਿੰਡ ਹਰੀਪੁਰ ਹਬ ਨੰ. 63 ਵਿੱਚ ਨਾਂਅ ਹਰਜਿੰਦਰ ਸਿੰਘ ਪੁੱਤਰ ਅਵਤਾਰ ਸਿੰਘ ਪੁੱਤਰ ਨਰੰਜਣ ਸਿੰਘ ਗਲਤ ਦਰਜ ਹੈ, ਜੋ ਕਿ ਉਕਤ ਦਰਜ ਮਾਲ ਰਿਕਾਰਡ ਵਿੱਚ ਉਸ ਦੇ ਭਰਾ ਦੇ ਨਾਂਅ ਰਜਿੰਦਰ ਦਿਉਲ ਪੁੱਤਰ ਅਵਤਾਰ ਸਿੰਘ ਪੁੱਤਰ ਨਰੰਜਣ ਸਿੰਘ ਦੀ ਦਰੁਸਤੀ ਕਰਨ ਸੰਬੰਧੀ ਪੇਸ਼ ਕੀਤੀ ਹੈ। ਇਸ ਸੰਬੰਧੀ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਨਾਂਅ ਦਰੁਸਤੀ ਸੰਬੰਧੀ ਜੇਕਰ ਕਿਸੇ ਵੀ ਵਿਅਕਤੀ ਨੂੰ ਕਿਸੇ ਕਿਸਮ ਦਾ ਕੋਈ ਇਤਰਾਜ਼ ਹੋਵੇ, ਤਾਂ ਉਹ ਆਪਣਾ ਇਤਰਾਜ਼ ਮਿਤੀ 10.12.2025 ਤੱਕ ਅਸਾਲਤਨ ਜਾਂ ਵਕਾਲਤਨ ਜਾਂ ਕਿਸੇ ਮੁਖਤਿਆਰ ਰਾਹੀਂ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋ ਕੇ ਦੇ ਸਕਦਾ ਹੈ। ਉਕਤ ਮਿਤੀ ਤੋਂ ਬਾਅਦ ਆਏ ਇਤਰਾਜ਼ਾਂ 'ਤੇ ਕੋਈ ਕਾਰਵਾਈ ਨਹੀਂ ਹੋਵੇਗੀ ਅਤੇ ਨਿਯਮਾਂ ਅਨੁਸਾਰ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 12.11.2025 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ ਹੈ।

ਸਹੀ/-ਤਹਿਸੀਲਦਾਰ ਆਦਮਪੁਰ
ਨੰਬਰ 161/ ਰੀਡਰ / ਮਿਤੀ 12.11.25

## ਪਬਲਿਕ ਨੋਟਿਸ

### ਪੀ.ਐਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਾਗ ਕਲਾਂ ਅੰਮ੍ਰਿਤਸਰ

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਾਗ ਕਲਾਂ (ਅੰਮ੍ਰਿਤਸਰ) ਪੀ.ਐਮ. ਸ਼੍ਰੀ ਠੇਕਾ ਅਧਾਰਿਤ ਨਿਮਨ-ਲਿਖਤ ਅਸਾਮੀਆਂ ਲਈ ਇੰਟਰਵਿਊ ਅਧਾਰਿਤ 2025-26 ਲਈ ਸਲੈਕਟਿਵ ਪੈਨਲ ਦਾ ਗਠਨ 31 ਮਾਰਚ 2026 ਤੱਕ ਕੀਤਾ ਜਾਣਾ ਹੈ। ਇਸ ਠੇਕਾ ਅਧਾਰਿਤ ਅਸਾਮੀਆਂ ਲਈ ਇੰਟਰਵਿਊ 20 ਨਵੰਬਰ 2025 ਦਿਨ ਵੀਰਵਾਰ ਨੂੰ ਸਵੇਰੇ 9.30 ਵਜੇ ਸ਼ੁਰੂ ਕੀਤੀ ਜਾਵੇਗੀ ਜਿਸ ਲਈ ਉਮੀਦਵਾਰ ਆਪਣੇ ਅਸਲ ਦਸਤਾਵੇਜ ਅਤੇ ਫੋਟੋ ਕਾਪੀ ਦਾ ਸੈਟ ਲੈ ਕੇ ਸਕੂਲ ਵਿਚ ਹਾਜ਼ਰ ਹੋਣ ਲਈ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ।

1. ਕਰਾਟੇ ਟਰੈਨਰ ਲਈ ਵਿੱਦਿਅਕ ਯੋਗਤਾ (ਬਲੈਕ ਬੈਲਟ) ਮਨਜੂਰਸ਼ੁਦਾ ਸੰਸਥਾ ਦੁਆਰਾ ਅਤੇ ਗਰੈਜੂਏਟ ਅਤੇ ਉਚ ਸਿੱਖਿਆ ਨੂੰ ਪਹਿਲ) ਵੇਤਨ 8000/- ਰੁਪਏ ਪ੍ਰਤੀ ਮਹੀਨਾ, 31 ਮਾਰਚ 2026 ਤੱਕ
2. ਯੋਗਾ/ ਸਪੋਰਟਸ ਟੀਚਰ/ ਕੋਚ ਲਈ ਵਿੱਦਿਅਕ ਯੋਗਤਾ (ਬੈਚਲਰ ਇੰਨ ਫਿਜੀਕਲ ਐਜੂਕੇਸ਼ਨ) ਵੇਤਨ 8333/- ਰੁਪਏ ਪ੍ਰਤੀ ਮਹੀਨਾ, 31 ਮਾਰਚ 2026 ਤੱਕ
3. ਗਾਈਡੈਂਸ ਅਤੇ ਕੌਂਸਲਰ ਟੀਚਰ/ ਕੋਚ ਲਈ ਵਿੱਦਿਅਕ ਯੋਗਤਾ (ਬੈਚਲਰ ਡਿਗਰੀ ਘੱਟੋ ਘੱਟ 50 ਪ੍ਰਤੀਸਤ ਅੰਕ, ਗਾਈਡੈਂਸ ਐਡ ਕਾਊਸਲਿੰਗ ਡਿਪਲੋਮਾ) ਵੇਤਨ 8333/- ਰੁਪਏ ਪ੍ਰਤੀ ਮਹੀਨਾ, 31 ਮਾਰਚ 2026 ਤੱਕ

ਵੱਲੋਂ - ਪ੍ਰਿੰਸੀਪਲ ਸਾਹਿਬ
ਪੀ ਐਮ ਸ਼੍ਰੀ ਸ.ਸ.ਸ.ਸ. ਨਾਗ ਕਲਾਂ
ਮੋਬਾਇਲ 9876133095

## ਨਿਲਾਮੀ ਨੋਟਿਸ

ਸਰਕਾਰੀ ਐਲੀਮੈਂਟਰੀ ਸਕੂਲ ਭਗਤਾਂਵਾਲਾ -2 ਅੰਮ੍ਰਿਤਸਰ ਬਲਾਕ 1 ਵਿਖੇ ਸਕੂਲ ਦੇ ਅਨਸੇਫ 6 ਕਲਾਸ ਰੂਮ ਜਿਸ ਵਿੱਚ 4 ਦਰਵਾਜੇ 10 ਬਾਰੀਆਂ ਹਨ ਇਨ੍ਹਾਂ ਕਮਰਿਆਂ ਦਾ ਕੁਲ ਰਕਬਾ 390 ਗਜ਼ ਹੈ

ਇਨ੍ਹਾਂ ਕਮਰਿਆਂ ਨੂੰ ਢਾਹੁਣ ਲਈ ਅਤੇ 10 ਦਿਨਾਂ ਦੇ ਅੰਦਰ ਸਾਈਟ ਨੂੰ ਕਲੀਅਰ ਕਰਨ ਲਈ ਇੱਛੁਕ ਠੇਕੇਦਾਰਾਂ ਨੂੰ ਨਿਲਾਮੀ ਵਿੱਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ।

**ਨਿਲਾਮੀ ਦੀ ਮਿਤੀ 27-11-2025 ਸਵੇਰੇ 11 ਵਜੇ ਸਕੂਲ ਦਫ਼ਤਰ ਵਿਖੇ ਹੋਵੇਗੀ**

ਨਿਲਾਮੀ ਦੀਆਂ ਸ਼ਰਤਾਂ

1. ਨਿਲਾਮੀ ਵਿੱਚ ਸ਼ਾਮਿਲ ਹੋਣ ਲਈ ਇੱਛੁਕ ਠੇਕੇਦਾਰ 20000 ਰੁਪਏ ਦਾ ਡਰਾਫਟ ਜਾਂ ਕੈਸ਼ ਸਿਕਿਉਰਟੀ ਰੂਪ ਵਿੱਚ ਨਿਲਾਮੀ ਦੇ ਦੋ ਘੰਟੇ ਪਹਿਲਾਂ ਸਕੂਲ ਦਫਤਰ ਵਿਖੇ ਜਮਾਂ ਕਰਵਾਉਣਗੇ। ਡਰਾਫਟ ਜਾਂ ਕੈਸ਼ ਜਮਾ ਕਰਾਉਣ ਦਾ ਸਮਾਂ ਮਿਤੀ 27-11-2025 ਨੂੰ ਸਵੇਰੇ 9 ਵਜੇ ਤੋਂ 10 ਵਜੇ ਦਾ ਹੋਵੇਗਾ।
2. ਨਿਲਾਮੀ ਵਿੱਚ ਜਿਸ ਦੀ ਬੋਲੀ ਸਭ ਤੋਂ ਵੱਧ ਹੋਵੇਗੀ ਉਸ ਨੂੰ ਹੀ ਠੇਕਾ ਦਿੱਤਾ ਜਾਵੇਗਾ।
3. ਨਿਲਾਮੀ ਦੀ ਬੋਲੀ ਦੇਣ ਤੋਂ ਪਹਿਲਾਂ ਇੱਛੁਕ ਠੇਕੇਦਾਰ ਵੱਲੋਂ ਅਨਸੇਫ ਸਕੂਲ ਦੀ ਬਿਲਡਿੰਗ ਨੂੰ ਨਿਜੀ ਰੂਪ ਵਿੱਚ ਵੇਖ ਲਿਆ ਜਾਵੇ ਅਤੇ ਵੇਖਣ ਉਪਰੰਤ ਬੋਲੀ ਦਿੱਤੀ ਜਾਵੇ।
4. ਬੋਲੀ ਉਪਰੰਤ ਜਿਸ ਵੀ ਠੇਕੇਦਾਰ ਨੂੰ ਇਸ ਕੰਮ ਦੀ ਬੋਲੀ ਦਿੱਤੀ ਜਾਵੇਗੀ । ਉਹ ਬੋਲੀ ਦੀ ਰਕਮ ਦਾ ਡਰਾਵਟ ਜਾਂ ਕੈਸ਼ ਸਕੂਲ ਦਫਤਰ ਵਿਖੇ ਮਿਤੀ 27-11-2025 ਨੂੰ ਦੁਪਹਿਰ ਤਿੰਨ ਵਜੇ ਤੱਕ ਜਮਾ ਕਰਾਉਣ ਉਪਰੰਤ ਹੀ ਠੇਕੇਦਾਰ ਨੂੰ ਕਮਰਿਆਂ ਨੂੰ ਢਾਉਣ ਦੀ ਇਜਾਜ਼ਤ ਦਿੱਤੀ ਜਾਵੇਗੀ।
5. ਜਿਸ ਨੂੰ ਠੇਕਾ ਦਿੱਤਾ ਜਾਵੇਗਾ ਉਸ ਤੋਂ ਇਲਾਵਾ ਬਾਕੀ ਰਹਿੰਦੇ ਠੇਕੇਦਾਰਾਂ ਨੂੰ ਸਿਕਿਉਰਟੀ ਦਾ ਡਰਾਫਟ ਜਾਂ ਕੈਸ਼ ਵਾਪਸ ਕਰ ਦਿੱਤਾ ਜਾਵੇਗਾ।
6. ਨਿਲਾਮੀ ਉਪਰੰਤ ਯੋਗ ਠੇਕੇਦਾਰ ਉਪਰੋਕਤ ਮਿੱਥੇ ਸਮੇਂ ਵਿੱਚ ਜੇ ਸਾਈਟ ਕਲੀਅਰ ਨਹੀਂ ਕਰੇਗਾ ਤਾਂ 10000 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਦੇਣ ਦਾ ਪਾਬੰਦ ਹੋਵੇਗਾ ਅਨਸੇਫ ਕਮਰਿਆਂ ਨੂੰ ਢਾਉਣ ਦੇ ਸਮੇਂ ਦੌਰਾਨ ਜੇ ਕੋਈ ਵੀ ਜਾਨੀ ਮਾਲੀ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਨਿਰੋਲ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ ਅਤੇ ਉਸਦੀ ਭਰਪਾਈ ਠੇਕੇਦਾਰ ਵੱਲੋਂ ਕੀਤੀ ਜਾਵੇਗੀ।

ਵੱਲੋਂ ਜ਼ਿਲ੍ਹਾ ਸਿੱਖਿਆ ਅਫਸਰ ( ਐਲੀਮੈਂਟਰੀ ਸਿੱਖਿਆ) ਅੰਮ੍ਰਿਤਸਰ,
ਬਲਾਕ ਐਲੀਮੈਂਟਰੀ ਸਿੱਖਿਆ ਅਫ਼ਸਰ ਅੰਮ੍ਰਿਤਸਰ - 1
ਅਤੇ ਮੁੱਖ ਅਧਿਆਪਕਾ ਸਰਕਾਰੀ ਐਲੀਮੈਂਟਰੀ ਸਕੂਲ ਭਗਤਾਂਵਾਲਾ - 2
ਨੇੜੇ ਅਮ੍ਰਿਤਸਰ ਭਗਤਾਂਵਾਲਾ ਗੇਟ
ਫੋਨ ਨੰਬਰ - 9877791251

# ਕਲਾਸੀਫਾਈਡ ਇਸ਼ਤਿਹਾਰ

## Change of Name

I, hitherto known as Yuvraj Singh S/o Karnail Singh R/o VPO Manak Rai District Jalandhar, Punjab 144201, have changed my name as Singh Yuvraj and now my given name Yuvraj and my surname is Singh.

I Love Preet Singh S/o Harpal Singh VPO Dialpura District Tarn Taran Have changed my name from Love Preet Singh to Lovepreet Singh Pl note it.

I, Sahilpreet Singh S/o Shaminder Kumar R/o VPO Sandhran Sodhian, Sub- Tehsil Sham Chaurasi, Distt. Hoshiarpur Punjab have changed my name from Sahil to Sahilpreet Singh. Concerned note.

I, Romal Sharma W/O Vinod Kumar R/O L-6/23, Gali No.3, New Shaheed Udham Singh Nagar, Sultanwind Road, Amritsar, Punjab have changed my name from Romal Sharma to Romal. Concerned note.

I, Harvinder Kaur W/o Gaurav Kapoor R/o E-8/982, Gali No: 3, Kale Road, Harkrishan Nagar, Chheharta, Amritsar have changed my name from HARVINDER KAUR to HARWINDER KAUR. Please All Concerned Note.

I, Sukhwinder Singh Being Father Of Parteek S/O Sukhwinder Singh R/O H. No. 17, New Colony, Guru Ram Dass Nagar, Near Santokhpura, Jalandhar, Punjab Have changed my Minor Son's Name From Parteek to Parteek Singh.

I, Gurpreet Singh S/o Sukhwinder Singh R/o Village Sheron Nigah, PO Sheron Bagha Tehsil Baba Bakala District Amritsar have declare that Gurpreet is my Given name and Singh is my Surname

I, Harjinder Kaur Alias Sukhwant Kaur W/o Nirmal Singh R/o H.No. 22, Gurdial Nagar, Sultanwind road, Sultanpind, Amritsar-143001(Pb) have changed my name from Harjinder Kaur Alias Sukhwant Kaur to Sukhwant Kaur, plz note.

I, Jung Bahadur S/o Piara Singh R/o H No. W.S. 73 , Mohalla Satran, Basti Sheikh , Jalandhar-144002, Punjab, have changed my name from Jung Bahadur to Jang Bahadur Singh .All concerned please note.

I, Namrata D/o Vijay Kumar Badhan, R/o VPO. Sikanderpur, Distt Jalandhar have changed my name from Namrata to Namrata Singh.

I Jaspal Singh S/o Darshan R/o Vill Rehmanpur, Teh & Distt Jalandhar have changed my name from Jaspal Singh to Jaspal Singh Minhas.

I, Ranjit Kumar s/o Jagiri Ram r/o Mohalla Ravidass Nagar, VPO. Chachoki, Teh. Phagwara, Distt.Kapurthala have changed the name of my minor daughter from Himani To Himani Kumari. All Please Note.

I, Phul Pati w/o Chotte Lal r/o H.No. 101, Vill. Dhadda, Distt. Jalandhar, Punjab have changed my name from Phul Pati to Kailash Wati. All Please Note.

I, Aasdeep Kaur d/o Sarbjit Singh r/o Vill. Jhinger Khurd, Po. Jhinger Kalan, Tehsil Dasuya, Hoshiarpur-144205, Punjab have changed my name to Kaur Aasdeep. All Please Note.

I, Geeta Rani w/o Deepak Kapoor r/o H.No. B-17/285, Jallow Khana Complex, Kapurthala have changed my name to Geeta Kapoor. All Please Note.

I, Ravi Kumar s/o Hans Raj r/o Vill. Dharampura Abadi, Po. Khambra, Jalandhar have changed my name to Kumar Ravi (Surname as Kumar) All Please Note.

I, Usha Rani w/o Rashpal Kumar r/o VPO.Dhak Pandori, Tehsil Phagwara, Kapurthala have changed the name of minor son from Vishal to Vishal Khuttan. All Please Note.

I, Usha Rani w/o Rashpal Kumar r/o VPO.Dhak Pandori, Tehsil Phagwara, Kapurthala have changed the name of minor daughter from Priyanka to Priyanka Kumari. All Please Note.

I, Balwant Singh S/o Bishan Dass R/o H.No. 74, New Rasila Nagar, Basti Danishmanda, Jalandhar have changed my name from Balwant Singh to Balwant Thapa. All Please Note.

## Change of Name

I, Husan Lal S/o Darshan Lal R/o H.No. 178/1, Mohalla Kot Ram Dass, Po. Chugitti, Distt. Jalandhar, Punjab have changed my name from Husan Lal Jassi to Husan Lal. All Please Note.

I, Shavinder Kaur W/o Amarjit Singh Gujral R/o H.No.293-R, Model Town, Jalandhar, Punjab have changed my name from Shavinder Kaur to Shavinder Kaur Gujral. All Please Note.

I, Ekta W/o Davinder Kumar R/o H.No. 162/2, Ram Dass Pura, Boota Mandi, Jalandhar have changed my name from Ekta to Ekta Masih (Surname as Masih) All Please Note.

I, Kulwant Kaur W/o Kuldip Singh R/o H.No. 459, Near Singh Sabha Gurudwara, Dakoha, Jalandhar, Punjab-144023 have changed my name from Kulwant Kaur to Given Name as Kulwant & Surname as Kaur. All concerned please note.

I, Sikander Kumar S/o Krishan Lal R/o WK-279, Basti Mithu, Jalandhar, Punjab have changed my name from Sikander Kumar to Sikander Lal. All concerned please note.

I, Baldev Singh Chakra S/O Mohinder Singh, R/o VPO Sheikhupura,Tehsil Jagraon( Ludhiana), Punjab-142023, have changed my name and shall hereafter be Known as Baldev Singh.

I, Prabhjot Kaur W/o Jagmohan Singh R/o Bishniwal, Aliwal, Tehsil Batala, Distt. Gurdaspur, Punjab have changed my name from Parbjot Kaur to Prabhjot Kaur. Concerned Note.

I, Baldev Singh S/O Mohinder Singh, R/o Sheikhupura, Ludhiana, Punjab-142023, I have changed the name of my minor Son Birinder Singh Chakra aged about 17 Years and He shall hereafter be known as Birinder Singh.

I, Kamaljeet Kaur Chakra W/O Baldev Singh, R/o Sheikhupura, Ludhiana, Punjab-142023. have changed my name and shall hereafter be Known as Kamaljeet Kaur.

I, Baldev Singh S/O Mohinder Singh, R/o Sheikhupura, Ludhiana, Punjab-142023, I have changed the name of my minor daughter Sukhsimar Kaur Chakra aged about 13 Years and She shall hereafter be known as Sukhsimar Kaur.

I, Parm Bedi W/O Ranbeer Singh Bedi, R/o H No D8, Third Floor, Royal View Homes,Omex royal residency Ludhiana, Punjab-141001. have changed my name and shall hereafter be Known as Paramjeet Bedi.

I, Ravi Singh S/O Megh Singh, R/o Gobind Nagar, Nabha, Dist; Patiala, Punjab-147201, have changed my name and shall hereafter be Known as Ravi Inder Singh Sahota.

I, Riya W/O Gagandeep, R/o House No-3521, Street No-17, New Madhopuri, Ludhiana, Punjab-141007. have changed my name and shall hereafter be Known as Ashu.

I, Jaskaran D/o Jaswinder Singh R/o Nadalon, Distt. Hoshiarpur, Punjab have changed my name from Jaskaran to Jaskaran Sandhu. All concerned please note.

I, Mandeep Kaur W/O Harmanjit Singh Kanwer, R/o H no 98, New Model Town,(Ludhiana), Dist; Ludhiana-141002. have changed my name and shall hereafter be Known as Mandeep Kaur Kanwer.

I, Varun S/o Bimal Kumar R/o EC 336-B, Prem Gali, Khingra Gate, Jalandhar, Punjab-144001 have changed my name from Varun to Varun Arora. All concerned please note.

I, Nirbhay Kanwar S/o Narinder Singh R/o H.No. 659/7, Near Pulla Tank Nahan, Distt. Sirmaur, Himachal Pradesh-173001 have changed my name from Nirbhay Kanwar to Nirbhay Singh Kanwar. All Please Note.

I, Himanshu Bansal S/o Ashok Bansal R/o 217- HIG FLATS, Housing Board Colony, Urban Estate, Phase-1, Jalandhar City, Punjab, has changed my minor son's name from Taruush Bansal to Mahir Bansal. All concerned please note.

## Change of Name

I, Pooja Chopra W/o Mandeep Singh Dhir R/o House Number B-24/306, Ward Number 16, Bazigar Road, New Fatehgarh, District Hoshiarpur, Punjab have changed my name from Pooja Chopra to Pooja Dhir after marriage.

## ਨਾਂਅ ਦੀ ਬਦਲੀ

ਮੈਂ ਬਲਿੰਦਾ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਖਾਰਾ ( ਮਾਨਸਾ ) ਨੇ ਆਪਣਾ ਨਾਮ ਬਦਲ ਕੇ ਬਲਵਿੰਦਰ ਸਿੰਘ ਰੱਖ ਲਿਆ ਹੈ, ਸਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਕੁਲਬੀਰ ਸਿੰਘ ਪੁੱਤਰ ਮਹਿੰਦਰ ਸਿੰਘ, ਵਾਸੀ ਪਿੰਡ ਸਾਰਚੂਰ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਮੇਰੀ ਨੂੰਹ ਅਮਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਮੇਜਰ ਸਿੰਘ ਪੁੱਤਰ ਚੇਤਨ ਸਿੰਘ, ਵਾਸੀ ਪਿੰਡ ਰਣੀਆਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਮੇਲ ਸਿੰਘ (ਸ਼ਾਦੀਸ਼ੁਦਾ) ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬਧਤ ਨੋਟ ਕਰਨ।

ਮੈਂ ਦਲਜੀਤ ਕੌਰ ਪਤਨੀ ਦਵਿੰਦਰ ਸਿੰਘ ਵਾਸੀ ਪਿੰਡ ਨੰਗਲ ਤਹਿਸੀਲ ਫਗਵਾੜਾ ਜ਼ਿਲਾਂ ਕਪੂਰਥਲਾ ਦੀ ਹਲਫੀਆ ਬਿਆਨ ਕਰਦੀ ਹਾਂ ਮੇਰੀ ਲੜਕੀ ਯਸ਼ਮੀਨ ਕੌਰ (ਕੁਆਰੀ) ਸਾਨੂੰ ਮਾਰਦੀ ਕੁੱਟਦੀ ਹੈ , ਗਾਲੀ ਗਲੋਚ ਕਰਦੀ ਹੈ ਤੇ ਆਪਣੀ ਮਨ ਮਰਜੀ ਕਰਦੀ ਹੈ ਮੇਰੇ ਕਹਿਣੇ ਵਿੱਚ ਨਹੀਂ ਹੈ ਨੂੰ ਆਪਣੀ ਚੱਲ ਅੱਚਲ ਜਾਇਦਾਦ ਵਿੱਚੋਂ ਬੇਦਖਲ ਕਰ ਦਿੱਤਾ ਹੈ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਅਸੀਂ, ਕੁਲਦੀਪ ਸਿੰਘ, ਮੇਜਰ ਸਿੰਘ, ਕੁਲਜੀਤ ਕੌਰ ਪਤਨੀ ਕੁਲਦੀਪ ਸਿੰਘ ਵਾਸੀਆਨ ਝੰਡੇਆਣਾ ਗਰਬੀ, ਤਹਿਸੀਲ ਵਾ ਜ਼ਿਲ੍ਹਾ ਮੋਗਾ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਲਵਪ੍ਰੀਤ ਸਿੰਘ ਤੇ ਉਸ ਦੀ ਪਤਨੀ ਸਿਮਰਜੀਤ ਕੌਰ, ਜੋ ਸਾਡੇ ਕਹਿਣੇ ਤੋਂ ਬਾਹਰ ਹਨ ਤੇ ਸਾਡੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬਧਤ ਨੋਟ ਕਰਨ।

ਅਸੀਂ ਦਵਿੰਦਰ ਕੁਮਾਰ ਪੁੱਤਰ ਕਸਤੂਰੀ ਲਾਲ ਵਾ ਰੁਪਿੰਦਰ ਕੌਰ ਪਤਨੀ ਦਵਿੰਦਰ ਕੁਮਾਰ ਵਾਸੀਆਨ ਪਿੰਡ ਬਿਸ਼ਨਪੁਰ ਅਰਾਈਆਂ, ਤਹਿ. ਵਾ ਜ਼ਿਲ੍ਹਾ ਕਪੂਰਥਲਾ ਘੋਸ਼ਣਾ ਕਰਦੇ ਹਾਂ ਕਿ ਸਾਡਾ ਲੜਕਾ ਹਰਸ਼ਪ੍ਰੀਤ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਆਪਣੇ ਲੜਕੇ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬਧਤ ਨੋਟ ਕਰਨ।

ਮੈਂ ਤਰਸੇਮ ਸਿੰਘ ਪੁੱਤਰ ਫੱਜਾ ਸਿੰਘ ਵਾਸੀ ਪਿੰਡ ਬਾਮੂਵਾਲ, ਤਹਿਸੀਲ ਫਿਲਵਾਂ, ਜ਼ਿਲ੍ਹਾ ਕਪੂਰਥਲਾ ਘੋਸ਼ਣਾ ਕਰਦਾ ਹਾਂ ਕਿ ਮੇਰਾ ਪੋਤਾ ਨੀਤੀਸ ਪੁੱਤਰ ਜਸਪਾਲ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੇ ਪੋਤੇ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬਧਤ ਨੋਟ ਕਰਨ।

ਅਸੀਂ ਸੁਭਾਸ਼ ਚੰਦਰ ਚੋਪੜਾ ਪੁੱਤਰ ਜੇ ਐਲ ਚੋਪੜਾ ਅਤੇ ਸੁਨੀਤਾ ਚੋਪੜਾ ਪਤਨੀ ਸੁਭਾਸ਼ ਚੰਦਰ ਚੋਪੜਾ ਵਾਸੀਅਨ ਮਕਾਨ ਨੰਬਰ NF 54, ਕਿੱਲਾ ਮੋਹੱਲਾ , ਜਲੰਧਰ ਇਹ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਅੰਕਿਤ ਚੋਪੜਾ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ ।

ਅਸੀਂ, ਹਰਜੀਤ ਕੌਰ ਪਤਨੀ ਸਤਨਾਮ ਸਿੰਘ ਅਤੇ ਸਤਨਾਮ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀਆਨ ਮਕਾਨ ਨੰ. ਐਫ 21/1045, ਮਜੀਠਾ ਰੋਡ, ਸੰਧੂ ਕਲੋਨੀ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਜੁਗਰਾਜ ਸਿੰਘ ਤੇ ਨੂੰਹ ਅਮਨਦੀਪ ਕੌਰ ਸਾਡੇ ਕਹਿਣੇ ਵਿਚ ਨਹੀਂ ਹਨ। ਅਸੀਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕੰਵਲਜੀਤ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਮਕਾਨ ਨੰ. ਈ-5/620, ਚੋੜਾ ਬਾਜ਼ਾਰ, ਸੁਲਤਾਨਵਿੰਡ ਰੋਡ, ਗੋਬਿੰਦ ਨਗਰ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੈਂ ਆਪਣੇ ਭਰਾ ਗੁਰਮੀਤ ਸਿੰਘ, ਉਸ ਦੀ ਪਤਨੀ ਰਜਨੀ ਅਤੇ ਉਹਨਾਂ ਦੇ ਤਿੰਨ ਬੱਚੇ-ਸਨੇਹਾ ਜੋਰਾ, ਖੁਸ਼ੀ ਜੋਰਾ ਅਤੇ ਹਰਸ਼ਿਤ ਜੋਰਾ ਮੇਰੇ ਕਹਿਣੇ ਵਿਚ ਨਹੀਂ ਹਨ ਅਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਗੁਰਮੀਤ ਕੌਰ ਪਤਨੀ ਦਰਸ਼ਨ ਸਿੰਘ ਵਾਸੀ 8, ਖਾਲਸਾ ਨਗਰ, ਕੋਟ ਮਿੱਤ ਸਿੰਘ, ਤਰਨ ਤਾਰਨ ਰੋਡ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਮਨਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ । ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕੀਮਤੀ ਲਾਲ ਪੁੱਤਰ ਵਿਜੇ ਕੁਮਾਰ ਵਾਸੀ ਮਕਾਨ ਨੰ. 189, ਆਦਰਸ਼ ਨਗਰ, ਮੇਨ ਬਾਜ਼ਾਰ, ਕੋਟ ਖਾਲਸਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅਜੇ ਕੁਮਾਰ ਧਵਨ ਅਤੇ ਉਸ ਦਾ ਲੜਕਾ ਅਭੀਯੁਗ ਮੇਰੇ ਨਾਲ ਲੜਾਈ- ਝਗੜਾ ਕਰਦੇ ਹਨ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## ਬੇਦਖਲੀ ਨੋਟਿਸ

ਮੈਂ, ਜਸਬੀਰ ਕੌਰ ਪਤਨੀ ਬਿੱਟੂ ਵਾਸੀ ਪਿੰਡ ਬਿਜਲੀਵਾਲ, ਡਾਕ: ਸਰਵਾਲੀ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਗੁਰਚਰਨ ਸਿੰਘ ਅਤੇ ਜੋਬਨਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਆਪਣੇ ਉਕਤ ਪੁੱਤਰਾਂ ਅਤੇ ਨੂੰਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਅਸੀਂ ਸੁੱਚਾ ਸਿੰਘ ਪੁੱਤਰ ਸ੍ਰੀ ਨੰਦ ਸਿੰਘ ਵਾ ਸੁਖਰਾਜ ਕੌਰ ਪਤਨੀ ਸ੍ਰੀ ਸੁੱਚਾ ਸਿੰਘ ਵਾਸੀਆਨ ਪਿੰਡ ਰਮਦਾਸਪੁਰ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਵਿੰਦਰ ਸਿੰਘ ਵਾ ਇਸ ਦੀ ਪਤਨੀ ਸ੍ਰੀ ਮਨਪ੍ਰੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬਧਿਤ ਨੋਟ ਕਰਨ।

ਮੈਂ, ਸਤ ਪਾਲ ਪੁੱਤਰ ਖਜ਼ਾਨ ਚੰਦ ਵਾਸੀ ਮਕਾਨ ਨੰ: 3203, ਭਾਰਗੋ ਨਗਰ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਵਿਦਿਆ ਸਾਗਰ ਅਤੇ ਨੂੰਹ ਸ਼ਮਾ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬਧਿਤ ਨੋਟ ਕਰਨ।

ਮੈਂ, ਨਰਸੀ ਰਾਮ ਪੁੱਤਰ ਸ੍ਰੀ ਬਿਸ਼ਨ ਦਾਸ ਵਾਸੀ 44, ਗੋਲਡਨ ਐਵੀਨਿਊ, ਮਕਸੂਦਾਂ, ਡਾ: ਗਰੇਨ ਮਾਰਕੀਟ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕੁਲਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜਾ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬਧਿਤ ਨੋਟ ਕਰਨ।

ਮੈਂ, ਜੀਲੋ ਪਤਨੀ ਸਿਪਾਹੀਆ, ਵਾਸੀ ਪਿੰਡ ਨਵਾਂ ਪਿੰਡ ਬਹਾਦਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਪੁੱਤਰ ਜਾਕਰ ਹੁਸੈਨ, ਜੋ ਮੇਰੇ ਕਹਿਣੇ ਤੋਂ ਬਾਹਰ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## PUBLIC NOTICE

We, Fulchand S/o Meva Lal and Fulwati Devi W/o Fulchand both R/o H.No. 98, Anant Nagar, Basti Peer Dad, Jalandhar, Punjab declare that our son Kishan is out of our control. We disinherit him from our moveable and immovable properties. We and our family shall not be held responsible for any of his acts, deeds and things.

## ਆਮ ਸੂਚਨਾ

ਮੈਂ, ਕਰਮਜੀਤ ਸਿੰਘ ਪੁੱਤਰ ਸ੍ਰੀ ਤਜਿੰਦਰ ਸਾਹਿਬ ਵਾਸੀ ਪਿੰਡ ਤੇ ਡਾਕਖਾਨਾ ਪਤਿਆਲ ਤਹਿਸੀਲ ਆਦਮਪੁਰ ਭੋਗਪੁਰ ਜਿਲ੍ਹਾਂ ਜਲੰਧਰ ਬਿਆਨੀ ਹਾਂ ਕਿ ਮਹਿਕਮਾਂ ਮਾਲ ਵਿੱਚ ਮੇਰੇ ਪਿਤਾ ਦਾ ਨਾਮ ਤਜਿੰਦਰ ਸਾਹਿਬ ਸਿੱਖ ਸਟੇਟ ਸਿੰਘ ਦਰਜ ਹੈ ਪਰ ਉਹਨਾਂ ਦੇ ਬਾਕੀ ਸਾਰੇ ਦਸਤਾਵੇਜਾਂ ਪਰ ਉਹਨਾਂ ਦਾ ਨਾਮ ਤਜਿੰਦਰ ਸਾਹਿਬ ਹੈ। ਮੇਰੇ ਪਿਤਾ ਦਾ ਅਸਲ ਤੇ ਦਰੁਸਤ ਨਾਮ ਤਜਿੰਦਰ ਸਾਹਿਬ ਹੈ।

ਉਪਰੋਕਤ ਵਿਸ਼ੇ ਦੇ ਅਧੀਨ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਖਾਤਾ ਨੰਬਰ KNAP/88, ਜੋ ਕਿ ਪਿੰਡ ਕਾਲੀਆ ਵਿਖੇ ਜਸਵੰਤ ਸਿੰਘ ਪੁੱਤਰ ਹਾਕਮ ਸਿੰਘ, ਵਾਸੀ ਕਾਹਨਗੜ੍ਹ ਦੇ ਨਾਂਅ 'ਤੇ ਚੱਲਦਾ ਹੈ। ਇਸ ਕੁਨੈਕਸ਼ਨ ਨੂੰ ਅਮਰਦੀਪ ਕੌਰ ਪਤਨੀ ਹਰਬੰਸ ਸਿੰਘ, ਵਾਸੀ ਕਾਹਨਗੜ੍ਹ ਆਪਣੇ ਨਾਂਅ ਕਰਵਾਉਣਾ ਚਾਹੁੰਦੀ ਹੈ । ਇਸ ਸੰਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ PSPCL ਦਫਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ ।

ਮੈਂ, ਰਾਜ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਠਾਕਰ ਸਿੰਘ, ਵਾਸੀ ਪਿੰਡ ਬਸਤੀ ਕੰਨਲਾ ਵਾਲੇ ਝੁੱਗੇ, ਜਲਾਲਾਬਾਦ, ਤਹਿਸੀਲ ਜਲਾਲਾਬਾਦ (ਪੱ.) ਜ਼ਿਲ੍ਹਾ ਫਾਜ਼ਿਲਕਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਪ੍ਰੀਤ ਸਿੰਘ (ਕੁਆਰਾ) ਨੂੰ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ 26.03.2025 ਨੂੰ ਬੇਦਖਲ ਕਰ ਦਿੱਤਾ ਸੀ। ਹੁਣ ਮੇਰਾ ਲੜਕਾ ਮੇਰੇ ਕਹਿਣੇ ਵਿਚ ਹੈ ਅਤੇ ਮੇਰੀ ਹਰ ਗੱਲ ਨਾਲ ਸਹਿਮਤ ਹੈ। ਇਸ ਲਈ ਮੈਂ ਹੁਣ ਆਪਣਾ ਦਿੱਤਾ ਹੋਇਆ ਬੇਦਖਲੀ ਨੋਟਿਸ ਵਾਪਸ ਲੈਂਦਾ ਹਾਂ। ਹੁਣ ਮੇਰਾ ਲੜਕਾ ਮੇਰੀ ਜਾਇਦਾਦ ਦਾ ਬਰਾਬਰ ਦਾ ਹੱਕਦਾਰ ਹੋਵੇਗਾ। ਸੰਬਧਤ ਨੋਟ ਕਰਨ।

ਸੂਚਿਤ ਕੀਤਾ ਜਾਂਦਾ ਹੈ ਸ੍ਰੀਮਤੀ ਅਮਰ ਦੇਈ ਪੁੱਤਰੀ ਦਿਤੂ ਰਾਮ ਮਕਾਨ ਨੰ 986/3, ਅਤੇ ਕਮੇਟੀ ਨੰ 3718/14, ਰਕਬਾ 90 ਵਰਗਗਜ ਵਾਕਿਆ ਗਲੀ ਨੰ. 17, ਹਰੀਪੁਰਾ ਅੰਮ੍ਰਿਤਸਰ ਜਿਸਦੀ ਮਾਲਕ ਤੇ ਕਾਬਜ਼ ਬਰੂਏ ਬੈਨਾਮਾ ਮਿਤੀ 13/07/1977 ਦਸਤਾਵੇਜ਼ ਨੰ. 1232 ਬਹੀ ਨੰ. 1, ਜਿਲਦ ਨੰ. 3259 ਜਿਸਦੀ ਨਕਲ ਬਹੀ ਨੰ. 1 ਜਿਲਦ ਨੰ. 1357 ਸਫਾ ਨੰ. 1820 ਅਨੁੰਸਾਰ ਹੈ ਜਿਸਦਾ ਇਕ ਵਸੀਅਤ ਨਾਮਾ ਬਹੱਕ ਵੇਦ ਪ੍ਰਕਾ ਪੁੱਤਰ ਸਾਂਈ ਦਾਸ ਪੁੱਤਰ ਦਿਤੂ ਰਾਮ ਦੇ ਹੱਕ ਵਿਚ ਕੀਤਾ ਹੋਇਆ ਹੈ ਉਕਤ ਜਾਇਦਾਦ ਦਾ ਬੈਨਾਮਾ ਹੋਣ ਜਾ ਰਿਹਾ ਹੈ ਕਿਸੇ ਨੂੰ ਉਜ਼ਰ ਇਤਰਾਜ਼ ਹੋਵੇ ਤਾਂ 20 ਦਿਨ ਦੇ ਅੰਦਰ ਅੰਦਰ ਸੂਚਿਤ ਕਰੇ ਅਤੇ ਸੰਬੰਧਤ ਸਬ ਰਜਿਸਟਰਾਰ ਸਾਹਿਬ ਨਾਲ ਜਾ ਕੇ ਸੰਪਰਕ ਕਰੇ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## COURT NOTICE

In The Court of Ms. Daljeet Kaur
Sub Divisional Judicial Magistrate
Dhuri
CNR No.:- PBSGB1-001069-2022
Next Date:-03-01-2026
Ranjit Singh Dhahia S/o Narang Singh
Vs.
Tejinder Kaur W/o Manpreet Singh S/o Labh Singh

Detail of offence:-
Notice To:
1) Tejinder Kaur W/o Manpreet Singh S/o Labh Singh
Pedhni Road Phirni of Village Punnawal, Tehsil Dhuri now C/o Jagjit Singh S/o Sadhu Singh R/o Village Sandhu Patti, Pedhni Kalan, Tehsil Dhuri, District Sangrur
2) Manpreet Singh S/o Labh Singh R/o Pedhni Road Phirni of Village Punnawal, Tehsil Dhuri, District Sangrur.

In above titled case, the accused could not be served. It is ordered that accused should appear in person or through counsel on 03-01-2026 at 10.00 a.m.

For details logon to https://highcourtchd.gov.in/?mod=district_notice&district=Sangrur

Sub Divisional Judicial Magistrate
Dhuri
Dated, this day of 11-11-2025

## COURT NOTICE

(U/o 5 Rule 20 CPC)
IN THE COURT OF
Sh. Amrinder Pal Singh
Principal Judge Family Court,
Dhuri
CNR No. PBSGF3-000409-2024
Next Date:- 07-01-2026
Paramdeep Singh
Vs.
Sarbjit Kaur

PUBLICATION ISSUED TO:
Sarbjit Kaur
D/o Jeet Singh W/o Paramdeep Singh R/o Dhuri, Now R/o Near Gurudwara Sahib, Bakshiwala, Distt. Mansa.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 07-01-2026 at 10:00 a.m.

For details logon to https://highcourtchd.gov.in/?mod=district_notice&district=Sangrur

Principal Judge Family Court,
Dhuri
Dated, this day of 14-11-2025

## ਸਨਮੁੱਖ ਸੁਖਜੀਤ ਸਿੰਘ ਜੌਲੀ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਈਨਾਂਸ ਬੈਂਕ (ਇਸ ਤੋਂ ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਇੱਕ ਕਾਰਪੋਰੇਟ ਬਾਡੀ, ਜਿਸ ਦਾ ਮੁੱਖ ਦਫਤਰ 37, ਮਿਡਾਸ ਕਾਰਪੋਰੇਟ ਪਾਰਕ, ਜੀ ਟੀ ਰੋਡ ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚ ਇੱਕ ਸ਼ਾਖਾ ਲਾਂਡਰਾਂ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ। ਬਿਨੈਕਾਰ

ਬਨਾਮ

1. ਸੁੱਖਵਿੰਦਰ ਕੌਰ ਪਤਨੀ ਅਮਰੀਕ ਸਿੰਘ ਵਾਸੀ ਪਿੰਡ ਤੇ ਡਾਕ. ਪਮੌਰ, ਤਹਿਸੀਲ ਬੱਸੀ ਪਠਾਣਾ, ਜ਼ਿਲ੍ਹਾ ਫਤਿਹਗੜ੍ਹ ਸਾਹਿਬ।
2. ਸਰਤਾਜ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਪਿੰਡ ਤੇ ਡਾਕ. ਪਮੌਰ, ਤਹਿਸੀਲ ਬੱਸੀ ਪਠਾਣਾ, ਜ਼ਿਲ੍ਹਾ ਫਤਿਹਗੜ੍ਹ ਸਾਹਿਬ।
3. ਅਮਰੀਕ ਸਿੰਘ ਪੁੱਤਰ ਸੁਰਮੁਖ ਸਿੰਘ ਵਾਸੀ ਪਿੰਡ ਤੇ ਡਾਕ. ਪਮੌਰ, ਤਹਿਸੀਲ ਬੱਸੀ ਪਠਾਣਾ, ਜ਼ਿਲ੍ਹਾ ਫਤਹਿਗੜ੍ਹ ਸਾਹਿਬ। ਕਰਨੈਲ ਸਿੰਘ ਪੁੱਤਰ ਮੋਹਿੰਦਰ ਸਿੰਘ ਰਾਹੀਂ ਇਸ ਦੇ ਕਾਨੂੰਨੀ ਵਾਰਿਸ।
4. ਗਗਨਦੀਪ ਸਿੰਘ ਪੁੱਤਰ ਸਵ. ਸ੍ਰੀ ਕਰਨੈਲ ਸਿੰਘ ਵਾਸੀ ਤਹਿਸੀਲ ਬੱਸੀ ਪਠਾਣਾ, ਜ਼ਿਲ੍ਹਾ ਫਤਹਿਗੜ੍ਹ ਸਾਹਿਬ-140406

ਜਵਾਬਦੇਹ

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚਲਦਿਆਂ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹ 1 ਤੋਂ 3 ਨੂੰ ਭੇਜਿਆ ਗਿਆ ਨੋਟਿਸ ਇਨਕਾਰੀ ਟਿੱਪਣੀ ਨਾਲ ਵਾਪਸ ਪ੍ਰਾਪਤ ਹੋਇਆ ਅਤੇ ਜਵਾਬਦੇਹ ਨੰ. 4 ਨੂੰ ਭੇਜਿਆ ਗਿਆ ਨੋਟਿਸ ਵਾਪਸ ਪ੍ਰਾਪਤ ਨਹੀਂ ਹੋਇਆ । ਦੂਜੀ ਵਾਰ ਜਵਾਬਦੇਹ ਨੰ. 1 ਤੋਂ 3 ਨੂੰ ਭੇਜਿਆ ਗਿਆ ਨੋਟਿਸ ਇਨਕਾਰੀ ਟਿੱਪਣੀ ਨਾਲ ਵਾਪਸ ਪ੍ਰਾਪਤ ਹੋਇਆ ਅਤੇ ਦੂਜੀ ਵਾਰ ਜਵਾਬਦੇਹ ਨੰ. 4 ਨੂੰ ਭੇਜਿਆ ਗਿਆ ਨੋਟਿਸ ਵਾਪਸ ਪ੍ਰਾਪਤ ਨਹੀਂ ਹੋਇਆ। ਜਿਸ ਤੋਂ ਸਾਬਤ ਹੁੰਦਾ ਹੈ ਕਿ ਜਵਾਬਦੇਹਾਂ ਨੂੰ ਉਨ੍ਹਾਂ ਵਿਰੁੱਧ ਕੀਤੀਆਂ ਜਾ ਰਹੀਆਂ ਕਾਰਵਾਈਆਂ ਬਾਰੇ ਪਤਾ ਹੈ ਅਤੇ ਉਹ ਜਾਣਬੁੱਝ ਕੇ ਟ੍ਰਿਬਿਊਨਲ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ, ਫਿਰ ਵੀ ਸਾਰੇ ਜਵਾਬਦੇਹਾਂ ਨੂੰ ਇੱਕ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖ਼ਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 22.12.2025 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧ ਜਾਂ ਸਾਲਸ ਸਨਮੁੱਖ ਚੈਂਬਰ ਨੰਬਰ 113, ਨਵੀਆਂ ਕਚਹਿਰੀਆਂ ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਕਾਰਵਾਈਆਂ 'ਚ ਸ਼ਾਮਲ ਹੋਣ ਲਈ ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ 07.11.2025 — ਸੁਖਜੀਤ ਸਿੰਘ ਜੌਲੀ
ਜਲੰਧਰ — ਸਾਲਸ

## ਸਨਮੁੱਖ ਸੁਖਜੀਤ ਸਿੰਘ ਜੌਲੀ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਈਨਾਂਸ ਬੈਂਕ (ਇਸ ਤੋਂ ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਇੱਕ ਕਾਰਪੋਰੇਟ ਬਾਡੀ, ਜਿਸ ਦਾ ਮੁੱਖ ਦਫਤਰ 37, ਮਿਡਾਸ ਕਾਰਪੋਰੇਟ ਪਾਰਕ, ਜੀ ਟੀ ਰੋਡ ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚ ਇੱਕ ਸ਼ਾਖਾ ਢੰਡਾ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ। ਬਿਨੈਕਾਰ

ਬਨਾਮ

1. ਵਿਸ਼ਾਲ ਸੁਮਨ ਪੁੱਤਰ ਸ੍ਰੀ ਓਮ ਪ੍ਰਕਾਸ਼ ਵਾਸੀ ਪਿੰਡ ਬੜਾ ਪਿੰਡ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ।
2. ਅਮਿਤ ਕਾਲੜਾ ਪੁੱਤਰ ਸ੍ਰੀ ਕੁਲਦੀਪ ਕੁਮਾਰ ਵਾਸੀ ਪਿੰਡ ਬੜਾ ਪਿੰਡ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ।
3. ਰਾਮ ਚੰਦਰ ਪੁੱਤਰ ਸਰਵਣ ਕੁਮਾਰ ਵਾਸੀ ਪਿੰਡ ਪੱਤੀ ਜੱਸੇ ਕੀ, ਪਿੰਡ ਬੜਾ ਪਿੰਡ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ।

ਜਵਾਬਦੇਹ

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚਲਦਿਆਂ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹ ਨੰ. 1 ਤੋਂ 3 ਨੂੰ ਪਹਿਲੀ ਵਾਰ ਭੇਜਿਆ ਗਿਆ ਨੋਟਿਸ ਵਾਪਸ ਪ੍ਰਾਪਤ ਨਹੀਂ ਹੋਇਆ। ਦੂਜੀ ਵਾਰ ਜਵਾਬਦੇਹ ਨੰ. 1 ਅਤੇ 2 ਨੂੰ ਭੇਜਿਆ ਗਿਆ ਨੋਟਿਸ ਵਾਪਸ ਪ੍ਰਾਪਤ ਨਹੀਂ ਹੋਇਆ ਅਤੇ ਜਵਾਬਦੇਹ ਨੰ. 3 ਨੂੰ ਭੇਜਿਆ ਗਿਆ ਨੋਟਿਸ ਇਨਕਾਰੀ ਟਿੱਪਣੀ ਨਾਲ ਵਾਪਸ ਪ੍ਰਾਪਤ ਹੋਇਆ। ਜਿਸ ਤੋਂ ਸਾਬਤ ਹੁੰਦਾ ਹੈ ਕਿ ਜਵਾਬਦੇਹਾਂ ਨੂੰ ਉਨ੍ਹਾਂ ਵਿਰੁੱਧ ਕੀਤੀਆਂ ਜਾ ਰਹੀਆਂ ਕਾਰਵਾਈਆਂ ਬਾਰੇ ਪਤਾ ਹੈ ਅਤੇ ਉਹ ਜਾਣਬੁੱਝ ਕੇ ਟ੍ਰਿਬਿਊਨਲ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ, ਫਿਰ ਵੀ ਸਾਰੇ ਜਵਾਬਦੇਹਾਂ ਨੂੰ ਇੱਕ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖ਼ਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 22.12.2025 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧ ਸਾਲਸ ਸਨਮੁੱਖ ਚੈਂਬਰ ਨੰਬਰ 113, ਨਵੀਆਂ ਕਚਹਿਰੀਆਂ ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਕਾਰਵਾਈਆਂ 'ਚ ਸ਼ਾਮਲ ਹੋਣ ਲਈ ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ 07.11.2025 — ਸੁਖਜੀਤ ਸਿੰਘ ਜੌਲੀ
ਜਲੰਧਰ — ਸਾਲਸ

## ਸਨਮੁੱਖ ਸੁਖਜੀਤ ਸਿੰਘ ਜੌਲੀ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਈਨਾਂਸ ਬੈਂਕ (ਇਸ ਤੋਂ ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਇੱਕ ਕਾਰਪੋਰੇਟ ਬਾਡੀ, ਜਿਸ ਦਾ ਮੁੱਖ ਦਫਤਰ : 37, ਮਿਡਾਸ ਕਾਰਪੋਰੇਟ ਪਾਰਕ, ਜੀ ਟੀ ਰੋਡ ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚ ਇੱਕ ਸ਼ਾਖਾ ਤਲਵੰਡੀ ਸਾਬੋ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ। ਬਿਨੈਕਾਰ

ਬਨਾਮ

1. ਕੁਲਵਿੰਦਰ ਸਿੰਘ ਪੁੱਤਰ ਜੰਧਾ ਸਿੰਘ ਵਾਸੀ ਪਿੰਡ ਕਲਾਲਵਾਲਾ, ਬਠਿੰਡਾ, ਪੰਜਾਬ-151302
2. ਪਵਨਪ੍ਰੀਤ ਕੌਰ ਪਤਨੀ ਕੁੱਲਵਿੰਦਰ ਸਿੰਘ ਵਾਸੀ ਪਿੰਡ ਕਲਾਲਵਾਲਾ, ਬਠਿੰਡਾ, ਪੰਜਾਬ-151302
3. ਸੁਖਪਾਲ ਸਿੰਘ ਪੁੱਤਰ ਗੁਰਜੰਟ ਸਿੰਘ ਵਾਸੀ ਪਿੰਡ ਕਲਾਲਵਾਲਾ, ਬਠਿੰਡਾ, ਪੰਜਾਬ-151302
4. ਸੁਰਜੀਤ ਕੌਰ ਪਤਨੀ ਸਾਧੂ ਸਿੰਘ ਵਾਸੀ ਪਿੰਡ ਕਲਾਲਵਾਲਾ, ਬਠਿੰਡਾ, ਪੰਜਾਬ-151302. ਜਵਾਬਦੇਹ

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚਲਦਿਆਂ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹ ਨੰ. 1 ਤੋਂ 4 ਬਕਾਇਦਾ ਪਹਿਲੀ ਵਾਰ ਨੋਟਿਸ ਡਾਕ ਰਾਹੀਂ ਭੇਜਿਆ ਗਿਆ। ਦੂਜੀ ਵਾਰ ਜਵਾਬਦੇਹ ਨੰ. 1 ਤੋਂ 4 ਨੂੰ ਭੇਜਿਆ ਗਿਆ ਨੋਟਿਸ ਵਾਪਸ ਪ੍ਰਾਪਤ ਨਹੀਂ ਹੋਇਆ। ਜਿਸ ਤੋਂ ਸਾਬਤ ਹੁੰਦਾ ਹੈ ਕਿ ਜਵਾਬਦੇਹਾਂ ਨੂੰ ਉਨ੍ਹਾਂ ਵਿਰੁੱਧ ਕੀਤੀਆਂ ਜਾ ਰਹੀਆਂ ਕਾਰਵਾਈਆਂ ਬਾਰੇ ਪਤਾ ਹੈ ਅਤੇ ਉਹ ਜਾਣਬੁੱਝ ਕੇ ਟ੍ਰਿਬਿਊਨਲ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ, ਫਿਰ ਵੀ ਸਾਰੇ ਜਵਾਬਦੇਹਾਂ ਨੂੰ ਇੱਕ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖ਼ਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 22-12-2025 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧ, ਸਾਲਸ ਸਨਮੁੱਖ ਚੈਂਬਰ ਨੰਬਰ 113, ਨਵੀਆਂ ਕਚਹਿਰੀਆਂ ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਕਾਰਵਾਈਆਂ 'ਚ ਸ਼ਾਮਲ ਹੋਣ ਲਈ ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ 07-11-2025 — ਸੁਖਜੀਤ ਸਿੰਘ ਜੌਲੀ
ਜਲੰਧਰ — ਸਾਲਸ

---

ਫਾਰਮ ਨੰ. ਯੂ ਆਰ ਸੀ-2

## ਕੰਪਨੀਜ਼ ਐਕਟ ਦੇ ਅਧਿਆਇ XXI ਦੇ ਭਾਗ I ਤਹਿਤ ਪੰਜੀਕਰਣ ਬਾਰੇ ਸੂਚਨਾ ਦੇਣ ਵਾਲਾ ਇਸ਼ਤਿਹਾਰ

[ਕੰਪਨੀਜ਼ ਐਕਟ, 2013 ਦੀ ਧਾਰਾ 374 (ਬੀ) ਅਤੇ ਕੰਪਨੀਜ਼ (ਪੰਜੀਕਰਣ ਲਈ ਅਧਿਕਾਰਤ) ਨਿਯਮ, 2014 ਦੇ ਨਿਯਮ 4 (1) ਅਨੁਸਾਰ]

1. ਇਸ ਇਸ਼ਤਿਹਾਰ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਕੰਪਨੀਜ਼ ਐਕਟ, 2013 ਦੀ ਧਾਰਾ 366 ਦੀ ਉਪ-ਧਾਰਾ (2) ਅਨੁਸਾਰ, ਇਸ ਇਸ਼ਤਿਹਾਰ ਦੇ ਜਾਰੀ ਹੋਣ ਤੋਂ ਪੰਦਰਾਂ (15) ਦਿਨਾਂ ਬਾਅਦ ਪਰੰਤੂ ਤੀਹ (30) ਦਿਨਾਂ ਦੇ ਅੰਦਰ, ਕੰਪਨੀਆਂ ਦੇ ਰਜਿਸਟਰਾਰ, ਪੰਜਾਬ ਤੇ ਚੰਡੀਗੜ੍ਹ ਅੱਗੇ ਇਹ ਬਿਨੈ-ਪੱਤਰ ਦਿੱਤਾ ਜਾਣਾ ਪ੍ਰਸਤਾਵਿਤ ਹੈ ਕਿ "ਮੈਸਰਜ਼ ਮਿੱਤਲ ਸਿਰੈਮਿਕਸ" , ਜੋ ਕਿ ਇੱਕ ਭਾਈਵਾਲੀ ਫਰਮ ਹੈ, ਨੂੰ ਕੰਪਨੀਜ਼ ਐਕਟ, 2013 ਦੇ ਅਧਿਆਇ XXI ਦੇ ਭਾਗ I ਦੇ ਤਹਿਤ ਇੱਕ ਸੀਮਤ ਸ਼ੇਅਰਾਂ ਵਾਲੀ ਕੰਪਨੀ ਵਜੋਂ ਰਜਿਸਟਰ ਕੀਤਾ ਜਾਵੇ।
2. ਕੰਪਨੀ ਦੇ ਪ੍ਰਮੁੱਖ ਉਦੇਸ਼ ਹੇਠ ਲਿਖੇ ਅਨੁਸਾਰ ਹਨ: -
"ਹਰ ਕਿਸਮ ਦੇ ਸਟੀਲ ਇੰਗਾਟਸ, ਆਇਰਨ ਅਤੇ ਸਟੀਲ, ਕਾਸਟਿੰਗ ਰੋਲਸ ਅਤੇ ਅਲੋਏ ਸਟੀਲ ਦੇ ਨਿਰਮਾਣ ਅਤੇ ਵਪਾਰ ਅਤੇ ਹੋਰ ਸੰਬੰਧਤ ਗਤੀਵਿਧੀਆਂ ਵਿੱਚ ਲੱਗੀ ਹੋਈ ਕੰਪਨੀ ਵਜੋਂ ਕੰਮ ਕਰਨਾ।"
3. ਪ੍ਰਸਤਾਵਿਤ ਕੰਪਨੀ ਦੇ ਮੌਜੂਦਾ ਮੈਮੋਰੰਡਮ ਅਤੇ ਆਰਟੀਕਲਜ਼ ਆਫ ਐਸੋਸੀਏਸ਼ਨ ਦੀ ਨਕਲ ਪਿੰਡ ਕੁੰਭ, ਅਲਮੋਹ ਰੋਡ, ਮੰਡੀ ਗੋਬਿੰਦਗੜ੍ਹ, ਫ਼ਤਿਹਗੜ੍ਹ ਸਾਹਿਬ, ਪੰਜਾਬ - 147301 ਸਥਿਤ ਦਫਤਰ ਵਿੱਚ ਜਾਂਚੀ ਜਾ ਸਕਦੀ ਹੈ।
4. ਇਸ ਇਸ਼ਤਿਹਾਰ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਜੇ ਕਿਸੇ ਵਿਅਕਤੀ ਨੂੰ ਇਸ ਬਿਨੈ-ਪੱਤਰ ਸੰਬੰਧੀ ਕੋਈ ਇਤਰਾਜ਼ ਹੋਵੇ, ਤਾਂ ਉਹ ਆਪਣੇ ਇਤਰਾਜ਼ ਲਿਖਤੀ ਰੂਪ ਵਿੱਚ ROC, Central Registration Centre (CRC), Indian Institute of Corporate Affairs (IICA), Manesar, Plot No. 6,7 & 8, Sector 5, IMT Manesar, Gurgaon, Haryana, Pincode - 122050 ਵਿਖੇ ਇਸ ਸੂਚਨਾ ਦੀ ਪ੍ਰਕਾਸ਼ਨਾ ਦੇ 21 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰ ਸਕਦਾ ਹੈ, ਲੇਕਿਨ ਉਸ ਨੂੰ ਇਸ ਦੀ ਇੱਕ ਨਕਲ ਕੰਪਨੀ ਦੇ ਰਜਿਸਟਰਡ ਦਫਤਰ 'ਤੇ ਵੀ ਭੇਜਣੀ ਲਾਜ਼ਮੀ ਹੋਵੇਗੀ।

ਮੈਸਰਜ਼ ਮਿੱਤਲ ਸੈਰਾਮਿਕਸ ਵੱਲੋਂ,
ਅਰਜ਼ੀਦਾਤਾ
1. ਕਰਨ ਗੋਇਲ
ਮਿਤੀ: 18 ਨਵੰਬਰ, 2025 — 2. ਸ਼ਿਵਮ ਗੋਇਲ

---

AXIS BANK

Retail Asset Centre: AXIS Bank Ltd., SCO 367-368, SECTOR – 34A, Chandigarh, 160022.,
Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025.,
Registered Office: 'Trishul', 3rd floor, opposite Samartheswar Temple, Law garden, Ellisbridge, Ahmadabad-380006.

### ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਕਰਜ਼ਦਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ।
ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਨ੍ਹਾਂ ਨੂੰ ਦਰਸਾਏ ਰੂਲ ਦੇ ਨਿਯਮ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਵਰਨਣ ਜਾਇਦਾਦ ਦਾ ਹੇਠਾਂ ਦਰਸਾਈਆਂ ਮਿਤੀਆਂ ਨੂੰ ਕਬਜ਼ਾ ਲੈ ਲਿਆ ਹੈ।
ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦਾ ਲੈਣ-ਦੇਣ 'ਤੇ ਰਕਮ ਐਕਸਿਸ ਬੈਂਕ ਲਿ. ਦੀ ਦੇਣਦਾਰੀ ਦਾ ਵਿਸ਼ਾ ਹੋਵੇਗੀ।

| ਲੜੀ ਨੰ. | ਕਰਜ਼ਦਾਰ, ਸਹਿ-ਕਰਜ਼ਦਾਰ ਦਾ ਨਾਂਅ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਾਸ਼ੀ (ਰੁਪਏ) |
|---|---|---|---|---|
| 1. | 1. ਸ੍ਰੀ ਰਮੇਸ਼ ਕੁਮਾਰ ਪੁੱਤਰ ਅਲਖ ਚੰਦ, # 165, ਜੰਡਪੁਰ, ਐੱਸ ਏ ਐੱਸ ਨਗਰ (ਮੁਹਾਲੀ), ਖਰੜ ਪੰਜਾਬ-140301, ਨਾਲ ਹੀ : ਸ੍ਰੀ ਰਮੇਸ਼ ਕੁਮਾਰ ਪੁੱਤਰ ਅਲਖ ਚੰਦ, ਫਲੈਟ ਨੰ: 403, ਟਾਵਰ-ਜੇ, ਚੌਥੀ ਮੰਜ਼ਲ, ਐਮਰਜਿੰਗ ਹਾਈਟਸ 3, ਖਰੜ ਐੱਲ ਵਿਖੇ ਸਥਿਤ, ਲਾਂਡਰਾਂ ਬਨੂੜ ਰੋਡ, ਸੈਕਟਰ-115, ਮੁਹਾਲੀ, ਖਰੜ-140301<br>2. ਸ੍ਰੀਮਤੀ ਸਤਵਿੰਦਰ ਕੌਰ ਪਤਨੀ ਰਮੇਸ਼ ਕੁਮਾਰ # 165, ਜੰਡਪੁਰ, ਐੱਸ ਏ ਐੱਸ ਨਗਰ (ਮੁਹਾਲੀ), ਖਰੜ ਪੰਜਾਬ-140301, | 5 ਜੁਲਾਈ 2025 | 13 ਨਵੰਬਰ 2025 ਖਰੜ, ਪੰਜਾਬ ਵਿਖੇ | ਰੁਪਏ 1,018,453/- (ਦਸ ਲੱਖ ਅਠਾਰਾਂ ਹਜ਼ਾਰ ਚਾਰ ਸੌ ਤਿਰਵੰਜਾ ਰੁਪਏ ਕੇਵਲ) |
| | **ਰਹਿਣ ਕੀਤੀ ਜਾਇਦਾਦ ਦਾ ਵੇਰਵਾ:** ਰਿਹਾਇਸ਼ੀ ਫਲੈਟ ਨੰ: ਜੇ-403, 1 ਬੀ ਐੱਚ ਕੇ, ਚੌਥੀ ਮੰਜ਼ਲ, ਐਮਰਜਿੰਗ ਹਾਈਟਸ 111, ਖਾਰਾ-ਲਾਂਡਰਾਂ ਰੋਡ, ਸੈਕਟਰ 115, ਮੁਹਾਲੀ, ਖਤੌਨੀ ਨੰ: 99/120, 347/361, ਖਸਰਾ ਨੰ: 39//2(3-4), 39//3(8-3), 39//8(8-0), 39//9 (0-12), 39//12(0-14), 39//13(7-15), 39//18(2-4), 39//19(0-9) ਕਿੱਤੇ ਅੱਠ, ਕੁੱਲ ਰਕਬਾ ਜ਼ਮੀਨ 30 ਕਨਾਲ 18 ਮਰਲੇ ਨਾਲ ਸੰਬੰਧਤ ਸਭ ਕੁਝ। ਹੱਦਾਂ (ਦਸਤਾਵੇਜ਼ ਅਨੁਸਾਰ) : ਪੂਰਬ : ਐੱਨ/ਏ, ਪੱਛਮ : ਐੱਨ/ਏ, ਉੱਤਰ : ਐੱਨ/ਏ, ਦੱਖਣ : ਐੱਨ/ਏ | | | |
| 2. | 1. ਸ੍ਰੀਮਤੀ ਰਾਜ ਰਾਣੀ ਪਤਨੀ ਗੋਬਿੰਦ ਰਾਮ, ਪਤਾ : ਮਕਾਨ ਨੰ: 2868, ਦੇਵੀ ਮੰਡੀ ਰੋਡ, ਪੁਰਾਣਾ ਰਾਜਪੁਰਾ ਵਾਰਡ ਨੰ: 6, ਰਾਜਪੁਰਾ, ਪਟਿਆਲਾ-140401, ਨਾਲ ਹੀ : ਸ੍ਰੀਮਤੀ ਰਾਜ ਰਾਣੀ ਪਤਨੀ ਗੋਬਿੰਦ ਰਾਮ ਪਤਾ : ਮਕਾਨ ਨੰ: 527-ਏ, ਭਾਰਤ ਕਾਲੋਨੀ, ਵਾਰਡ ਨੰ: 2, ਰਾਜਪੁਰਾ, ਪਟਿਆਲਾ-140401<br>2. ਸ੍ਰੀ ਅਰੁਣ ਕੁਮਾਰ ਪੁੱਤਰ ਗੋਬਿੰਦ ਰਾਮ ਪਤਾ : ਮਕਾਨ ਨੰ: 2868, ਦੇਵੀ ਮੰਡੀ ਰੋਡ, ਪੁਰਾਣਾ ਰਾਜਪੁਰਾ ਵਾਰਡ ਨੰ: 6, ਰਾਜਪੁਰਾ, ਪਟਿਆਲਾ-140401 | 8 ਅਗਸਤ 2025 | 13 ਨਵੰਬਰ 2025 ਰਾਜਪੁਰਾ, ਪੰਜਾਬ ਵਿਖੇ | ਰੁਪਏ 2,124,039/- (ਇੱਕੀ ਲੱਖ ਚੌਵੀ ਹਜ਼ਾਰ ਉਨਤਾਲੀ ਰੁਪਏ ਕੇਵਲ) |
| | **ਰਹਿਣ ਕੀਤੀ ਜਾਇਦਾਦ ਦਾ ਵੇਰਵਾ:** ਬੈਨਾਮਾ ਨੰ: 4462 ਮਿਤੀ 8.12.2010 ਅਨੁਸਾਰ ਸ੍ਰੀ ਟੇਕ ਚੰਦ ਦੇ ਨਾਂਅ ਰਜਿਸਟਰਡ ਜਾਇਦਾਦ ਪਲਾਟ ਨੰ: 493 ਇਸ 'ਤੇ ਬਣਿਆ ਇਮਾਰਤ ਨਾਲ ਸਾਰਾ ਢਾਂਚਾ ਰਕਬਾ 100 ਵਰਗ ਗਜ਼, ਖੱਤਾ ਨੰ: 394/409, ਖਸਰਾ ਨੰ: 1258/5 ਜਮ੍ਹਾਂਬੰਦੀ ਸਾਲ 2006-2007, ਹੱਦਬਸਤ ਨੰ: 78, ਤਰਫ ਸੇਖਵਾਲ ਅਨੰਦਪੁਰੀ ਕਾਲੋਨੀ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ: ਗੁਆਂਢ ਬਾਹੀ 50'-00", ਪੱਛਮ : ਗੁਆਂਢ ਬਾਹੀ 50'-00", ਉੱਤਰ : ਗਲੀ ਨੰ: 20' ਚੌੜੀ ਸਾਈਡ 18'-0", ਦੱਖਣ : ਗੁਆਂਢ ਬਾਹੀ 18'-00" | | | |
| 3. | 1. ਐੱਸ. ਪੀ. ਆਇਲ ਮਿੱਲ ਰਾਹੀਂ ਇਸ ਦੇ ਮਾਲਕ ਸ੍ਰੀਮਤੀ ਏਕਤਾ ਸੂਦਨ ਪਤਨੀ ਸ੍ਰੀ ਪੁਨੀਤ ਸੂਦਨ, ਵਾਸੀ ਐਮ/ਐੱਸ ਐੱਸ. ਪੀ. ਮਿੱਲਜ਼, ਸਾਹਮਣੇ ਯੂ ਕੇ ਪੈਲੇਸ, ਜੀ ਟੀ ਰੋਡ, ਬੁਲੇਪੁਰ, ਖੰਨਾ, ਲੁਧਿਆਣਾ, ਪੰਜਾਬ-141401<br>2. ਸ੍ਰੀਮਤੀ ਏਕਤਾ ਸੂਦਨ ਪਤਨੀ ਸ੍ਰੀ ਪੁਨੀਤ ਸੂਦਨ, ਵਾਸੀ ਐਮ/ਐੱਸ ਐੱਸ. ਪੀ. ਮਿੱਲਜ਼, ਸਾਹਮਣੇ ਯੂ ਕੇ ਪੈਲੇਸ, ਜੀ ਟੀ ਰੋਡ, ਬੁਲੇਪੁਰ, ਖੰਨਾ, ਲੁਧਿਆਣਾ, ਪੰਜਾਬ-141401<br>2. ਦੂਜਾ ਪਤਾ : ਸ੍ਰੀਮਤੀ ਏਕਤਾ ਸੂਦਨ ਪਤਨੀ ਸ੍ਰੀ ਪੁਨੀਤ ਸੂਦਨ, ਗਲੀ ਨੰ: 2, ਪੀਰ ਖਾਨਾ ਰੋਡ, ਖੰਨਾ, ਲੁਧਿਆਣਾ, ਪੰਜਾਬ-141401 | 12 ਜੁਲਾਈ 2025 | 23 ਅਕਤੂਬਰ 2025 ਖੰਨਾ, ਪੰਜਾਬ ਵਿਖੇ | ਰੁਪਏ 99,58,680/- (ਨੜਿੰਨਵੇਂ ਲੱਖ ਅਠਵੰਜਾ ਹਜ਼ਾਰ, ਛੇ ਸੌ ਅੱਸੀ ਰੁਪਏ ਕੇਵਲ) |
| | **ਰਹਿਣ ਕੀਤੀ ਜਾਇਦਾਦ ਦਾ ਵੇਰਵਾ:** (1) ਜਾਇਦਾਦ ਜ਼ਮੀਨ ਰਕਬਾ 0 ਕਨਾਲ -3-1/2 ਮਰਲਾ ਜੋ ਕਿ ਜ਼ਮੀਨ ਰਕਬਾ 3 ਕਨਾਲ 10 ਮਰਲੇ ਦਾ 3 -1/2/70 ਹਿੱਸਾ, ਖੇਵਟ ਨੰ: 1842, ਖਤੌਨੀ ਨੰ: 2478, ਖਸਰਾ ਨੰ: 2752 (3-10) ਨਾਲ ਸੰਬੰਧਤ ਸਭ ਕੁਝ। (2) ਤਬਾਦਲਾ ਬੈਨਾਮਾ ਨੰ: 2022-23/107/1/1759 ਮਿਤੀ 14.09.2022 ਅਨੁਸਾਰ ਸ੍ਰੀਮਤੀ ਏਕਤਾ ਸੂਦਨ ਪਤਨੀ ਪੁਨੀਤ ਸੂਦਨ ਦੇ ਨਾਂਅ ਰਜਿਸਟਰਡ ਜਾਇਦਾਦ ਜ਼ਮੀਨ 0 ਕਨਾਲ 5 ਮਰਲਾ, ਜੋ ਕਿ ਜ਼ਮੀਨ ਰਕਬਾ 7 ਕਨਾਲ 18 ਮਰਲੇ ਦਾ 5/158 ਹਿੱਸਾ, ਖੇਵਟ ਨੰ: 1844, ਖਤੌਨੀ ਨੰ: 2480, ਖਸਰਾ ਨੰ: 2755 (7-18) ਕਿੱਤੇ 1, ਜਮ੍ਹਾਂਬੰਦੀ ਸਾਲ 2011-12, ਪਿੰਡ ਖੰਨਾ ਵਿਖੇ ਸਥਿਤ, ਹੱਦਬਸਤ ਨੰ: 223, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ :- ਸਾਈਟ ਅਨੁਸਾਰ : ਪੂਰਬ : ਸੱਤਪਾਲ 50'-9", ਪੱਛਮ : ਹੰਸ ਰਾਜ 52'-3", ਉੱਤਰ : ਓਮ ਪ੍ਰਕਾਸ਼ 43'-9", ਦੱਖਣ : ਗਲੀ 20' ਚੌੜੀ 43'9" | | | |

ਮਿਤੀ : 15.11.2025 — ਸਹੀ/- (ਅਧਿਕਾਰਤ ਅਫਸਰ)
ਸਥਾਨ : ਪੰਜਾਬ — ਐਕਸਿਸ ਬੈਂਕ ਲਿਮਟਿਡ

18-Nov-PAGE--8.qxd 11/17/2025 11:06 PM Page 1



# ਤੇਜ਼ ਰਫਤਾਰ ਟਰੈਕਟਰ ਨੇ ਛੋਟਾ ਹਾਥੀ ਨੂੰ ਮਾਰੀ ਟੱਕਰ, ਚਾਲਕ ਜ਼ਖ਼ਮੀ

**ਮਾਹਿਲਪੁਰ(ਸ.ਫਰੀ)**

ਮੁੱਖ ਮਾਰਗ ਹੋਸ਼ਿਆਰਪੁਰ ਤੇ ਸਥਿਤ ਅੱਡਾ ਜੈਤਪੁਰ ਦੇ ਨਜ਼ਦੀਕ ਇਕ ਤੇਜ਼ ਰਫਤਾਰ ਟਰੈਕਟਰ ਟਰਾਲੀ ਚਾਲਕ ਨੇ ਏਸ ਗੱਡੀ ਨੂੰ ਟੱਕਰ ਮਾਰ ਕੇ ਮੌਕੇ ਤੋਂ ਫ਼ਰਾਰ ਹੋ ਗਿਆ, ਜਿਸ ਨਾਲ ਏਸ ਚਾਲਕ ਜ਼ਖ਼ਮੀ ਹੋ ਗਿਆ ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਮਾਹਿਲਪੁਰ ਲਿਆਂਦਾ ਗਿਆ।ਜਾਣਕਾਰੀ ਮੁਤਾਬਿਕ ਹਰਦੀਪ ਸਿੰਘ ਉਰਫ ਦੀਪਾ ਨਿਵਾਸੀ ਪੱਦੀ ਸੂਰਾ ਸਿੰਘ ਨੇ ਦੱਸਿਆ ਕਿ ਐਤਵਾਰ ਸ਼ਾਮ 7.00 ਵਜੇ ਦੇ ਕਰੀਬ ਉਹ ਆਪਣੀ ਟਾਟਾ ਏਸ ਗੱਡੀ (ਛੋਟਾ ਹਾਥੀ) ਵਿਚ ਹੁਸ਼ਿਆਰਪੁਰ ਤੋਂ ਸਮਾਨ ਛੱਡ ਕੇ ਵਾਪਿਸ ਆ ਸੀ । ਉਸ ਨੇ ਦੱਸਿਆ ਕਿ ਜਦ ਉਹ ਅੱਡਾ ਜੈਤਪੁਰ ਦੇ ਨਜ਼ਦੀਕ ਪਹੁੰਚਿਆ ਤਾਂ ਇੱਕ ਅਣਪਛਾਤੇ ਤੇਜ਼ ਟਰੈਕਟਰ ਟਰਾਲੀ ਨੇ ਟੱਕਰ ਮਾਰ ਦਿੱਤੀ ਜਿਸ ਨਾਲ ਹਰਦੀਪ ਸਿੰਘ ਜ਼ਖ਼ਮੀ ਹੋ ਗਿਆ ਅਤੇ ਉਸ ਦੀ ਗੱਡੀ ਬੁਰੀ ਤਰਾਂ ਨੁਕਸਾਨੀ ਗਈ। ਰਾਹਗੀਰਾਂ ਨੇ ਜ਼ਖ਼ਮੀ ਹਾਲਤ ਵਿਚ ਉਸ ਨੂੰ ਸਿਵਲ ਹਸਪਤਾਲ ਮਾਹਿਲਪੁਰ ਦਾਖ਼ਿਲ ਕਰਵਾਇਆ।



# ਸ਼ੂਗਰ ਤੋਂ ਬਚਾਅ ਲਈ ਜੀਵਨ ਸ਼ੈਲੀ ’ਚ ਸੁਧਾਰ ਜ਼ਰੂਰੀ : ਡਾ. ਗਿੱਲ



**ਬੁੱਲ੍ਹੋਵਾਲ, (ਵਿਰਦੀ)**

ਸਿਵਲ ਸਰਜਨ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਪੀ ਐੱਚ ਸੀ. ਚੱਕੋਵਾਲ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਮਨਪ੍ਰੀਤ ਕੌਰ ਦੀ ਰਹਿਨੁਮਾਈ ਹੇਠ ਸੀ ਐੱਚ ਸੀ ਸ਼ਾਮ ਚੌਰਾਸੀ ਵਿਖੇ ਕੌਮਾਂਤਰੀ ਡਾਇਬਿਟੀਜ਼ ਦਿਵਸ ਮਨਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਐੱਸ ਐੱਮ ਓ ਸ਼ਾਮ ਚੌਰਾਸੀ ਡਾ. ਜਤਿੰਦਰ ਸਿੰਘ ਗਿੱਲ ਨੇ ਕਿਹਾ ਕਿ ਸ਼ੂਗਰ ਦੀ ਬਿਮਾਰੀ ਦਾ ਕਾਰਨ ਸਾਡੇ ਖਾਣ ਪੀਣ ਅਤੇ ਜੀਵਨ ਸ਼ੈਲੀ ਤੇ ਨਿਰਭਰ ਕਰਦਾ ਹੈ। ਇਸ ਤੋਂ ਇਲਾਵਾ ਪਰਿਵਾਰ ਵਿਚ ਜੇਕਰ ਮਾਤਾ ਪਿਤਾ ਨੂੰ ਸ਼ੂਗਰ ਦੀ ਬਿਮਾਰੀ ਹੈ ਤਾਂ ਬੱਚਿਆਂ ਨੂੰ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ।ਡਾ. ਗਿੱਲ ਨੇ ਕਿਹਾ ਕਿ ਅੱਜ ਕੱਲ੍ਹ ਦੀ ਤਣਾਅ ਭਰੀ ਜ਼ਿੰਦਗੀ ਅਤੇ ਖਾਣ ਪੀਣ ਦੀਆਂ ਗਲਤ ਆਦਤਾਂ ਕਾਰਨ ਡਾਇਬਿਟੀਜ਼ ਦੇ ਮਰੀਜ਼ਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਡਾਇਬਿਟੀਜ਼ ਕਾਰਨ ਸਾਡੀਆਂ ਅੱਖਾਂ, ਦਿਲ, ਗੁਰਦੇ, ਦਿਮਾਗ ਆਦਿ ਤੇ ਬੁਰਾ ਅਸਰ ਹੁੰਦਾ ਹੈ। ਇਸ ਤੋਂ ਬਚਾਅ ਕਰਨਾ ਬਹੁਤ ਜ਼ਰੂਰੀ ਹੈ। ਉਹਨਾਂ ਦੱਸਿਆ ਕਿ ਸਾਨੂੰ ਰੋਜ਼ਾਨਾ ਸੈਰ ਕਰਨੀ ਚਾਹੀਦੀ ਹੈ ਅਤੇ ਕਸਰਤ ਵੀ ਕਰਨੀ ਚਾਹੀਦੀ ਹੈ। ਖਾਣ ਵਿੱਚ ਮੈਦਾ, ਖੰਡ, ਬਾਜ਼ਾਰੀ ਚੀਜ਼ਾਂ ਬੰਦ ਕਰਕੇ ਸਲਾਦ, ਮੌਸਮੀ ਸਬਜ਼ੀਆਂ ਅਤੇ ਫਲ ਖਾਣੇ ਚਾਹੀਦੇ ਹਨ ਅਤੇ ਭਰਪੂਰ ਮਾਤਰਾ ਵਿੱਚ ਪਾਣੀ ਪੀਣਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਨਾਲ ਡਾ. ਰਮਨਦੀਪ ਕੌਰ, ਡਾ. ਗੁਰਪ੍ਰੀਤ ਸਿੰਘ, ਡਾ. ਗਗਨਪ੍ਰੀਤ ਕੌਰ, ਡਾ. ਮੀਨੂ, ਡਾ. ਨੰਦਿਨੀ, ਸਟਾਫ ਨਰਸ ਰਚਨਾ ਜੋਤੀ, ਗੀਤਾ, ਰਣਜੀਤ ਸਿੰਘ ਆਦਿ ਹਾਜ਼ਰ ਸਨ।

# ਸ਼ਹੀਦੀ ਪੁਰਬ ਨੂੰ ਸਮਰਪਿਤ ਕੀਰਤਨ ਦਰਬਾਰ ਦਾ ਆਯੋਜਨ



ਮੋਹਾਲੀ, (ਗੁਰਜੀਤ ਬਿੱਲਾ)-ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹਾਦਤ ਪੁਰਬ ਨੂੰ ਸਮਰਪਿਤ ਸਮਾਗਮਾਂ ਦੀ ਲੜੀ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਗੁਰਦੁਆਰਾ ਸਾਹਿਬ ਪਿੰਡ ਮੌਟੇ ਮਾਜਰਾ ਵਿਖੇ ਸੰਗਤਾਂ ਦੇ ਸਹਿਯੋਗ ਨਾਲ ਕੀਰਤਨ ਦਰਬਾਰ ਆਯੋਜਿਤ ਕੀਤਾ ਗਿਆ। ਸਮਾਗਮ ਦੌਰਾਨ ਭਾਈ ਗੁਰਵਿੰਦਰ ਸਿੰਘ ਮੋਹਾਲੀ ਦੇ ਰਾਗੀ ਜਥੇ ਵੱਲੋਂ ਕੀਤੇ ਰਸਭਿੰਨੇ ਕੀਰਤਨ ਅਤੇ ਭਾਈ ਸੰਦੀਪ ਸਿੰਘ, ਕਥਾਵਾਚਕ ਗੁਰਦੁਆਰਾ ਸਿੰਘ ਸ਼ਹੀਦਾਂ ਸੁਹਾਣਾ ਵਲਿਆਂ ਵੱਲੋਂ ਗੁਰਬਾਣੀ ਅਤੇ ਨੌਵੇਂ ਪਾਤਸ਼ਾਹ ਦੇ ਜੀਵਨ ਨਾਲ ਸੰਬੰਧਿਤ ਪ੍ਰਸੰਗਾਂ ਨੇ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਐਮ ਐਲ ਏ ਕੁਲਵੰਤ ਸਿੰਘ ਨੇ ਗੁਰੂ ਘਰ ਹਾਜ਼ਰੀ ਲਗਵਾ ਕੇ ਕੀਰਤਨੀ ਜਥੇ ਨੂੰ ਸਿਰੋਪਾਓ ਭੇਟ ਕੀਤੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਗੁਰੂ ਸਾਹਿਬ ਦੇ 350ਵੇਂ ਸ਼ਹਾਦਤ ਵਰ੍ਹੇ ਨੂੰ ਵੱਡੇ ਪੱਧਰ 'ਤੇ ਸ਼ਰਧਾ ਅਤੇ ਸਤਿਕਾਰ ਨਾਲ ਮਨਾਉਣ ਲਈ ਵੱਖ-ਵੱਖ ਪ੍ਰੋਗਰਾਮ ਆਯੋਜਿਤ ਕਰ ਰਹੀ ਹੈ। ਉਨ੍ਹਾਂ ਜਾਣਕਾਰੀ ਦਿੱਤੀ ਕਿ ਤਲਵੰਡੀ ਸਾਬੋ, ਗੁਰਦਾਸਪੁਰ ਅਤੇ ਫਰੀਦਕੋਟ ਤੋਂ 20 ਨਵੰਬਰ ਨੂੰ ਨਗਰ ਕੀਰਤਨ ਸ਼ੁਰੂ ਹੋਣਗੇ, ਜਿਨ੍ਹਾਂ ਵਿੱਚੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਰਵਾਨਾ ਹੋਣ ਵਾਲਾ ਨਗਰ ਕੀਰਤਨ 21 ਨਵੰਬਰ ਨੂੰ ਮੋਹਾਲੀ ਵਿਖੇ ਰਾਤ ਦਾ ਪੜਾਅ ਕਰੇਗਾ। ਇਸ ਤੋਂ ਇਲਾਵਾ 19 ਨਵੰਬਰ ਨੂੰ ਸ੍ਰੀਨਗਰ ਤੋਂ ਵੀ ਇੱਕ ਵਿਸ਼ਾਲ ਨਗਰ ਕੀਰਤਨ ਸ਼ੁਰੂ ਹੋਵੇਗਾ। ਸਾਰੇ ਨਗਰ ਕੀਰਤਨ 22 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਪਹੁੰਚਣਗੇ।ਐਮ ਐਲ ਏ ਕੁਲਵੰਤ ਸਿੰਘ ਨੇ ਦੱਸਿਆ ਕਿ 23 ਤੋਂ 25 ਨਵੰਬਰ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਧਾਰਮਿਕ ਸਮਾਗਮ, ਸਰਬ ਧਰਮ ਸੰਮੇਲਨ, ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ, ਢਾਡੀ ਅਤੇ ਕਵੀਸ਼ਰ ਦਰਬਾਰ, ਕੀਰਤਨ ਦਰਬਾਰ, ਗੁਰਬਾਣੀ ਕਥਾ ਪ੍ਰਵਾਹ ਅਤੇ ਡਰੋਨ ਸ਼ੋਅ ਵਰਗੇ ਵੱਖ-ਵੱਖ ਪ੍ਰੋਗਰਾਮ ਉਲੀਕੇ ਗਏ ਹਨ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੱਡੀ ਗਿਣਤੀ ਵਿੱਚ ਖਾਲਸੇ ਦੀ ਜਨਮਭੂਮੀ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਕੇ ਗੁਰੂ ਸਾਹਿਬ ਨੂੰ ਸ਼ਰਧਾ ਸਤਿਕਾਰ ਭੇਟ ਕਰਨ।ਸਮਾਗਮ ਵਿੱਚ ਪਿੰਡ ਵਾਸੀਆਂ ਦੇ ਨਾਲ-ਨਾਲ ਆਲੇ ਦੁਆਲੇ ਦੀ ਸੰਗਤ, ਐੱਸ ਡੀ ਐਮ ਮੋਹਾਲੀ ਦਮਨਦੀਪ ਕੌਰ, ਡੀ ਐਸ ਪੀ ਹਰਸਿਮਰਨ ਸਿੰਘ ਬੱਲ ਅਤੇ ਨਾਇਬ ਤਹਿਸੀਲਦਾਰ ਹਰਜੋਤ ਸਿੰਘ ਵੀ ਮੌਜੂਦ ਸਨ। ਇਸ ਮੌਕੇ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ।

# ਲਾਲਜੀਤ ਸਿੰਘ ਭੁੱਲਰ ਨੇ ‘ਹਿੱਟ ਐਂਡ ਰਨ ਮੁਆਵਜ਼ਾ ਯੋਜਨਾ’ ਦੀ ਸ਼ੁਰੂਆਤ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਨਵੰਬਰ ਦੇ ਤੀਜੇ ਐਤਵਾਰ ਨੂੰ ਵਿਸ਼ਵ ਪੱਧਰ ’ਤੇ ਮਨਾਏ ਜਾਣ ਵਾਲੇ ਸੜਕੀ ਆਵਾਜਾਈ ਪੀੜਤਾਂ ਲਈ ਵਿਸ਼ਵ ਯਾਦਗਾਰੀ ਦਿਵਸ ਦੇ ਮੌਕੇ ’ਤੇ ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਸੜਕ ਸੁਰੱਖਿਆ ਸਬੰਧੀ ਲੀਡ ਏਜੰਸੀ ਦੇ ਅਧਿਕਾਰੀਆਂ ਅਤੇ ਸਿਵਲ ਸੁਸਾਇਟੀ ਸੰਗਠਨਾਂ ਦੇ ਨੁਮਾਇੰਦਿਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਬੁਲਾਈ। ਇੱਥੇ ਹੋਈ ਇਸ ਮੀਟਿੰਗ ਵਿੱਚ ਸੂਬੇ ਵਿੱਚ ਹਿੱਟ ਐਂਡ ਰਨ ਮੁਆਵਜ਼ਾ ਯੋਜਨਾ ਲਈ ਕਾਰਜ ਯੋਜਨਾ ਦੀ ਰਸਮੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਟਰਾਂਸਪੋਰਟ ਮੰਤਰੀ ਨੇ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਨੂੰ ਘਟਾਉਣ, ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਸਹਾਇਤਾ ਵਿਧੀਆਂ ਨੂੰ ਬਿਹਤਰ ਬਣਾਉਣ ਲਈ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਕਿਹਾ ਕਿ ਇਹ ਐਕਸ਼ਨ ਪਲਾਨ ਪੰਜਾਬ ਦੇ ਹਿੱਟ ਐਂਡ ਰਨ ਮੁਆਵਜ਼ਾ ਯੋਜਨਾ, ਜੋ ਕਿ ਸੂਬੇ ਦੀ ਸੜਕ ਸੁਰੱਖਿਆ ਪ੍ਰਣਾਲੀ ਦਾ ਇੱਕ ਮੁੱਖ ਹਿੱਸਾ ਹੈ, ਦੇ ਤਹਿਤ ਜਾਗਰੂਕਤਾ ਵਧਾਉਣ ਅਤੇ ਸਮੇਂ ਸਿਰ ਸਹਾਇਤਾ ਯਕੀਨੀ ਬਣਾਉਣ ਦੇ ਸੰਕਲਪ ਨੂੰ ਦਰਸਾਉਂਦਾ ਹੈ। ਹਿੱਟ ਐਂਡ ਰਨ ਮੁਆਵਜ਼ਾ ਯੋਜਨਾ, 2022 ਦੇ ਤਹਿਤ, ਮੌਤ ਦੇ ਮਾਮਲਿਆਂ ਵਿੱਚ ?2,00,000 ਅਤੇ ਗੰਭੀਰ ਸੱਟ ਦੇ ਮਾਮਲਿਆਂ ਵਿੱਚ ?50,000 ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ, ਜਿੱਥੇ ਅਪਰਾਧੀ ਵਾਹਨ ਜਾਂ ਡਰਾਈਵਰ ਲਾਪਤਾ ਰਹਿੰਦਾ ਹੈ।ਪੰਜਾਬ ਟ੍ਰੈਫਿਕ ਪੁਲਿਸ ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ, ਮੰਤਰੀ ਨੇ ਦੱਸਿਆ ਕਿ 2022 ਅਤੇ 2023 ਤੋਂ 3,324 ਹਿੱਟ-ਐਂਡ-ਰਨ ਮਾਮਲੇ ਲੰਬਿਤ ਹਨ, ਜਿਨ੍ਹਾਂ ਵਿੱਚ 2,510 ਮੌਤਾਂ ਅਤੇ 1,317 ਗੰਭੀਰ ਜ਼ਖਮੀ ਵਿਅਕਤੀ ਸ਼ਾਮਲ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਸਰਕਾਰ ਪ੍ਰਭਾਵਿਤ ਪਰਵਾਰਾਂ ਨੂੰ ਰਾਹਤ ਯਕੀਨੀ ਬਣਾਉਂਦੇ ਹੋਏ, 31 ਮਾਰਚ, 2026 ਤੱਕ ਇਨ੍ਹਾਂ ਸਾਲਾਂ ਤੋਂ ਲੰਬਿਤ ਮਾਮਲਿਆਂ ਨੂੰ ਨਿਪਟਾਉਣ ਲਈ ਸਾਰੇ ਯਤਨ ਕਰੇਗੀ।



# 20 ਪਰਵਾਰਾਂ ਨੇ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ ਐੱਮ ਐੱਲ ਏ ਇੰਦਰਜੀਤ ਕੌਰ ਮਾਨ ਦੀ ਅਗਵਾਈ ਵਿੱਚ ਪ੍ਰਮੋਦ ਸੇਖੜੀ ਸੀਨੀਅਰ ਨੇਤਾ ਅਤੇ ਸੁਮਨ ਸੇਖੜੀ ਐੱਮ.ਸੀ ਨੂਰਮਹਿਲ ਦੇ ਘਰ 20 ਪਰਵਾਰਾਂ ਨੇ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ। ਸ਼ਾਮਿਲ ਹੋਣ ਵਾਲੇ ਪਰਵਾਰਾਂ ਵਿਚ ਵਿਜੇ ਕੁਮਾਰ, ਕਿਸ਼ਨ ਪੁਰੀ, ਰਾਜ ਕੁਮਾਰ, ਰਾਕੇਸ਼ ਕੁਮਾਰ,ਸੰਦੀਪ ਕੁਮਾਰ ਸੀਪਾ, ਕੁਲਦੀਪ ਕਰਦਮ, ਦੀਪਾ ਗੁਰਦੀਪ ਕਹਿਲੋਂ, ਰਾਜੂ, ਸੁਰੇਸ਼ ਚੰਦਰ ਬਾਬਾ, ਪ੍ਰਵੀਨ ਕੌਰ, ਗੀਤਾ ਰਾਣੀ, ਕਮਲਾ ਰਾਣੀ, ਸੁਦੇਸ਼ ਕੁਮਾਰੀ ਸੋਨੀਆ ਸੁਨੀਤਾ ਰਾਣੀ, ਉਰਮਲਾ ਰਾਣੀ, ਪ੍ਰੀਆ, ਪੂਜਾ, ਕੁਸਮ, ਮੀਨਾ ਕਰਦਮ, ਮਨਦੀਪ, ਕਮਲ, ਨਿਤਿਸ਼, ਸੰਗੀਤਾ। ਇਸ ਮੌਕੇ ਇਹਨਾਂ ਪਰਵਾਰਾਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਹੱਲ ਵੀ ਐੱਮ ਐੱਲ ਏ. ਨੇ ਪਹਿਲ ਦੇ ਆਧਾਰ ਤੇ ਕਰਾਉਣ ਦਾ ਵਾਅਦਾ ਕੀਤਾ। ਇਸ ਮੌਕੇ ਨੂਰਮਹਿਲ ਸ਼ਹਿਰ ਵਿੱਚ ਆਏ ਦਿਨ ਬਿਜਲੀ ਦੀਆਂ ਤਾਰਾਂ ਬਦਲਣ ਦਾ ਜੋ ਕੰਮ ਚੱਲ ਰਿਹਾ ਹੈ ਉਸ ਨੂੰ ਜਲਦੀ ਤੋਂ ਜਲਦੀ ਨਿਬੇੜਨ ਦਾ ਐੱਸ ਡੀ ਓ ਨੂਰਮਹਿਲ ਨੂੰ ਹੁਕਮ ਦਿੱਤਾ ਤਾਂ ਜੋ ਸਾਰਾ ਦਿਨ ਬਿਜਲੀ ਬੰਦ ਹੋਣ ਨਾਲ ਸ਼ਹਿਰ ਦੇ ਦੁਕਾਨਾਦਾਰਾਂ ਦਾ ਹੋਣ ਵਾਲੇ ਨੁਕਸਾਨ ਤੋਂ ਬਚਾਇਆ ਜਾ ਸਕੇ । ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਪ੍ਰਮੋਦ ਸੇਖੜੀ, ਲਖਵੀਰ ਸਿੰਘ ਉੱਪਲ ਚੇਅਰਮੈਨ ਮਾਰਕੀਟ ਕਮੇਟੀ ਨੂਰਮਹਿਲ, ਗੁਰਪ੍ਰੀਤ ਸਿੰਘ ਰੰਧਾਵਾ ਸੋਸ਼ਲ ਮੀਡੀਆ ਇੰਚਾਰਜ ਹਲਕਾ ਨਕੋਦਰ, ਰਾਕੇਸ਼ ਅਰੋੜਾ ਸਿਟੀ ਪ੍ਰਧਾਨ, ਮਨੋਜ ਬਤਰਾ ਬਲਾਕ ਪ੍ਰਧਾਨ, ਦਵਿੰਦਰ ਸੰਧੂ ਸਾਬਕਾ ਬਲਾਕ ਪ੍ਰਧਾਨ, ਰਾਜੀਵ ਮਿਸਰ ਐਮ. ਸੀ. ਨੂਰਮਹਿਲ, ਪ੍ਰੇਮ ਕੁਮਾਰ ਰਾਜੂ ਕੋਆਡੀਨੇਟਰ ਐੱਸ. ਸੀ. ਵਿੰਗ ਨਕੋਦਰ ਆਦਿ ਹਾਜ਼ਰ ਸਨ।



# ਆਲ ਇੰਡੀਆ ਸੈਣੀ ਸੇਵਾ ਸਮਾਜ ਪੰਜਾਬ ਦੀ ਮੀਟਿੰਗ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਆਲ ਇੰਡੀਆ ਸੈਣੀ ਸੇਵਾ ਸਮਾਜ ਦੀ ਇੱਕ ਵਿਸ਼ੇਸ਼ ਮੀਟਿੰਗ ਜਸਪ੍ਰੀਤ ਸਿੰਘ ਸੈਣੀ ਪ੍ਰਧਾਨ ਯੂਥ ਵਿੰਗ ਹੁਸ਼ਿਆਰਪੁਰ ਦੀ ਅਗਵਾਈ ਹੇਠ ਹੋਈ। ਜਿਸ ਵਿੱਚ ਪੰਜਾਬ ਪ੍ਰਧਾਨ ਲਵਲੀਨ ਸੈਣੀ, ਵਾਇਸ ਪ੍ਰਧਾਨ ਹਰਬੰਸ ਸਿੰਘ, ਭਗਵਾਨ ਸਿੰਘ ਸੈਣੀ ਸਟੇਟ ਐਗਜੈਕਟਿਵ ਮੈਂਬਰ ਅਤੇ ਜਿਲਾ ਹੁਸ਼ਿਆਰਪੁਰ ਟਾਂਡਾ ਯੂਨਿਟ ਦੇ ਕੋਆਰਡੀਨੇਟਰ , ਗਿਆਨ ਸਿੰਘ ਐਡਵਾਈਜ਼ਰ ਪੰਜਾਬ ਸਟੇਟ, ਤਰਸੇਮ ਸੈਣੀ ਐਗਜੈਕਟਿਵ ਮੈਂਬਰ, ਨੰਬਰਦਾਰ ਜਸਵੀਰ ਸਿੰਘ, ਡਾਕਟਰ ਕਰਨ ਸੈਣੀ ਐਸ.ਐਮ.ਓ ਟਾਂਡਾ, ਕੌਸ਼ਲ ਸਿੰਘ ਸੈਣੀ ਸਾਬਕਾ ਸਿਵਿਲ ਸਰਜਨ ਅਤੇ ਚੇਅਰਮੈਨ ਤਰਲੋਚਨ ਸਿੰਘ ਬਿੱਟੂ , ਇੰਜੀਨੀਅਰ ਹਰਭਜਨ ਸਿੰਘ ਪ੍ਰੈਜੀਡੈਂਟ ਸਮਾਣਾ, ਲੈਕਚਰਾਰ ਰਾਜਾ ਸਿੰਘ ਮੂਨਕ ਵੱਲੋਂ ਵਿਸ਼ੇਸ਼ ਤੌਰ ’ਤੇ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਆਲ ਇੰਡੀਆ ਸੈਣੀ ਸੇਵਾ ਸਮਾਜ ਦੇ ਸਮੁੱਚੇ ਅਹੁਦੇਦਾਰਾਂ ਵੱਲੋਂ ਸੈਣੀ ਸਮਾਜ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਸੈਣੀ ਸੁਧਾਰ ਸਭਾ ਟਾਂਡਾ ਦੇ ਸਮੂਹ ਅਹੁਦੇਦਾਰਾਂ ਵੱਲੋਂ ਜਿੱਥੇ ਆਲ ਇੰਡੀਆ ਸੈਣੀ ਸੇਵਾ ਦੀ ਟੀਮ ਨੂੰ ਸਨਮਾਨਤ ਕੀਤਾ ਗਿਆ ਉੱਥੇ ਟਾਂਡਾ ਖੇਤਰ ਦੇ ਲੋਕਾਂ ਨੂੰ ਸ਼ਾਨਦਾਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਵਾਲੇ ਡਾਕਟਰ ਕਰਨ ਸੈਣੀ , ਏ.ਐਸ.ਆਈ ਬਲਵੀਰ ਸਿੰਘ ਪੰਜਾਬ ਪੁਲਿਸ , ਚੇਅਰਮੈਨ ਤਰਲੋਚਨ ਸਿੰਘ ਬਿੱਟੂ, ਡਾਕਟਰ ਕੌਸ਼ਲ ਸਿੰਘ ਸੈਣੀ ਸਾਬਕਾ ਸਿਵਿਲ ਸਰਜਨ, ਜਸਪ੍ਰੀਤ ਸਿੰਘ ਸੈਣੀ ਯੂਥ ਪ੍ਰਧਾਨ ਹੁਸ਼ਿਆਰਪੁਰ, ਡਾ ਦਲਜੀਤ ਸਿੰਘ ਅਤੇ ਹੋਰਾਂ ਨੂੰ ਸਨਮਾਨਤ ਕੀਤਾ ਗਿਆ। ਪ੍ਰਧਾਨ ਲਵਲੀਨ ਸੈਣੀ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹਨਾਂ ਦੀ ਟੀਮ ਵੱਲੋਂ ਪੰਜਾਬ ਦੇ ਵੱਖ-ਵੱਖ ਜਿਲਿਆਂ ਵਿੱਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਜਲਦ ਹੀ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਸੈਣੀ ਸਮਾਜ ਨੂੰ ਇੱਕ ਪਲੇਟਫਾਰਮ ਤੇ ਇਕੱਠਾ ਕਰਨ ਲਈ ਸੈਣੀ ਸੰਮੇਲਨ ਕਰਵਾਏ ਜਾਣਗੇ। ਉਹਨਾਂ ਤੋਂ ਇਲਾਵਾ ਇਸ ਮੌਕੇ ਕਮਲ ਚੌਧਰੀ ਦਾਰਾਪੁਰ, ਪ੍ਰੋਫੈਸਰ ਨਵਦੀਪ ਸਿੰਘ ਐਮ.ਡੀ ਪ੍ਰੋਫੈਸਰ ਅਕੈਡਮੀ, ਹਰਬੰਸ ਸਿੰਘ ਮੂਨਕਾਂ, ਬਲਵੀਰ ਸਿੰਘ, ਕੋਚ ਰੁਪਿੰਦਰ ਸਿੰਘ ਸੈਣੀ,ਹਰਭਜਨ ਸਿੰਘ ਸਾਬਕਾ ਇੰਸਪੈਕਟਰ ਮੰਡੀ ਬੋਰਡ, ਗੁਰਮੀਤ ਸਿੰਘ ਮੂਨਕਾਂ ,ਅਮਰੀਕ ਸਿੰਘ ਗਿੱਲਾਂ, ਤਰਲੋਚਨ ਸਿੰਘ ਰਾਹੀ, ਮਾਸਟਰ ਹਰਦੀਪ ਸਿੰਘ, ਗੁਰਮੁਖ ਸਿੰਘ, ਅਮਰੀਕ ਸਿੰਘ ਹਰਸੀ ਪਿੰਡ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੈਣੀ ਸਮਾਜ ਦੇ ਲੋਕ ਸ਼ਾਮਿਲ ਹੋਏ।



# ਐੱਨ ਪੀ ਐੱਸ ਕਰਮਚਾਰੀ ਅੱਜ ਮਨਾਉਣਗੇ ਕਾਲਾ ਦਿਵਸ

**ਜਲੰਧਰ (ਰਾਜੇਸ਼ ਥਾਪਾ)**

ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਕਨਵੀਨਰ ਵੇਦਰਾਜ ਤੇ ਸਕੱਤਰ ਕੋਕਨਵੀਨਰ ਦਿਲਬਾਗ ਸਿੰਘ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਤੇ ਸੀ ਪੀ ਐਫ ਕਰਮਚਾਰੀ ਯੂਨੀਅਨ ਪੰਜਾਬ ਨੇ ਸਾਂਝੇ ਤੌਰ ਤੇ 18 ਨਵੰਬਰ 2022 ਨੂੰ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਦੀਆਂ ਕਾਲੇ ਬਿੱਲੇ ਲਗਾ ਕੇ ਕਾਪੀਆਂ ਸਾੜਨ ਦਾ ਪ੍ਰੋਗਰਾਮ ਉਲੀਕਿਆ ਹੈ ।ਉਨ੍ਹਾਂ ਜਾਣਕਾਰੀ ਦਿੰਦਿਆਂ ਕਿਹਾ ਕਿ ਸਰਕਾਰ ਨੇ 18 ਨਵੰਬਰ 2022 ਨੂੰ ਹਿਮਾਚਲ ਅਤੇ ਗੁਜਰਾਤ ਦੀਆਂ ਚੋਣਾਂ ਨੂੰ ਮੁੱਖ ਰੱਖਦਿਆਂ ਪੰਜਾਬ ਵਿੱਚ ਪੁਰਾਣੀ ਪੈਨਸ਼ਨ ਬਹਾਲੀ ਦਾ ਅਧੂਰਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਪਰ ਤਿੰਨ ਸਾਲ ਬੀਤ ਜਾਣ ਬਾਅਦ ਵੀ ਪੰਜਾਬ ਦੇ ਦੋ ਲੱਖ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਬਹਾਲ ਨਹੀਂ ਹੋਈ ਅਤੇ ਨਾ ਹੀ ਐੱਸ ਓ ਪੀ ਜਾਰੀ ਕੀਤੀ।ਜਿਸ ਦੇ ਰੋਸ ਵਜੋਂ ਪੰਜਾਬ ਦੇ ਦੋ ਲੱਖ ਕਰਮਚਾਰੀ ਕਾਲੇ ਬਿੱਲੇ ਲਗਾ ਕੇ ਸਰਕਾਰ ਦੁਆਰਾ ਜਾਰੀ ਅਧੂਰੇ ਨੋਟੀਫਿਕੇਸ਼ਨ ਦੀਆਂ ਕਾਪੀਆਂ 18 ਨਵੰਬਰ ਨੂੰ ਲਾਂਬੂ ਲਾ ਕੇ ਤਸਵੀਰਾਂ ਸੋਸ਼ਲ ਮੀਡੀਆ ਵਿੱਚ ਸ਼ੇਅਰ ਕਰਨਗੇ ਤੇ 25 ਨਵੰਬਰ ਦੀ ਐੱਨ ਐੱਮ ਓ ਪੀ ਐੱਸ ਦੇ ਬੈਨਰ ਹੇਠ ਹੋਣ ਜਾ ਰਹੀ ਦਿੱਲੀ ਵਿਖੇ ਮਹਾਰੈਲੀ ਦੀ ਲਾਮਬੰਦੀ ਕੀਤੀ ਜਾਵੇਗੀ। ਇਸ ਮੌਕੇ ਤੇ ਕੁਲਦੀਪ ਵਾਲੀਆ, ਪ੍ਰੇਮ ਖਲਵਾੜਾ, ਕੁਲਵੀਰ ਕੁਮਾਰ, ਸੰਦੀਪ ਰਾਜੋਵਾਲ, ਕੁਲਦੀਪ ਕੌੜਾ, ਕਸਤੂਰੀ ਲਾਲ, ਰਜੇਸ਼ ਭੱਟੀ, ਅਮਰਜੀਤ ਭਗਤ, ਪ੍ਰਦੀਪ ਕੁਮਾਰ, ਰਤਨ ਲਾਲ, ਸੰਦੀਪ ਕੁਮਾਰ, ਗੌਰਮੈਂਟ ਟੀਚਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਰਨੈਲ ਫਿਲੌਰ ਵਿਸ਼ੇਸ਼ ਰੂਪ ਵਿੱਚ ਹਾਜ਼ਰ ਸਨ।




# ਅੱਖਾਂ ਦਾ ਮੁਫਤ ਅਪ੍ਰੇਸ਼ਨ ਕੈਂਪ ਲਗਾਇਆ

**ਆਦਮਪੁਰ (ਪਰਮਜੀਤ ਸਿੰਘ)**

ਲਾਇਨਜ਼ ਕਲੱਬ ਆਦਮਪੁਰ ਵਲੋਂ ਆਈਜ਼ ਫਾਰ ਦ ਵਰਲਡ ਕੈਨੇਡਾ ਅਤੇ ਸੰਤ ਵਤਨ ਸਿੰਘ ਲੰਬੜਦਾਰ ਭਗਵੰਤ ਸਿੰਘ ਮਿਨਹਾਸ ਚੈਰੀਟੇਬਲ ਟਰੱਸਟ ਦੇ ਸਹਿਯੋਗ ਨਾਲ ਲਾਇਨਜ਼ ਆਈ ਹਸਪਤਾਲ ਚੈਰੀਟੇਬਲ ਸੁਸਾਇਟੀ ਦੀ ਦੇਖ ਰੇਖ ਹੇਠ 44ਵਾਂ ਮੁਫ਼ਤ ਅੱਖਾਂ ਦਾ ਅਪ੍ਰੇਸ਼ਨ ਕੈਂਪ ਸਮਾਪਤ ਹੋਇਆ। ਸਮਾਪਤੀ ਸਮਾਗਮ ਮੌਕੇ ਮੁੱਖ ਮਹਿਮਾਨ ਵਜੋਂ ਜਲੰਧਰ ਕੈਂਟ ਦੇ ਵਿਧਾਇਕ ਪਰਗਟ ਸਿੰਘ,ਆਦਮਪੁਰ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਹਾਜ਼ਰ ਰਹੇ ਉੱਥੇ ਸਮਾਗਮ ਦੀ ਪ੍ਰਧਾਨਗੀ ਉੱਘੇ ਸਮਾਜ ਸੇਵੀ ਤੇ ਬਿਜਨੈਸਮੈਨ ਜਤਿੰਦਰ ਜੇ ਮਿਨਹਾਸ ਨੇ ਕੀਤੀ।ਨਿਰਪਾਲ ਸਿੰਘ ਮਿਨਹਾਸ ਤੇ ਅਵਤਾਰ ਸਿੰਘ ਮਿਨਹਾਸ ਕੈਨੇਡਾ,ਅਭਿਸ਼ੇਕ ਚਾਂਦ ਅਤੇ ਸੁਨੀਤਾ ਚਾਂਦ ਵਿਸ਼ੇਸ਼ ਤੌਰ ’ਤੇ ਹਾਜਰ ਹੋਏ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਹਸਪਤਾਲ ਦੇ ਚੇਅਰਮੈਨ ਦਸ਼ਵਿੰਦਰ ਚਾਂਦ ਅਤੇ ਉਪ ਚੇਅਰਮੈਨ ਅਮਰਜੀਤ ਸਿੰਘ ਨੇ ਦੱਸਿਆ ਕਿ ਲਗਾਤਾਰ ਇੱਕ ਹਫਤਾ ਚੱਲੇ ਕੈਂਪ ਦੌਰਾਨ 2146 ਮਰੀਜ਼ਾਂ ਦੀ ਜਾਂਚ ਕਰ 1015 ਮਰੀਜਾਂ ਦੇ ਅਪ੍ਰੇਸ਼ਨ ਅਲਟਰਾ ਮਾਡਰਨ ਫੀਕੋ ਵਿਧੀ ਰਾਹੀਂ ਲੈਂਸ ਫਿੱਟ ਕਰ ਕੀਤੇ ਜਾਣਗੇ।ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਮਰੀਜ਼ਾਂ ਦੇ ਰਹਿਣ ਸਹਿਣ ਖਾਣਪੀਣ ਦੇ ਸਾਰੇ ਇੰਤਜਾਮ ਕੀਤੇ ਗਏ ਸਨ ਅਤੇ ਹਰ ਰੋਜ਼ 100 ਦੇ ਕਰੀਬ ਮਰੀਜ਼ਾਂ ਦੇ ਅਪ੍ਰੇਸ਼ਨ ਕੀਤੇ ਗਏ।ਇਸ ਮੌਕੇ ਆਪਣੇ ਸੰਬੋਧਨ ਅੰਦਰ ਵਿਧਾਇਕ ਪਰਗਟ ਸਿੰਘ, ਜੇ ਮਿਨਹਾਸ,ਸੁਖਵਿੰਦਰ ਕੋਟਲੀ ਨੇ ਕਿਹਾ ਆਈਜ਼ ਫਾਰ ਦ ਵਰਲਡ ਕੈਨੇਡਾ ਦੇ ਵਿਸ਼ੇਸ਼ ਸਹਿਯੋਗ ਨਾਲ ਲਗਾਤਾਰ ਚੱਲ ਰਹੀਆਂ ਸੇਵਾਵਾਂ ਆਪਣੇ ਆਪ ਵਿੱਚ ਰਿਕਾਰਡ ਹੈ। ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਐੱਸ ਜੀ ਪੀ ਸੀ ਮੈਂਬਰ ਹਰਪਾਲ ਸਿੰਘ ਜੱਲਾ, ਜਸਵੀਰ ਸਿੰਘ ਸੰਧਰ, ਲਾਇਨਜ਼ ਕਲੱਬ ਆਦਮਪੁਰ ਦੇ ਪ੍ਰਧਾਨ ਰਾਕੇਸ਼ ਚੋਢਾ, ਸਕੱਤਰ ਰਾਜੇਸ਼ ਅੱਗਰਵਾਲ, ਲਾਇਨ ਵਿਨੋਦ ਟੰਡਨ ਕੈਸ਼ੀਅਰ, ਲਾਇਨ ਰਘਵੀਰ ਸਿੰਘ ਵਿਰਦੀ, ਲਾਇਨ ਹਰਵਿੰਦਰ ਪਰਹਾਰ, ਲਾਇਨ ਰਜਿੰਦਰ ਵਰਮਾ ਕਮਲਜੀਤ ਸਿਆਣ ,ਲਾਇਨ ਕਰਨਲ ਮੋਹਨ ਲਾਲ ਸ਼ਾਰਦਾ,ਲਾਇਨ ਅਕਸ਼ਰ ਦੀਪ ਸ਼ਰਮਾਂ, ਲਾਇਨ ਵਿਕਰਮ ਟੰਡਨ, ਲਾਇਨ ਕੁਲਵੀਰ ਸਿੰਘ, ਲਾਇਨ ਅਮਰ ਸਿੰਘ,ਲਾਇਨ ਅਮਰਜੀਤ ਸਿੰਘ ਮਿਨਹਾਸ,ਲਇਨ ਅੰਮ੍ਰਿਤਪਾਲ ਸਿੰਘ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਤੋਂ ਨਰਸਿੰਗ ਸਟਾਫ ਹਸਪਤਾਲ ਦੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।



# ਚੌਥਾ ਕੈਂਸਰ ਅਵੇਅਰਨੈੱਸ ਕੈਂਪ ਲਗਾਇਆ



**ਬੰਗਾ (ਅਵਤਾਰ ਕਲੇਰ)**

ਲਾਇਨਜ਼ ਕਲੱਬ ਬੰਗਾ ਸਿਮਰਨ ਵਲੋਂ ਇੰਟਰਨੈਸ਼ਨਲ ਪ੍ਰਧਾਨ ਲਾਇਨ ਏ ਪੀ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ, ਕਲੱਬ ਐਡਮਨਿਸਟ੍ਰੇਟਰ ਲਾਇਨ ਧੀਰਜ ਕੁਮਾਰ ਮੱਕੜ ਅਮਰੀਕਾ ਦੀ ਰਹਿਨੁਮਾਈ ਹੇਠ ਅਤੇ ਪ੍ਰਧਾਨ ਮੀਨੂੰ ਭੁੱਟਾ ਦੀ ਪ੍ਰਧਾਨਗੀ ਹੇਠ ਅਤੇ ਕੈਂਸਰ ਅਵੇਅਰਨੈੱਸ ਚੇਅਰਮੈਨ ਲਾਇਨ ਡਾ ਗੁਰਮੀਤ ਸਿੰਘ ਅਤੇ ਕਲੱਬ ਜਨਰਲ ਸਕੱਤਰ ਲਾਇਨ ਵਨੀਤਾ ਕੁਮਾਰੀ ਦੇ ਵਿਸ਼ੇਸ਼ ਸਹਿਯੋਗ ਨਾਲ ਸ਼੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਬੰਗਾ ਵਿਖੇ ਚੌਥਾ ਕੈਂਸਰ ਅਵੇਅਰਨੈੱਸ ਕਮ ਮੈਡੀਕਲ ਚੈੱਕਅਪ ਕੈਂਪ ਅਤੇ ਸ਼ੂਗਰ ਚੈਕਅੱਪ ਕੈਂਪ ਲਗਾਇਆ ਗਿਆ। ਕਲੱਬ ਦੇ ਖਜ਼ਾਨਚੀ ਰੋਹਿਤ ਚੋਪੜਾ ਅਤੇ ਉਪ ਪ੍ਰਧਾਨ ਪ੍ਰੀਆ ਚੋਪੜਾ ਦੇ ਸਹਿਯੋਗ ਨਾਲ ਉਨ੍ਹਾਂ ਦੇ ਬੇਟੇ ਅਨੰਤ ਚੋਪੜਾ ਦਾ ਜਨਮ ਦਿਨ ਮਰੀਜ਼ਾਂ ਨੂੰ ਚਾਹ ਅਤੇ ਬਿਸਕੁਟ ਵੰਡ ਕੇ ਮਨਾਇਆ ਗਿਆ। ਮੁੱਖ ਮਹਿਮਾਨ ਰੀਜਨ ਚੇਅਰਮੈਨ ਲਾਇਨ ਕੁਲਦੀਪ ਭੂਸ਼ਨ ਵਲੋਂ ਭੇਜੇ ਗੈਸਟ ਆਫ ਆਨਰ ਵਜੋਂ ਸ਼ਾਮਲ ਲਾਇਨਜ ਕਲੱਬ ਨਵਾਂਸ਼ਹਿਰ ਐਕਟਿਵ ਦੇ ਪ੍ਰਧਾਨ ਲਾਇਨ ਜਸਵਿੰਦਰ ਕੌਰ ਵੱਲੋਂ ਕੈਂਪ ਦਾ ਉਦਘਾਟਨ ਕੀਤਾ। ਕਲੱਬ ਦੇ ਪ੍ਰਧਾਨ ਮੀਨੂੰ ਭੁੱਟਾ ਵਲੋਂ ਆਏ ਹੋਏ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਲਾਇਨਜ ਕਲੱਬ ਨਵਾਂਸ਼ਹਿਰ ਐਕਟਿਵ, ਲਾਇਨਜ ਕਲੱਬ ਗੜ੍ਹਸ਼ੰਕਰ ਸਟਾਰ, ਲਾਇਨਜ ਕਲੱਬ ਬੰਗਾ ਨਿਸ਼ਚੇ ਅਤੇ ਲਾਇਨਜ ਕਲੱਬ ਬੰਗਾ ਸਿਮਰਨ ਦੇ ਸਮੂਹ ਲਾਇਨ ਮੈਂਬਰ ਸ਼ਾਮਲ ਹੋਏ।

# ਭਾਈ ਨੰਦ ਲਾਲ ਪਬਲਿਕ ਸਕੂਲ ’ਚ ਦਾਖਲੇ ਸ਼ੁਰੂ : ਸਤਨਾਮ ਸਿੰਘ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਪਟਿਆਲਾ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਸਿੱਖਿਆ ਖੇਤਰ’ਚ ਮੋਹਰੀ/ਸਿਰਕੱਢ/ ਨਾਮਵਾਰ/ ਬਹੁ-ਚਰਚਿਤ ਭਾਈ ਨੰਦ ਲਾਲ ਪਬਲਿਕ ਸਕੂਲ, ਸ੍ਰੀ ਅਨੰਦਪੁਰ ਸਾਹਿਬ ’ਚ ਵਿੱਦਿਅਕ ਸ਼ੈਸ਼ਨ 2026-27 ਲਈ ਪ੍ਰੀ-ਨਰਸਰੀ ਕਲਾਸ ਤੋਂ ਬਾਰਵੀਂ ਤੱਕ ਦੀਆਂ ਕਲਾਸਾਂ ਦੇ ਦਾਖਲੇ ਸ਼ੁਰੂ ਹੋ ਚੁੱਕੇ ਹਨ।ਪ੍ਰਿੰਸੀਪਲ ਸਤਨਾਮ ਸਿੰਘ ਨੇ ਦੱਸਿਆ ਕਿ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ, ਸੁਖਮਿੰਦਰ ਸਿੰਘ ਵਿਦਿਆ ਸਕੱਤਰ, ਬੀਬੀ ਸਤਵੰਤ ਕੌਰ ਅਸਿਸਟੈਂਟ ਡਾਇਰੈਕਟਰ ਦੇ ਦਿਸ਼ਾ ਨਿਰਦੇਸਾਂ ਅਨੁਸਾਰ ਸਕੂਲ ਵਿੱਚ ਪ੍ਰੀ ਨਰਸਰੀ ਤੋਂ ਦੱਸਵੀਂ ਤੱਕ ਸਾਰੇ ਵਿਸ਼ੇ/ਗਿਆਰਵੀਂ ਅਤੇ ਬਾਰਵੀਂ ਵਿੱਚ ਮੈਡੀਕਲ/ ਨਾਨ ਮੈਡੀਕਲ/ ਕਾਮਰਸ ਅਤੇ ਆਰਟਸ ਵਿਸ਼ਿਆਂ ਦੀ ਪੜਾਈ ਕਰਵਾਈ ਜਾਂਦੀ ਹੈ।ਸਕੂਲ ਵਿੱਚ ਐਨ.ਸੀ.ਸੀ, ਐਨ.ਐਸ.ਐਸ,ਧਾਰਮਿਕ ਦੀਆਂ ਕਲਾਸਾਂ ਮਿਊਜਿਕ ਦੀਆਂ ਕਲਾਸਾਂ, ਗੱਤਕਾ, ਸਕੂਲ ਬੈਂਡ, ਬਾਕਸਿੰਗ, ਸ਼ੂਟਿੰਗ ਰੇਜ, ਬੈਡਮਿੰਟਨ, ਬਾਸਕਿਟ ਬਾਲ, ਹਾਕੀ, ਫੁੱਟਬਾਲ, ਐਥਲੈਟਿਕਸ ਆਦਿ ਸਾਰੇ ਤਰਾਂ ਦੀਆਂ ਖੇਡਾਂ,ਖੁੱਲੀ ਅਤੇ ਹਵਾਦਾਰ ਲਾਇਬ੍ਰੇਰੀ, ਸਾਇੰਸ ਲੈਬਸ, ਮੈਥ ਲੈਬ, ਸਮਾਜਿਕ ਸਿੱਖਿਆ ਲੈਬ, ਸਮਾਰਟ ਕਲਾਸਾਂ, ਪ੍ਰੀ ਨਰਸਰੀ ਕਲਾਸਾ ਲਈ ਐਕਟੀਵਿਟੀ ਹਾਲ ਅਤੇ ਆਧੁਨਿਕ ਖਿਡੋਣੇ ਅਤੇ ਪਲੇ ਵੇਅ ਤਰੀਕੇ ਨਾਲ ਪੜਾਈ ਕਰਵਾਈ ਜਾਂਦੀ ਹੈ।



# ਜ਼ਿਲ੍ਹਾ ਲਿਖਾਰੀ ਸਭਾ ਰੋਪੜ ਨੇ ਪੰਜਾਬੀ ਸਾਹਿਤ ਨੂੰ ਕੱਦਾਵਰ ਸਾਹਿਤਕਾਰ ਦਿੱਤੇ : ਵੜੈਚ, ਸੰਤਵੀਰ



**ਬਹਿਰਾਮਪੁਰ (ਹਰਨਾਮ ਸਿੰਘ ਡੱਲਾ)**

ਪੁਆਧ ਇਲਾਕੇ ਦੀ ਨਾਮਵਰ ਸਾਹਿਤਕ ਜਥੇਬੰਦੀ ਸਭਾ ਸਾਹਿਤ ਸਭਾ ਬਹਿਰਾਮਪੁਰ ਬੇਟ ਵਲੋਂ ਜ਼ਿਲ੍ਹਾ ਲਿਖਾਰੀ ਸਭਾ ਰੋਪੜ ਦੀ ਹੋਂਦ ਬਾਰੇ ਇੱਕ ਵਿਚਾਰ ਚਰਚਾ ਕੁਲਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਕਰਵਾਈ ਗਈ। ਜ਼ਿਲ੍ਹਾ ਲਿਖਾਰੀ ਸਭਾ ਰੋਪੜ ਦੇ ਤਤਕਾਲੀ ਮੈਂਬਰ ਅਤੇ ਪਹਿਲੇ ਜਨਰਲ ਸਕੱਤਰ ਗੁਰਦੀਪ ਸਿੰਘ ਵੜੈਚ ਨੇ ਸਭਾ ਦੇ ਸ਼ਾਨਾਮੱਤੇ ਇਤਿਹਾਸ ਉੱਤੇ ਵਿਸਤਰਿਤ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਰੋਪੜ ਪੜ੍ਹਦੇ ਸਮੇਂ ਕਾਲਜ ਦੇ ਵਿਦਿਆਰਥੀਆਂ ਨੇ ਹੀ ਲਿਖਾਰੀ ਸਭਾ ਰੋਪੜ ਨੂੰ ਸਾਹਿਤਕ ਜਾਗ ਲਾਇਆ ਸੀ। ਜੋ ਸੰਨ 1967 ਵਿੱਚ ਜ਼ਿਲ੍ਹਾ ਲਿਖਾਰੀ ਸਭਾ ਰੋਪੜ ਦੇ ਨਾਂਅ ਨਾਲ ਜਾਣੀ ਜਾਣ ਲੱਗੀ। ਪਰ ਇਸ ਤੋਂ ਪਹਿਲਾਂ ਪੰਜਾਬ ’ਚ ਰਾਮਪੁਰ ਅਤੇ ਬਰਨਾਲਾ ਵਿੱਚ ਲਿਖਾਰੀ ਸਭਾਵਾਂ ਬਣ ਚੁੱਕੀਆਂ ਸਨ। ਜ਼ਿਲ੍ਹਾ ਲਿਖਾਰੀ ਸਭਾ ਰੋਪੜ ਪੁਆਧ ਦੀ ਪਹਿਲੀ ਪੰਜਾਬ ਦੀ ਤੀਜੀ ਸਭਾ ਹੈ ਜਿਸ ਨੇ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਕੱਦਾਵਰ ਸਾਹਿਤਕਾਰ ਪਾਉਣ ਦੀ ਕੰਮ ਕੀਤਾ ਹੈ ਅਤੇ ਇਸ ਦੇ ਪਹਿਲੇ ਪ੍ਰਧਾਨ ਮਰਹੂਮ ਗੁਰਦੇਵ ਸਿੰਘ ਮਾਵੀ ਹੋਏ ਹਨ। ਨਾਵਲਕਾਰ ਸੰਤਵੀਰ ਨੇ ਲਿਖਾਰੀ ਸਭਾ ਰੋਪੜ ਵਿੱਚ ਹਾਜ਼ਰੀ ਭਰਨ ਵਾਲਿਆਂ ਵਿਦਵਾਨਾਂ ਡਾਕਟਰ ਰਤਨ ਸਿੰਘ ਜੱਗੀ,ਪ੍ਰਿੰਸੀਪਲ ਸੁਜਾਨ ਸਿੰਘ, ਪ੍ਰੋ. ਵਿਸ਼ਵਨਾਥ ਤਿਵਾੜੀ,ਕਪੂਰ ਸਿੰਘ ਘੁੰਮਣ, ਨਾਟਕਕਾਰ ਦਵਿੰਦਰ ਦਮਨ, ਪ੍ਰੋਫੈਸਰ ਐੱਸ ਐੱਸ ਪਦਮ, ਪ੍ਰੋ. ਦੀਦਾਰ ਸਿੰਘ,ਡਾਕਟਰ ਸਾਧੂ ਸਿੰਘ ਹਮਦਰਦ, ਪ੍ਰੋ.ਭੂਸ਼ਨ ਧਿਆਨ ਪੁਰੀ ਵਲੋਂ ਜ਼ਿਲ੍ਹਾ ਲਿਖਾਰੀ ਸਭਾ ਰੋਪੜ ਦੀ ਸੇਵਾ ਕਰਨ ਦਾ ਮਾਣ ਹਾਸਲ ਹੈ। ਹੁਣ ਇਸ ਸਭਾ ਨੂੰ ਐਡਵੋਕੇਟ ਸੁਰੇਸ਼ ਭਿਓਰਾ ਚਲਾ ਰਹੇ ਹਨ।ਇਸ ਮੌਕੇ ਲੇਖ ਰਾਜ ਧੀਰ, ਕੁਲਵਿੰਦਰ ਕੌਰ, ਹਰਮਨਦੀਪ ਕੌਰ,ਰਾਣਾ ਮਨਮੋਹਨ ਸਿੰਘ, ਅਜਮੇਰ ਸਿੰਘ ਤੇ ਬਹਿਰਾਮਪੁਰ ਬੇਟ ਦੀ ਸਰਪੰਚ ਦੀ ਨੁਮਾਇੰਦਗੀ ਕਰਦੇ ਜਗਤਾਰ ਸਿੰਘ ਨੇ ਵੀ ਇਕੱਤਰਤਾ ਵਿੱਚ ਹਾਜ਼ਰੀ ਭਰੀ।ਪੜ੍ਹੀਆਂ ਗਈਆਂ ਰਚਨਾਵਾਂ ਉੱਤੇ ਉਸਾਰੂ ਬਹਿਸ ਨਾਲ ਮੀਟਿੰਗ ਹੀ ਸਮਾਪਤੀ ਹੋਈ।

# ਜੀ ਟੀ ਯੂ ਬਲਾਕ ਕੋਟ ਫਤੂਹੀ ਤੋਂ ਰੈਲੀ ਲਈ ਜਥਾ ਪਹੁੰਚਿਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਮੁਲਾਜ਼ਮ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਸਰਕਾਰ ਦੀ ਟਾਲਮਟੋਲ ਨੀਤੀ ਦੇ ਵਿਰੋਧ ਵਿੱਚ ਧੂਰੀ ਵਿਖੇ ਮਹਾਂਰੈਲੀ ਵਿੱਚ ਸ਼ਾਮਿਲ ਹੋਣ ਲਈ ਗੌਰਮਿੰਟ ਟੀਚਰਜ ਯੂਨੀਅਨ ਬਲਾਕ ਕੋਟ ਫਤੂਹੀ ਤੋਂ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ ਦੀ ਅਗਵਾਈ ਵਿੱਚ ਜਥਾ ਰਵਾਨਾ ਹੋਇਆ।ਆਗੂ ਨੇ ਕਿਹਾ ਕਿ ਸਰਕਾਰ ਦੇ ਸਾਢੇ ਤਿੰਨ ਸਾਲ ਬੀਤ ਜਾਣ ਤੇ ਵੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ‘ਜਿਓਂ ਦੀਆਂ ਤਿਓਂ’ ਹਨ।ਪੁਰਾਣੀ ਪੈਨਸ਼ਨ ਬਹਾਲ ਕਰਨ, ਮਹਿੰਗਾਈ ਭੱਤੇ ਅਤੇ ਪੇਅ-ਕਮਿਸ਼ਨ ਦੇ ਬਕਾਏ, ਹਰ ਪ੍ਰਕਾਰ ਦੇ ਕੱਚੇ ਮੁਲਾਜ਼ਮ ਪੱਕੇ ਕਰਨ, ਕੱਟੇ 37 ਭੱਤੇ ਅਤੇ ਏ ਸੀ ਪੀ ਬਹਾਲ ਕਰਨ, ਪੈਨਸ਼ਨਰਾਂ ਲਈ 2.59 ਗੁਣਾਂਕ, ਨਵੀਂ ਸਿੱਖਿਆ ਨੀਤੀ ਰੱਦ ਕਰਨ, ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ ਕਰਨ, ਕੇਂਦਰੀ ਪੇਅ-ਕਮਿਸ਼ਨ ਰੱਦ ਕਰਨ ਮੰਗਾਂ ਵੱਲ ਸਰਕਾਰ ਕੋਈ ਧਿਆਨ ਨਹੀਂ ਦੇ ਰਹੀ। ਇਸ ਰੈਲੀ ਵਿੱਚ ਰਵਾਨਾ ਹੋਣ ਮੌਕੇ ਨਰਿੰਦਰ ਅਜਨੋਹਾ, ਸੁਰਜੀਤ ਸਿੰਘ, ਅਜੇ ਕੁਮਾਰ, ਸਗਲੀ ਰਾਮ, ਮਨਜੀਤ ਸਿੰਘ, ਪਰਸ਼ੋਤਮ ਲਾਲ, ਧਰਮ ਚੰਦ, ਰਾਜਵੀਰ ਸਿੰਘ, ਸੁਖਨਿੰਦਰ ਸਿੰਘ, ਲਹਿੰਬਰ ਸਿੰਘ, ਸੁਰਿੰਦਰ ਸਿੰਘ, ਹੁਸ਼ਿਆਰ ਸਿੰਘ ਆਦਿ ਹਾਜ਼ਰ ਸਨ।




# ਕੈਬਨਿਟ ਮੰਤਰੀਆਂ ਨੇ ਸਿੱਖਿਆ ਨੂੰ ਸਮਾਜਿਕ-ਆਰਥਿਕ ਤਬਦੀਲੀ ਦਾ ਜ਼ਰੀਆ ਬਣਾਉਣ ਲਈ ਪ੍ਰੇਰਿਆ



**ਜਲੰਧਰ (ਇਕਬਾਲ ਸਿੰਘ ਉੱਭੀ)**-ਕੈਬਨਿਟ ਮੰਤਰੀਆਂ ਅਮਨ ਅਰੋੜਾ, ਹਰਭਜਨ ਸਿੰਘ ਈ ਟੀ ਓ, ਬਰਿੰਦਰ ਕੁਮਾਰ ਗੋਇਲ, ਹਰਦੀਪ ਸਿੰਘ ਮੁੰਡੀਆਂ ਅਤੇ ਮੋਹਿੰਦਰ ਭਗਤ ਨੇ ਵਿਦਿਆਰਥੀਆਂ ਨੂੰ ਸਿੱਖਿਆ ਨੂੰ ਇੱਕ ਪਰਿਵਰਤਨਸ਼ੀਲ ਸ਼ਕਤੀ ਵਜੋਂ ਵਰਤਣ ਦਾ ਸੱਦਾ ਦਿੱਤਾ, ਜੋ ਪੰਜਾਬ ਦੇ ਸਮਾਜਿਕ-ਆਰਥਿਕ ਦ੍ਰਿਸ਼ ਨੂੰ ਮੁੜ ਆਕਾਰ ਦੇਣ ਦੇ ਸਮਰੱਥ ਹੈ। ਕੈਬਨਿਟ ਮੰਤਰੀ ਸ੍ਰੀ ਰਾਮ ਨੌਮੀ ਉਤਸਵ ਕਮੇਟੀ ਵੱਲੋਂ ਡੇਵੀਏਟ ਵਿਖੇ ਕਰਵਾਏ ਗਏ ਸਕਾਲਰਸ਼ਿਪ ਵੰਡ ਸਮਾਰੋਹ ਵਿੱਚ ਬੋਲ ਰਹੇ ਸਨ, ਜਿੱਥੇ ਰਾਜ ਭਰ ਦੇ 1,300 ਵਿਦਿਆਰਥੀਆਂ ਨੂੰ ਸਕਾਲਰਸ਼ਿਪ ਅਤੇ ਅਧਿਐਨ ਸਮੱਗਰੀ ਪ੍ਰਦਾਨ ਕੀਤੀ ਗਈ। ਇਸ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਪੰਜਾਬ ਕੇਸਰੀ ਗਰੁੱਪ ਦੇ ਮੁੱਖ ਸੰਪਾਦਕ ਵਿਜੇ ਕੁਮਾਰ ਚੋਪੜਾ ਦੀ ਅਗਵਾਈ ਵਾਲੀ ਕਮੇਟੀ ਦੀ ਪ੍ਰਸ਼ੰਸਾ ਕੀਤੀ, ਜੋ ਆਪਣੇ ਸਾਲਾਨਾ ਪ੍ਰੋਗਰਾਮ ਰਾਹੀਂ ਲਗਾਤਾਰ ਲੋੜਵੰਦ ਵਿਦਿਆਰਥੀਆਂ ਨੂੰ ਸਹਾਇਤਾ ਪ੍ਰਦਾਨ ਕਰ ਰਹੀ ਹੈ।

# ਪੁਰਾਣੀ ਪੈਨਸ਼ਨ ਦੇ ਅਧੂਰੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਅੱਜ ਫੂਕੀਆਂ ਜਾਣਗੀਆਂ : ਪ੍ਰਿੰਸ ਪਲਿਆਲ, ਗੁਰਮੁੱਖ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਹੁਸ਼ਿਆਰਪੁਰ ਦੇ ਜ਼ਿਲ੍ਹਾ ਵਾਈਜ ਪ੍ਰਧਾਨ ਪ੍ਰਿੰਸ ਪਲਿਆਲ ਗੜਦੀਵਾਲਾ ਅਤੇ ਜ਼ਿਲਾ ਸੀਨੀਅਰ ਆਗੂ ਜਗਵਿੰਦਰ ਸਿੰਘ, ਗੁਰਮੁੱਖ ਸਿੰਘ ਬਲਾਲਾ ਨੇ ਕਿਹਾ ਅੱਜ ਸਕੂਲਾਂ ਅਤੇ ਵੱਖ-ਵੱਖ ਦਫ਼ਤਰਾਂ ਵਿੱਚ ਪੁਰਾਣੀ ਪੈਨਸ਼ਨ ਦੇ ਅਧੂਰੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਫੂਕੀਆਂ ਜਾਣਗੀਆਂ। ਉਹਨਾਂ ਕਿਹਾ ਕਿ ਸਰਕਾਰ ਐੱਨ ਪੀ ਐੱਸ ਦੇ ਖਾਤੇ ਬੰਦ ਕਰੇ ਅਤੇ ਜੀ ਪੀ ਐੱਫ ਦੇ ਖਾਤੇ ਤੁਰੰਤ ਖੋਲੇ। ਉਹਨਾਂ ਸਾਰੇ ਮੁਲਾਜ਼ਮਾਂ ਨੂੰ ਕਾਪੀਆਂ ਫੂਕਣ ਦੀ ਅਪੀਲ ਕੀਤੀ। ਇਸ ਮੌਕੇ ਤੇ ਆਗੂ ਸੰਜੀਵ ਧੂਤ, ਪ੍ਰਿਤਪਾਲ ਸਿੰਘ ਚੌਟਾਲਾ, ਮਲਕੀਤ ਸਿੰਘ, ਚਰਨਜੀਤ ਸਿੰਘ, ਬਚਿੱਤਰ ਸਿੰਘ, ਭੁਪਿੰਦਰ ਸਿੰਘ, ਦੀਪਕ ਕੋਂਡਲ, ਸਚਿਨ ਕੁਮਾਰ, ਸਰਬਜੀਤ ਸਿੰਘ, ਜਸਵਿੰਦਰ ਸਿੰਘ, ਅਰਵਿੰਦ ਪਠਾਣੀਆਂ, ਕਰਨਵੀਰ ਸ਼ਰਮਾ, ਜਗਮੋਹਨ ਸਿੰਘ, ਬਲਜੀਤ ਸਿੰਘ, ਗੁਰਪ੍ਰੀਤ ਸਿੰਘ ਲੈਕਚਰਾਰ, ਲਖਵੀਰ ਸਿੰਘ, ਗੁਰਪ੍ਰੀਤ ਸਿੰਘ ਗੜਦੀਵਾਲਾ, ਸੁਖਦੇਵ ਨਸਰਾਲਾ, ਸੰਜੀਵ ਸਿੰਘ ਆਦਮਵਾਲ ਆਦਿ ਹਾਜ਼ਰ ਸਨ।





# ‘ਆਪ’ ਦੀ ਜਿੱਤ ਮਾਨ ਸਰਕਾਰ ਦੇ ਵਿਕਾਸ ਦੀਆਂ ਨੀਤੀਆਂ ’ਤੇ ਮੋਹਰ : ਪਵਨਜੀਤ ਸਿੱਧੂ

**ਬੰਗਾ (ਅਵਤਾਰ ਕਲੇਰ)**-ਹਲਕਾ ਬੰਗਾ ਤੋਂ ਆਮ ਆਦਮੀ ਪਾਰਟੀ ਦੇ ਸੰਗਠਨ ਇੰਚਾਰਜ ਪਵਨਜੀਤ ਸਿੰਘ ਸਿੱਧੂ ਦੀ ਅਗਵਾਈ ਹੇਠ ਪਿੰਡ ਗੁਣਾਚੌਰ ਵਿਖੇ ਤਰਨਤਾਰਨ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਤੇ ਲੱਡੂ ਵੰਡੇ ਗਏ। ਪਵਨਜੀਤ ਸਿੰਘ ਸਿੱਧੂ ਨੇ ਕਿਹਾ ਕਿ ਤਰਨਤਾਰਨ ਜ਼ਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਨੇ ਵੱਡੀ ਲੀਡ ਨਾਲ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ ਮਾਝੇ ਦੇ ਲੋਕਾਂ ਨੇ ਸਾਰੇ ਭੁਲੇਖੇ ਦੂਰ ਕਰ ਦਿੱਤੇ ਹਨ ਤੇ ਤਰਨਤਾਰਨ ਦੇ ਲੋਕਾਂ ਨੇ ਭਗਵੰਤ ਸਿੰਘ ਮਾਨ ਦੀਆਂ ਵਿਕਾਸ ਦੀਆਂ ਨੀਤੀਆਂ ’ਤੇ ਮੋਹਰ ਲਗਾਈ ਹੈ। ਉਨ੍ਹਾਂ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ’ਚ ਵੀ ਆਮ ਆਦਮੀ ਪਾਰਟੀ ਇਤਿਹਾਸਕ ਜਿੱਤ ਪ੍ਰਾਪਤ ਕਰਕੇ ਸੂਬੇ ਅੰਦਰ ਦੁਬਾਰਾ ਸਰਕਾਰ ਬਣਾਏਗੀ। ਉਨ੍ਹਾਂ ਕਿਹਾ ਕਿ ਬਹੁਤ ਜਲਦ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸੂਬੇ ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿਕਾਸ ਪੱਖੋਂ ਦੇਸ ਦਾ ਨੰਬਰ ਇਕ ਸੂਬਾ ਬਣਾਇਆ ਜਾਵੇਗਾ। ਇਸ ਮੌਕੇ ਨੰਬਰਦਾਰ ਗੁਰਮੀਤ ਸਿੰਘ, ਅਮਰਜੀਤ ਸਿੰਘ ਤਲਵਾੜ, ਅਮਨਦੀਪ ਸਿੰਘ ਗੋਸਲ, ਪ੍ਰਦੀਪ ਕਲਸੀ, ਸੁਰਜੀਤ ਸਿੰਘ ਚਾਹਲ, ਰਕੇਸ਼ ਕੁਮਾਰ, ਸੁਰਿੰਦਰ ਸਹੋਤਾ, ਮਲਕੀਤ ਸਿੰਘ ਚਾਹਲ ਖੁਰਦ ਆਦਿ ਹਾਜ਼ਰ ਸਨ।

# ਹਰਦੇਵ ਸਿੰਘ ਕੌਂਸਲ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ’ਚ ਸ਼ਾਮਲ ਹੋਣ ’ਤੇ ਸਨਮਾਨਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਮੀਰੀ ਪੀਰੀ ਸੇਵਾ ਸਿਮਰਨ ਕਲੱਬ ਹੁਸ਼ਿਆਰਪੁਰ ਵੱਲੋਂ ਚੇਅਰਮੈਨ ਸਰਬਜੀਤ ਸਿੰਘ ਬਡਵਾਲ, ਮੁੱਖ ਸਲਾਹਕਾਰ ਜਸਵਿੰਦਰ ਸਿੰਘ ਪਰਮਾਰ ਤੇ ਦਰਸ਼ਨ ਸਿੰਘ ਪਲਾਹਾ ਪ੍ਰਧਾਨ ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਮੁਹੱਲਾ ਟਿੱਬਾ ਸਾਹਿਬ ਹੁਸ਼ਿਆਰਪੁਰ ਦੀ ਅਗਵਾਈ ਹੇਠ ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਦੇ ਪ੍ਰਧਾਨ ਹਰਦੇਵ ਸਿੰਘ ਕੌਂਸਲ ਦੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵਿੱਚ ਸ਼ਾਮਿਲ ਹੋਣ ’ਤੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਚੇਅਰਮੈਨ ਸਰਬਜੀਤ ਸਿੰਘ ਬਡਵਾਲ ਅਤੇ ਮੁੱਖ ਸਲਾਹਕਾਰ ਜਸਵਿੰਦਰ ਸਿੰਘ ਪਰਮਾਰ ਨੇ ਕਿਹਾ ਕਿ ਟਕਸਾਲੀ ਅਕਾਲੀ ਪਰਿਵਾਰ ਨਾਲ ਸੰਬੰਧ ਰੱਖਦੇ ਹਰਦੇਵ ਸਿੰਘ ਕੌਂਸਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਕੌਂਸਲ ਮੈਂਬਰ ਸਮੇਤ ਹੋਰ ਅਹਿਮ ਅਹੁਦਿਆਂ ’ਤੇ ਆਪਣੀਆਂ ਸੇਵਾਵਾਂ ਦੇਣ ਦੇ ਨਾਲ ਨਾਲ ਅਕਾਲੀ ਦਲ 1920, ਲੋਕ ਇਨਸਾਫ ਪਾਰਟੀ ਦੇ ਬੀਸੀ ਵਿੰਗ ਦੇ ਸੂਬਾ ਪ੍ਰਧਾਨ ਵੱਜੋਂ ਵੀ ਸੇਵਾਵਾਂ ਦਿੱਤੀਆਂ ਸਨ ਜਿਸ ਦੇ ਚੱਲਦਿਆਂ ਹੁਣ ਉਹਨਾਂ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਦੀ ਪ੍ਰੇਰਨਾ ਨਾਲ ਸ਼੍ਰੋਮਣੀ ਅਕਾਲੀ ਦਲ ਪੁਨਰ ਵਿੱਚ ਸ਼ਾਮਿਲ ਹੋਣ ਦਾ ਲਿਆ ਗਿਆ ਫੈਸਲਾ ਸਲਾਹੁਣਯੋਗ ਹੈ ।



# ਮੱਘਰ ਮਹੀਨੇ ਦੀ ਸੰਗਰਾਂਦ ਪੁਰਬ ਸ਼ਰਧਾ ਪੂਰਵਕ ਮਨਾਇਆ



**ਅਲਾਵਲਪੁਰ, (ਮਦਨ ਬੰਗੜ)**

ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਜਲੰਧਰ ਵਿਖੇ ਮੱਘਰ ਮਹੀਨੇ ਦੀ ਸੰਗਰਾਂਦ ਪੁਰਬ ਸੰਤ ਸੁਰਿੰਦਰ ਦਾਸ ਬਾਵਾ ਦੀ ਸਰਪ੍ਰਸਤੀ ਹੇਠ ਸ਼ਰਧਾ ਪੂਰਵਕ ਮਨਾਇਆ ਗਿਆ। ਅੰਮ੍ਰਿਤ ਵੇਲੇ ਤੋਂ ਅੰਮ੍ਰਿਤ ਬਾਣੀ ਸਤਿਗੁਰ ਰਵਿਦਾਸ ਮਹਾਰਾਜ ਦੇ ਪਾਵਨ ਜਾਪ ਹਰਜੀਤ ਰਾਏ ਅਤੇ ਬੀਬੀ ਗੀਤਾ ਪਰਿਵਾਰ ਜੰਡੂ ਸਿੰਘਾ ਵਲੋ ਕਰਵਾਏ ਗਏ। ਆਰਤੀ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਸੰਤ ਸੁਰਿੰਦਰ ਦਾਸ ਬਾਵਾ ਨੇ ਪ੍ਰਵਚਨ ਕਰਦਿਆਂ ਮੱਘਰ ਮਹੀਨੇ ਦੀ ਸੰਗਰਾਂਦ ਦਾ ਮਹੱਤਵ ਅਤੇ ਸਤਿਸੰਗ ਸਰਵਣ ਕਰਵਾਇਆ। ਵਿਸ਼ਵ ਭਰ ਵਿੱਚ ਰਵਿਦਾਸੀਆ ਧਰਮ ਦੇ ਪ੍ਰਚਾਰ ਪ੍ਰਸਾਰ ਅਤੇ ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਵਚਨ ਕਰਦਿਆਂ ਉਹਨਾਂ ਆਖਿਆ ਕਿ ਮੂਲ ਰਹਿਬਰਾਂ ਦੀ ਵਿਚਾਰਧਾਰਾ ਨਾਲ ਜੁੜਨ, ਬੱਚਿਆਂ ਨੂੰ ਵੱਧ ਤੋਂ ਵੱਧ ਵਿਦਿਆ ਹਾਸਲ ਕਰਨ,ਮਾਤਾ ਪਿਤਾ ਦੀ ਸੇਵਾ ਕਰਨ, ਮਨਵਤਾ ਨਾਲ ਪਿਆਰ ਕਰਨ, ਹਰਿ ਦਾ ਸਿਮਰਨ ,ਸੰਤਾਂ ਦੀ ਸੰਗਤ ਅਤੇ ਨਸ਼ਿਆਂ ਦਾ ਤਿਆਗ ਕਰਨ ਦਾ ਉਪਦੇਸ਼ ਦਿੱਤਾ। ਇਸ ਮੌਕੇ ਸੰਤ ਹਰਵਿੰਦਰ ਦਾਸ ਆਦਮਪੁਰ, ਬਾਬਾ ਮੋਤੀ ਰਾਮ ,ਬਾਬਾ ਰਾਮ ਜੀ ਦਾਸ, ਜਗਤ ਗੁਰੂ ਰਵਿਦਾਸ ਸੰਗੀਤ ਅਕੈਡਮੀ ਕਾਹਨਪੁਰ,ਬੰਗੜ ਬ੍ਰਦਰ, ਜੀਵਨ ਸੋਹਲ ਵਲੋਂ ਸ਼ਬਦ ਕੀਰਤਨ ਰਾਹੀਂ ਹਾਜ਼ਰੀ ਲਗਵਾਈ ਗਈ। ਸਟੇਜ ਸਕੱਤਰ ਦੀ ਸੇਵਾ ਸੁਖਵਿੰਦਰ ਗੋਲਡੀ ਵੱਲੋਂ ਬਾਖੂਬੀ ਨਿਭਾਈ ਗਈ। ਗੁਰੂ ਕਾ ਲੰਗਰ ਅਟੁਟ ਵਰਤਾਇਆ ਗਿਆ।

18-Nov-PAGE-9.qxd 11/17/2025 11:05 PM Page 1



# ਪੁਲਸ ਕਮਿਸ਼ਨਰ ਵੱਲੋਂ ਆਵਾਜ਼ ਪ੍ਰਦੂਸ਼ਣ ਦੀ ਰੋਕਥਾਮ ਸੰਬੰਧੀ ਹੁਕਮ ਜਾਰੀ

**ਜਲੰਧਰ (ਇਕਬਾਲ ਸਿੰਘ ਉੱਭੀ)**- ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸ਼ੋਰ ਪ੍ਰਦੂਸ਼ਣ ਦੇ ਮੱਦੇਨਜ਼ਰ ਪਬਲਿਕ ਐਮਰਜੈਂਸੀ ਨੂੰ ਛੱਡ ਕੇ ਸਾਇਲੈਂਸ ਜ਼ੋਨਾਂ ਜਾਂ ਰਿਹਾਇਸ਼ੀ ਖੇਤਰਾਂ ਅੰਦਰ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਹਾਰਨ ਵਜਾਉਣ 'ਤੇ ਪਾਬੰਦੀ ਲਗਾਈ ਹੈ। ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੇ ਹਵਾਲੇ ਨਾਲ ਪੁਲਿਸ ਕਮਿਸ਼ਨਰ ਵੱਲੋਂ ਜਾਰੀ ਹਦਾਇਤਾਂ ਤਹਿਤ ਜਨਤਕ ਥਾਵਾਂ ਦੀ ਸੀਮਾ 'ਤੇ ਜਿਥੇ ਲਾਊਡ ਸਪੀਕਰ ਜਾਂ ਪਬਲਿਕ ਐਡਰੈੱਸ ਸਿਸਟਮ ਜਾਂ ਕੋਈ ਵੀ ਆਵਾਜ਼ ਪੈਦਾ ਕਰਨ ਵਾਲਾ ਸਰੋਤ ਵਰਤਿਆ ਜਾ ਰਿਹਾ ਹੋਵੇ, ਉਥੇ ਆਵਾਜ਼ ਦਾ ਪੱਧਰ ਨਿਰਧਾਰਤ ਆਵਾਜ਼ ਮੁਤਾਬਕ ਰੱਖਣ ਦੇ ਆਦੇਸ਼ ਦਿੱਤੇ ਗਏ ਹਨ। ਹੁਕਮਾਂ ਅਨੁਸਾਰ ਕੋਈ ਵੀ ਵਿਅਕਤੀ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ (ਸਿਵਾਏ ਪਬਲਿਕ ਐਮਰਜੈਂਸੀ ਦੇ) ਮੈਰਿਜ ਪੈਲੇਸਾਂ ਤੇ ਹੋਟਲਾਂ ਵਿੱਚ ਢੋਲ ਜਾਂ ਡੀ.ਜੇ., ਆਵਾਜ਼ ਪੈਦਾ ਕਰਨ ਵਾਲਾ ਯੰਤਰ, ਸਾਊਂਡ ਐਂਪਲੀਫਾਇਰ ਅਤੇ ਡੀ.ਜੇ. ਆਦਿ ਨਹੀਂ ਵਜਾਏਗਾ। ਇਸੇ ਤਰ੍ਹਾਂ ਪ੍ਰਾਈਵੇਟ ਮਾਲਕੀ ਵਾਲੇ ਸਾਊਂਡ ਸਿਸਟਮ ਜਾਂ ਆਵਾਜ਼ ਪੈਦਾ ਕਰਨ ਵਾਲੇ ਯੰਤਰ ਦਾ ਸ਼ੋਰ ਦਾ ਪੱਧਰ ਪ੍ਰਾਈਵੇਟ ਥਾਂ ਦੇ ਹੱਦ ਖੇਤਰ ਲਈ ਤੈਅ ਸ਼ੋਰ ਮਾਪਦੰਡਾਂ 5 ਡੀ.ਬੀ.(ਏ) ਤੋਂ ਵੱਧ ਨਹੀਂ ਹੋਵੇਗਾ। ਹੁਕਮਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਮਿਊਜ਼ਿਕ ਸਿਸਟਮ ਵਾਲੇ ਵਾਹਨਾਂ ਦੇ ਮਾਮਲੇ ਵਿੱਚ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਮਿਊਜ਼ਿਕ ਸਿਸਟਮ ਰਾਹੀਂ ਪੈਦਾ ਹੋਣ ਵਾਲੀ ਆਵਾਜ਼ ਇਸ ਦੇ ਕਿਸੇ ਵੀ ਵਾਹਨ ਤੋਂ ਬਾਹਰ ਨਾ ਸੁਣਾਈ ਦੇਵੇ। ਜੇਕਰ ਇਨ੍ਹਾਂ ਹੁਕਮਾਂ ਦੀ ਉਲੰਘਣਾ ਪਾਈ ਜਾਂਦੀ ਹੈ ਤਾਂ ਅਜਿਹਾ ਕਰਨ ਵਾਲੇ ਸਾਊਂਡ ਯੰਤਰ ਜ਼ਬਤ ਕਰ ਲਏ ਜਾਣਗੇ।ਇਹ ਹੁਕਮ ਮਿਤੀ 8.1.2026 ਤੱਕ ਲਾਗੂ ਰਹੇਗਾ।



# ਵਿਧਾਇਕ ਨੇ ਹੈਲਥ ਐਂਡ ਵੈੱਲਨੈੱਸ ਸੈਂਟਰ ਦਾ ਰੱਖਿਆ ਨੀਂਹ ਪੱਥਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜੋਵਾਲ ਵਿਚ ਹੈਲਥ ਐਂਡ ਵੈੱਲਨੈੱਸ ਸੈਂਟਰ ਦੇ ਨਿਰਮਾਣ ਕਾਰਜ ਦਾ ਨੀਂਹ ਪੱਥਰ ਰੱਖ ਕੇ ਪਿੰਡ ਦੇ ਲੋਕਾਂ ਨੂੰ ਇਕ ਮਹੱਤਵਪੂਰਨ ਸਿਹਤ ਸੁਵਿਧਾ ਦਾ ਤੋਹਫ਼ਾ ਦਿੱਤਾ। ਇਹ ਕੇਂਦਰ ਲਗਭਗ 35 ਲੱਖ ਰੁਪਏ ਦੀ ਲਾਗਤ ਨਾਲ ਬਣਾਇਆ ਜਾਵੇਗਾ ਅਤੇ ਇਸ ਦੇ ਮੁਕੰਮਲ ਹੋਣ ਉਪਰੰਤ ਸਥਾਨਕ ਨਿਵਾਸੀਆਂ ਨੂੰ ਮੁੱਢਲੀਆਂ ਸਿਹਤ ਸੇਵਾਵਾਂ ਦਾ ਲਾਭ ਆਪਣੇ ਹੀ ਇਲਾਕੇ ਵਿਚ ਉਪਲਬਧ ਹੋ ਸਕੇਗਾ। ਵਿਧਾਇਕ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਪਿੰਡ-ਪਿੰਡ ਤੱਕ ਬਿਹਤਰ ਸਿਹਤ ਸੁਵਿਧਾਵਾਂ ਪਹੁੰਚਾਉਣ ਲਈ ਵਚਨਬੱਧ ਹੈ। ਇਸੇ ਲੜੀ ਵਿਚ ਅੱਜੋਵਾਲ ਵਿਚ ਬਣ ਰਿਹਾ ਹੈਲਥ ਐਂਡ ਵੈੱਲਨੈੱਸ ਸੈਂਟਰ ਪਿੰਡਾਂ ਦੇ ਵਸਨੀਕਾਂ ਲਈ ਅਤਿਅੰਤ ਲਾਭਕਾਰੀ ਸਿੱਧ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਕੇਂਦਰ ਸ਼ੁਰੂ ਹੋਣ ਨਾਲ ਆਮ ਲੋਕਾਂ ਨੂੰ ਨਿੱਕੀਆਂ- ਮੋਟੀਆਂ ਸਿਹਤ ਸਮੱਸਿਆਵਾਂ ਲਈ ਦੂਰ ਹਸਪਤਾਲਾਂ ਵਿਚ ਨਹੀਂ ਜਾਣਾ ਪਵੇਗਾ। ਉਨ੍ਹਾਂ ਦੱਸਿਆ ਕਿ ਇਸ ਸੈਂਟਰ ਵਿਚ ਇਕ ਕਮਿਊਨਿਟੀ ਹੈਲਥ ਅਫ਼ਸਰ (ਸੀ ਐੱਚ ਓ), ਦੋ ਏ.ਐੱਨ.ਐੱਮਜ਼, ਇਕ ਐੱਲ ਐੱਚ ਵੀ, ਇਕ ਮਲਟੀਪਰਪਜ਼ ਹੈਲਥ ਵਰਕਰ (ਮੇਲ) ਅਤੇ ਆਸ਼ਾ ਵਰਕਰ ਤਾਇਨਾਤ ਕੀਤੇ ਜਾਣਗੇ। ਇਥੇ ਬੀ.ਪੀ, ਸ਼ੂਗਰ ਜਾਂਚ ਅਤੇ ਹੋਰ ਸਧਾਰਨ ਬਿਮਾਰੀਆਂ ਦੀਆਂ ਦਵਾਈਆਂ ਵੀ ਉਪਲਬਧ ਰਹਿਣਗੀਆਂ। ਇਸ ਦੇ ਨਾਲ ਹੀ ਜੱਚਾ-ਬੱਚਾ ਨਾਲ ਸਬੰਧਤ ਸਾਰੀਆਂ ਸਿਹਤ ਸੁਵਿਧਾਵਾਂ, ਗਰਭਵਤੀ ਔਰਤਾਂ ਦੀ ਦੇਖਭਾਲ ਅਤੇ ਨਵਜੰਮੇ ਬੱਚਿਆਂ ਦਾ ਮੁਫ਼ਤ ਅਤੇ ਸੰਪੂਰਨ ਟੀਕਾਕਰਨ ਵੀ ਯਕੀਨੀ ਬਣਾਇਆ ਜਾਵੇਗਾ।

# ਸੜਕ ਨੇ ਧਾਰਿਆ ਨਰਕ ਭਰਿਆ ਰੂਪ, ਸਕੂਲ ਦੇ ਬੱਚੇ ਤੇ ਆਮ ਲੋਕ ਹੋ ਰਹੇ ਪ੍ਰੇਸ਼ਾਨ

**ਮੋਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਡਵਿਢਾ ਅਹਿਰਾਣਾ ਦੀ ਮੁੱਖ ਸੜਕ ਤੋਂ ਵਦਮਾ ਪਿੰਡ ਵੱਲ ਜਾਣ ਵਾਲੀ ਸੜਕ ਦੀ ਪਿਛਲੇ 2,3 ਸਾਲਾਂ ਤੋਂ ਸਰਕਾਰ ਵੱਲੋਂ ਧਿਆਨ ਨਾ ਦੇਣ ਕਾਰਨ ਨਰਕ ਦਾ ਰੂਪ ਧਾਰਨ ਕਰ ਲਿਆ ਹੈ। ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਅਤੇ ਸੁਰਿੰਦਰ ਸਿੰਘ ਨੇ ਸਰਕਾਰ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਸੜਕ ਵਿਚ ਆਸ ਪਾਸ ਘਰਾਂ ਅਤੇ ਮਾਰਕੀਟ ਦਾ ਗੰਦਾ ਸੀਵਰੇਜ ਪਾਣੀ ਸੜਕ ਵਿਚ ਖੜਾ ਰਹਿੰਦਾ ਹੈ,ਜਿਸ ਕਾਰਨ 1/2 ਕਿਲੋਮੀਟਰ ਦੇ ਲਗਭਗ ਸੜਕ ਵਿਚ ਵਿਚ 10-10 ਫੁੱਟ ਚੌੜੇ ਖੱਡੇ ਬਣੇ ਪਏ ਹਨ ਤੇ ਸੜਕ ਨੇ ਛੱਪੜ ਦਾ ਰੂਪ ਧਾਰਨ ਕੀਤਾ ਹੋਇਆ ਹੈ।ਇਸ ਨਰਕ ਭਰੀ ਸੜਕ ਵਿਚੋਂ ਹਰ ਰੋਜ਼ ਲੋਕ ਅਤੇ ਸਕੂਲ ਨੂੰ ਆਉਣ ਜਾਣ ਵਾਲੇ ਬੱਚੇ ਲੰਘ ਕੇ ਜਾਂਦੇ ਹਨ।ਇਸ ਇਲਾਕੇ ਦੀਆਂ ਅਨੇਕਾਂ ਸੜਕਾਂ ਦੀ ਹਾਲਤ ਅਤਿ ਖਸਤਾ ਹੋਈ ਪਈ ਹੈ।ਧੀਮਾਨ ਨੇ ਦਸਿਆ ਕਿ ਜਿਹੜਾ ਸੀਵਰੇਜ ਵਾਟਰ ਸੜਕ ਵਿਚ ਖੜਾ ਰਹਿੰਦਾ ਹੈ,ਉਸ ਪਾਣੀ ਵਿਚੋਂ ਹੀ ਲੋਕਾਂ ਨੂੰ ਲੰਘ ਕੇ ਜਾਣਾ ਪੈਂਦਾ ਹੈ,ਉਸੇ ਗੰਦੇ ਪਾਣੀ ਵਿਚੋਂ ਲੋਕਾਂ ਦੇ ਵਹੀਕਲ ਲੰਘ ਕੇ ਜਾਂਦੇ ਹਨ ਤੇ ਆਮ ਲੋਕਾਂ ਨੂੰ ਲੰਘਣਾ ਪੈ ਰਿਹਾ ਹੈ ਜਿਸ ਕਾਰਨ ਉਹੀ ਗੰਦੇ ਪਾਣੀ ਦਾ ਬੈਕਟੀਰੀਆ ਲੋਕਾਂ ਦੇ ਘਰਾਂ ਵਿਚ ਪਹੁੰਚ ਕੇ ਬੀਮਾਰੀਆਂ ਪੈਦਾ ਕਰ ਰਿਹਾ ਹੈ।



# ਐੱਨ ਆਰ ਆਈ ਭਰਾਵਾਂ ਵੱਲੋਂ ਗੁਰਦੁਆਰਾ ਸਾਹਿਬ ਨੂੰ ਟੀ-ਹੀਟਿੰਗ ਮਸ਼ੀਨ ਭੇਟ

**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੱਬੀ)**- ਗੁਰੂ ਘਰ ਦੇ ਪ੍ਰੇਮੀ ਐੱਨ ਆਰ ਆਈ ਭਰਾਂ ਅਮਰੀਕ ਸਿੰਘ ਅਤੇ ਸੁਖਦੀਪ ਸਿੰਘ (ਨਿਊ ਟੀਮ ਅਲਮੀਨੀਅਮ ਬ੍ਰਾਂਚ ਔਕਲੈਂਡ ਨਿਊ ਜ਼ੀਲੈਂਡ) ਵੱਲੋਂ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਦੇ ਲੰਗਰ ਹਾਲ ਲਈ ਟੀ ਹੀਟਿੰਗ ਮਸ਼ੀਨ ਭੇਟ ਕੀਤੀ ਗਈ।ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਨੂੰ ਇਹ ਮਸ਼ੀਨ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਅਪੈਕਸ ਕੌਂਸਲ ਮੈਂਬਰ ਬੀਰਦਵਿੰਦਰ ਸਿੰਘ ਬੱਲਾਂ ਵੱਲੋਂ ਸੌਂਪੀ ਗਈ।ਭਾਈ ਜਸਪ੍ਰੀਤ ਸਿੰਘ ਵੱਲੋਂ ਐੱਨ ਆਰ ਆਈ ਅਮਰੀਕ ਸਿੰਘ, ਸੁਖਦੀਪ ਸਿੰਘ ਅਤੇ ਉਨ੍ਹਾਂ ਦੇ ਪਰਵਾਰ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਬੀਰਦਵਿੰਦਰ ਸਿੰਘ ਬੱਲਾਂ ਨੇ ਦੱਸਿਆ ਕਿ ਇਸ ਮਸ਼ੀਨ ਵਿੱਚ ਹੀਟਿੰਗ ਸਿਸਟਮ ਲੱਗਾ ਹੋਣ ਕਾਰਨ ਚਾਹ ਨੂੰ ਵਾਰ ਵਾਰ ਗਰਮ ਕਰਨ ਜਾਂ ਉਬਾਲਣ ਦੀ ਲੋੜ ਨਹੀਂ ਪੈਂਦੀ।ਸ੍ਰੀ ਬੱਲਾਂ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਗੁਰੂ ਸਾਹਿਬ ਦੇ ਉਪਦੇਸ਼ ਤੇ ਚੱਲਦਿਆਂ ਆਪਣੀ ਨੇਕ ਕਮਾਈ ਵਿੱਚੋਂ ਦਸਵੰਧ ਜ਼ਰੂਰ ਕੱਢਣਾ ਚਾਹੀਦਾ ਹੈ ਅਤੇ ਜਿੱਥੇ ਤੱਕ ਹੋ ਸਕੇ ਗੁਰੂ ਘਰਾਂ ਲਈ ਅਜਿਹੀ ਸੇਵਾ ਜ਼ਰੂਰ ਕਰਨੀ ਚਾਹੀਦੀ ਹੈ।ਉਨ੍ਹਾਂ ਗੁਰੂ ਘਰ ਦੇ ਪ੍ਰੇਮੀ ਐੱਨ ਆਰ ਆਈ ਭਰਾਵਾਂ ਦੀ ਇਸ ਕਾਰਜ ਲਈ ਪ੍ਰਸ਼ੰਸਾ ਵੀ ਕੀਤੀ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਭਾਈ ਗੁਰਮੁਖ ਸਿੰਘ, ਗੁਰਦੇਵ ਸਿੰਘ ਲੰਗਰ ਇੰਚਾਰਜ, ਅਰਵਿੰਦਰ ਸਿੰਘ ਅਕਾਊਂਟੈਂਟ, ਲਵਪ੍ਰੀਤ ਸਿੰਘ ਅਕਾਊਂਟੈਂਟ, ਕਮਲਜੀਤ ਸਿੰਘ ਸਟੋਰ ਕੀਪਰ, ਕੌਂਸਲਰ ਭੁਪਿੰਦਰ ਸਿੰਘ ਭੂਰਾ,ਪ੍ਰਦੀਪ ਸਿੰਘ ਸਿੱਧੂ ਅਤੇ ਪਰਮਜੀਤ ਸਿੰਘ ਆਦਿ ਹਾਜ਼ਰ ਸਨ।



# ਜ਼ਿਮਨੀ ਚੋਣ 'ਚ 'ਆਪ' ਉਮੀਦਵਾਰ ਜਿੱਤਣ ਦੀ ਖੁਸ਼ੀ 'ਚ ਲੱਡੂ ਵੰਡੇ



**ਕਿਸ਼ਨਗੜ੍ਹ( ਸੁਖਜੀਤ ਕੁਮਾਰ)**-'ਆਪ' ਦੇ ਮੀਡੀਆ ਇੰਚਾਰਜ ਅਤੇ ਪੰਚ ਅਮਨਦੀਪ ਹਨੀ, ਪੰਚ ਨਰਿੰਦਰ ਸਿੰਘ, ਪਰਮਜੀਤ ਕੰਬੋਜਦੀ ਅਗਵਾਈ ਚ ਸਾਂਝੇ ਤੌਰ 'ਤੇ ਤਰਨਤਾਰਨ ਤੋਂ 'ਆਪ' ਦੇ ਉਮੀਦਵਾਰ ਹਰਮੀਤ ਸੰਧੂ ਦੇ ਜਿੱਤਣ ਦੀ ਖੁਸ਼ੀ 'ਚ ਲੱਡੂ ਵੰਡੇ ਗਏ। ਇਸ ਮੌਕੇ ਸੁਰਿੰਦਰ ਕੁਮਾਰ, ਸੁਖਦੇਵ ਸਿੰਘ ਜੂੜੀ, ਰਣਜੀਤ ਰਾਏ ਸਾਬਕਾ ਪੰਚ , ਰਿਕੀ ਸਹੋਤਾ,ਅਮਨਦੀਪ ਸੋਧੀ,ਅਵਜਿੰਦਰ ਕੈਂਥ, ਸੰਤੋਖ ਸਿੰਘ, ਕਰਨੈਲ ਸਿੰਘ ਭੱਟੀ, ਵਿਕੀ ਦੌਲਤਪੁਰ,ਕੇਵਲ ਸਾਬਕਾ ਪੰਚ,ਵਿਨੋਦ ਕਸ਼ਯਪ, ਗੁਰਜਿੰਦਰ ਸਿੰਘ, ਬਰਜੇਛ ਅਰੋੜਾ, ਸਰਵਣ ਕੁਮਾਰ,ਤਰਿੰਦਰ, ਕਾਕਾ, ਪਵਨ ਗੁਲਾਟੀ, ਸੋਨੂੰ ਫਰੂਟ, ਰਾਜੂ, ਬੋਬੀ, ਮੋਨੂੰ, ਤੁਸ਼ਾਰ,ਕੈਰੋ, ਮਹਿੰਦਰ ਪਾਲ, ਗੋਲਡੀ, ਰਾਹੁਲ ਗਾਂਧੀ, ਰਮਨਦੀਪ ਆਦਿ ਹਾਜ਼ਰ ਸਨ।

# ਸਾਲਾਨਾ ਇਨਾਮ ਵੰਡ ਸਮਾਗਮ ਆਯੋਜਿਤ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸੰਤ ਮਾਝਾ ਸਿੰਘ ਕਰਮਜੋਤ ਮਾਡਲ ਹਾਈ ਸਕੂਲ ਠਾਕਰੀ ਵਿਖੇ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ ।ਪ੍ਰਿੰਸੀਪਲ ਅੰਜੂ ਸ਼ਰਮਾ ਦੀ ਅਗਵਾਈ ਵਿਚ ਚੇਅਰਮੈਨ ਸੰਤ ਬਾਬਾ ਤਰਲੋਕ ਸਿੰਘ ਦੀ ਸਰਪ੍ਰਸਤੀ ਵਿਚ ਕਰਵਾਏ ਗਏ ਸਮਾਗਮ ਦੌਰਾਨ ਸਮਾਜ ਸੇਵਕ ਸਰਬਜੀਤ ਸਿੰਘ ਮੁੱਖ ਮਹਿਮਾਨ ਦੇ ਰੂਪ ਵਿਚ ਸ਼ਾਮਲ ਹੋਏ ।ਸਮਾਗਮ ਦੀ ਸ਼ੁਰੂਆਤ ਸ਼ਬਦ ਕੀਰਤਨ ਨਾਲ ਹੋਈ ਜਿਸ ਤੋਂ ਬਾਅਦ ਸਕੂਲ ਦੇ ਵਿਦਿਆਰਥੀਆਂ ਨੇ ਪੰਜਾਬੀ ਸੱਭਿਆਚਾਰ ਦੀ ਝਾਕੀ ਪੇਸ਼ ਕਰਦਾ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਿਸ ਵਿਚ ਗਿੱਧਾ-ਭੰਗੜਾ ਦੇ ਨਾਲ ਸਮਾਜਿਕ ਅਲਾਮਤਾਂ ਦੇ ਖਿਲਾਫ ਸੰਦੇਸ਼ ਦੇਣ ਲਈ ਨਾਟਕ ਦਾ ਮੰਚਨ ਵੀ ਕੀਤਾ ਗਿਆ। ਪ੍ਰਿੰਸੀਪਲ ਅੰਜੂ ਸ਼ਰਮਾ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੜ੍ਹਦੇ ਹੋਏ ਸਕੂਲ ਦੀਆਂ ਸਿੱਖਿਆ ਅਤੇ ਖੇਡਾਂ ਵਿਚ ਪ੍ਰਾਪਤੀਆਂ ਬਾਰੇ ਦੱਸਿਆ ।ਅੰਤਿਮ ਪੜਾਅ ਵਿਚ ਮੁੱਖ ਮਹਿਮਾਨਾਂ ਸੰਤ ਤਰਲੋਕ ਸਿੰਘ ਅਤੇ ਸਰਬਜੀਤ ਸਿੰਘ ਨੇ ਹੋਣਹਾਰ ਬੱਚਿਆਂ ਦਾ ਸਨਮਾਨ ਕੀਤਾ ਅਤੇ ਉਨ੍ਹਾਂ ਨੂੰ ਜੀਵਨ ਵਿਚ ਨੈਤਿਕ ਕਦਰਾਂ ਕੀਮਤਾਂ ਦਾ ਧਾਰਨੀ ਬਣਦੇ ਹੋਏ ਸਿੱਖਿਆ ਹਾਸਲ ਕਰਨ ਵਿਚ ਸਖਤ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ ।ਇਸ ਮੌਕੇ ਪ੍ਰਿੰਸੀਪਲ ਡਾ. ਕੁਲਵੰਤ ਸਿੰਘ ਫੁੱਲ, ਸੁਭਜਿੰਦਰ ਸਿੰਘ, ਪ੍ਰਿੰਸੀਪਲ ਡਾ. ਸ਼ਿਵਾਨੀ ਮਿਆਣੀ ਕਾਲਜ, ਪ੍ਰਿੰਸੀਪਲ ਮਿਆਣੀ ਸਕੂਲ ਕੁਲਵਿੰਦਰ ਕੌਰ, ਪ੍ਰਿੰਸੀਪਲ ਨਡਾਲਾ ਸਕੂਲ ਦਲਵੀਰ ਕੌਰ, ਜਸਪ੍ਰੀਤ ਸਿੰਘ, ਪ੍ਰਦੀਪ ਵਿਰਲੀ, ਮਨਪ੍ਰੀਤ ਸਿੰਘ, ਮਨਿੰਦਰ ਸਿੰਘ, ਰਿਤੂ ਸ਼ਰਮਾ, ਗੁਰਪ੍ਰੀਤ ਕੌਰ, ਅੰਤਿਮ ਲਤਾ, ਅਮਰਜੀਤ ਕੌਰ, ਸੁਖਮਨਪ੍ਰੀਤ ਕੌਰ, ਕਿਰਨਦੀਪ, ਹਰਪ੍ਰੀਤ, ਵਿਸ਼ਾਲੀ, ਰੰਜਨਾ, ਰਿੰਪੀ, ਬਲਵਿੰਦਰ, ਜਸਵਿੰਦਰ, ਕੁਲਵਿੰਦਰ, ਪ੍ਰਿਆ, ਸਿਮਰਨਜੀਤ ਕੌਰ ਆਦਿ ਮੌਜੂਦ ਸਨ।



# ਬਾਲ ਦਿਵਸ ਮੌਕੇ ਮਨਸੂਰਪੁਰ ਸਕੂਲ ਦਾ ਸਾਲਾਨਾ ਸਮਾਗਮ

**ਗੁਰਾਇਆ (ਬਿੰਦਰ ਸੁਮਨ)**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਨਸੂਰਪੁਰ (ਜਲੰਧਰ) ਦਾ ਸਲਾਨਾ ਮੈਗਜ਼ੀਨ 'ਆਗਾਜ਼' ਅੰਕ 4 ਅਡੀਸ਼ਨਲ ਡਿਪਟੀ ਕਮਿਸ਼ਨਰ ਮੈਡਮ ਅਮਨਿੰਦਰ ਕੌਰ ਬਰਾੜ ਵਲੋਂ ਰਿਲੀਜ਼ ਕੀਤਾ ਗਿਆ। ਉਹਨਾਂ ਨੇ ਇਸ ਨਿਵੇਕਲੇ ਉਪਰਾਲੇ ਲਈ ਪ੍ਰਿੰਸੀਪਲ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ। ਇਸ ਸਬੰਧੀ ਮੈਗਜ਼ੀਨ ਵਿਦਿਆਰਥੀ ਸਮਰਪਣ ਅਤੇ ਸਾਲਾਨਾ ਇਨਾਮ ਵੰਡ ਸਮਾਰੋਹ ਬਾਲ ਦਿਵਸ ਮੌਕੇ ਮਨਸੂਰਪੁਰ ਸਕੂਲ ਦੇ ਵਿਹੜੇ ਵਿੱਚ ਕਰਵਾਇਆ ਗਿਆ। ਜਿਸ ਵਿੱਚ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਡਾ. ਸੁਰਜੀਤ ਲਾਲ ਸਕੱਤਰ ਜਿਲ੍ਹਾ ਰੈਡ ਕਰਾਸ ਸੋਸਾਇਟੀ ਜਲੰਧਰ ਪਹੁੰਚੇ। ਉਹਨਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਦਿਆ ਇੱਕ ਅਨਮੋਲ ਗਹਿਣਾ ਹੈ, ਉੱਚੀਆਂ ਪਲਾਂਘਾ ਪੁੱਟਣ ਲਈ ਪੜ੍ਹਾਈ ਦਾ ਬਹੁਮੁੱਲਾ ਯੋਗਦਾਨ ਹੈ, ਜਿਸ ਦਾ ਕੋਈ ਬਦਲ ਨਹੀਂ। ਪੜ੍ਹਾਈ ਦੇ ਨਾਲ ਨਾਲ ਅਗਲੀਆਂ ਮੰਜ਼ਿਲਾਂ ਨੂੰ ਸਰ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਉਹਨਾਂ ਨੇ ਸੋਸ਼ਲ ਮੀਡੀਆ ਦੀ ਸਹਿਯੋਗ ਵਰਤੋਂ ਕਰਕੇ ਪੜ੍ਹਾਈ ਵਿੱਚ ਸਮਾਂ ਵਧਾਉਣ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ। ਸ. ਹਰਨੇਕ ਸਿੰਘ ਸਿੱਧੂ (ਯੂ ਕੇ) ਪਰਿਵਾਰ ਵੱਲੋਂ ਵਿਸ਼ਵਿੰਦਰ ਦੱਤ ਰਾਹੀਂ ਛੇਵੀਂ ਤੋਂ ਬਾਰ੍ਹਵੀਂ ਤੱਕ ਪਹਿਲੇ ਤਿੰਨ ਸਥਾਨਾਂ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਨਕਦ ਰਾਸ਼ੀ ਇਨਾਮ ਵਜੋਂ ਦਿੱਤੀ ਗਈ। ਇਨਾਮਾਂ ਦੀ ਵੰਡ ਡਾ.ਸੁਰਜੀਤ ਲਾਲ ਸਕੱਤਰ ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਜਲੰਧਰ ਅਤੇ ਸਮਾਗਮ ਦੇ ਮੁੱਖ ਮਹਿਮਾਨ ਸ਼੍ਰੀਮਤੀ ਪਰਮਜੀਤ ਕੌਰ ਸਰਪੰਚ ਮਨਸੂਰਪੁਰ ਦੁਆਰਾ ਕੀਤੀ ਗਈ। ਸ਼੍ਰੀਮਤੀ ਪਰਮਜੀਤ ਕੌਰ ਸਰਪੰਚ, ਡਾ.ਸੁਰਜੀਤ ਲਾਲ, ਪ੍ਰਿੰਸੀਪਲ ਸ. ਹਰਦੀਪ ਸਿੰਘ, ਪ੍ਰਿੰਸੀਪਲ ਸ੍ਰੀ ਵਿਸ਼ਵਿੰਦਰ ਦੱਤ ਅਤੇ ਸ੍ਰੀ ਗੁਰਦੀਪ ਕੁਮਾਰ ਚੇਅਰਮੈਨ ਐਸ.ਐਮ.ਸੀ.ਦੀ ਪ੍ਰਧਾਨਗੀ ਹੇਠ ਇਹ ਸ਼ਾਨਦਾਰ ਸਮਾਰੋਹ ਵਿੱਚ ਲੈਕਚਰਾਰ ਅਵਤਾਰ ਲਾਲ ਵੱਲੋਂ ਜੀ ਆਇਆ ਨੂੰ ਕਹਿਣ ਤੋਂ ਬਾਅਦ ਸਾਦਾ ਅਤੇ ਪ੍ਰਭਾਵਸ਼ਾਲੀ ਸਮਾਗਮ ਕਰਾਇਆ ਗਿਆ। ਇਸ ਮੌਕੇ ਸਕੂਲ ਵਿੱਚ ਸ਼ਾਨਦਾਰ ਬੂਟੇ ਲਗਾਏ ਗਏ।ਵਿਦਿਆਰਥੀਆਂ ਨੇ ਕਵਿਤਾਵਾਂ, ਕਵੀਸ਼ਰੀ, ਸਮੂਹ ਗਾਨ ਅਤੇ ਡਾਂਡੀਆ ਪੇਸ਼ ਕੀਤਾ ਸਟੇਜ ਸੰਚਾਲਨ ਸੀਨੀਅਰ ਲੈਕਚਰਾਰ ਸ. ਪਰਦੀਪ ਸਿੰਘ ਦੁਆਰਾ ਬਾਖੂਬੀ ਕੀਤਾ ਗਿਆ।



# ਅੱਖਾਂ ਦਾ ਫ੍ਰੀ ਚੈੱਕਅੱਪ ਕੈਂਪ 21 ਨੂੰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸਵ: ਸਰਦਾਰਨੀ ਮਾਤਾ ਅਵਤਾਰ ਕੌਰ ਅਤੇ ਸਵ: ਸਰਦਾਰ ਪੁੱਤਰ ਬਲਵੀਰ ਸਿੰਘ ਲੰਬੜਦਾਰ ਜੀ ਦੀ ਨਿੱਘੀ ਯਾਦ ਵਿੱਚ ਅੱਖਾਂ ਦਾ ਫ੍ਰੀ ਚੈਕਅੱਪ ਕੈਪ ਅਤੇ ਬਲੱਡ ਕੈਂਪ, ਬਾਬਾ ਦੀਪ ਸਿੰਘ ਸਪੋਰਟਸ ਕਲੱਬ ਵਲੋਂ ਸਰਕਾਰੀ ਡਿਸਪੈਂਸਰੀ ਨਜ਼ਦੀਕ ਜੰਜ ਘਰ ਪਿੰਡ ਸੁੰਨੜ ਕਲਾਂ, ਨੂਰਮਹਿਲ ਵਿਖੇ 21 ਨਵੰਬਰ ਨੂੰ ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਮਾਹਰ ਡਾਕਟਰਾਂ ਦੀ ਦੇਖ ਰੇਖ ਹੇਠ ਅੱਖਾਂ ਦੇ ਚਿੱਟੇ ਮੋਤੀਏ ਦੇ ਅਪ੍ਰੇਸ਼ਨ ਮੁਫਤ ਕੀਤੇ ਜਾਣਗੇ, ਉਪਰੰਤ ਐਨਕਾਂ ਅਤੇ ਦਵਾਈਆਂ ਮੂਫਤ ਦਿੱਤੀਆਂ ਜਾਣਗੀਆਂ। ਅੱਖਾਂ ਦੇ ਅਪ੍ਰੇਸ਼ਨ ਸਿਟੀ ਹਸਪਤਾਲ ਜਲੰਧਰ ਵਿਖੇ ਕੀਤੇ ਜਾਣਗੇ। ਖ਼ੂਨ ਦਾਨ ਮਹਾ ਦਾਨ ਬਲੱਡ ਕੈਂਪ ਦੋਆਬਾ ਹਸਪਤਾਲ ਜਲੰਧਰ ਦੇ ਸਹਿਯੋਗ ਨਾਲ ਲਗਾਇਆ ਜਾਵੇਗਾ।

# ਸੜਕਾਂ 'ਤੇ ਕੂੜਾ ਸੁੱਟਣ 'ਤੇ ਡਿਜੀਟਲ ਚਲਾਨ ਹੋਣਗੇ : ਰਣਧੀਰ ਸਿੰਘ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਨੂਰਮਹਿਲ ਸਬਜੀ ਮੰਡੀ ਦੇ ਨਾਲ ਲੱਗਦੇ ਬਜਾਰਾ ਵਿੱਚ ਦੁਕਾਨਦਾਰਾਂ ਵਲੋ ਅਤੇ ਮੁਹੱਲਾ ਵਾਸੀਆ ਵੱਲੋਂ ਗੰਦਾ ਕੂੜਾ ਵੇਲੇ ਕੁਵੇਲੇ ਬਜਾਰਾ ਵਿੱਚ ਸੁਟ ਦਿੱਤਾ ਜਾਂਦਾ ਹੈ। ਨਗਰ ਕੌਂਸਲ ਨੂਰਮਹਿਲ ਨੂੰ ਤਿੰਨ ਵਾਰ ਲਿਖਤੀ ਸ਼ਿਕਾਇਤ ਦਿੱਤੀ ਗਈ। ਪਰ ਉਸ ਦਾ ਕੋਈ ਅਸਰ ਨਹੀ ਹੋਇਆ। ਜਦੋ ਇਸ ਸਬੰਧੀ ਕਾਰਜ ਸਾਧਕ ਅਫਸਰ ਰਣਧੀਰ ਸਿੰਘ ਨਾਲ ਗੱਲ ਕੀਤੀ ਤਾ ਉਨਾ ਕਿਹਾ ਕਿ ਲੋਕ ਆਪਣੀ ਡਿਊਟੀ ਨੂੰ ਸਮਝਣ ਨਹੀਂ ਤਾ ਦਫਤਰ ਵੱਲੋ ਕਾਰਵਾਈ ਕੀਤੀ ਜਾਵੇਗੀ ਤੇ ਡਿਜੀਟਲ ਚਲਾਨ ਭੇਜੇ ਜਾਣਗੇ ।

# ਮੁਫਤ ਮੈਡੀਕਲ ਕੈਂਪ ਲਗਾਇਆ



**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**-ਡੇਰਾ ਬਾਬਾ ਕੱਲਰਾਂ ਸ਼ੇਰਪੁਰ ਢੱਕੋ ਵਿਖੇ ਮੱਘਰ ਦੀ ਸੰਗਰਾਂਦ ਦਾ ਧਾਰਮਿਕ ਸਮਾਗਮ ਕਰਵਾਇਆ ਗਿਆ। ਸਭ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ, ਉਸ ਤੋਂ ਉਪਰੰਤ ਸ਼ਬਦ ਕੀਰਤਨ ਕੀਤਾ ਗਿਆ ਅਤੇ ਬਾਅਦ ਵਿੱਚ 108 ਸੰਤ ਰਮੇਸ਼ ਦਾਸ ਜੀ ਮਹਾਰਾਜ ਜੀ ਵੱਲੋ ਸ਼ਬਦ ਕੀਰਤਨ ਅਤੇ ਸਤਿਸੰਗ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਉਸ ਤੋਂ ਬਾਅਦ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ । ਸੰਗਰਾਂਦ ਦੇ ਦਿਹਾੜੇ ਦੇ ਦੌਰਾਨ ਸਿੱਧ ਜੋਗੀ ਟਰੱਸਟ ਪਿੰਡ ਖਾਨਪੁਰ ਵੱਲੋਂ ਡਾਕਟਰ ਜਸਵੰਤ ਸਿੰਘ ਥਿੰਦ ਐੱਸ ਐੱਮ ਓ ਸਿਵਲ ਹਸਪਤਾਲ ਮਾਹਿਲਪੁਰ ਅਤੇ ਡਾਕਟਰ ਪ੍ਰਭ ਹੀਰ ਵਲੋਂ ਆਪਣੀ ਸਮੁੱਚੀ ਟੀਮ ਹਰਜਿੰਦਰ ਕੁਮਾਰੀ, ਕਿਸ਼ਨ ਚੰਦ ਤੇ ਨਵਜੋਤ ਕੌਰ ਦੁਆਰਾ ਫਰੀ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਦਾ ਉਦਘਾਟਨ ਗੱਦੀ ਨਸ਼ੀਨ 108 ਸੰਤ ਰਮੇਸ਼ ਦਾਸ ਮਹਾਰਾਜ ਵੱਲੋ ਕੀਤਾ ਗਿਆ। ਉਦਘਾਟਨ ਸਮੇਂ ਸੋਹਣ ਬਾਬਾ ਬਾੜੀਆਂ ਵਾਲੇ , ਅਮਰਜੀਤ ਬਾਊ ਸਮੇਤ ਮੋਹਤਬਰ ਸ਼ਖਸ਼ੀਅਤਾਂ ਹਾਜ਼ਰ ਸਨ।

# ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 35 ਹਜ਼ਾਰ ਸਹਿਜ ਪਾਠ ਸਾਹਿਬ ਦੇ ਭੋਗ ਪਾਏ

## 23 ਤੋਂ 25 ਨਵੰਬਰ ਤੱਕ ਘਰਾਂ 'ਤੇ ਖ਼ਾਲਸਈ ਨਿਸ਼ਾਨ ਸਾਹਿਬ ਝੁਲਾਏ ਜਾਣ : ਗਿਆਨੀ ਕੁਲਦੀਪ ਸਿੰਘ ਗੜਗੱਜ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ੍ਰੀ ਗੁਰੂ ਤੇਗ਼ ਬਹਾਦਰ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਸ੍ਰੀ ਸਹਿਜ ਪਾਠ ਸਾਹਿਬ ਸੇਵਾ ਸੰਸਥਾ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ 35 ਹਜ਼ਾਰ ਸ੍ਰੀ ਸਹਿਜ ਪਾਠ ਸਾਹਿਬ ਦੇ ਸਮੂਹਕ ਰੂਪ ਵਿੱਚ ਭੋਗ ਪਾਏ ਗਏ। ਇਹ ਸਮਾਗਮ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਰਹਿਨੁਮਾਈ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਸਹਿਯੋਗ ਨਾਲ ਕਰਵਾਏ ਗਏ। ਇਸ ਸਮਾਗਮ ਦਾ ਅਲੌਕਿਕ ਪੱਖ ਇਹ ਸੀ ਕਿ ਹਾਜ਼ਰ ਸਿੱਖ ਸੰਗਤ ਨੇ ਪੂਰੇ ਖ਼ਾਲਸਈ ਜਾਹੋ ਜਲਾਲ ਵਾਲਾ ਮਾਹੌਲ ਸਿਰਜਿਆ ਹੋਇਆ ਸੀ। ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਮੁੱਚੀ ਸਿੱਖ ਕੌਮ ਨੂੰ ਅਪੀਲ ਕੀਤੀ ਕਿ 23 ਤੋਂ 29 ਨਵੰਬਰ ਤੱਕ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹੁੰਦਿਆਂ ਆਪੋ ਆਪਣੇ ਘਰਾਂ ਦੇ ਉੱਤੇ ਖ਼ਾਲਸਈ ਨਿਸ਼ਾਨ ਸਾਹਿਬ ਝੁਲਾਏ ਜਾਣ। ਉਨ੍ਹਾਂ ਸਮੁੱਚੀ ਸਿੱਖ ਕੌਮ ਨੂੰ ਸ਼ਤਾਬਦੀ ਸਮਾਗਮਾਂ ਮੌਕੇ ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਵਿਖੇ ਲੱਖਾਂ ਦੀ ਗਿਣਤੀ ਵਿੱਚ ਪਹੁੰਚਣ ਦਾ ਸੱਦਾ ਦਿੱਤਾ। ਜਥੇਦਾਰ ਗੜਗੱਜ ਨੇ ਸੰਗਤ ਨੂੰ ਗੁਰੂ ਸਾਹਿਬਾਨ ਦੇ ਬਖ਼ਸ਼ੇ ਫ਼ਲਸਫ਼ੇ ਉੱਤੇ ਚੱਲਣ ਦੀ ਪ੍ਰੇਰਣਾ ਦਿੱਤੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਬਾਣੀ ਅਤੇ ਸਿੱਖੀ ਬਾਣੇ ਨਾਲ ਜੁੜਨ ਲਈ ਆਖਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਕਮੇਟੀ ਮੈਂਬਰ ਸ. ਦਿਲਜੀਤ ਸਿੰਘ ਭਿੰਡਰ, ਸੰਤ ਬਾਬਾ ਸਤਨਾਮ ਸਿੰਘ ਕਾਰ ਸੇਵਾ ਕਿਲ੍ਹ ਅਨੰਦਗੜ੍ਹ, ਗੁਰਦੁਆਰਾ ਸ਼ਹੀਦੀ ਬਾਗ਼ ਸਾਹਿਬ ਤੇ ਦਲ ਪੰਥ ਬਾਬਾ ਬਿਧੀ ਚੰਦ ਤੋਂ ਬਾਬਾ ਨਿਹਾਲ ਸਿੰਘ, ਤਰਨਾ ਦਲ ਹਰੀਆਂ ਵੇਲਾਂ ਤੋਂ ਜਥੇਦਾਰ ਬਾਬਾ ਨਾਗਰ ਸਿੰਘ ਜੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਮੁੱਖ ਗ੍ਰੰਥੀ ਗਿਆਨੀ ਜੁਗਿੰਦਰ ਸਿੰਘ, ਭਾਈ ਰਾਜਪਾਲ ਸਿੰਘ ਸ੍ਰੀ ਸਹਿਜ ਪਾਠ ਸਾਹਿਬ ਸੇਵਾ ਸੰਸਥਾ, ਭਾਈ ਦਿਲਬਾਗ਼ ਸਿੰਘ, ਸਿੱਖ ਮਿਸ਼ਨਰੀ ਕਾਲਜ ਸ੍ਰੀ ਅਨੰਦਪੁਰ ਸਾਹਿਬ ਤੋਂ ਪ੍ਰਿੰਸੀਪਲ ਸ. ਚਰਨਜੀਤ ਸਿੰਘ ਤੇ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਹਾਜ਼ਰ ਸੀ।




# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਤਾਬਦੀ ਨੂੰ ਸਮਰਪਿਤ ਨਗਰ ਕੀਰਤਨ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350ਵੇਂ ਸ਼ਹੀਦੀ ਸਤਾਬਦੀ ਨੂੰ ਸਮਰਪਿਤ ਨਗਰ ਕੀਰਤਨ ਡੇਰਾਬੱਸੀ ਹਲਕੇ ਦੇ ਵੱਖ-ਵੱਖ ਗੁਰੂਘਰਾਂ ਰਾਹੀਂ ਗੁਜ਼ਰਦਾ ਹੋਇਆ ਇਤਿਹਾਸਿਕ ਗੁਰਦੁਆਰਾ ਸ਼੍ਰੀ ਨਾਭਾ ਸਾਹਿਬ (ਪਾਤਸ਼ਾਹੀ ਨੌਵੀਂ-ਦਸਵੀਂ) ਵੱਲ ਰਵਾਨਾ ਹੋਇਆ। ਨਗਰ ਕੀਰਤਨ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਗੁ: ਦਿਹਾਤੀ ਸ਼੍ਰੀ ਸਿੰਘ ਸਭਾ ਡੇਰਾਬੱਸੀ ਵੱਲੋਂ ਨੇੜਲੇ ਬੱਸ ਸਟੈਂਡ ਤੋਂ ਆਰੰਭ ਕੀਤਾ ਗਿਆ। ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਸੰਗਤ ਸਮੇਤ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਵਿਧਾਇਕ ਰੰਧਾਵਾ ਨੇ ਦੱਸਿਆ ਕਿ 25 ਅਕਤੂਬਰ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਅਤੇ ਗੁਰਦੁਆਰਾ ਰਕਾਬਗੰਜ ਸਾਹਿਬ (ਦਿੱਲੀ) ਵਿਖੇ ਅਰਦਾਸ ਕਰਕੇ ਸਮਾਗਮਾਂ ਦੀ ਰਸਮੀ ਸ਼ੁਰੂਆਤ ਕੀਤੀ ਗਈ ਸੀ। 1 ਨਵੰਬਰ ਤੋਂ 18 ਨਵੰਬਰ ਤੱਕ ਪੰਜਾਬ ਦੇ 23 ਜ਼ਿਲ੍ਹਿਆਂ 'ਚ ਲਾਈਟ ਐਂਡ ਸਾਊਂਡ ਸ਼ੋਅ ਰਾਹੀਂ ਗੁਰੂ ਸਾਹਿਬਾਂ ਦੇ ਜੀਵਨ, ਬਚਨਾਂ ਅਤੇ ਸ਼ਹਾਦਤ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਅੱਗੇ ਦੱਸਿਆ ਕਿ 19 ਨਵੰਬਰ ਨੂੰ ਸਵੇਰੇ ਮੁੱਖ ਮੰਤਰੀ ਭਗਵੰਤ ਮਾਨ, ਵੱਖ-ਵੱਖ ਸੰਤ-ਮਹਾਂਪੁਰਸ਼ਾਂ ਅਤੇ ਸੰਗਤ ਦੀ ਹਾਜ਼ਰੀ 'ਚ ਸ਼੍ਰੀਨਗਰ ਤੋਂ ਪਹਿਲਾ ਨਗਰ ਕੀਰਤਨ ਰਵਾਨਾ ਹੋਵੇਗਾ, ਜੋ 22 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਪਹੁੰਚੇਗਾ। ਕੁੱਲ ਚਾਰ ਨਗਰ ਕੀਰਤਨ ਕੱਢੇ ਜਾਣਗੇ। 23, 24 ਅਤੇ 25 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੱਡੇ ਸਮਾਗਮ ਹੋਣਗੇ ਜਿੱਥੇ ਵਿਰਾਸਤ-ਏ-ਖ਼ਾਲਸਾ 'ਚ ਗੁਰੂ ਸਾਹਿਬ ਦੇ ਜੀਵਨ ਅਤੇ ਬਲੀਦਾਨਾਂ ਬਾਰੇ ਡਰੋਨ ਸ਼ੋਅ ਵੀ ਦਰਸਾਏ ਜਾਣਗੇ। 23 ਨਵੰਬਰ ਨੂੰ ਸਵੇਰੇ 10 ਵਜੇ ਅਖੰਡ ਪਾਠ ਸਾਹਿਬ ਦਾ ਆਰੰਭ ਅਤੇ ਸਰਵ ਧਰਮ ਸੰਮੇਲਨ ਹੋਵੇਗਾ। ਰੰਧਾਵਾ ਨੇ ਕਿਹਾ ਕਿ ਇੱਕ ਕਰੋੜ ਤੋਂ ਵੱਧ ਸੰਗਤ ਦੇ ਸ੍ਰੀ ਅਨੰਦਪੁਰ ਸਾਹਿਬ ਪਹੁੰਚਣ ਦੀ ਸੰਭਾਵਨਾ ਹੈ।



# ਗਰੀਬ ਲੜਕੀਆਂ ਤੇ ਔਰਤਾਂ ਨੂੰ ਸੈਨੇਟਰੀ ਪੈਡ ਵੰਡਣ ਲਈ 53 ਕਰੋੜ ਦੀ ਮਨਜ਼ੂਰੀ : ਡਾ. ਬਲਜੀਤ ਕੌਰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਵੱਲੋਂ ਸਮਾਜਿਕ ਭਲਾਈ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਇੱਕ ਵੱਡੇ ਕਦਮ ਤਹਿਤ, ਰਾਜ ਦੀ ਸਮੁੱਚੀ ਕੈਬਨਿਟ ਨੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਨਾਲ ਸਬੰਧਤ ਕਈ ਅਹਿਮ ਫ਼ੈਸਲਿਆਂ ਨੂੰ ਮਨਜ਼ੂਰੀ ਦਿੱਤੀ ਹੈ। ਇਹ ਜਾਣਕਾਰੀ ਸਾਂਝੀ ਕਰਦਿਆਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਮੁੱਚੀ ਕੈਬਨਿਟ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਫ਼ੈਸਲੇ ਰਾਜ ਦੇ ਕਮਜ਼ੋਰ ਤੇ ਲੋੜਵੰਦ ਵਰਗਾਂ ਲਈ ਵੱਡੀ ਰਾਹਤ ਸਾਬਤ ਹੋਣਗੇ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਕੈਬਨਿਟ ਨੇ ਬਾਲ ਵਿਕਾਸ ਪ੍ਰੋਜੈਕਟ ਅਧਿਕਾਰੀ ਦੀਆਂ 16 ਅਸਾਮੀਆਂ ਭਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਰਾਜ ਵਿੱਚ ਕੇਂਦਰ ਅਤੇ ਰਾਜ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਔਰਤਾਂ ਅਤੇ ਬੱਚਿਆਂ ਦੀ ਭਲਾਈ ਸਬੰਧੀ ਸਕੀਮਾਂ ਦੀ ਨਿਗਰਾਨੀ ਅਤੇ ਅਮਲ ਵਿੱਚ ਮਹੱਤਵਪੂਰਨ ਸੁਧਾਰ ਹੋਣਗੇ ਅਤੇ ਇਹਨਾਂ ਯੋਜਨਾਵਾਂ ਨੂੰ ਜ਼ਮੀਨੀ ਪੱਧਰ ਤੇ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤੀਆਂ ਜਾ ਸਕਣਗੀਆਂ।ਲੋੜਵੰਦ ਲੜਕੀਆਂ ਅਤੇ ਔਰਤਾਂ ਦੀ ਸਿਹਤ ਜ਼ਰੂਰਤਾਂ ਨੂੰ ਪ੍ਰਾਥਮਿਕਤਾ ਦਿੰਦਿਆਂ, ਕੈਬਨਿਟ ਨੇ ਆਂਗਣਵਾੜੀ ਵਰਕਰਾਂ ਰਾਹੀਂ ਸੈਨੇਟਰੀ ਪੈਡ ਵੰਡਣ ਲਈ 53 ਕਰੋੜ ਰੁਪਏ ਦੀ ਮਨਜ਼ੂਰੀ ਪ੍ਰਦਾਨ ਕੀਤੀ ਹੈ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਹ ਸਕੀਮ ਲੱਖਾਂ ਲੜਕੀਆਂ ਤੇ ਔਰਤਾਂ ਦੀ ਸਿਹਤ, ਸਫਾਈ ਅਤੇ ਮਾਹਵਾਰੀ ਜਾਗਰੂਕਤਾ ਵਿੱਚ ਸੁਧਾਰ ਲਿਆਉਣ ਵਿੱਚ ਮਦਦਗਾਰ ਸਾਬਤ ਹੋਵੇਗੀ।

# ਸਾਂਪਲਾ ਤੇ ਸੋਮ ਪ੍ਰਕਾਸ਼ ਦੇ ਕਾਰਜਕਾਲ ਦੌਰਾਨ ਵਿਕਾਸ ਲਈ ਆਈਆਂ ਗ੍ਰਾਂਟਾਂ ਹੋਈਆਂ ਵਾਪਸ : ਵਿਧਾਇਕ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਟਾਂਡਾ ਵਿਧਾਨ ਸਭਾ ਹਲਕੇ ਦੇ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਸਾਬਕਾ ਲੋਕ ਸਭਾ ਮੈਂਬਰ ਵਿਜੇ ਸਾਂਪਲਾ ਅਤੇ ਸੋਮ ਪ੍ਰਕਾਸ਼ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਦੋਵੇਂ ਨੇਤਾਵਾਂ ਦੇ ਕਾਰਜਕਾਲ ਦੌਰਾਨ ਜਨਤਾ ਨੂੰ ਵਿਕਾਸ ਦੇ ਨਾਮ 'ਤੇ ਸਿਰਫ਼ ਉਡੀਕ ਅਤੇ ਖੋਖਲੇ ਵਾਅਦੇ ਹੀ ਮਿਲੇ। ਰਾਜਾ ਗਿੱਲ ਨੇ ਕਿਹਾ ਕਿ ਸਾਬਕਾ ਲੋਕ ਸਭਾ ਮੈਂਬਰ ਵਿਜੇ ਸਾਂਪਲਾ ਨੇ ਹਾਲ ਹੀ ਵਿੱਚ ਪ੍ਰੈਸ ਕਾਨਫਰੰਸ ਕਰਕੇ ਆਪਣੇ ਹੀ ਕਾਰਜਕਾਲ ਦੀ ਨਾਕਾਮੀ ਨੂੰ ਬੇਨਕਾਬ ਕੀਤਾ ਹੈ। ਰਾਜਾ ਗਿਲ ਨੇ ਦੱਸਿਆ ਕਿ ਸਾਬਕਾ ਲੋਕ ਸਭਾ ਮੈਂਬਰ ਵਿਜੇ ਸਾਂਪਲਾ ਦੀ 2 ਕਰੋੜ 45 ਲੱਖ ਰੁਪਏ ਅਤੇ ਸੋਮ ਪ੍ਰਕਾਸ਼ ਦੀ 7 ਕਰੋੜ 27 ਲੱਖ 43 ਹਜ਼ਾਰ 550 ਰੁਪਏ ਦੀ ਰਕਮ ਲੰਬੇ ਸਮੇਂ ਤੱਕ ਐਮਪੀ ਲੈਡ ਫੰਡ ਵਿੱਚ ਪਈ ਰਹੀ ਅਤੇ ਵਰਤੋਂ ਨਾ ਹੋਣ ਦੇ ਕਾਰਨ ਵਾਪਸ ਹੋ ਗਈ, ਜਿਸ ਦਾ ਲੋਕਾਂ ਨੂੰ ਕੋਈ ਲਾਭ ਨਹੀਂ ਮਿਲਿਆ। ਰਾਜਾ ਗਿੱਲ ਨੇ ਕਿਹਾ ਕਿ ਇਹਨਾਂ ਦੋਵੇਂ ਸਾਬਕਾ ਮੈਂਬਰ ਪਾਰਲੀਮੈਂਟ ਵੱਲੋਂ ਨਾਂ ਵਰਤ ਕੇ ਮੋੜੀ ਗਈ ਗ੍ਰਾਂਟ ਦੀ ਕੁੱਲ 9 ਕਰੋੜ 72 ਲੱਖ 43 ਹਜ਼ਾਰ 550 ਰੁਪਏ ਦੀ ਗ੍ਰਾਂਟ ਮੌਜੂਦਾ ਲੋਕ ਸਭਾ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਦੇ ਪੁਰਜ਼ੋਰ ਯਤਨਾਂ ਨਾਲ ਮੁੜ ਜਾਰੀ ਹੋਈ ਹੈ। ਉਨ੍ਹਾਂ ਇਹ ਰਕਮ ਹਲਕੇ ਲਈ ਦੁਬਾਰਾ ਲਿਆਂਦੀ ਹੈ, ਜਿਸ ਨਾਲ ਟਾਂਡਾ ਅਤੇ ਹੁਸ਼ਿਆਰਪੁਰ ਹਲਕੇ ਵਿੱਚ ਰੁਕੇ ਹੋਏ ਵਿਕਾਸ ਕਾਰਜਾਂ ਨੂੰ ਮੁੜ ਗਤੀ ਮਿਲੇਗੀ।



# ਵਿਧਾਇਕ ਨੇ 36 ਪੰਚਾਇਤਾਂ ਨੂੰ 87.93 ਲੱਖ ਦੀਆਂ ਗ੍ਰਾਂਟਾਂ ਵੰਡੀਆਂ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਡੇਰਾਬੱਸੀ ਹਲਕੇ ਦੀਆਂ 36 ਗ੍ਰਾਮ ਪੰਚਾਇਤਾਂ ਨੂੰ ਚੱਲ ਰਹੇ ਵਿਕਾਸ ਕਾਰਜਾਂ ਨੂੰ ਤੇਜ਼ ਕਰਨ ਅਤੇ ਨਵੇਂ ਪੇਂਡੂ ਵਿਕਾਸ ਕਾਰਜਾਂ ਲਈ 87.93 ਲੱਖ ਰੁਪਏ ਦੀਆਂ ਵਿਕਾਸ ਗ੍ਰਾਂਟਾਂ ਵੰਡੀਆਂ। ਜਾਰੀ ਕੀਤੇ ਗਏ ਫੰਡ ਲਾਇਬ੍ਰੇਰੀਆਂ, ਠੋਸ ਰਹਿੰਦ-ਖੂੰਹਦ ਪ੍ਰਬੰਧਨ, ਸਟਰੀਟ ਲਾਈਟਾਂ, ਖੇਡ ਦੇ ਮੈਦਾਨ, ਪੀਣ ਵਾਲੇ ਪਾਣੀ ਦੀਆਂ ਸਹੂਲਤਾਂ, ਕਮਿਊਨਿਟੀ ਸੈਂਟਰਾਂ, ਪਿੰਡਾਂ ਦੀਆਂ ਗਲੀਆਂ ਦੀ ਮੁਰੰਮਤ ਅਤੇ ਡਰੇਨੇਜ ਪ੍ਰਣਾਲੀਆਂ ਨਾਲ ਸਬੰਧਤ ਪ੍ਰੋਜੈਕਟਾਂ ਵਾਸਤੇ ਸਨ। ਜਿਨ੍ਹਾਂ ਪਿੰਡਾਂ ਨੂੰ ਖਾਸ ਪ੍ਰੋਜੈਕਟਾਂ ਲਈ ਗ੍ਰਾਂਟਾਂ ਜਾਰੀ ਕੀਤੀਆਂ ਗਈਆਂ, ਉਨ੍ਹਾਂ ਵਿੱਚ ਭਾਂਖਰਪੁਰ ਅਤੇ ਬਾਕਰਪੁਰ ਨੂੰ ਲਾਇਬ੍ਰੇਰੀਆਂ ਲਈ 5-5 ਲੱਖ ਰੁਪਏ, ਸਮਗੌਲੀ ਅਤੇ ਧਰਮਗੜ੍ਹ ਨੂੰ ਲਾਇਬ੍ਰੇਰੀਆਂ ਲਈ 3-3 ਲੱਖ ਰੁਪਏ ਅਲਾਟ ਕੀਤੇ ਗਏ, ਜਦੋਂ ਕਿ ਮੋਰ ਠੀਕਰੀ ਨੂੰ ਸਟਰੀਟ ਲਾਈਟਾਂ ਲਈ 3 ਲੱਖ ਰੁਪਏ ਮਿਲੇ। ਮੀਆਂਪੁਰ ਨੂੰ ਧਰਮਸ਼ਾਲਾ ਦੇ ਕੰਮਾਂ ਲਈ 3 ਲੱਖ ਰੁਪਏ ਦਿੱਤੇ ਗਏ, ਅਤੇ ਇਬਰਾਹਿਮਪੁਰ ਨੂੰ ਗਲੀਆਂ ਅਤੇ ਡਰੇਨੇਜ ਸੁਧਾਰ ਲਈ 3 ਲੱਖ ਰੁਪਏ ਮਿਲੇ। ਸਾਲਿਡ ਵੇਸਟ ਮੈਨੇਜਮੈਂਟ (ਠੋਸ ਕੂੜਾ ਪ੍ਰਬੰਧਨ) ਪਹਿਲਕਦਮੀਆਂ ਲਈ ਇਬਰਾਹਿਮਪੁਰ, ਪਰਾਗਪੁਰ, ਰਾਮਪੁਰ ਸੈਣੀਆਂ, ਖੇੜੀ ਜੱਟਾਂ, ਪੁਨਸਰ, ਰਾਮਪੁਰ ਬਹਿਲ, ਝਵਾਂਸਾ, ਫਤਿਹਪੁਰ ਜੱਟਾਂ, ਰਾਮਗੜ੍ਹ ਰੁੜਕੀ ਅਤੇ ਸਿਊਲੀ ਨੂੰ 2-2 ਲੱਖ ਰੁਪਏ ਅਲਾਟ ਕੀਤੇ ਗਏ ਹਨ। ਜਵਾਹਰਪੁਰ ਨੂੰ ਪੀਣ ਵਾਲੇ ਪਾਣੀ ਦੀ ਸਹੂਲਤ ਲਈ 2.93 ਲੱਖ ਰੁਪਏ ਮਿਲੇ ਹਨ। ਇਸੇ ਤਰ੍ਹਾਂ ਪਿੰਡ ਡੰਗਡੇਹਰਾ, ਝਰਮੜੀ, ਅਮਲਾਲਾ, ਚੰਡਿਆਲਾ, ਰਾਜਾਪੁਰ, ਧੀਰੇਮਾਜਰਾ, ਰਾਮਪੁਰ ਸੈਣੀਆਂ, ਖੇਲਾਂ, ਮੱਲਣ, ਜੋਧਪੁਰ ਅਤੇ ਸਾਰੰਗਪੁਰ ਨੂੰ ਸਟਰੀਟ ਲਾਈਟਾਂ ਲਗਾਉਣ ਲਈ 2-2 ਲੱਖ ਰੁਪਏ ਦੀ ਵਿਕਾਸ ਗ੍ਰਾਂਟ ਦਿੱਤੀ ਗਈ। ਇਸੇ ਤਰ੍ਹਾਂ ਪਿੰਡ ਟਿਵਾਣਾ ਅਤੇ ਸਾਧਾਂਪੁਰ ਨੂੰ ਖੇਡ ਮੈਦਾਨ, ਮੰਡੀ ਖਜੂਰ ਨੂੰ ਫਿਰਨੀ ਰੋਡ ਦੀ ਮੁਰੰਮਤ ਲਈ, ਬਟੋਲੀ ਅਤੇ ਭਾਂਖਰਪੁਰ ਨੂੰ ਕਮਿਊਨਿਟੀ ਸੈਂਟਰ ਦੇ ਕੰਮਾਂ ਲਈ, ਜੜੌਤ ਅਤੇ ਰਾਮਗੜ੍ਹ ਰੁੜਕੀ ਨੂੰ ਗਲੀਆਂ ਅਤੇ ਡਰੇਨੇਜ ਦੇ ਸੁਧਾਰ ਲਈ, ਬਰੋਲੀ ਨੂੰ ਬੱਸ ਸ਼ੈਲਟਰ ਲਈ ਅਤੇ ਨਗਲਾ ਨੂੰ ਡਰੇਨੇਜ ਸਿਸਟਮ ਦੇ ਕੰਮਾਂ ਲਈ ਦੋ-ਦੋ ਲੱਖ ਰੁਪਏ ਦੇ ਫੰਡ ਦਿੱਤੇ ਗਏ ਹਨ।



# 'ਗੋਲਡ ਮੈਡਲ ਦਾ ਦਹੇਜ' ਪੰਜਾਬੀ ਫਿਲਮ ਦਾ ਹਿੰਦੀ ਡੱਬ ਹੋਇਆ ਤਿਆਰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਇੱਥੇ ਜਦੋਂ ਅਵਿਨਾਸ਼ ਰਾਏ ਖੰਨਾ ਦੀ ਲਿਖੀ ਕਹਾਣੀ ਗੋਲਡ ਮੈਡਲ ਦਾ ਦਹੇਜ ਦੀ ਪੰਜਾਬੀ ਫਿਲਮ ਨੂੰ ਜਦੋਂ ਚੌਪਾਲ ਚੈਨਲ ਤੇ ਸਫਲਤਾ ਮਿਲ ਰਹੀ ਹੈ, ਉਸ ਮੌਕੇ ਮਾਨਵ ਜੋਤੀ ਫਾਊਂਡੇਸ਼ਨ ਦੇ ਫਾਊਂਡਰ ਚੇਅਰਮੈਨ ਕ੍ਰਿਸ਼ਨ ਗੋਪਾਲ ਅਗਰਵਾਲ ਦੇ ਯਤਨਾਂ ਨਾਲ ਇਸ ਦਾ ਹਿੰਦੀ ਡੱਬ ਤਿਆਰ ਹੋ ਗਿਆ ਹੈ, ਇਸ ਮੌਕੇ ਤੇ ਫਿਲਮ ਦੇ ਨਿਰਦੇਸ਼ਕ ਅਜਤੇ ਨਿਰਮਾਤਾ ਅਸ਼ੋਕ ਪੁਰੀ ਨੇ ਦੱਸਿਆ ਕਿ ਜਲਦੀ ਹੀ ਮੈਡਲ ਦਾ ਦਹੇਜ ਦੀ ਤਰ੍ਹਾਂ ਸਮਾਜ ਦੇ ਇੱਕ ਹੋਰ ਸਾਰਥਕ ਉਪਰਾਲੇ ਆਈ ਡੋਨੇਸ਼ਨ ਉੱਪਰ ਅਗਰਵਾਲ ਦੀ ਲਿਖੀ ਕਹਾਣੀ ਉੱਪਰ ਇੱਕ ਵੈਬ ਫਿਲਮ ਬਣਾਈ ਜਾਵੇਗੀ। ਇਸ ਮੌਕੇ ਤੇ ਐਡਵੋਕੇਟ ਐਸ ਪੀ ਰਾਣਾ ਨੇ ਦੱਸਿਆ ਕਿ ਗਰੇਸਾ ਵੱਲੋਂ ਸਮਾਜ ਸੁਧਾਰ ਦੇ ਵੱਖ ਵੱਖ ਮੁੱਦਿਆਂ ਉੱਪਰ ਇਸ ਤਰ੍ਹਾਂ ਦੇ ਉਪਰਾਲੇ ਕੀਤੇ ਜਾਂਦੇ ਰਹੇ ਹਨ ਜਿਸ ਲਈ ਕਲਾਕਾਰ ਨਿਰਦੇਸ਼ਕ ਅਸ਼ੋਕਪੁਰੀ ਵਧਾਈ ਦਾ ਪਾਤਰ ਹੈ।

# ਹੈਰੋਇਨ ਸਮੇਤ ਇਕ ਨੌਜਵਾਨ ਕਾਬੂ



**ਕਪੂਰਥਲਾ (ਮਨਜੀਤ ਮਾਨ )**-ਫਿਲਵਾਂ ਪੁਲਸ ਨੇ ਇਕ ਨੌਜਵਾਨ ਨੂੰ 6 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਹੈ । ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਫਿਲਵਾਂ ਮੁਖੀ ਦਲਵਿੰਦਰਬੀਰ ਸਿੰਘ ਨੇ ਦੱਸਿਆ ਕਿ ਏ ਐੱਸ ਆਈ ਪਰਮਜੀਤ ਸਿੰਘ ਗਸ਼ਤ ਦੌਰਾਨ ਜਦੋਂ ਫਿਲਵਾਂ ਪੁਰਾਣੇ ਪੁਲ ਕੋਲ ਪਹੁੰਚੇ ਤਾਂ ਇਕ ਨੌਜਵਾਨ ਖੜ੍ਹਾ ਦਿਖਾਈ ਦਿੱਤਾ ਜੋ ਪੁਲਸ ਪਾਰਟੀ ਦੀ ਗੱਡੀ ਨੂੰ ਦੇਖ ਕੇ ਘਬਰਾ ਗਿਆ ਤੇ ਆਪਣੇ ਹੱਥ ਵਿਚ ਫੜ੍ਹਿਆ ਲਿਫ਼ਾਫ਼ਾ ਸੜਕ ਕਿਨਾਰੇ ਸੁੱਟ ਦਿੱਤਾ। ਜਿਸ ਨੂੰ ਪੁਲਿਸ ਪਾਰਟੀ ਨੇ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਪੁੱਛਗਿੱਛ ਕੀਤੀ ਤਾਂ ਉਸ ਨੇ ਆਪਣੀ ਪਹਿਚਾਣ ਬਲਵਿੰਦਰ ਸਿੰਘ ਉਰਫ ਦੀਪਾ ਵਾਸੀ ਜਗਜੀਤਨਗਰ ਹਮੀਰਾ ਦੱਸੀ । ਉਸ ਵਲੋਂ ਸੁੱਟੇ ਲਿਫ਼ਾਫ਼ੇ ਦੀ ਜਾਂਚ ਕਰਨ 'ਤੇ ਉਸ ਕੋਲੋਂ 6 ਗ੍ਰਾਮ ਹੈਰੋਇਨ ਬਰਾਮਦ ਹੋਈ, ਜਿਸ ਤਹਿਤ ਉਸ ਵਿਰੁੱਧ ਥਾਣਾ ਫਿਲਵਾਂ ਵਿਚ ਕੇਸ ਦਰਜ ਕਰਕੇ ਗ੍ਰਿਫ਼ਤਾਰ ਕਰ ਲਿਆ ਹੈ ਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ ।

# ਏ ਜੀ ਆਈ ਗਲੋਬਲ ਸਕੂਲ ਨੇ ਖੇਡ ਦਿਹਾੜਾ ਮਨਾਇਆ

**ਜਲੰਧਰ (ਰਾਜੇਸ਼ ਥਾਪਾ)**

ਏ ਜੀ ਆਈ ਗਲੋਬਲ ਸਕੂਲ ਨੇ ਆਪਣਾ ਦੋ ਦਿਨਾਂ ਦਾ ਖੇਡ ਦਿਹਾੜਾ 2.0 ਮਨਾਇਆ। ਸਮਾਗਮ ਦੀ ਸ਼ੁਰੂਆਤ ਰੰਗ-ਬਰੰਗੇ ਗੁਬਾਰੇ ਛੱਡ ਕੇ ਹੋਈ, ਜਿਸ ਨੂੰ ਸਕੂਲ ਦੀ ਚੇਅਰਪਰਸਨ ਸਲਵਿੰਦਰਜੀਤ ਕੌਰ ਵਲੋਂ ਕੀਤੀ ਗਈ।ਇਸ ਮੌਕੇ ਸਲਵਿੰਦਰਜੀਤ ਕੌਰ ਨੇ ਕਿਹਾ ਕਿ ਬੱਚਿਆਂ ਲਈ ਖੇਡਾਂ 'ਚ ਹਿੱਸਾ ਲੈਣਾ ਬਹੁਤ ਜ਼ਰੂਰੀ ਹੈ, ਕਿਉਂਕਿ ਇਸ ਨਾਲ ਉਹਨਾਂ ਦੀ ਤੰਦਰੁਸਤੀ ਤੇ ਮਨ ਦੀ ਤਾਕਤ ਵਧਦੀ ਹੈ। ਉਹਨਾਂ ਨੇ ਇਹ ਵੀ ਕਿਹਾ ਕਿ ਖੇਡ ਬੱਚਿਆਂ ਨੂੰ ਮੋਬਾਈਲ ਅਤੇ ਆਧੁਨਿਕ ਤਕਨਾਲੋਜੀ ਦੇ ਮਾੜੇ ਅਸਰਾਂ ਤੋਂ ਦੂਰ ਰੱਖਦੀਆਂ ਹਨ।ਸਮਾਗਮ ਦੀ ਸ਼ੁਰੂਆਤ ਬੱਚਿਆਂ ਦੇ ਸੁੰਦਰ ਤੇ ਰੰਗੀਲੇ ਮਾਰਚ-ਪਾਸਟ ਨਾਲ ਹੋਈ।ਦਿਨ ਭਰ ਬੱਚਿਆਂ ਨੇ ਐਰੋਬਿਕਸ, ਯੋਗਾ, ਸਕੇਟਿੰਗ ਅਤੇ ਜ਼ੁੰਬਾ ਰਾਹੀਂ ਆਪਣੀ ਕਾਬਲਿਯਤ ਦਿਖਾਈ।ਐਥਲੈਟਿਕ ਪ੍ਰੋਗਰਾਮਾਂ ਵਿੱਚ ਬੱਚਿਆਂ ਨੇ ਵੱਖ-ਵੱਖ ਮਜ਼ੇਦਾਰ ਦੌੜਾਂ ਵਿੱਚ ਹਿੱਸਾ ਲਿਆ ਜਿਸ ਵਿੱਚ ਰਿਲੇ ਰੇਸ, ਤਿੰਨ-ਟੰਗ ਦੌੜ, ਸਕੂਲ ਬੈਗ ਪੈਕ ਕਰਨ ਵਾਲੀ ਦੌੜ ਆਦਿ ਸ਼ਾਮਲ ਸਨ ।ਬੱਚਿਆਂ ਲਈ ਮਜ਼ੇਦਾਰ ਖੇਡਾਂ ਵੀ ਰੱਖੀਆਂ ਗਈਆਂ ਸਨ , ਜਿਵੇਂ ਬਾਲ-ਬੈਲੈਂਸਿੰਗ।ਮਾਪਿਆਂ ਲਈ ਵੀ ਖੇਡਾਂ ਹੋਈਆਂ, ਅਤੇ ਮਾਪਿਆਂ ਨੇ ਬੱਚਿਆਂ ਦਾ ਬਹੁਤ ਹੁੰਗਾਰਾ ਵਧਾਇਆ।ਸਭ ਤੋਂ ਰੋਮਾਂਚਕ ਮੁਕਾਬਲਾ ਰੱਸਾਕਸ਼ੀ ਰਿਹਾ, ਜਿਸ ਨਾਲ ਮਾਹੌਲ ਹੋਰ ਵੀ ਰੌਣਕਦਾਰ ਹੋ ਗਿਆ।ਸਾਰੇ ਜੇਤੂਆਂ ਅਤੇ ਹਿੱਸਾ ਲੈਣ ਵਾਲਿਆਂ ਖਿਡਾਰੀਆ ਅਤੇ ਖਿਡਾਰਨਾਂ ਨੂੰ ਮੁੱਖ ਮਹਿਮਾਨ ਸਲਵਿੰਦਰਜੀਤ ਕੌਰ ਨੇ ਮੈਡਲ ਦੇ ਕੇ ਸਨਮਾਨਤ ਕੀਤਾ

# ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਮਹਾਨ ਗੁਰਮਤਿ ਸਮਾਗਮ





**ਮੋਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਗੋਪਾਲੀਆ ਵਿਖੇ ਗੁਰਦੁਆਰਾ ਜੋਹ ਚੰਦ ਜੀ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਦਲ ਪੰਥ ਸ਼ਹੀਦ ਬਾਬਾ ਦੀਪ ਸਿੰਘ ਜੀ ਮਿਸਲ ਸ਼ਹੀਦਾਂ ਤਰਨਾ ਦਲ ਛਾਉਣੀ ਨਿਹੰਗ ਸਿੰਘਾਂ ਹੈਂਡ ਆਫ਼ਿਸ ਗੋਪਾਲੀਆ ਵੱਲੋਂ ਸਿੱਖ ਕੌਮ ਦੇ ਮਹਾਨ ਸਿਰਲੱਥ ਜੋਧੇ, ਅਮਰ ਸ਼ਹੀਦ (ਸ਼ਹੀਦ ਬਾਬਾ ਦੀਪ ਸਿੰਘ ਜੀ) ਦੇ ਸ਼ਹੀਦੀ ਦਿਹਾੜੇ ਮੌਕੇ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਅਤੇ ਸਤਿਕਾਰ ਨਾਲ ਕਰਵਾਏ ਗਏ। ਇਸ ਮੌਕੇ ਜਥੇਬੰਦੀ ਦੇ ਮੁੱਖ ਸੇਵਾਦਾਰ ਜਥੇਦਾਰ ਬਾਬਾ ਕੁਲਵਰਨ ਸਿੰਘ ਗੋਪਾਲੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸ਼ਹੀਦੀ ਦਿਹਾੜੇ ਸਮਾਗਮ ਦੌਰਾਨ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਸਿੰਘ ਸਾਹਿਬ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ, ਜਥੇਦਾਰ ਬਾਬਾ ਕੁਲਵਰਨ ਸਿੰਘ ਗੋਪਾਲੀਆ, ਜਥੇਦਾਰ ਬਾਬਾ ਅਜੀਤ ਸਿੰਘ ਬਾਸੀ ਦਿਹਾਣਾ, ਬਾਬਾ ਬਲਰਾਜ ਸਿੰਘ ਗਿੱਲ ਰਹੱਲੀ, ਭਾਈ ਬਲਜੋਤ ਸਿੰਘ, ਭਾਈ ਸਿਮਰਨਜੀਤ ਸਿੰਘ ਕਵੀਸ਼ਰੀ ਜੱਥਾ ਚੱਬੇਵਾਲ, ਭਾਈ ਅੰਮ੍ਰਿਤਪਾਲ ਸਿੰਘ ਕੀਰਤਨੀਏ ਜੱਥਾ, ਭਾਈ ਗਗਨਦੀਪ ਸਿੰਘ ਪ੍ਰਚਾਰਕ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਆਦਿ ਗੁਰਬਾਣੀ ਗੁਰਇਤਿਹਾਸ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸਮਾਗਮ ਦੌਰਾਨ ਆਏ ਹੋਏ ਰਾਗੀ ਜੱਥੇ, ਪ੍ਰਮੁੱਖ ਸ਼ਖ਼ਸ਼ੀਅਤਾਂ ਅਤੇ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਮਾਗਮ ਦੌਰਾਨ ਜਥੇਦਾਰ ਬਾਬਾ ਕੁਲਵਰਨ ਸਿੰਘ ਗੋਪਾਲੀਆਂ, ਬੀਬੀ ਕੁਲਵਿੰਦਰ ਕੌਰ, ਜਥੇਦਾਰ ਪਰਮਜੀਤ ਸਿੰਘ ਤਲਬਣ, ਬਾਬਾ ਹਰਵਿੰਦਰ ਸਿੰਘ ਰਾਣਾ, ਜਥੇਦਾਰ ਮਨਜੀਤ ਸਿੰਘ ਸਰਹਾਲਾ ਕਲਾਂ, ਕੁਲਵੰਤ ਸਿੰਘ ਹਾਰਟਾ, ਜੱਸਾ ਸਿੰਘ ਹਾਰਟਾ, ਮਦਨ ਸਿੰਘ, ਲਖਵਿੰਦਰ ਸਿੰਘ, ਮਨਜੋਤ ਸਿੰਘ ਰੂਪੋਵਾਲ, ਗੁਰਮੇਲ ਸਿੰਘ, ਅਮਰੀਕ ਸਿੰਘ, ਹੈਪੀ ਅਟਵਾਲਾ, ਜਗਤਾਰ ਸਿੰਘ, ਤੋਤਾ ਸਿੰਘ, ਸੁੱਖਾ ਸਿੰਘ ਸਰਹਾਲਾ ਖੁਰਦ ਤੋ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।ਇਸ ਮੌਕੇ ਸਮਾਗਮ ਦੌਰਾਨ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਗਏ।

# ਸਾਲਾਨਾ ਸਮਾਗਮ 'ਅਸਤਿਤਵਾ-ਦ ਐਕਸਿਸਟੈਂਸ' ਉਤਸ਼ਾਹ ਨਾਲ ਮਨਾਇਆ



**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ, ਡੇਰਾਬੱਸੀ ਵੱਲੋਂ 9ਵਾਂ ਸਾਲਾਨਾ ਸਮਾਗਮ 'ਅਸਤਿਤਵਾ - ਦ ਐਕਸਿਸਟੈਂਸ' ਬੜੇ ਹੀ ਉਤਸ਼ਾਹ, ਸੱਭਿਆਚਾਰਕ ਰੰਗਤ ਅਤੇ ਅਕਾਦਮਿਕ ਗੌਰਵ ਨਾਲ ਮਨਾਇਆ ਗਿਆ। ਸਮਾਗਮ ਨੇ ਵਿਦਿਆਰਥੀਆਂ ਦੇ ਬਹੁਪੱਖੀ ਵਿਕਾਸ ਅਤੇ ਉਨ੍ਹਾਂ ਦੇ ਪ੍ਰਤਿਭਾ ਪ੍ਰਦਰਸ਼ਨ ਦਾ ਸ਼ਾਨਦਾਰ ਦਰਸ਼ਨ ਕਰਵਾਇਆ। ਸਮਾਰੋਹ ਵਿੱਚ ਕਈ ਪ੍ਰਸਿੱਧ ਸ਼ਖਸੀਅਤਾਂ ਨੇ ਹਾਜ਼ਰੀ ਭਰੀ। ਮੇਜਰ ਜਨਰਲ ਨੀਰਜ ਬਾਲੀ (ਸੇਵਾਮੁਕਤ) ਇਸ ਮੌਕੇ ਦੇ ਮੁੱਖ ਮਹਿਮਾਨ ਸਨ। ਸ਼ਾਮ ਦੇ ਵਿਸ਼ੇਸ਼ ਮਹਿਮਾਨਾਂ ਵਿੱਚ ਸ਼ਾਮਲ ਸਨ:ਜਸਵਿੰਦਰ ਸਿੰਘ, ਜਨਰਲ ਮੈਨੇਜਰ, ਓਰੀਐਂਟਲ ਇੰਸ਼ੋਰੈਂਸ ਕੰਪਨੀ ਲਿਮਟਿਡ, ਸੰਦੀਪ ਵਰਮਾ, ਡਿਪਟੀ ਸੈਕਟਰੀ,ਪੀ ਐੱਸ ਈ ਬੀ ਮੋਹਾਲੀ, ਡਾ. ਰਮੇਸ਼ ਡੋਗਰਾ, ਸੇਵਾਮੁਕਤ ਪ੍ਰੋਫੈਸਰ, ਐੱਸ ਡੀ ਕਾਲਜ ਚੰਡੀਗੜ੍ਹ। ਇਸ ਤੋਂ ਇਲਾਵਾ ਚੇਅਰਮੈਨ ਸ. ਗੁਰਦੀਪ ਸਿੰਘ ਚਹਿਲ ਅਤੇ ਮੈਨੇਜਮੈਂਟ ਮੈਂਬਰ ਬਰਖਾ ਰਾਮ, ਸੁਭਾਸ਼ ਚੋਪੜਾ, ਲਕਸ਼ੈ ਜੈਨ, ਸ਼੍ਰੀ ਉਪੇਸ਼ ਬਾਂਸਲ (ਸਕੱਤਰ, ਭਾਰਤ ਵਿਕਾਸ ਪ੍ਰੀਸ਼ਦ, ਵਿਵੇਕਾਨੰਦ ਸ਼ਾਖਾ, ਡੇਰਾਬੱਸੀ), ਸ਼੍ਰੀ ਰਾਜਨ ਚਾਵਲਾ ਅਤੇ ਸਕੂਲ ਦੀ ਪ੍ਰਿੰਸੀਪਲ ਡਾ. ਬਸੁੰਧਰਾ ਵੀ ਮੌਜੂਦ ਸਨ। ਸਮਾਗਮ ਦੀ ਸ਼ੁਰੂਆਤ ਦੀਵਾ ਜਗਾ ਕੇ ਅਤੇ ਰੂਹਾਨੀ ਸ਼ਬਦਾਂ ਨਾਲ ਬ੍ਰਹਮ ਅਸ਼ੀਰਵਾਦ ਲੈ ਕੇ ਕੀਤੀ ਗਈ। ਇਸ ਤੋਂ ਬਾਅਦ ਮੈਨੇਜਮੈਂਟ ਨੇ ਸਾਰੇ ਮਹਿਮਾਨਾਂ ਦਾ ਸੁਆਗਤ ਕੀਤਾ ਅਤੇ ਸਮਾਗਮ ਦੇ ਉਦੇਸ਼ਾਂ ਬਾਰੇ ਵਿਚਾਰ ਸਾਂਝੇ ਕੀਤੇ।ਵਿਦਿਆਰਥੀਆਂ ਦੁਆਰਾ ਪੇਸ਼ ਕੀਤਾ ਗਿਆ ਸੰਗੀਤਕ ਨਾਚ ਨਾਟਕ ਸਮਾਗਮ ਦਾ ਮੁੱਖ ਕੇਂਦਰ ਰਿਹਾ। ਇਸ ਵਿੱਚ ਥੀਮ ਅਸਤਿਤਵਾ ਨੂੰ ਬੇਹੱਦ ਸੁੰਦਰਤਾ ਨਾਲ ਦਰਸਾਇਆ ਗਿਆ। ਪੇਸ਼ਕਾਰੀਆਂ ਨੇ ਭਾਰਤ ਦੀ ਸੱਭਿਆਚਾਰਕ ਵਿਰਾਸਤ, ਏਕਤਾ, ਵਿਭਿੰਨਤਾ ਅਤੇ ਰਾਸ਼ਟਰੀ ਏਕਤਾ ਦਾ ਜੀਵੰਤ ਚਿੱਤਰ ਪੇਸ਼ ਕੀਤਾ। ਮੁੱਖ ਮਹਿਮਾਨ ਮੇਜਰ ਜਨਰਲ ਨੀਰਜ ਬਾਲੀ (ਸੇਵਾਮੁਕਤ) ਨੇ ਸਕੂਲ ਦੇ ਮੁੱਲ-ਅਧਾਰਤ ਸਿੱਖਿਆ ਮਾਡਲ ਅਤੇ ਵਿਦਿਆਰਥੀਆਂ ਵਿੱਚ ਸੰਪੂਰਨ ਵਿਕਾਸ ਨੂੰ ਪ੍ਰੋਤਸਾਹਿਤ ਕਰਨ ਲਈ ਸਕੂਲ ਪ੍ਰਬੰਧਨ ਦੀ ਭਰਪੂਰ ਪ੍ਰਸ਼ੰਸਾ ਕੀਤੀ।

18-NOV-PAGE-10.qxd 11/17/2025 9:20 PM Page 1



## ਵਿਧਾਇਕਾ ਨੇ ਸਫ਼ੂਵਾਲਾ ਤੇ ਸਿੰਘਾਂਵਾਲਾ 'ਚ ਆਧੁਨਿਕ ਖੇਡ ਮੈਦਾਨਾਂ ਦਾ ਰੱਖਿਆ ਨੀਂਹ ਪੱਥਰ

*ਸਰਕਾਰ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਕਰ ਰਹੀ ਉਪਰਾਲੇ : ਡਾ. ਅਰੋੜਾ*



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਮੋਗਾ ਜ਼ਿਲ੍ਹੇ ਦੇ ਪਿੰਡ ਸਫ਼ੂਵਾਲਾ ਵਿੱਚ ?26.79 ਲੱਖ ਦੀ ਲਾਗਤ ਨਾਲ ਤੇ ਮੋਗਾ ਜ਼ਿਲ੍ਹੇ ਦੇ ਪਿੰਡ ਸਿੰਘਾਵਾਲਾ ਵਿੱਚ 27 ਲੱਖ ਦੀ ਲਾਗਤ ਨਾਲ ਆਧੁਨਿਕ ਖੇਡ ਮੈਦਾਨਾਂ ਦੇ ਨਿਰਮਾਣ ਦਾ ਨੀਂਹ ਪੱਥਰ ਰੱਖਿਆ।ਇਸ ਮੌਕੇ ਬੋਲਦਿਆਂ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਇਹ ਖੇਡ ਮੈਦਾਨ ਪ੍ਰੋਜੈਕਟ ਪਿੰਡ ਦੇ ਨੌਜਵਾਨਾਂ ਨੂੰ ਖੇਡਾਂ ਵਿੱਚ ਹਿੱਸਾ ਲੈਣ, ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰਨ ਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਤ ਕਰਨ ਲਈ ਮੀਲ ਪੱਥਰ ਸਾਬਿਤ ਹੋਣਗੇ।ਉਨ੍ਹਾਂ ਕਿਹਾ ਕਿ ਖਿਡਾਰੀਆਂ ਤੇ ਨੌਜਵਾਨਾਂ ਨੂੰ ਸ਼ਾਨਦਾਰ ਖੇਡ ਸਹੂਲਤਾਂ ਪ੍ਰਦਾਨ ਕਰਨਾ ਸਾਡੀ ਤਰਜੀਹ ਹੈ ਤੇ ਅਸੀਂ ਇਸ ਦਿਸ਼ਾ ਵਿੱਚ ਯਤਨਸ਼ੀਲ ਰਹਾਂਗੇ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੰਜਾਬ ਦੇ ਨੌਜਵਾਨਾਂ ਨੂੰ ਹੋਰ ਖੇਡਾਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਤ ਕਰ ਰਹੀ ਹੈ।ਪੰਜਾਬ ਸਰਕਾਰ ਨੇ ਸਮੇਂ-ਸਮੇਂ 'ਤੇ ਮੋਗਾ ਜ਼ਿਲ੍ਹੇ ਦੇ ਕਈ ਖੇਡ ਮੈਦਾਨਾਂ ਲਈ ਲੱਖਾਂ ਰੁਪਏ ਦੀਆਂ ਗ੍ਰਾਂਟਾਂ ਜਾਰੀ ਕੀਤੀਆਂ ਹਨ ਤੇ ਉਨ੍ਹਾਂ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਗਿਆ ਹੈ।ਉਨ੍ਹਾਂ ਖਿਡਾਰੀਆਂ ਨੂੰ ਦੱਸਿਆ ਕਿ ਖੇਡਾਂ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਹਨ, ਜੋ ਸਾਡੇ ਸਰੀਰ ਨੂੰ ਤੰਦਰੁਸਤ ਰੱਖਦੀਆਂ ਹਨ।ਉਨ੍ਹਾਂ ਖਿਡਾਰੀਆਂ ਨੂੰ ਵੱਧ ਤੋਂ ਵੱਧ ਖੇਡਾਂ ਵਿੱਚ ਹਿੱਸਾ ਲੈਣ ਲਈ ਵੀ ਉਤਸ਼ਾਹਤ ਕੀਤਾ।ਇਸ ਮੌਕੇ ਸਫ਼ੂਵਾਲਾ ਤੇ ਸਿੰਘਾਵਾਲਾ ਪਿੰਡਾਂ ਦੇ ਵਸਨੀਕਾਂ ਨੇ ਗ੍ਰਾਮ ਪੰਚਾਇਤਾਂ ਦੇ ਨਾਲ-ਨਾਲ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੂੰ ਸਿਰੋਪਾਓ (ਪਵਿੱਤਰ ਧਾਗਾ) ਦੇ ਕੇ ਸਨਮਾਨਤ ਕੀਤਾ ਤੇ ਉਨ੍ਹਾਂ ਦੇ ਪਿੰਡਾਂ ਵਿੱਚ ਖੇਡ ਮੈਦਾਨਾਂ ਦੀ ਉਸਾਰੀ ਲਈ ਨੀਂਹ ਪੱਥਰ ਰੱਖਣ ਲਈ ਧੰਨਵਾਦ ਕੀਤਾ।ਇਸ ਮੌਕੇ ਪਿੰਡ ਸਿੰਘਾਵਾਲਾ, ਸਫ਼ੂਵਾਲਾ ਦੇ ਵੱਡੀ ਗਿਣਤੀ ਵਿੱਚ ਗ੍ਰਾਮ ਪੰਚਾਇਤ ਮੈਂਬਰ, ਪਿੰਡ ਵਾਸੀ ਤੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਮੌਜੂਦ ਸਨ।

## ਸਿਹਤ ਮੰਤਰੀ ਵੱਲੋਂ ਸ਼ਹੀਦੀ ਦਿਵਸ ਨੂੰ ਸਮਰਪਤ ਕਈ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ

**ਪਟਿਆਲਾ/ਨਾਭਾ (ਰਾਜਿੰਦਰ ਸਿੰਘ ਬਿੰਦ/ਵਰਿੰਦਰ ਵਰਮਾ)**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਗੁਰਦੁਆਰਾ ਰੋਹਟਾ ਸਾਹਿਬ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਕੀਰਤਨ ਸਮਾਗਮ ਵਿੱਚ ਹਾਜ਼ਰੀ ਭਰੀ ਤੇ ਗੁਰੂ ਘਰ ਵਿੱਚ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਇਸ ਧਾਰਮਿਕ ਸਮਾਗਮ ਦੌਰਾਨ ਸਿਹਤ ਮੰਤਰੀ ਨੇ ਗੁਰਦੁਆਰਾ ਸਾਹਿਬ ਦੇ ਸਾਹਮਣੇ 30 ਲੱਖ ਰੁਪਏ ਨਾਲ ਤਿਆਰ ਕੀਤੀ ਗਈ ਨਵੀਂ ਪਾਰਕਿੰਗ ਤੇ ਅੰਡਰਗਰਾਊਂਡ ਰੋਹਟੀ ਰਜਵਾਹਾ ਦਾ ਉਦਘਾਟਨ ਕੀਤਾ।ਉਨ੍ਹਾਂ ਕਿਹਾ ਕਿ ਇਹ ਸਹੂਲਤਾਂ ਨਾ ਸਿਰਫ਼ ਗੁਰਦੁਆਰੇ ਵਿੱਚ ਆਉਣ ਵਾਲੀ ਸੰਗਤ ਲਈ ਸੁਵਿਧਾ ਵਧਾਉਣਗੀਆਂ, ਸਗੋਂ ਆਵਾਜਾਈ ਤੇ ਪਾਣੀ ਨਿਕਾਸ ਪ੍ਰਬੰਧ ਨੂੰ ਵੀ ਬਿਹਤਰ ਬਣਾਉਣਗੀਆਂ।ਡਾ. ਬਲਬੀਰ ਸਿੰਘ ਨੇ ਪਿੰਡ ਇੱਛੇਵਾਲ ਵਿੱਚ ਨਵੇਂ ਬਣੇ ਪੰਚਾਇਤ ਘਰ ਤੇ ਕਮਿਊਨਿਟੀ ਸੈਂਟਰ ਦੀ ਅਧੁਨਿਕ ਰਸੋਈ ਦਾ ਵੀ ਉਦਘਾਟਨ ਕੀਤਾ।ਇਸੇ ਕੜੀ ਨੂੰ ਅੱਗੇ ਵਧਾਉਂਦੇ ਹੋਏ ਸਿਹਤ ਮੰਤਰੀ ਨੇ 23.03 ਲੱਖ ਰੁਪਏ ਦੀ ਲਾਗਤ ਨਾਲ ਸਿੰਬੜੋ ਤੋਂ ਗੁਰਦੁਆਰਾ ਸਾਹਿਬ ਤੱਕ ਜਾਣ ਵਾਲੀ ਲਿੰਕ ਸੜਕ ਦੇ ਨਾਲ ਰੀਟੇਨਿੰਗ ਵਾਲ ਬਣਾਉਣ ਦਾ ਨੀਂਹ ਪੱਥਰ ਰੱਖਿਆ।ਪਿੰਡ ਸਿੰਬੜੋ ਵਿੱਚ ਤਿਆਰ ਕੀਤੇ ਨਵੇਂ ਸ਼ਮਸ਼ਾਨ ਘਾਟ ਦੇ ਵੇਟਿੰਗ ਸ਼ੈੱਡ ਦਾ ਉਦਘਾਟਨ ਕਰਦੇ ਹੋਏ ਸਿਹਤ ਮੰਤਰੀ ਨੇ ਕਿਹਾ ਕਿ ਸਰਕਾਰ ਸਮਾਜ ਦੇ ਹਰ ਵਰਗ ਦੀਆਂ ਜ਼ਰੂਰਤਾਂ ਨੂੰ ਸਮਝਦਿਆਂ ਧਾਰਮਿਕ ਤੇ ਸਮਾਜਿਕ ਥਾਵਾਂ ਦੀ ਬਿਹਤਰੀ ਲਈ ਵਚਨਬੱਧ ਹੈ।ਗੁਰੂ ਘਰ ਵਿੱਚ ਸੰਗਤ ਨੂੰ ਸੰਬੋਧਨ ਕਰਦੇ ਡਾ. ਬਲਬੀਰ ਸਿੰਘ ਨੇ ਆਉਣ ਵਾਲੇ ਦਿਨਾਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਧਾਰਮਿਕ ਸਮਾਗਮਾਂ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਸਮਾਗਮਾਂ ਦੌਰਾਨ ਸਾਫ-ਸਫਾਈ ਬਰਕਰਾਰ ਰੱਖਣ।

ਸਥਾਨਕ ਸੰਗਤ, ਪਿੰਡ ਵਾਸੀਆਂ ਤੇ ਪੰਚਾਇਤ ਮੈਂਬਰਾਂ ਨੇ ਮੰਤਰੀ ਜੀ ਦੇ ਇਲਾਕੇ ਲਈ ਕੀਤੇ ਜਾ ਰਹੇ ਵਿਕਾਸਕਾਰੀ ਯਤਨਾਂ ਦੀ ਪ੍ਰਸ਼ੰਸਾ ਕੀਤੀ ਤੇ ਕਿਹਾ ਕਿ ਇਹ ਪ੍ਰੋਜੈਕਟ ਇਲਾਕੇ ਦੀ ਤਰੱਕੀ ਵਿੱਚ ਨਵੀਂ ਰਫ਼ਤਾਰ ਭਰਨਗੇ।ਇਸ ਮੌਕੇ ਐੱਸ ਡੀ ਐੱਮ ਇਸਮਤ ਵਿਜੈ ਸਿੰਘ, ਪਿੰਡਾਂ ਦੇ ਪੰਚ ਸਰਪੰਚ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।



## ਸ਼ਹੀਦੀ ਦਿਹਾੜੇ ਨੂੰ ਸਮਰਪਤ ਭਾਸ਼ਣ ਮੁਕਾਬਲੇ 20 ਨੂੰ

**ਕੋਟਕਪੂਰਾ (ਰਛਪਾਲ ਭੁੱਲਰ)**-ਰਾਮ ਮੁਹੰਮਦ ਸਿੰਘ ਆਜ਼ਾਦ ਵੈੱਲਫੇਅਰ ਸੁਸਾਇਟੀ ਕੋਟਕਪੂਰਾ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਜ਼ਿਲ੍ਹਾ ਫਰੀਦਕੋਟ ਦੇ ਸਰਕਾਰੀ ਮਿਡਲ, ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪੜ੍ਹ ਰਹੇ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦਾ ਜੂਨੀਅਰ ਗਰੁੱਪ ਤੇ ਨੌਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦਾ ਸੀਨੀਅਰ ਗਰੁੱਪ ਬਣਾ ਕੇ 20 ਨਵੰਬਰ ਨੂੰ ਸਵੇਰੇ 10 ਵਜੇ ਸਰਕਾਰੀ ਮਿਡਲ ਸਕੂਲ ਪੁਰਾਣਾ ਕਿਲ੍ਹਾ ਕੋਟਕਪੂਰਾ ਵਿਖੇ ਭਾਸ਼ਣ ਮੁਕਾਬਲੇ ਕਰਵਾਏ ਜਾਣਗੇ।ਇਹ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਪ੍ਰਧਾਨ ਅਸ਼ੋਕ ਕੌਸ਼ਲ, ਮੀਤ ਪ੍ਰਧਾਨ ਪ੍ਰੇਮ ਚਾਵਲਾ, ਜਨਰਲ ਸਕੱਤਰ ਕੁਲਵੰਤ ਸਿੰਘ ਚਾਨੀ, ਵਿੱਤ ਸਕੱਤਰ ਸੋਮ ਨਾਥ ਅਰੋੜਾ, ਸਲਾਹਕਾਰ ਗੁਰਿੰਦਰ ਸਿੰਘ ਮਹਿੰਦੀਰੱਤਾ, ਪੀ ਆਰ ਓ ਪ੍ਰੋਫ਼ੈਸਰ ਹਰਬੰਸ ਸਿੰਘ ਪਦਮ, ਤਰਸੇਮ ਨਰੂਲਾ, ਮੁਖਤਿਆਰ ਸਿੰਘ ਮੱਤਾ ਅਤੇ ਇਕਬਾਲ ਸਿੰਘ ਮੰਘੇੜਾ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਦੇ ਜੇਤੂਆਂ ਨੂੰ ਨਗਦ ਰਾਸ਼ੀ, ਸਰਟੀਫਿਕੇਟ, ਮੈਡਲ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨਾਲ ਸਬੰਧਤ ਪੁਸਤਕ ਦੇ ਕੇ ਸਨਮਾਨਤ ਕੀਤਾ ਜਾਵੇਗਾ ਅਤੇ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੀ ਦਿੱਤੇ ਜਾਣਗੇ।

## 3 ਰੋਜ਼ਾ ਪੈਨਸ਼ਨ ਸੇਵਾ ਮੇਲਾ ਸਮਾਪਤ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਸਰਕਾਰ ਵਿੱਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਪੈਨਸ਼ਨ ਸੇਵਾ ਪੋਰਟਲ 'ਤੇ ਪੈਨਸ਼ਨਰ ਦੀ ਰਜਿਸਟ੍ਰੇਸ਼ਨ ਕਰਨ ਲਈ ਤਿੰਨ ਰੋਜ਼ਾ ਪੈਨਸ਼ਨ ਸੇਵਾ ਮੇਲਾ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਮੋਗਾ ਵਿਖੇ ਲਗਾਇਆ ਗਿਆ।ਇਹ ਜਾਣਕਾਰੀ ਦਿੰਦਿਆਂ ਵਰਿਆਮ ਸਿੰਘ, ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਮੋਗਾ ਨੇ ਦੱਸਿਆ ਕਿ 'ਪੰਜਾਬ ਸਰਕਾਰ ਵਿੱਤ ਵਿਭਾਗ ਵੱਲੋਂ ਪੈਨਸ਼ਨਰਾਂ ਦੀ ਸਹੂਲਤ ਲਈ ਪੈਨਸ਼ਨ ਸੇਵਾ ਪੋਰਟਲ (ਪੀ.ਐੱਸ.ਪੀ.) ਬਣਾਇਆ ਗਿਆ ਹੈ।ਇਸ ਸੇਵਾ ਪੋਰਟਲ 'ਤੇ ਹਰੇਕ ਪੈਨਸ਼ਨਰ ਦੀ ਰਜਿਸਟ੍ਰੇਸ਼ਨ ਹੋਣੀ ਜ਼ਰੂਰੀ ਹੈ।ਇਹ ਰਜਿਸਟ੍ਰੇਸ਼ਨ ਪੀ.ਐੱਸ.ਪੀ. 'ਤੇ ਈ-ਕੇ.ਵਾਈ.ਸੀ. ਕਰਵਾ ਕੇ ਪੈਨਸ਼ਨਰ ਵੱਲੋਂ ਆਪਣੀ ਆਈ.ਡੀ. ਬਣਾਈ ਜਾਣੀ ਹੈ। ਪੈਨਸ਼ਨਰ ਦੀ ਰਜਿਸਟ੍ਰੇਸ਼ਨ ਹੋਣ ਉਪਰੰਤ ਉਹ ਆਪਣੀ ਆਈ. ਡੀ. ਰਾਹੀਂ ਪੈਨਸ਼ਨ ਸੇਵਾ ਪੋਰਟਲ ਨਾਲ ਜੁੜ ਜਾਂਦਾ ਹੈ ਤੇ ਘਰ ਬੈਠੇ ਹੀ ਹਰੇਕ ਪ੍ਰਕਾਰ ਦੀ ਪੈਨਸ਼ਨ ਸਬੰਧੀ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ। ਇਸ ਪੈਨਸ਼ਨ ਮੇਲੇ ਵਿੱਚ ਪੈਨਸ਼ਨਰਾਂ ਵੱਲੋਂ ਵੱਡੀ ਗਿਣਤੀ 'ਚ ਸ਼ਾਮਲ ਹੋ ਕੇ ਈ-ਕੇ.ਵਾਈ.ਸੀ. ਕਰਵਾਈ ਗਈ ਤੇ ਡਿਜੀਟਲ ਲਾਈਵ ਸਰਟੀਫਿਕੇਟ ਹਾਸਲ ਕੀਤੇ ਗਏ।ਇਸ ਮੇਲੇ ਵਿੱਚ ਜ਼ਿਲ੍ਹੇ ਦੀਆਂ ਸਮੂਹ ਬੈਂਕਾਂ ਦੇ ਵੱਖ-ਵੱਖ ਕਾਊਂਟਰ ਲਗਾਏ ਗਏ।ਹਰੇਕ ਬੈਂਕ ਵੱਲੋਂ ਆਪਣੀ ਬੈਂਕ ਨਾਲ ਸਬੰਧਤ ਪੈਨਸ਼ਨਰਾਂ ਤੋਂ ਮੌਕੇ 'ਤੇ ਹੀ ਡਿਜ਼ੀਟਲ ਲਾਈਵ ਸਰਟੀਫਿਕੇਟ ਪ੍ਰਾਪਤ ਕੀਤੇ ਗਏ। ?ਇਸ ਪੈਨਸ਼ਨਰ ਮੇਲੇ ਵਿੱਚ ਸਮੂਹ ਪੈਨਸ਼ਨਰ ਜਥੇਬੰਦੀਆਂ ਦੇ ਆਗੂ ਭਜਨ ਸਿੰਘ ਗਿੱਲ, ਸੁਰਿੰਦਰ ਰਾਮ ਕੁੱਸਾ, ਦਲਜੀਤ ਸਿੰਘ ਭੁੱਲਰ, ਕ੍ਰਿਸ਼ਨ ਕੁਮਾਰ, ਗਿਆਨ ਸਿੰਘ ਰਿਟਾਇਰਡ ਡੀ.ਪੀ.ਆਰ.ਓ., ਭੁਪਿੰਦਰ ਸਿੰਘ ਸੇਖੋਂ, ਪੂਹਲਾ ਸਿੰਘ ਬਰਾੜ, ਅਸ਼ੋਕ ਕੁਮਾਰ ਵਰਮਾ, ਦਰਸ਼ਨ ਸਿੰਘ, ਬਲਵਿੰਦਰ ਸਿੰਘ ਬਰਾੜ ਤੇ ਸੁਖਦੇਵ ਸਿੰਘ ਖੋਸਾ ਆਦਿ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

## ਦੇਸ਼ ਭਗਤ ਗਲੋਬਲ ਸਕੂਲ ਦੀ ਵਿਦਿਆਰਥਣ ਨੇ ਭੰਗੜਾ ਕੱਪ 'ਚ ਕੀਤਾ ਕਮਾਲ




**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)**-ਦੇਸ਼ ਭਗਤ ਕੈਂਪਸ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਮਾਨਯੋਗ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ. ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾ. ਪਰਮਪ੍ਰੀਤ ਕੌਰ ਦੀ ਦੇਖ-ਰੇਖ ਹੇਠ ਦੇਸ਼ ਭਗਤ ਗਲੋਬਲ ਸਕੂਲ ਦੀ ਹੋਣਹਾਰ ਵਿਦਿਆਰਥਣ ਨੋਵ ਨੇ ਰਾਜ ਪੱਧਰੀ ਫੋਕ ਭੰਗੜਾ ਕੱਪ 'ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਪ੍ਰਾਪਤ ਕਰ ਸਕੂਲ ਦਾ ਸਿਰ ਉੱਚਾ ਕੀਤਾ ਹੈ।ਮੁਕਾਬਲੇ ਵਿੱਚ ਵੱਖ-ਵੱਖ ਜ਼ਿਲ੍ਹਿਆਂ ਦੀਆਂ ਸ਼ਾਮਿਲ ਪ੍ਰਤੀਯੋਗੀਆਂ ਵਿੱਚੋਂ ਨੋਵ ਨੇ ਆਪਣੀ ਗਤੀ, ਤਾਲਮੇਲ, ਅਦਾਇਗੀ ਤੇ ਭੰਗੜੇ ਦੀ ਸ਼ਰੀ ਰੂਹ ਨਾਲ ਸਭ ਦਾ ਮਨ ਮੋਹ ਲਿਆ।ਉਸਦੀ ਪ੍ਰਸਤੁਤੀ ਨੇ ਮੰਚ 'ਤੇ ਪੰਜਾਬੀ ਸੱਭਿਆਚਾਰ ਦੀ ਸੋਹਣੀ ਝਲਕ ਪੇਸ਼ ਕਰਕੇ ਦਰਸ਼ਕਾਂ ਤੇ ਜੱਜਾਂ ਦੋਵਾਂ ਦਾ ਦਿਲ ਜਿੱਤ ਲਿਆ।ਇਹ ਪ੍ਰਾਪਤੀ ਉਸਦੀ ਕਠਿਨ ਮਿਹਨਤ, ਸਮਰਪਣ ਤੇ ਸਵੈ-ਵਿਸ਼ਵਾਸ ਦੀ ਸੁੰਦਰ ਝਲਕ ਹੈ।ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਕਿਹਾ ਕਿ ਸਾਡੇ ਸਕੂਲ ਦੀ ਵਿਦਿਆਰਥਣ ਨੇ ਰਾਜ ਪੱਧਰੀ ਫੋਕ ਭੰਗੜਾ ਕੱਪ 'ਚ ਪਹਿਲਾ ਸਥਾਨ ਹਾਸਲ ਕਰਕੇ ਸਿਰ ਮਾਣ ਨਾਲ ਉੱਚੇ ਕਰ ਦਿੱਤੇ ਹਨ।ਉਸਦੀ ਪ੍ਰਸਤੁਤੀ ਵਿੱਚ ਮਿਹਨਤ, ਸਮਰਪਣ ਅਤੇ ਸੱਭਿਆਚਾਰ ਨਾਲ ਜੁੜੀ ਗਹਿਰਾਈ ਸਾਫ਼ ਦਿਖਾਈ ਦਿੱਤੀ। ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਨੇ ਕਿਹਾ ਕਿ ਇੱਕ ਲੜਕੀ ਵੱਲੋਂ ਰਾਜ ਪੱਧਰ 'ਤੇ ਫੋਕ ਭੰਗੜਾ ਕੱਪ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨਾ ਬੇਹੱਦ ਗੌਰਵ ਦੀ ਗੱਲ ਹੈ। ਉਸਨੇ ਸਾਬਤ ਕੀਤਾ ਹੈ ਕਿ ਜੇ ਮਨ 'ਚ ਜਜ਼ਬਾ ਤੇ ਦਿਲ ਵਿੱਚ ਮਿਹਨਤ ਹੋਵੇ ਤਾਂ ਕੋਈ ਵੀ ਮੰਚ ਵੱਡਾ ਨਹੀਂ। ਉਸਦੀ ਇਹ ਜਿੱਤ ਹੋਰ ਬੱਚਿਆਂ, ਖ਼ਾਸ ਕਰਕੇ ਲੜਕੀਆਂ ਲਈ ਪ੍ਰੇਰਣਾ ਦਾ ਸਰੋਤ ਹੈ।ਸਕੂਲ ਦੇ ਸੁਪ੍ਰਿੰਟੈਂਡੈਂਟ ਤੇ ਮੀਡੀਆ ਕੋਆਰਡੀਨੇਟਰ ਮੇਜਰ ਚੰਦ ਨੇ ਬੱਚੀ ਦੀ ਹਿੰਮਤ, ਧੀਰਜ ਤੇ ਲਗਨ ਦੀ ਤਾਰੀਫ਼ ਕੀਤੀ ਅਤੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

## ਬੀ ਕੇ ਯੂ ਏਕਤਾ ਆਜ਼ਾਦ ਨੇ ਕੇਂਦਰ ਤੇ ਸੂਬਾ ਸਰਕਾਰ ਦੇ ਪੁਤਲੇ ਫੂਕੇ



**ਬਰੇਟਾ (ਰੀਤਵਾਲ)**-ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਵੱਲੋਂ ਪੰਜਾਬ ਭਰ ਵਿੱਚ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੇ ਪੁਤਲੇ ਫੂਕੇ ਗਏ।ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੇ ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਕਿਸ਼ਨਗੜ੍ਹ ਨੇ ਕਿਹਾ ਕਿ ਲਾਗੂ ਕੀਤਾ ਗਿਆ ਬਿਜਲੀ ਐਕਟ 2025 ਭੰਗ ਕੀਤਾ ਜਾਵੇ, ਹੜ੍ਹ ਪੀੜਤਾਂ ਦਾ ਰਹਿੰਦਾ ਮੁਆਵਜ਼ਾ ਦਿੱਤਾ ਜਾਵੇ ਤੇ ਪਰਾਲੀ ਸਾੜਨ ਵਾਲੇ ਕਿਸਾਨਾਂ 'ਤੇ ਕੀਤੇ ਗਏ ਪਰਚੇ ਰੱਦ ਕੀਤੇ ਜਾਣ।ਜੇਕਰ ਸਰਕਾਰਾਂ ਕਿਸਾਨਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦਿੰਦੀਆਂ ਤਾਂ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਵੱਲੋਂ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ।ਇਸ ਮੌਕੇ ਕੇਵਲ ਸਿੰਘ, ਧੌਨੀ ਸਿੰਘ, ਗੁਰਜੰਟ ਸਿੰਘ ਕਿਸ਼ਨਗੜ੍ਹ, ਸੋਹਨ ਸਿੰਘ, ਭੋਲਾ ਸਿੰਘ ਗੋਬਿੰਦਪੁਰਾ, ਭੋਲਾ ਸਿੰਘ ਕਿਸ਼ਨਗੜ੍ਹ ਆਦਿ ਹਾਜ਼ਰ ਸਨ।

## ਐੱਨ ਪੀ ਐੱਸ ਕਰਮਚਾਰੀਆਂ ਵੱਲੋਂ ਅੱਜ ਕਾਲਾ ਦਿਵਸ ਮਨਾਉਣ ਦਾ ਐਲਾਨ

### ■ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜ ਕੇ ਰੋਸ ਦਾ ਕਰਨਗੇ ਪ੍ਰਗਟਾਵਾ

**ਮਾਨਸਾ (ਆਤਮਾ ਸਿੰਘ ਪਮਾਰ)**-ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਇਕਾਈ ਦੇ ਕਨਵੀਨਰ ਦਰਸ਼ਨ ਸਿੰਘ ਅਲੀਸ਼ੇਰ ਕੋ-ਕਨਵੀਨਰ ਲਖਵਿੰਦਰ ਸਿੰਘ ਮਾਨ ਤੇ ਸਟੇਟ ਕੋ-ਕਨਵੀਨਰ ਕਰਮਜੀਤ ਸਿੰਘ ਤਾਮਕੋਟ ਨੇ ਪ੍ਰੈੱਸ ਜਾਰੀ ਕਰਦਿਆਂ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਤੇ ਸੀਪੀਐੱਫ ਕਰਮਚਾਰੀ ਯੂਨੀਅਨ ਪੰਜਾਬ ਨੇ ਸਾਂਝੇ ਤੌਰ 'ਤੇ 18 ਨਵੰਬਰ 2022 ਨੂੰ ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਜਾਰੀ ਕੀਤੇ ਗਏ। ਨੋਟੀਫਿਕੇਸ਼ਨ ਦੀਆਂ ਕਾਲੇ ਬਿੱਲੇ ਲਗਾ ਕੇ ਕਾਪੀਆਂ ਸਾੜਨ ਦਾ ਪ੍ਰੋਗਰਾਮ ਉਲੀਕਿਆ ਹੈ।ਉਨ੍ਹਾਂ ਦੱਸਿਆ ਕਿ ਪੰਜਾਬ ਦੀ ਆਪ ਸਰਕਾਰ ਨੇ 18 ਨਵੰਬਰ 2022 ਨੂੰ ਹਿਮਾਚਲ ਤੇ ਗੁਜਰਾਤ ਦੀਆਂ ਚੋਣਾਂ ਨੂੰ ਮੁੱਖ ਰੱਖਦਿਆਂ ਪੰਜਾਬ ਵਿੱਚ ਪੁਰਾਣੀ ਪੈਨਸ਼ਨ ਬਹਾਲੀ ਦਾ ਅਧੂਰਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਪਰ ਅੱਜ ਤਿੰਨ ਸਾਲ ਬੀਤ ਜਾਣ ਬਾਅਦ ਵੀ ਪੰਜਾਬ ਦੇ ਦੋ ਲੱਖ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਬਹਾਲ ਨਹੀਂ ਹੋਈ ਅਤੇ ਨਾ ਹੀ ਐੱਸਓਪੀ ਜਾਰੀ ਕੀਤੀ, ਜਦਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਆਪ ਪਾਰਟੀ ਨੇ ਮੁਲਾਜ਼ਮਾਂ ਨਾਲ ਵਾਅਦਾ ਕੀਤਾ ਸੀ ਕਿ ਸਰਕਾਰ ਬਣਦਿਆਂ ਹੀ ਰਾਜ ਵਿੱਚ ਪੁਰਾਣੀ ਪੈਨਸ਼ਨ ਬਹਾਲ ਕਰ ਦਿੱਤੀ ਜਾਵੇਗੀ।ਪਿਛਲੇ ਤਿੰਨ ਸਾਲਾਂ ਵਿੱਚ ਸਰਕਾਰ ਆਪਣਾ ਹੀ ਜਾਰੀ ਕੀਤਾ ਨੋਟੀਫਿਕੇਸ਼ਨ ਲਾਗੂ ਕਰਨਾ ਭੁੱਲ ਗਈ ਹੈ ਤੇ ਕਰਮਚਾਰੀਆਂ ਨੂੰ ਪੈਨਸ਼ਨ ਵਿਹੂਣੇ ਹੀ ਸੇਵਾਮੁਕਤ ਕਰ ਘਰ ਨੂੰ ਤੋਰ ਰਹੀ ਹੈ, ਜਿਸ ਦੇ ਰੋਸ ਵਜੋਂ ਪੰਜਾਬ ਦੇ ਦੋ ਲੱਖ ਕਰਮਚਾਰੀ ਕਾਲੇ ਬਿੱਲੇ ਲਗਾ ਕੇ ਸਰਕਾਰ ਦੁਆਰਾ ਜਾਰੀ ਅਧੂਰੇ ਨੋਟੀਫਿਕੇਸ਼ਨ ਦੀਆਂ ਕਾਪੀਆਂ 18 ਨਵੰਬਰ ਨੂੰ ਲਾਂਬੂ ਲਾ ਕੇ ਤਸਵੀਰਾਂ ਸੋਸ਼ਲ ਮੀਡੀਆ 'ਤੇ ਸ਼ੇਅਰ ਕਰਨਗੇ ਤੇ 25 ਨਵੰਬਰ ਦੀ ਐੱਨਐੱਮਓਪੀਐੱਸ ਦੇ ਬੈਨਰ ਹੇਠ ਹੋਣ ਜਾ ਰਹੀ ਦਿੱਲੀ ਵਿਖੇ ਮਹਾਂਰੈਲੀ ਦੀ ਲਾਮਬੰਦੀ ਕੀਤੀ ਜਾਵੇਗੀ, ਜਿਸ ਵਿੱਚ ਪੰਜਾਬ 'ਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਮੁਲਾਜ਼ਮ ਭਾਗ ਲੈਣਗੇ ਅਤੇ ਰਾਜ ਤੇ ਕੇਂਦਰ ਸਰਕਾਰ ਖਿਲਾਫ ਆਪਣਾ ਵਿਰੋਧ ਦਰਜ ਕਰਵਾਉਣਗੇ।

ਇਸ ਮੌਕੇ ਗੁਰਪ੍ਰੀਤ ਦਲੇਲਵਾਲਾ, ਜਸਵਿੰਦਰ ਜੋਗਾ, ਗੁਰਦੀਪ ਬਰਨਾਲਾ, ਗੁਰਜੀਤ ਰੜ, ਬੇਅੰਤ ਰੜ, ਸਤਨਾਮ ਸਿੰਘ ਪ੍ਰਧਾਨ (ਜੰਗਲਾਤ) ਸ਼ਿੰਗਾਰਾ ਸਿੰਘ ਦਲੇਲਵਾਲਾ, ਜਨਕ ਸਮਾਓਂ, ਕੁਲਦੀਪ ਅੱਕਾਂਵਾਲੀ, ਰਾਜਵਿੰਦਰ ਬੈਹਣੀਵਾਲ, ਸੁਖਦੀਪ ਗਿੱਲ, ਹਰਜਿੰਦਰ ਅਨੂਪਗੜ੍ਹ, ਸੁਖਵਿੰਦਰ ਮਾਖਾ, ਮੱਘਰ ਸਿੰਘ ਹਾਕਮਵਾਲਾ, ਰਣਜੀਤ ਸਿੰਘ, ਅਮਰੀਕ ਮਾਖਾ, ਚਮਕੌਰ ਹੀਰੋਂ, ਹਰਫੂਲ ਬੋਹਾ, ਸਮਰਜੀਤ ਅਤਲਾ, ਜਸਵੰਤ ਕੌਰ, ਅਮਨਦੀਪ ਕੌਰ, ਹਰਜੀਤ ਕੌਰ, ਕਵਿਤਾ ਸ਼ਰਮਾ, ਕਮਲ ਕਿਰਨ, ਬੇਅੰਤ ਕੌਰ, ਵੀਰਪਾਲ ਕੌਰ ਆਦਿ ਆਗੂ ਹਾਜ਼ਰ ਸਨ।

## ਤਰਨ ਤਾਰਨ ਜ਼ਿਮਨੀ ਚੋਣ 'ਚ ਮਿਲੇ ਹੁੰਗਾਰੇ ਤੋਂ ਸ਼੍ਰੋਮਣੀ ਅਕਾਲੀ ਦਲ ਖੁਸ਼



**ਬੱਧਨੀ ਕਲਾਂ (ਲਵਲੀ ਕੁਮਾਰ)**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਖਣਮੁੱਖ ਸਿੰਘ ਭਾਰਤੀ ਪੱਤੋਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੋ ਤਰਨਤਾਰਨ ਵਿੱਚ ਲੋਕਾਂ ਵੱਲੋਂ ਅਕਾਲੀ ਦਲ ਨੂੰ ਦਿੱਤੇ ਵੱਡੇ ਹੁੰਗਾਰੇ ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਭਾਵੇਂ ਅਕਾਲੀ ਦਲ ਜਿੱਤ ਪ੍ਰਾਪਤ ਨਹੀਂ ਕਰ ਸਕਿਆ, ਪ੍ਰੰਤੂ ਦੂਸਰੀਆਂ ਪਾਰਟੀਆਂ ਸਖ਼ਤ ਵਿਰੋਧ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਨੂੰ ਮਿਲਿਆ ਵੱਡਾ ਹੁੰਗਾਰਾ 2027 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ ਦਾ ਸੰਕੇਤ ਹੈ। ਉਨ੍ਹਾਂ ਕਿਹਾ ਕਿ ਤਰਨਤਾਰਨ ਦੇ ਲੋਕਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਅਸਲ ਵਿੱਚ ਪੰਥਕ ਕੌਣ ਹਨ।ਝਾੜੂ ਪਾਰਟੀ ਦੀ ਜਿੱਤ ਨੂੰ ਲੋਕ ਜਿੱਤ ਨਹੀਂ ਮੰਨ ਰਹੇ ਤੇ ਲੋਕਾਂ ਨੂੰ ਪਤਾ ਹੈ ਕਿ ਝਾੜੂ ਪਾਰਟੀ ਕਿਸ ਤਰ੍ਹਾਂ ਨੇ ਕਿਸ ਤਰ੍ਹਾਂ ਜਿੱਤ ਪ੍ਰਾਪਤ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਹਰ ਗੱਲ ਤੇ ਬਦਨਾਮ ਕਰਨ ਵਾਲੇ ਲੋਕਾਂ ਦੀ ਕਚਹਿਰੀ ਵਿੱਚ ਫੇਰ ਹੋ ਚੁੱਕੇ ਹਨ। ਪੰਜਾਬ ਦੇ ਲੋਕ ਹੁਣ ਜਾਣੂ ਹੋ ਚੁੱਕੇ ਹਨ ਕਿ ਪੰਜਾਬ ਦੇ ਹੱਕਾਂ ਲਈ ਇੱਕ ਖ਼ੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਤੋਂ ਬਿਨਾਂ ਕਰੀਬ ਬਾਕੀ ਸਾਰੀਆਂ ਪਾਰਟੀਆਂ ਸਿੱਧੇ ਤੌਰ 'ਤੇ ਦਿੱਲੀ ਤੋਂ ਚੱਲਦੀਆਂ ਹਨ, ਜੋ ਕਦੇ ਵੀ ਪੰਜਾਬ ਦਾ ਭਲਾ ਨਹੀਂ ਕਰ ਸਕਦੀਆਂ।ਤਰਨਤਾਰਨ ਦੇ ਪੰਥਕ ਲੋਕਾਂ ਨੇ ਸਾਬਿਤ ਕਰ ਦਿੱਤਾ ਹੈ ਕਿ ਸ਼੍ਰੋਮਣੀ ਅਕਾਲੀ ਦੀ ਸਰਕਾਰ ਸਮੇਂ ਪੰਜਾਬ ਵਿੱਚ ਵਾਪਰੀਆਂ ਘਟਨਾਵਾਂ ਸਿਰਫ਼ ਸ਼੍ਰੋਮਣੀ ਅਕਾਲੀ ਦਲ ਨੂੰ ਬਦਨਾਮ ਕਰਨ ਲਈ ਅਤੇ ਪੰਜਾਬ ਦਾ ਵਿਕਾਸ ਰੋਕਣ ਪੰਜਾਬ ਦੀ ਆਪਸੀ ਭਾਈਚਾਰਕ ਸਾਂਝ ਖ਼ਤਮ ਕਰਨ ਦੀ ਯੋਜਨਾ ਸੀ, ਜੋ ਹੁਣ ਹੌਲ਼ੀ ਹੌਲ਼ੀ ਬੇਨਕਾਬ ਹੋ ਰਹੀ ਹੈ।ਕਾਂਗਰਸ ਤੇ ਝਾੜੂ ਪਾਰਟੀ ਦੀਆਂ ਸਰਕਾਰਾਂ ਨੇ ਪੰਜਾਬ ਦਾ ਕੋਈ ਵੀ ਵਿਕਾਸ ਨਹੀਂ ਕੀਤਾ, ਸਗੋਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੱਲੋਂ ਸ਼ੁਰੂ ਕੀਤੇ ਵਿਕਾਸ ਕਾਰਜਾਂ ਨੂੰ ਰੋਕ ਜ਼ਰੂਰ ਦਿੱਤਾ ਹੈ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਵਿਰੋਧੀਆਂ ਦੇ ਗੁੰਮਰਾਹਕੁਨ ਪ੍ਰਚਾਰ ਨੂੰ ਨਕਾਰਦਿਆਂ ਪੰਜਾਬ ਤੇ ਪੰਥ ਦੀ ਭਲਾਈ ਲਈ ਸ਼੍ਰੋਮਣੀ ਅਕਾਲੀ ਦਲ ਦਾ ਪੂਰਾ ਸਾਥ ਦਿੱਤਾ ਜਾਵੇ।

## ਵਿਧਾਇਕ ਨੇ ਕਕਰਾਲਾ 'ਚ ਖੇਡ ਸਟੇਡੀਅਮ ਦਾ ਰੱਖਿਆ ਨੀਂਹ ਪੱਥਰ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਵੱਡੇ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਤਹਿਤ ਸਮੁੱਚੇ ਪੰਜਾਬ ਵਿੱਚ ਨੌਜਵਾਨਾਂ ਤੇ ਖਿਡਾਰੀਆਂ ਲਈ ਖੇਡ ਸਟੇਡੀਅਮ ਬਣਾਏ ਜਾ ਰਹੇ ਹਨ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਹਲਕਾ ਨਾਭਾ ਦੇ ਪਿੰਡ ਕਕਰਾਲਾ ਵਿਖੇ ਤਕਰੀਬਨ 24 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਖੇਡ ਸਟੇਡੀਅਮ ਦਾ ਨੀਂਹ ਪੱਥਰ ਰੱਖਣ ਉਪਰੰਤ ਕੀਤਾ।ਉਨ੍ਹਾਂ ਦੱਸਿਆ ਕਿ ਸਟੇਡੀਅਮ ਵਿੱਚ ਖਿਡਾਰੀਆਂ ਲਈ ਵੱਖ ਵੱਖ ਪਲੇਅ ਗਰਾਊਂਡ ਜਿਵੇਂ ਵਾਲੀਬਾਲ ਗਰਾਊਂਡ, ਬਾਸਕਿਟਬਾਲ ਗਰਾਊਂਡ ਬਣਾਏ ਜਾਣਗੇ ਤੇ ਟਰੈਕ ਬਣਾਏ ਜਾਣਗੇ।ਉਨ੍ਹਾਂ ਦੱਸਿਆ ਕਿ ਜਲਦ ਨਾਭਾ ਹਲਕੇ ਦੇ ਸਾਰੇ ਪਿੰਡਾਂ ਵਿੱਚ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਜਾਰੀ ਕੀਤੀਆਂ ਜਾਣਗੀਆਂ। ਇਸ ਮੌਕੇ ਉਨ੍ਹਾਂ ਨਾਲ ਤੇਜਿੰਦਰ ਸਿੰਘ ਖਹਿਰਾ ਡਾਇਰੈਕਟਰ, ਗੁਰਦੀਪ ਸਿੰਘ ਦੀਪਾ ਰਾਮਗੜ੍ਹ ਚੇਅਰਮੈਨ ਮਾਰਕਿਟ ਕਮੇਟੀ ਭਾਦਸੋਂ, ਧਰਮਿੰਦਰ ਸਿੰਘ ਸੁੱਖੇਵਾਲ, ਭੁਪਿੰਦਰ ਸਿੰਘ ਸਰਪੰਚ, ਜਸਵਿੰਦਰ ਸਿੰਘ ਅੱਚਲ ਸਰਪੰਚ, ਅਮਨਦੀਪ ਕੁਮਾਰ ਸਰਪੰਚ ਛੱਜੂ ਭੱਟ, ਜਸਵੀਰ ਸਿੰਘ ਵਜੀਦਪੁਰ, ਪੰਚ, ਰੁਲਦਾ ਸਿੰਘ ਪੰਚ, ਹਰਪ੍ਰੀਤ ਸਿੰਘ ਪੰਚ, ਨਵਜੋਤ ਸਿੰਘ ਪੰਚ, ਲਖਵੀਰ ਸਿੰਘ ਪੰਚ, ਕਰਮਜੀਤ ਕੌਰ ਪੰਚ, ਪਰਮਿੰਦਰ ਕੌਰ ਪੰਚ, ਗਗਨਦੀਪ ਕੌਰ ਆਦਿ ਤੋਂ ਇਲਾਵਾ ਪੰਚ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।

## ਆਲ ਇੰਡੀਆ ਬਾਬਾ ਫ਼ਤਹਿ ਸਿੰਘ ਫੁੱਟਬਾਲ ਕੱਪ ਦਾ ਪੋਸਟਰ ਜਾਰੀ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬਾਬਾ ਫ਼ਤਿਹ ਸਿੰਘ ਫੁੱਟਬਾਲ ਅਕੈਡਮੀ ਦੇ ਪ੍ਰਧਾਨ ਕਰਮਜੀਤ ਸਿੰਘ ਦੀ ਅਗਵਾਈ ਵਿੱਚ ਨੌਜਵਾਨੀ ਨੂੰ ਬਚਾਉਣ ਅਤੇ ਖੇਡਾਂ ਵੱਲ ਪ੍ਰੇਰਿਤ ਕਰਨ ਦੀ ਮੁਹਿੰਮ ਤਹਿਤ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਧੰਨ ਧੰਨ ਬਾਬਾ ਫ਼ਤਿਹ ਸਿੰਘ ਜੀ ਦੇ ਜਨਮ ਦਿਵਸ ਨੂੰ ਸਮਰਪਤ ਆਲ ਇੰਡੀਆ ਬਾਬਾ ਫ਼ਤਿਹ ਸਿੰਘ ਫੁੱਟਬਾਲ ਕੱਪ ਦਾ ਪੋਸਟਰ ਦੇ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਅਤੇ ਉੱਘੇ ਸਮਾਜ ਸੇਵਕ ਜਗਦੀਪ ਸਿੰਘ ਗੁਰਾਇਆ ਵੱਲੋਂ ਸਾਂਝੇ ਤੌਰ 'ਤੇ ਜਾਰੀ ਕੀਤਾ ਗਿਆ। ਕੋਚ ਸਤਵੀਰ ਸਿੰਘ ਨੇ ਦੱਸਿਆ ਕਿ ਆਲ ਇੰਡੀਆ ਬਾਬਾ ਫ਼ਤਹਿ ਸਿੰਘ ਅੰਡਰ 17 ਸਾਲ ਫੁੱਟਬਾਲ ਕੱਪ 2025 ਕਰਮਜੀਤ ਸਿੰਘ ਢਿੱਲੋਂ ਦੀ ਸਰਪ੍ਰਸਤੀ ਹੇਠ ਮਾਤਾ ਸੁੰਦਰੀ ਸਕੂਲ ਅੱਤੇਵਾਲੀ ਵਿਖੇ 5 ਰੋਜ਼ਾ ਟੂਰਨਾਮੈਂਟ ਕਰਾਇਆ ਜਾ ਰਿਹਾ ਹੈ, ਜਿਸ ਦਾ ਐਡਵੋਕੇਟ ਲਖਵੀਰ ਸਿੰਘ ਰਾਏ, ਜਗਦੀਪ ਸਿੰਘ ਗੁਰਾਇਆ ਵੱਲੋਂ ਪੋਸਟਰ ਜਾਰੀ ਕੀਤਾ ਗਿਆ ਹੈ, ਜੋ 10 ਦਸੰਬਰ ਤੋਂ 14 ਦਸੰਬਰ ਤੱਕ ਕਰਾਇਆ ਜਾ ਰਿਹਾ ਹੈ। ਇਸ ਵਿੱਚ ਪੂਰੇ ਭਾਰਤ 'ਚੋਂ 16 ਟੀਮਾਂ ਦੇ 500 ਦੇ ਕਰੀਬ ਖਿਡਾਰੀ ਭਾਗ ਲੈ ਰਹੇ ਹਨ, ਜਿਸ ਵਿੱਚ ਅਕੈਡਮੀ ਵੱਲੋਂ ਐਨ ਆਰ ਆਈ ਭਰਾਵਾਂ ਦੇ ਸਹਿਯੋਗ ਨਾਲ 1 ਲੱਖ ਗਿਆਰਾਂ ਹਜ਼ਾਰ ਦਾ ਪਹਿਲਾ ਤੇ 71 ਹਜ਼ਾਰ ਦਾ ਇਨਾਮ ਖਿਡਾਰੀਆਂ ਨੂੰ ਉਤਸ਼ਾਹਤ ਕਰਨ ਲਈ ਦਿੱਤਾ ਜਾ ਰਿਹਾ ਹੈ, ਇਸ ਤੋਂ ਇਲਾਵਾ ਅਕੈਡਮੀ ਵੱਲੋਂ ਲੜਕੀਆਂ ਦੇ ਅੰਡਰ -19 ਸਾਲ ਦੇ ਮੁਕਾਬਲੇ, ਅੰਡਰ 14 ਸਾਲ ਅਤੇ 40 ਪਲੱਸ ਫੁੱਟਬਾਲ ਦੇ ਮੈਚ ਵੀ ਕਰਾਏ ਜਾਣਗੇ। ਬਜ਼ੁਰਗਾਂ ਦੀਆਂ ਰੇਸਾਂ ਤੇ ਨੌਜਵਾਨਾਂ ਦੇ ਡੰਡ ਬੈਠਕਾਂ ਦੇ ਮੁਕਾਬਲੇ ਕਰਾਏ ਜਾਣਗੇ। ਨੌਜਵਾਨਾਂ ਨੂੰ ਸਿੱਖੀ ਸਰੂਪ ਨਾਲ ਜੋੜਨ ਲਈ ਦਸਤਾਰਬੰਦੀ ਮੁਕਾਬਲੇ ਵੀ ਕਰਾਏ ਜਾਣਗੇ ਤਾਂ ਜੁ ਖੇਡਾਂ ਦੇ ਨਾਲ-ਨਾਲ ਅਪਣੇ ਧਰਮ ਤੇ ਸੱਭਿਆਚਾਰ ਨਾਲ ਜੁੜੇ ਰਹਿਣ।ਡਿਪਟੀ ਕਮਿਸ਼ਨਰ ਤੇ ਅਕੈਡਮੀ ਦੇ ਸਾਰੇ ਅਹੁਦੇਦਾਰਾਂ ਦਾ ਸ਼ਲਾਘਾਯੋਗ ਉਪਰਾਲਾ ਹੈ, ਜੋ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਕੇ ਖੇਡਾਂ ਨਾਲ ਜੋੜ ਰਹੇ ਹਨ।

## ਗਗਨਦੀਪ ਨੂੰ ਘਰ ਦਿਵਾਉਣ ਲਈ ਡਟਿਆ ਪਿੰਡ ਦੇਹਲਾ ਸ਼ੀਂਹਾਂ

**ਲਹਿਰਾਗਾਗਾ (ਰੀਤਵਾਲ)**-ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਦੇ ਜਨਮ ਸਥਾਨ ਨੇੜਲੇ ਪਿੰਡ ਦੇਹਲਾ ਸੀਹਾਂ ਵਿੱਚ ਨੂੰਹ ਨੂੰ ਜ਼ਮੀਨ ਵੰਡ ਕੇ ਨਾ ਦੇਣ ਕਾਰਨ ਪਿੰਡ ਵਾਸੀਆਂ ਨੇ ਉਸ ਨੂੰ ਹਿੱਸਾ ਦਿਵਾਉਣ ਸਬੰਧੀ ਵਿਵਾਦ ਨੇ ਭਿਆਨਕ ਰੂਪ ਲੈ ਲਿਆ।ਪਿੰਡ ਦੇਹਲਾ ਸੀਹਾਂ ਦੀ ਨੂੰਹ ਗਗਨਦੀਪ ਕੌਰ ਨੂੰ ਆਪਣੇ ਹਿੱਸੇ ਵਿੱਚ ਜ਼ਮੀਨ ਨਾ ਮਿਲਣ ਕਾਰਨ ਪੂਰੇ ਪਿੰਡ ਦੇ ਲੋਕ ਸਾਹਮਣੇ ਆਏ।ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਦੇਰ ਰਾਤ ਮੂਨਕ ਪੁਲਸ ਵੱਲੋਂ ਪਿੰਡ ਦੇ ਗ੍ਰਿਫਤਾਰ ਕੀਤੇ ਸਾਬਕਾ ਤੇ ਮੌਜੂਦਾ ਸਰਪੰਚ ਨੂੰ ਪੁਲਸ ਦੀਆਂ ਗੱਡੀਆਂ ਘੇਰ ਕੇ ਪਿੰਡ ਵਾਸੀਆਂ ਨੇ ਛਡਵਾਇਆ।ਪੁਲਸ ਦੀ ਇਸ ਜ਼ਬਰਦਸਤੀ ਦੇ ਵਿਰੋਧ ਵਿੱਚ ਪੁਲਸ ਦੀ ਗੱਡੀ ਦੇ ਸ਼ੀਸ਼ੇ ਵੀ ਭੰਨੇ ਗਏ।ਪੁਲਸ ਨੇ ਪਿੰਡ ਵਿੱਚ ਪਹੁੰਚੀ ਨੂੰਹ ਗਗਨਦੀਪ ਕੌਰ ਦੇ ਘਰ ਵਿੱਚ ਕੰਧਾਂ ਕੱਢਣ ਤੋਂ ਰੋਕਿਆ ਗਿਆ।ਪਿੰਡ ਵਾਸੀਆਂ ਨੇ ਜਦੋਂ ਇਸ ਦਾ ਵਿਰੋਧ ਕੀਤਾ ਤਾਂ ਐੱਸ ਐੱਚ ਓ ਨੇ ਪਿੰਡ ਦੇ 8 ਵਿਅਕਤੀਆਂ ਵਿਰੁੱਧ ਪਰਚਾ ਦਰਜ ਕਰ ਦਿੱਤਾ, ਜਿਸ ਨਾਲ ਪਿੰਡ ਵਿੱਚ ਪੂਰੀ ਤਰ੍ਹਾਂ ਰੋਹ ਵਧ ਗਿਆ, ਜਿਸ ਦੇ ਚਲਦਿਆਂ ਉੱਚ ਅਧਿਕਾਰੀਆਂ ਨੇ ਐੱਸ ਐੱਚ ਓ ਤੇ ਡੀਐੱਸਪੀ ਮੂਨਕ ਗੁਰਿੰਦਰ ਸਿੰਘ ਬੱਲ ਨੂੰ ਲਾਇਨ ਹਾਜ਼ਰ ਕਰ ਦਿੱਤਾ।ਇਸ ਮਸਲੇ ਦੀ ਨਿਰਪੱਖ ਜਾਂਚ ਲਈ ਥਾਣਾ ਮੂਣਕ ਦੇ ਨਵੇਂ ਐੱਸ ਐੱਚ ਓ ਗੁਰਮੀਤ ਸਿੰਘ ਤੇ ਨਵੇਂ ਡੀ ਐੱਸ ਪੀ ਨੂੰ ਜ਼ਿੰਮੇਵਾਰੀ ਸੌਂਪ ਦਿੱਤੀ ਗਈ ਹੈ।ਇਸੇ ਮਾਮਲੇ ਨਾਲ ਜੁੜੇ ਬਿਜਲੀ ਵਿਭਾਗ ਵੱਲੋਂ ਪਿੰਡ ਦੀ ਨੂੰਹ ਗਗਨਦੀਪ ਕੌਰ ਦੇ ਨਾਮ 'ਤੇ ਲੱਗੇ ਮੀਟਰ ਨੂੰ ਉਤਾਰ ਲਿਆ ਗਿਆ ਸੀ, ਪਰ ਪਿੰਡ ਵਾਸੀਆਂ ਦੇ ਦਬਾਅ ਨਾਲ ਉਹ ਵਾਪਸ ਲਗਾ ਦਿੱਤਾ ਗਿਆ।ਇਹ ਘਟਨਾ ਪੰਜਾਬ ਵਿੱਚ ਜ਼ਮੀਨ ਵੰਡ ਨਾਲ ਜੁੜੇ ਵਿਵਾਦਾਂ ਨੂੰ ਉਜਾਗਰ ਕਰਦੀ ਹੈ, ਜਿੱਥੇ ਮੂਨਕ ਪੁਲਸ ਦੀ ਭੂਮਿਕਾ 'ਤੇ ਵੀ ਸਵਾਲ ਉੱਠ ਰਹੇ ਹਨ।ਜ਼ਿਕਰਯੋਗ ਹੈ ਕਿ ਵਿਧਵਾ ਨੂੰਹ ਗਗਨਦੀਪ ਕੌਰ ਦੋ ਬੇਟੀਆਂ ਦੀ ਮਾਂ ਹੈ, ਜਿਸ ਨੂੰ ਆਪਣੇ ਪਰਿਵਾਰਕ ਜਾਇਦਾਦ ਵਿੱਚ ਹਿੱਸਾ ਨਾ ਮਿਲਣ ਕਾਰਨ ਪਿੰਡ ਵਾਸੀਆਂ ਨੇ ਉਸ ਨੂੰ ਨਿਆਂ ਦਿਵਾਉਣ ਲਈ ਫੈਸਲਾ ਲਿਆ।ਪਿੰਡ ਵਾਸੀਆਂ ਨੇ ਫੈਸਲਾ ਕੀਤਾ ਕਿ ਨੂੰਹ ਗਗਨਦੀਪ ਕੌਰ ਨੂੰ ਉਸ ਦੇ ਹੱਕ ਦੁਆਉਣ ਲਈ ਡੱਟ ਕੇ ਸੰਘਰਸ਼ ਕੀਤਾ ਜਾਵੇਗਾ।ਪੂਰੇ ਪੰਜਾਬ ਤੇ ਹਲਕੇ ਵਿੱਚ ਸ਼ਹੀਦ ਬਾਬਾ ਅਕਾਲੀ ਫੂਲਾ ਸਿੰਘ ਦੇ ਜੱਦੀ ਜਨਮ ਸਥਾਨ ਪਿੰਡ ਦੇਹਲਾ ਸੀਹਾਂ ਦੇ ਰੋਲ ਦੀ ਪੂਰੇ ਇਲਾਕੇ ਵਿੱਚ ਪ੍ਰਸ਼ੰਸਾ ਕੀਤੀ ਜਾ ਰਹੀ ਹੈ, ਉੱਥੇ ਹੀ ਪੁਲਸ ਦੇ ਰੋਲ ਦੀ ਪੁਰਜ਼ੋਰ ਨਿੰਦਿਆ ਵੀ ਕੀਤੀ ਜਾ ਰਹੀ ਹੈ।ਪਿੰਡ ਦੇ ਲੋਕਾਂ ਦੇ ਦਬਾਅ ਅੱਗੇ ਝੁਕਦਿਆਂ ਪੁਲਸ ਨੇ ਪਿੰਡ ਦੇ ਵਿਅਕਤੀਆਂ ਖਿਲਾਫ ਦਰਜ ਪਰਚੇ ਰੱਦ ਕਰਨ ਦਾ ਵਿਸ਼ਵਾਸ ਦਿਵਾਉਣ ਤੋਂ ਬਾਅਦ ਅਗਲਾ ਅਜੇ ਐਕਸ਼ਨ ਮੁਲਤਵੀ ਕਰ ਦਿੱਤਾ ਹੈ।



## ਸੰਧਵਾਂ ਤੇ ਵਿਧਾਇਕ ਸੇਖੋਂ ਸੰਤ ਮਹਿੰਦਰ ਦਾਸ ਦੀ ਅੰਤਮ ਅਰਦਾਸ 'ਚ ਹੋਏ ਸ਼ਾਮਲ



**ਫ਼ਰੀਦਕੋਟ (ਬੇਦੀ, ਡਿਸੂਜਾ)**-ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ ਤੇ ਹਲਕਾ ਵਿਧਾਇਕ ਸ੍ਰ. ਗੁਰਦਿੱਤ ਸਿੰਘ ਸੇਖੋਂ ਵਿਵੇਕ ਆਸ਼ਰਮ ਪਿੰਡ ਮੱਲੇਵਾਲਾ, ਵਿਖੇ ਸੰਤ ਬਾਬਾ ਮਹਿੰਦਰ ਦਾਸ ਜੀ ਦੀ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਏ।ਉਨ੍ਹਾਂ ਕਿਹਾ ਕਿ ਸੰਤ ਬਾਬਾ ਮਹਿੰਦਰ ਦਾਸ, ਸੰਤ ਬਾਬਾ ਕਰਨੈਲ ਦਾਸ ਜੀ ਦੇ ਜਨਮ ਅਸਥਾਨ ਤੇ ਸ਼ਹੀਦ ਨਾਇਬ ਸਿੰਘ ਗਿੱਲ ਵਿਵੇਕ ਆਸ਼ਰਮ ਮੱਲੇਵਾਲਾ ਦੇ ਮੁੱਖ ਸੇਵਾਦਾਰ ਸਨ, ਜੋ ਆਪਣੇ ਪੰਜ ਭੌਤਿਕ ਸਰੀਰ ਨੂੰ ਤਿਆਗ ਕੇ ਗੁਰਚਰਨਾਂ ਵਿੱਚ ਲੀਨ ਹੋ ਗਏ ਹਨ।ਉਨ੍ਹਾਂ ਕਿਹਾ ਕਿ ਬਾਬਾ ਮਹਿੰਦਰ ਦਾਸ ਜੀ ਨੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨ ਤੇ ਸੱਚ ਦੇ ਰਾਹ 'ਤੇ ਤੁਰਨ ਲਈ ਪ੍ਰੇਰਿਤ ਕੀਤਾ।ਅਜਿਹੀ ਧਾਰਮਿਕ ਸ਼ਖਸੀਅਤ ਦੇ ਸਰੀਰਕ ਤੌਰ 'ਤੇ ਚਲੇ ਜਾਣ ਨਾਲ ਸਮੂਹ ਸਮਾਜ ਨੂੰ ਇੱਕ ਵੱਡਾ ਘਾਟਾ ਪਿਆ ਹੈ, ਜੋ ਕਦੇ ਪੂਰਾ ਨਹੀਂ ਹੋ ਸਕਦਾ।ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਪੇਟ ਦੀਆਂ ਬਿਮਾਰੀਆਂ ਸੰਬੰਧੀ ਚੈੱਕਅੱਪ ਕੈਂਪ ਲਗਾਇਆ



**ਬਰੇਟਾ (ਰੀਤਵਾਲ)**-ਆਸਰਾ ਫਾਊਂਡੇਸ਼ਨ ਬਰੇਟਾ ਵੱਲੋਂ ਇਲਾਕਾ ਤੇ ਸ਼ਹਿਰ ਨਿਵਾਸੀਆਂ ਦੇ ਸਹਿਯੋਗ ਨਾਲ ਗੈਸਟਰੋ, ਲੀਵਰ ਤੇ ਪੇਟ ਦੀਆਂ ਬਿਮਾਰੀਆਂ ਦਾ ਫਰੀ ਚੈੱਕਅਪ ਕੈਂਪ ਮੁੰਬਈ ਤੋਂ ਪੇਟ ਦੇ ਰੋਗਾਂ ਦੇ ਮਾਹਰ ਡਾਕਟਰ ਲਵ ਗਰਗ ਐੱਮ ਬੀ ਬੀ ਐੱਸ (ਐੱਮ ਡੀ) (ਡੀ ਐੱਮ) ਗੈਸਟਰੋ ਐਂਟਰਲੋਜੀ ਲਵ ਗੈਸਟਰੋ ਤੇ ਲਿਵਰ ਸੁਪਰ ਸਪੈਸ਼ਲਿਸਟਰੀ ਹਸਪਤਾਲ ਸੂਏ ਵਾਲੀ ਰੋਡ ਮਾਨਸਾ ਵੱਲੋਂ ਸ੍ਰ. ਕਪੂਰ ਸਿੰਘ ਮਾਰਕੀਟ ਬਰੇਟਾ ਕੈਂਚੀਆਂ ਵਿਖੇ ਲਗਾਇਆ ਗਿਆ, ਜਿਸ ਵਿੱਚ 109 ਮਰੀਜ਼ ਚੈੱਕ ਕਰਕੇ ਫਰੀ ਦਵਾਈਆਂ ਦਿੱਤੀਆਂ ਗਈਆਂ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਨਵੀਨ ਸਿੰਗਲਾ ਚੇਅਰਮੈਨ ਰਿਮਟ ਕਾਲਜ ਬੁਢਲਾਡਾ, ਸਤਿਗੁਰ ਸਿੰਘ ਸਾਬਕਾ ਸਰਪੰਚ ਜਲਵੇੜਾ, ਬਲਦੇਵ ਸਿੰਘ ਅਕਾਲੀ ਆਗੂ ਵੱਲੋਂ ਟੀਮ ਆਸਰਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਧਰਤੀ ਹੇਠਲਾ ਪਾਣੀ ਮਾੜਾ ਹੋਣ ਕਾਰਨ ਇਲਾਕੇ ਵਿੱਚ ਪੇਟ ਲੀਵਰ ਦੀਆਂ ਬਹੁਤ ਬਿਮਾਰੀਆਂ ਹਨ, ਜੋ ਅੱਜ ਕੈਂਪ ਟੀਮ ਆਸਰਾ ਵੱਲੋਂ ਲਗਾਇਆ ਗਿਆ, ਅਸੀਂ ਇਸ ਨੇਕ ਉਪਰਾਲੇ ਦੀ ਬਹੁਤ ਸ਼ਲਾਘਾ ਕਰਦੇ ਹਾਂ।ਪ੍ਰਧਾਨ ਡਾਕਟਰ ਗਿਆਨ ਚੰਦ ਆਜ਼ਾਦ ਤੇ ਮੇਜਰ ਸਿੰਘ ਪੰਮੀ ਟੇਲਰ ਮਾਸਟਰ ਵੱਲੋਂ ਸਾਰੇ ਹੀ ਸੇਵਾਦਾਰਾਂ ਤੇ ਟੀਮ ਆਸਰਾ ਦੇ ਮੈਂਬਰ ਸਾਹਿਬਾਨ ਦਾ ਇਸ ਕੈਂਪ ਨੂੰ ਕਾਮਯਾਬ ਕਰਨ ਲਈ ਬਹੁਤ ਧੰਨਵਾਦ ਕੀਤਾ ਗਿਆ।ਇਸ ਮੌਕੇ ਵਿਸ਼ੇਸ਼ ਤੌਰ ਉੱਤੇ ਪਹੁੰਚੇ ਇਲਾਕਾ ਤੇ ਸ਼ਹਿਰ ਨਿਵਾਸੀਆਂ ਤੋਂ ਇਲਾਵਾ ਆਸਰਾ ਫਾਊਂਡੇਸ਼ਨ ਬਰੇਟਾ ਦੀ ਸਾਰੀ ਟੀਮ ਹਾਜ਼ਰ ਸੀ।

## ਸਵਾਮੀ ਰੂਪ ਚੰਦ ਜੈਨ ਸਕੂਲ ਵਿਖੇ ਸਾਲਾਨਾ ਖੇਡਾਂ ਕਰਵਾਈਆਂ




**ਜਗਰਾਉਂ (ਅਮਿਤ ਖੰਨਾ)**

ਸਵਾਮੀ ਰੂਪ ਚੰਦ ਜੈਨ ਸੀਨੀਅਰ ਸੈਕੰਡਰੀ ਸਕੂਲ ਜਗਰਾਉਂ ਵਿੱਚ ਪ੍ਰਿੰਸੀਪਲ ਸ੍ਰੀਮਤੀ ਰਾਜਪਾਲ ਕੌਰ ਦੀ ਯੋਗ ਅਗਵਾਈ ਤੇ ਸਮੂਹ ਮੈਨੇਜਮੈਂਟ ਦੀ ਸਹਿਯੋਗ ਨਾਲ ਸਾਲਾਨਾ ਸਪੋਰਟਸ ਡੇ ਬਹੁਤ ਹੀ ਧੂਮ ਧਾਮ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸਕੂਲ ਪ੍ਰਿੰਸੀਪਲ ਸ੍ਰੀਮਤੀ ਰਾਜਪਾਲ ਕੌਰ ਤੇ ਸਮੂਹ ਮੈਨੇਜਮੈਂਟ ਦੁਆਰਾ ਜੋਤੀ ਉੱਜਵਲ ਕਰਕੇ ਵਿਦਿਆਰਥੀਆਂ ਦੀ ਸਲਾਮਤੀ ਦੀ ਪ੍ਰਾਰਥਨਾ ਨਾਲ ਕੀਤੀ ਗਈ। ਖੇਡਾਂ ਦਾ ਅਰੰਭ ਝੰਡਾ ਫਹਿਰਾਉਣ ਦੀ ਰਸਮ ਤੇ ਮਸ਼ਾਲ ਜਗਾਉਣ ਉਪਰੰਤ ਮਾਰਚ ਪਾਸ ਕਰਨ ਤੋਂ ਬਾਅਦ ਹੋਇਆ।ਇਸ ਮੌਕੇ ਵਿਦਿਆਰਥੀਆਂ ਨੇ ਰੰਗ-ਬਿਰੰਗੇ ਯੂਨੀਫਾਰਮ ਵਿੱਚ ਸ਼ਾਨਦਾਰ ਮਾਰਚ ਪਾਸਟ ਕਰਕੇ ਸਭ ਦਾ ਮਨ ਮੋਹ ਲਿਆ।ਇਸ ਤੋਂ ਬਾਅਦ ਸਮੂਹ ਮੈਨੇਜਮੈਂਟ ਤੇ ਆਏ ਮੁੱਖ ਮਹਿਮਾਨਾਂ ਦਾ ਵੈਲਕਮ ਸਪੀਚ ਰਾਹੀਂ ਜੀ ਆਇਆਂ ਆਖਿਆ ਗਿਆ।ਵੱਖ ਵੱਖ ਖੇਡਾਂ ਲੜਕੇ-ਲੜਕੀਆਂ ਦੀਆਂ ਰੇਸਾਂ ਪੰਜਾਹ ਮੀਟਰ, 100 ਮੀਟਰ, 200 ਮੀਟਰ, 400, 600 ਮੀਟਰ ਰੀਲੇਅ ਰੇਸ ਤੇ ਹੋਰ ਕਈ ਮਨੋਰੰਜਕ ਖੇਡਾਂ ਵੀ ਕਰਵਾਈਆਂ ਗਈਆਂ। ਇਸ ਤੋਂ ਇਲਾਵਾ ਸੱਭਿਆਚਾਰਕ ਪ੍ਰੋਗਰਾਮ ਵਿੱਚ ਨੰਨ੍ਹੇ-ਮੁੰਨੇ ਬੱਚਿਆਂ ਦੇ ਖੂਬਸੂਰਤ ਡਾਂਸ, ਝੂਮਰ ਡਾਂਸ, ਵੈੱਲਕਮ ਡਾਂਸ, ਪੰਜਾਬੀ ਡਾਂਸ ਕਰਵਾਏ ਇਸ ਤੋਂ ਬਾਅਦ ਸੀਨੀਅਰ ਵਿੰਗ ਦੇ ਵਿਦਿਆਰਥੀਆਂ ਦੁਆਰਾ ਲੁੱਡੀ, ਹਰਿਆਣਵੀ ਡਾਂਸ, ਪੰਜਾਬੀ ਲੋਕ ਨਾਚ ਭੰਗੜਾ ਬਹੁਤ ਹੀ ਖ਼ੂਬਸੂਰਤ ਅੰਦਾਜ਼ ਵਿਚ ਪੇਸ਼ ਕਰਕੇ ਸਾਰੇ ਸਰੋਤਿਆਂ ਦਾ ਮਨ ਮੋਹ ਲਿਆ। ਇਸ ਮੌਕੇ ਭਾਰੀ ਗਿਣਤੀ ਵਿੱਚ ਪਹੁੰਚੇ ਮਾਪਿਆਂ ਤੇ ਹੋਰ ਸਰੋਤਿਆਂ ਨੇ ਇਸ ਦਿਨ ਦਾ ਭਰਪੂਰ ਆਨੰਦ ਮਾਣਿਆ। ਸਮੂਹ ਮੈਨੇਜਮੈਂਟ ਦੇ ਨਾਲ ਗੈਸਟ ਆਫ ਆਨਰ ਦੇ ਪਿੰਡ ਤਿਹਾੜਾ ਦੇ ਮੌਜੂਦਾ ਸਰਪੰਚ ਰਾਜਦੀਪ ਸਿੰਘ ਪਿੰਡ ਕੋਠੇ ਰਾਲਾ ਅਤੇ ਮੌਜੂਦਾ ਸਰਪੰਚ ਅਮਨਦੀਪ ਸਿੰਘ ਤੇ ਅਗਵਾੜ ਖਵਾਜ਼ਾ ਵਾਜੂ ਦੇ ਸਰਪੰਚ ਬਲਜਿੰਦਰ ਸਿੰਘ ਵੀ ਉਚੇਚੇ ਤੌਰ 'ਤੇ ਬੱਚਿਆਂ ਦੀ ਹੌਸਲਾ ਆਫਜ਼ਾਈ ਕਰਨ ਲਈ ਇਸ ਮੌਕੇ ਪਹੁੰਚੇ। ਉਨ੍ਹਾਂ ਜੇਤੂ ਵਿਦਿਆਰਥੀਆਂ ਨੂੰ ਮੈਡਲ, ਟ੍ਰਾਫ਼ੀ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ।ਸਕੂਲ ਪ੍ਰਿੰਸੀਪਲ ਮੈਡਮ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਖੇਡਾਂ ਜੀਵਨ ਵਿੱਚ ਅਨੁਸ਼ਾਸਨ, ਸਮਰਪਣ ਤੇ ਸਹਿਯੋਗ ਦੀ ਭਾਵਨਾ ਪੈਦਾ ਕਰਦੀਆਂ ਹਨ।ਉਨ੍ਹਾਂ ਵਿਦਿਆਰਥੀਆਂ ਨੂੰ ਹਮੇਸ਼ਾ ਖੇਡਾਂ ਵਿੱਚ ਵਧ-ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ। ਸਮਾਗਮ ਦੇ ਅੰਤ ਵਿੱਚ ਰਾਸ਼ਟਰੀ ਗੀਤ ਗਾ ਕੇ ਐਨੂਅਲ ਸਪੋਰਟਸ ਡੇ ਦਾ ਸਮਾਪਨ ਕੀਤਾ ਗਿਆ।ਪੂਰਾ ਦਿਨ ਖੇਡਾਂ ਪੂਰਨ ਅਨੁਸ਼ਾਸਨ, ਖੁਸ਼ੀਆਂ ਤੇ ਉਤਸ਼ਾਹ ਨਾਲ ਭਰਪੂਰ ਰਿਹਾ।ਸਾਰਿਆਂ ਵਾਸਤੇ ਇਹ ਦਿਨ ਦੇ ਅਭੁੱਲ ਯਾਦਾਂ ਬਣ ਨਿੱਬੜਿਆ।

## ਪੱਤਰਕਾਰ ਗੁਰਜੀਤ ਖੁੱਡੀ ਨੂੰ ਸਦਮਾ, ਫੁੱਫੜ ਦਾ ਦਿਹਾਂਤ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪ੍ਰੈੱਸ ਕਲੱਬ ਹੰਡਿਆਇਆ ਦੇ ਚੇਅਰਮੈਨ ਗੁਰਜੀਤ ਸਿੰਘ ਖੁੱਡੀ ਤੇ ਖੇਤੀ ਵਿਗਿਆਨ ਕੇਂਦਰ ਹੰਡਿਆਇਆ ਦੇ ਮੁਲਾਜ਼ਮ ਸੁਖਵੀਰ ਸਿੰਘ ਦੇ ਸਤਿਕਾਰਯੋਗ ਫੁੱਫੜ ਸ੍ਰ: ਰਾਮ ਸਿੰਘ (90) ਮਹਿਲ ਕਲਾਂ ਅਚਾਨਕ ਸਦੀਵੀ ਵਿਛੋੜਾ ਦੇ ਗਏ ਹਨ।ਇਸ ਦੁਖਦਾਈ ਮੌਕੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਵਿਧਾਇਕ ਬਰਨਾਲਾ ਕੁਲਦੀਪ ਸਿੰਘ ਕਾਲਾ ਢਿੱਲੋਂ, ਸਾਬਕਾ ਵਿਧਾਇਕਾ ਬੀਬੀ ਹਰਚੰਦ ਕੌਰ ਘਨੌਰੀ, ਗੁਰਦੁਆਰਾ ਕਮੇਟੀ ਮਹਿਲ ਕਲਾਂ ਦੇ ਪ੍ਰਧਾਨ ਬਾਬਾ ਸ਼ੇਰ ਸਿੰਘ ਖ਼ਾਲਸਾ, ਸਰਪੰਚ ਕਿਰਨਾ ਰਾਣੀ ਬਾਂਸਲ ਆਦਿ ਵੱਖ-ਵੱਖ ਆਗੂਆਂ ਤੋਂ ਇਲਾਵਾ ਪ੍ਰੈੱਸ ਕਲੱਬ ਮਹਿਲ ਕਲਾਂ ਨੇ ਬੇਟੇ ਬਲਜੀਤ ਸਿੰਘ ਮਹਿਲ ਕਲਾਂ, ਸਮੂਹ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਹੈ।



## ਬਰਨਾਲਾ ਸਪੋਰਟਸ ਐਂਡ ਸੋਸ਼ਲ ਵੈੱਲਫੇਅਰ ਕਲੱਬ ਵੱਲੋਂ ਡਾ. ਪ੍ਰਿਯੰਕਾ ਸ਼ਰਮਾ ਦਾ ਸਨਮਾਨ




**ਬਰਨਾਲਾ (ਰਜਿੰਦਰ ਬਰਾੜ)**-ਬਰਨਾਲਾ ਸਪੋਰਟਸ ਐਂਡ ਸੋਸ਼ਲ ਵੈੱਲਫੇਅਰ ਕਲੱਬ ਵੱਲੋਂ ਡਾ. ਪ੍ਰਿਯੰਕਾ ਸ਼ਰਮਾ ਨੂੰ ਮਿਸਿਜ਼ ਇੰਡੀਆ ਬਿਓਂਡ ਪ੍ਰੋਫੈਸ਼ਨ 2025 ਦਾ ਖਿਤਾਬ ਜਿੱਤਣ 'ਤੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ ਅਤੇ ਉਨ੍ਹਾਂ ਦੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਇਸ ਮੌਕੇ ਬਰਨਾਲਾ ਸਪੋਰਟਸ ਐਂਡ ਸੋਸ਼ਲ ਵੈੱਲਫੇਅਰ ਕਲੱਬ ਦੇ ਪੀ.ਆਰ.ਓ. ਰਜਿੰਦਰ ਰਿੰਪੀ ਨੇ ਦੱਸਿਆ ਕਿ ਇਹ ਸਨਮਾਨ ਕਲੱਬ ਦੇ ਪ੍ਰਧਾਨ ਵਿਨੋਦ ਸ਼ਰਮਾ ਦੀ ਪ੍ਰਧਾਨਗੀ ਹੇਠ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਇਹ ਖਿਤਾਬ ਜਿੱਤ ਕੇ ਡਾ. ਪ੍ਰਿਯੰਕਾ ਸ਼ਰਮਾ ਨੇ ਨਾ ਸਿਰਫ਼ ਬਰਨਾਲਾ ਜ਼ਿਲ੍ਹੇ ਦਾ ਸਗੋਂ ਦੇਸ਼ ਭਰ ਵਿੱਚ ਪੂਰੇ ਸੂਬੇ ਦਾ ਨਾਮ ਵੀ ਰੌਸ਼ਨ ਕੀਤਾ ਹੈ।ਵਿਨੋਦ ਸ਼ਰਮਾ ਨੇ ਇਹ ਵੀ ਐਲਾਨ ਕੀਤਾ ਕਿ ਡਾ. ਪ੍ਰਿਯੰਕਾ ਸ਼ਰਮਾ ਨੂੰ ਕਲੱਬ ਦੇ ਰਾਜ ਪੱਧਰੀ ਸਾਲਾਨਾ ਸਮਾਗਮ ਵਿੱਚ ਵੀ ਸਨਮਾਨਤ ਕੀਤਾ ਜਾਵੇਗਾ।ਇਸ ਮੌਕੇ ਕਲੱਬ ਦੇ ਸਰਪ੍ਰਸਤ ਰਾਮਪਾਲ ਸਿੰਗਲਾ, ਰਾਕੇਸ਼ ਕੁਮਾਰ ਤੇ ਸੰਜੀਵ ਸ਼ਰਮਾ ਵੀ ਮੌਜੂਦ ਸਨ।

## ਪੀ ਜੀ ਆਈ ਦੇ ਪ੍ਰੋ. ਅਤੁਲ ਪਰਾਸ਼ਰ ਨੂੰ ਕ੍ਰੇਨਿਓਫੇਸ਼ੀਅਲ ਸਰਜਰੀ ਐਵਾਰਡ



**ਸਮਰਾਲਾ (ਸੁਰਜੀਤ ਸਿੰਘ)**-ਪੀਜੀਆਈ ਚੰਡੀਗੜ੍ਹ ਦੇ ਪਲਾਸਟਿਕ ਸਰਜਰੀ ਵਿਭਾਗ ਦੇ ਮੁਖੀ ਪ੍ਰੋ. ਅਤੁਲ ਪਰਾਸ਼ਰ ਨੂੰ ਆਈ ਟੀ ਜੈਕਸਨ ਕਲੀਫਟ ਤੇ ਕ੍ਰੇਨਿਓਫੇਸ਼ੀਅਲ ਸਰਜਰੀ ਐਵਾਰਡ 2025 ਨਾਲ ਸਨਮਾਨਤ ਕੀਤਾ ਗਿਆ ਹੈ।ਇਹ ਐਵਾਰਡ ਵਾਰਾਨਸੀ ਵਿੱਚ ਆਯੋਜਿਤ ਹੋਈ ਭਾਰਤ ਦੇ ਪਲਾਸਟਿਕ ਸਰਜਨਜ਼ ਐਸੋਸੀਏਸ਼ਨ ਦੀ 59ਵੀਂ ਸਾਲਾਨਾ ਕਾਨਫਰੰਸ ਦੌਰਾਨ ਪ੍ਰਦਾਨ ਕੀਤਾ ਗਿਆ।ਆਈ ਟੀ ਜੈਕਸਨ ਐਵਾਰਡ ਕਲੀਫਟ ਤੇ ਕ੍ਰੇਨਿਓਫੇਸ਼ੀਅਲ ਸਰਜਰੀ ਦੇ ਖੇਤਰ ਵਿੱਚ ਦੇਖਭਾਲ, ਨਵੀਨਤਾ ਤੇ ਅਕਾਦਮਿਕ ਯੋਗਦਾਨ ਲਈ ਦੇਸ਼ ਦੇ ਸਭ ਤੋਂ ਪ੍ਰਤਿਸ਼ਠਿਤ ਸਨਮਾਨਾਂ ਵਿੱਚੋਂ ਇੱਕ ਹੈ।ਪੀਜੀਆਈ ਦਾ ਪਲਾਸਟਿਕ ਸਰਜਰੀ ਵਿਭਾਗ, ਜੋ ਕਿ ਭਾਰਤ ਦੇ ਅਗੇਤਰ ਕ੍ਰੇਨਿਓਫੇਸ਼ੀਅਲ ਸਰਜਰੀ ਕੇਂਦਰਾਂ ਵਿੱਚੋਂ ਇੱਕ ਹੈ, ਜਨਮ ਤੋਂ ਇਹ ਗੜਬੜਾਂ ਵਾਲੇ ਬੱਚਿਆਂ ਨੂੰ ਉੱਚ ਤਰੀਨ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਿੱਚ ਹਮੇਸ਼ਾ ਅੱਗੇ ਰਿਹਾ ਹੈ।ਵਿਭਾਗ ਪਿਛਲੇ 25 ਸਾਲਾਂ ਤੋਂ ਇੱਕ ਸਮਰਪਿਤ ਕਲੀਫਟ ਤੇ ਕ੍ਰੇਨਿਓਫੇਸ਼ੀਅਲ ਕਲਿਨਿਕ ਚਲਾ ਰਿਹਾ ਹੈ, ਜੋ ਕਿ ਕਲੀਫਟ ਲਿਪ, ਕਲੀਫਟ ਪੈਲੇਟ ਤੇ ਪੇਚੀਦੇ ਕ੍ਰੇਨਿਓਫੇਸ਼ੀਅਲ ਵਿਗਾੜਾਂ ਵਾਲੇ ਬੱਚਿਆਂ ਨੂੰ ਬਹੁ-ਵਿਭਾਗੀ ਇਲਾਜ ਪ੍ਰਦਾਨ ਕਰਦਾ ਹੈ।ਸਾਲ 2007 ਤੋਂ ਹੀ ਵਿਭਾਗ 'ਸਮਾਈਲ ਟ੍ਰੇਨ ਇੰਡਿਆ' ਇੱਕ ਅਗੇਤਰ ਗੈਰ-ਸਰਕਾਰੀ ਸੰਗਠਨ ਨਾਲ ਸਹਿਯੋਗ ਕਰ ਰਿਹਾ ਹੈ ਤੇ ਦੇਸ਼ ਭਰ ਦੇ 3,500 ਤੋਂ ਵੱਧ ਬੱਚਿਆਂ ਨੂੰ ਮੁਫ਼ਤ ਕਲੀਫਟ ਸਰਜਰੀ ਪ੍ਰਦਾਨ ਕਰ ਚੁੱਕਾ ਹੈ।ਐਵਾਰਡ ਪ੍ਰਾਪਤ ਕਰਦੇ ਹੋਏ ਪ੍ਰੋ. ਪਰਾਸ਼ਰ ਨੇ ਕਿਹਾ ਕਿ ਇਹ ਸਨਮਾਨ ਪੀਜੀਆਈ ਦੀ ਸਾਡੀ ਪੂਰੀ ਟੀਮ ਦੀ ਸਮੂਹਕ ਵਚਨਬੱਧਤਾ ਨੂੰ ਦਰਸਾਉਂਦਾ ਹੈ।ਇਸ ਦੀ ਲੰਮੇ ਸਮੇਂ ਤੋਂ ਚੱਲ ਰਹੀਆਂ ਕ੍ਰੇਨਿਓਫੇਸ਼ੀਅਲ ਸੇਵਾਵਾਂ ਨੇ ਹਜ਼ਾਰਾਂ ਪਰਿਵਾਰਾਂ ਦੀ ਮਦਦ ਕੀਤੀ ਹੈ।ਉਨ੍ਹਾਂ ਕਿਹਾ ਕਿ ਇਹ ਮਾਣ ਸਾਨੂੰ ਇਸ ਖੇਤਰ ਵਿੱਚ ਬੱਚਿਆਂ ਲਈ ਦੇਖਭਾਲ ਦੇ ਮਿਆਰ ਨੂੰ ਹੋਰ ਉੱਚਾ ਕਰਨ ਲਈ ਪ੍ਰੇਰਿਤ ਕਰਦਾ ਹੈ।ਇਸ ਸਮਾਰੋਹ ਵਿੱਚ ਦੇਸ਼ ਭਰ ਦੇ ਪ੍ਰਤਿਭਾਸ਼ਾਲੀ ਵਿਦਵਾਨਾਂ, ਅੰਤਰਰਾਸ਼ਟਰੀ ਵਿਦਵਾਨਾਂ ਤੇ ਭਾਰਤ ਦੇ ਪਲਾਸਟਿਕ ਸਰਜਨਜ਼ ਐਸੋਸੀਏਸ਼ਨ ਦੇ ਮੈਂਬਰਾਂ ਨੇ ਹਾਜ਼ਰੀ ਭਰੀ।

### ਮੰਡੀ ਪੰਜੇ ਕੀ ਉਤਾੜ ਸਰਪੰਚੀ ਦਾ ਮਾਮਲਾ ਮੁੜ ਸੁਰਖੀਆਂ 'ਚ

## ਬੈਲਟ ਪੇਪਰਾਂ ਨਾਲ ਛੇੜਛਾੜ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ : ਹਾਈ ਕੋਰਟ

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**

ਹਲਕਾ ਗੁਰੂ ਹਰਸਹਾਏ ਵਿੱਚ ਪੈਂਦੇ ਚਰਚਿਤ ਪਿੰਡ ਮੰਡੀ ਪੰਜੇ ਕੇ ਉਤਾੜ ਸਰਪੰਚੀ ਦਾ ਮਾਮਲਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਬੀਤੇ ਪਿੱਛਲੇ ਦਿਨੀਂ ਤੋਂ ਸੁਣਵਾਈ ਅਧੀਨ ਹੈ।ਮੰਡੀ ਪੰਜੇ ਕੇ ਉਤਾੜ ਦੇ ਸਰਪੰਚ ਦੀ ਚੋਣ ਲਈ ਪਹਿਲਾਂ ਹੋਈ ਗਿਣਤੀ ਵਿੱਚ ਰਮੇਸ਼ ਕੁਮਾਰ ਜੇਤੂ ਕਰਾਰ ਦਿੱਤੇ ਗਏ, ਜਦਕਿ ਐੱਸ ਡੀ ਐੱਮ ਦੀ ਅਦਾਲਤ ਦੇ ਹੁਕਮਾਂ ਤੋਂ ਬਾਅਦ ਹੋਈ ਗਿਣਤੀ ਵਿੱਚ ਲਵਿਸ਼ ਮਟਨੇਜਾ ਜੇਤੂ ਰਹੇ।ਰਮੇਸ਼ ਕੁਮਾਰ ਬਨਾਮ ਰਿਟਰਨਿੰਗ ਅਫਸਰ ਪੰਚਾਇਤੀ ਚੋਣਾਂ ਤੇ ਹੋਰ ਕੇਸ ਦੀ ਸੁਣਵਾਈ ਮਾਨਯੋਗ ਜਸਟਿਸ ਪੰਕਜ ਜੈਨ ਦੀ ਅਦਾਲਤ ਵਿੱਚ ਲਗਾਤਾਰ ਜਾਰੀ ਹੈ।ਇਸ ਤੋਂ ਪਹਿਲਾਂ ਹਾਈ ਕੋਰਟ ਨੇ ਸਿਵਲ ਜੱਜ ਸੀਨੀਅਰ ਡਵੀਜ਼ਨ ਗੁਰੂ ਹਰਸਹਾਏ ਜਨਾਬ ਅਕਬਰ ਖਾਨ ਦੀ ਅਦਾਲਤ ਵਿੱਚ ਰੱਦ ਹੋਏ ਬੈਲਟ ਪੇਪਰ ਜਾਂਚ ਲਈ ਭੇਜੇ ਸਨ, ਜਿਸ ਦੀ ਸੀਲ ਬੰਦ ਲਿਫਾਫਾ ਰਿਪੋਰਟ ਮਾਨਯੋਗ ਹਰਿਆਣਾ ਹਾਈ ਕੋਰਟ ਵਿੱਚ ਪੇਸ਼ ਕੀਤੀ ਗਈ ਸੀ।ਬੀਤੇ ਕੱਲ੍ਹ ਚੱਲੀ ਕਾਰਵਾਈ ਵਿੱਚ ਸੀਲ ਬੰਦ ਡੱਬੇ ਵਿੱਚ ਪੋਲ ਹੋਏ ਬੈਲਟ ਪੇਪਰ ਮਾਨਯੋਗ ਅਦਾਲਤ ਸਾਹਮਣੇ ਪੇਸ਼ ਕੀਤੇ ਗਏ।ਅਦਾਲਤ ਵਿੱਚ ਇਹ ਬਕਸਾ ਦੋਨਾਂ ਧਿਰਾਂ ਦੇ ਵਕੀਲਾਂ ਦੀ ਮੌਜੂਦਗੀ ਵਿੱਚ ਖੋਲ੍ਹਿਆ ਗਿਆ।

ਲੰਚ ਟਾਈਮ ਤੋਂ ਪਹਿਲਾਂ ਬੈਲਟ ਬਾਕਸ ਲੈ ਕੇ ਆਏ ਸਰਕਾਰੀ ਅਮਲੇ ਨੂੰ ਰੱਦ ਕੀਤੇ ਬੈਲਟ ਪੇਪਰਾਂ ਨੂੰ ਬੂਥ ਵਾਈਜ਼ ਵੱਖ-ਵੱਖ ਕਰਨ ਦੇ ਹੁਕਮ ਜਾਰੀ ਕੀਤੇ ਗਏ ਸੀ, ਸਰਕਾਰੀ ਅਮਲੇ ਨੇ ਉਨ੍ਹਾਂ ਨੂੰ ਵੱਖ-ਵੱਖ ਕਰ ਦਿੱਤਾ।ਅਦਾਲਤ ਨੇ ਰੱਦ ਕੀਤੀਆਂ ਵੋਟਾਂ ਦੇਖੀਆਂ ਤਾਂ ਕੁੱਲ ਰੱਦ 209 ਵੋਟਾਂ ਵਿੱਚੋਂ 149 ਬੈਲਟ ਪੇਪਰ ਚੋਣ ਨਿਸ਼ਾਨ (ਬਾਲਟੀ) ਦੇ ਬੈਲਟ ਪੇਪਰ ਰੱਦ ਪ੍ਰਾਪਤ ਹੋਏ।ਉਮੀਦਵਾਰ ਰਮੇਸ਼ ਕੁਮਾਰ ਦਾ ਚੋਣ ਨਿਸ਼ਾਨ (ਬਾਲਟੀ) ਸੀ।9 ਬੈਲਟ ਪੇਪਰਾਂ ਉੱਪਰ ਬਾਲਟੀ ਤੇ ਟਰੈਕਟਰ ਦੋਹਾਂ ਦੇ ਚੋਣ ਨਿਸ਼ਾਨਾਂ ਉੱਪਰ ਮੋਹਰਾਂ ਲੱਗੀਆਂ ਹੋਈਆਂ ਸੀ।ਟਰੈਕਟਰ ਚੋਣ ਨਿਸ਼ਾਨ ਲਵਿਸ਼ ਮੁਟਨੇਜਾ ਦਾ ਸੀ।ਟਰੈਕਟਰ ਚੋਣ ਨਿਸ਼ਾਨ ਦੀਆਂ 30 ਵੋਟਾਂ ਰੱਦ ਹੋਈਆਂ ਅਦਾਲਤ ਨੇ ਦੇਖੀਆਂ।ਦੂਸਰੇ ਸਰਪੰਚੀ ਦੇ ਉਮੀਦਵਾਰਾਂ ਦੇ ਕੁੱਲ 21 ਬੈਲਟ ਪੇਪਰ ਹੀ ਰੱਦ ਹੋਏ।

ਮਾਨਯੋਗ ਅਦਾਲਤ ਨੇ ਦੇਖਿਆ ਕਿ ਕੁੱਲ 209 ਵੋਟਾਂ ਰੱਦ ਮਿਲੀਆਂ, ਜਿਨ੍ਹਾਂ ਉੱਪਰ ਡਬਲ ਮੋਹਰ ਲੱਗੀ ਹੋਈ ਹੈ।ਮਾਨਯੋਗ ਅਦਾਲਤ ਨੇ ਨੋਟ ਕੀਤਾ ਕਿ ਇਹ ਦੇਖਿਆ ਜਾ ਸਕਦਾ ਹੈ ਕਿ ਜ਼ਿਆਦਾਤਰ ਰੱਦ ਕੀਤੇ ਗਏ ਬੈਲਟ ਪੇਪਰ ਇਹ ਦਰਸਾਉਂਦੇ ਹਨ ਕਿ ਇੱਕ ਮੋਹਰ ਬਾਲਟੀ ਦੇ ਹੱਕ ਵਿੱਚ ਲੱਗੀ ਹੋਈ ਹੈ।ਅਦਾਲਤ ਵੱਲੋਂ ਦਿੱਤੇ ਗਏ ਲਿਖਤੀ ਆਦੇਸ਼ ਵਿੱਚ ਇਹ ਗੱਲ ਦਰਸਾਈ ਗਈ ਹੈ ਕਿ ਇਸ ਤਰ੍ਹਾਂ ਬਾਲਟੀ ਦੇ ਹੱਕ ਵਿੱਚ ਪਈਆਂ ਵੋਟਾਂ ਨਾਲ ਗੜਬੜੀ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ।ਅਦਾਲਤ ਨੇ ਪੰਜਾਬ ਸਰਕਾਰ ਨੂੰ ਹੁਕਮ ਕੀਤਾ ਕਿ ਉਸ ਅਧਿਕਾਰੀ ਦਾ ਹਲਫਨਾਮਾ ਦਾਇਰ ਕੀਤਾ ਜਾਵੇ, ਜਿਸ ਦੀ ਹਿਰਾਸਤ ਵਿੱਚ ਬੈਲਟ ਪੇਪਰ ਇੱਕ ਅਗਸਤ 2025 ਤੋਂ ਪਹਿਲਾਂ ਸਨ।ਇਥੇ ਇਹ ਵਰਨਣਯੋਗ ਹੈ ਕਿ ਇਸ ਤਰੀਕ ਨੂੰ ਸਟਰੋਂਗ ਰੂਮ ਅੰਦਰ ਕੈਮਰੇ ਫਿੱਟ ਕੀਤੇ ਗਏ ਸੀ, ਜਦਕਿ ਇਸ ਤੋਂ ਪਹਿਲਾਂ ਕੈਮਰੇ ਨਹੀਂ ਸਨ।ਬੈਲਟ ਪੇਪਰਾਂ ਦੇ ਨਰੀਖਣ ਤੋਂ ਬਾਅਦ ਰਿਕਾਰਡ ਨੂੰ ਫਿਰ ਸੀਲ ਕਰ ਦਿੱਤਾ ਗਿਆ ਤੇ ਇਸ ਦੀ ਸੁਰੱਖਿਆ ਹਿਰਾਸਤ ਦੇ ਸੰਬੰਧ ਵਿੱਚ ਇਨ੍ਹਾਂ ਧਿਰਾਂ ਦੀ ਮੌਜੂਦਗੀ ਵਿੱਚ ਸਰਕਾਰੀ ਅਮਲੇ ਨੂੰ ਵਾਪਸ ਕਰ ਦਿੱਤਾ ਗਿਆ।ਮਾਨਯੋਗ ਅਦਾਲਤ ਨੇ ਅਗਲੀ ਸੁਣਵਾਈ ਅੱਠ ਦਸੰਬਰ 2025 ਨੂੰ ਤੈਅ ਕੀਤੀ ਹੈ।ਮਾਨਯੋਗ ਅਦਾਲਤ ਵਿੱਚ ਸੀਨੀਅਰ ਵਕੀਲ ਬਹਿਸ ਕਰਦੇ ਨਜ਼ਰੀਂ ਪਏ।ਰਮੇਸ਼ ਕੁਮਾਰ ਦੀ ਤਰਫੋਂ ਐਡਵੋਕੇਟ ਪ੍ਰਤੀਕ ਗੁਪਤਾ ਨੇ ਬਹਿਸ ਕੀਤੀ।ਪੰਜਾਬ ਸਰਕਾਰ ਦੀ ਤਰਫੋਂ ਇਹ ਏ ਏ ਜੀ ਐਡਵੋਕੇਟ ਸੂਰਿਆ ਕਾਂਤ ਮੌਜੂਦ ਰਹੇ।ਲਵਿਸ਼ ਮੁਟਨੇਜਾ ਵੱਲੋਂ ਸੀਨੀਅਰ ਵਕੀਲ ਐਡਵੋਕੇਟ ਅਕਸ਼ੇ ਭਾਨ, ਸੀਨੀਅਰ ਐਡਵੋਕੇਟ ਸੀ ਐੱਮ ਮੁੰਜਾਲ, ਐਡਵੋਕੇਟ ਸੰਤੋਸ਼ ਸ਼ਰਮਾ ਤੇ ਐਡਵੋਕੇਟ ਐੱਚ ਪੀ ਐੱਸ ਸੰਧੂ ਨੇ ਆਪਣੇ ਉਮੀਦਵਾਰ ਦੇ ਹੱਕ ਵਿੱਚ ਦਲੀਲਾਂ ਪੇਸ਼ ਕੀਤੀਆਂ।ਐਡਵੋਕੇਟ ਹਰਸ਼ ਚੋਪੜਾ ਉਮੀਦਵਾਰ ਨੰਬਰ ਛੇ ਤੇ ਅੱਠ ਲਈ ਮੌਜੂਦ ਸਨ।ਐਡਵੋਕੇਟ ਵਿਵੇਕ ਸਿੰਘਲਾ ਸਰਪੰਚੀ ਦੇ ਉਮੀਦਵਾਰ ਨੰਬਰ 10 ਲਈ ਮੌਜੂਦ ਰਹੇ।ਸਵਾਲ ਹੁਣ ਇੱਥੇ ਇਹ ਉੱਠਦਾ ਹੈ ਕਿ ਆਖਰਕਾਰ ਸਟਰੋਂਗ ਰੂਮ ਵਿੱਚ ਜੇਕਰ ਵੋਟਾਂ ਨਾਲ ਛੇੜਛਾੜ ਕੀਤੀ ਗਈ ਹੈ ਤਾਂ ਫਿਰ ਉਸ ਵੇਲੇ ਦਾ ਬਲਾਕ ਵਿਕਾਸ ਤੇ ਪੰਚਾਇਤ ਅਧਿਕਾਰੀ ਆਪਣੇ ਹਲਫਨਾਮੇ ਵਿੱਚ ਕੀ ਪੱਖ ਪੇਸ਼ ਕਰੇਗਾ।

## ਬਿਹਾਰ ਜਿੱਤਣ ਦੀ ਖੁਸ਼ੀ 'ਚ ਭਾਜਪਾਈਆਂ ਵੰਡੇ ਲੱਡੂ



**ਬਠਿੰਡਾ (ਰਾਜੀਵ ਗੋਇਲ)**-ਬਿਹਾਰ ਦੀਆਂ ਚੋਣਾਂ ਵਿੱਚ ਭਾਜਪਾ ਦੀ ਹੋਈ ਸ਼ਾਨਦਾਰ ਜਿੱਤ ਨੂੰ ਲੈ ਕੇ ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਦੇ ਮੁੱਖ ਚੌਕ ਵਿੱਚ ਭਾਜਪਾਈਆਂ ਵੱਲੋਂ ਸਰਕਲ ਪ੍ਰਧਾਨ ਬਬਲੇਸ਼ ਕੁਮਾਰ ਸਿੰਗਲਾ ਤੇ ਸਾਬਕਾ ਜ਼ਿਲ੍ਹਾ ਪ੍ਰਧਾਨ ਗੁਰਬਿੰਦਰ ਭਗਤਾ ਦੀ ਅਗਵਾਈ ਹੇਠ ਲੱਡੂ ਵੰਡੇ ਗਏ। ਇਸ ਮੌਕੇ ਨਵ-ਨਿਯੁਕਤ ਮੰਡਲ ਭਗਤਾ ਦੇ ਸਰਕਲ ਪ੍ਰਧਾਨ ਸਿੰਗਲਾ ਵੱਲੋਂ ਸਾਬਕਾ ਜ਼ਿਲ੍ਹਾ ਪ੍ਰਧਾਨ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ ਕਿਹਾ ਗਿਆ ਕਿ ਬਿਹਾਰ ਦੇ ਵੋਟਰਾਂ ਵੱਲੋਂ ਕੇਂਦਰ ਦੀਆਂ ਨੀਤੀਆਂ 'ਤੇ ਮੋਹਰ ਲਗਾਉਂਦੇ ਹੋਏ ਭਾਜਪਾ ਨੂੰ ਚੁਣਿਆ ਗਿਆ ਹੈ। ਉਧਰ ਭਗਤਾ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਪੰਜਾਬ ਵਿੱਚ ਵੀ ਭਾਜਪਾ ਦੀ ਸਰਕਾਰ ਬਣੇਗੀ। ਉਨ੍ਹਾਂ ਕਿਹਾ ਕਿ ਆਏ ਦਿਨ ਭਾਜਪਾ ਨਾਲ ਪੰਜਾਬ ਦੇ ਵੋਟਰ ਜੁੜ ਰਹੇ ਹਨ। ਇਸ ਮੌਕੇ ਸੀਨੀਅਰ ਭਾਜਪਾ ਆਗੂ ਜਗਸੀਰ ਸਿੰਘ ਪੱਪੂ, ਕੇਵਲ ਕ੍ਰਿਸ਼ਨ, ਪਰਮਿੰਦਰ ਸਿੰਘ, ਲਾਜਪਤ ਅਰੋੜਾ, ਵਿੱਕੀ ਸਮੇਤ ਹੋਰ ਵੀ ਭਾਜਪਾਈ ਹਾਜ਼ਰ ਸਨ।

# ਵਿਧਾਇਕ ਸ਼ੈਰੀ ਕਲਸੀ ਵੱਲੋਂ ਮੁਹੱਲਾ ਕਲੀਨਿਕ ਦੇ ਨਿਰਮਾਣ ਕਾਰਜ ਦਾ ਉਦਘਾਟਨ



**ਬਟਾਲਾ, (ਡਾ. ਮਲਵਿੰਦਰ ਸਿੰਘ)**-ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਿੱਚ ਸੂਬੇ ਭਰ ਵਿੱਚ ਲੋਕਾਂ ਨੂੰ ਹੋਰ ਬਿਹਤਰ ਸਿਹਤ ਸਹੂਲਤਾਂ ਦੇਣ ਲਈ ਖੋਲ੍ਹੇ ਗਏ ਮੁਹੱਲਾ ਕਲੀਨਿਕਾਂ ਵਿੱਚ ਮਰੀਜ਼ ਰੋਜ਼ਾਨਾ ਆਪਣਾ ਮੁਫ਼ਤ ਇਲਾਜ ਕਰਵਾ ਰਹੇ ਹਨ ਅਤੇ ਸਰਕਾਰ ਵੱਲੋਂ ਘਰਾਂ ਤੱਕ ਪੁੱਜਦਾ ਕੀਤੀਆਂ ਸਿਹਤ ਸੇਵਾਵਾਂ ਦੀ ਸ਼ਲਾਘਾ ਕਰ ਰਹੇ ਹਨ।ਇਹ ਪ੍ਰਗਟਾਵਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਬਟਾਲਾ ਸ਼ਹਿਰ ਵਾਸੀਆਂ ਦੀ ਸਿਹਤ ਸਹੂਲਤ ਨੂੰ ਮੁੱਖ ਰੱਖਦਿਆਂ ਖੰਡਾ ਖੋਲਾ ਮੁਹੱਲਾ ਵਿਖੇ ਮੁਹੱਲਾ ਕਲੀਨਿਕ ਖੋਲ੍ਹਣ ਦਾ ਉਦਘਾਟਨ ਕਰਨ ਉਪਰੰਤ ਕੀਤਾ।ਉਨ੍ਹਾਂ ਕਿਹਾ ਕਿ ਮੁਹੱਲਾ ਕਲੀਨਿਕ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਪ੍ਰਦਾਨ ਕਰ ਰਹੇ ਹਨ। ਮੁਹੱਲਾ ਕਲੀਨਿਕ ਆਪਣੀ ਕਾਰਗੁਜ਼ਾਰੀ 'ਤੇ ਖਰ੍ਹੇ ਉਤਰ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਲੋਕਪੱਖੀ ਫੈਸਲੇ ਲਏ ਹਨ, ਜਿਸ ਸਦਕਾ ਤਰਨਤਾਰਨ ਜ਼ਿਮਨੀ ਚੋਣ ਵਿੱਚ ਪਾਰਟੀ ਨੂੰ ਵੱਡੀ ਇਤਿਹਾਸਕ ਜਿੱਤ ਪ੍ਰਾਪਤ ਹੋਈ ਹੈ।ਪਿਛਲੇ ਤਿੰਨ ਸਾਲਾਂ ਵਿੱਚ 881 ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ ਅਤੇ ਇਹ ਗਿਣਤੀ ਜਲਦੀ ਹੀ 1,000 ਨੂੰ ਪਾਰ ਕਰ ਜਾਵੇਗੀ ਅਤੇ ਕਿਹਾ ਕਿ ਹੁਣ ਤੱਕ ਇਨ੍ਹਾਂ ਕਲੀਨਿਕਾਂ ਨੇ 1.75 ਕਰੋੜ ਲੋਕਾਂ ਨੂੰ ਮੁਫਤ ਦਵਾਈ ਪ੍ਰਦਾਨ ਕੀਤੀ ਹੈ।ਸੂਬਾ ਸਰਕਾਰ ਨੇ 55,000 ਤੋਂ ਵੱਧ ਨੌਜਵਾਨਾਂ ਨੂੰ ਯੋਗਤਾ ਦੇ ਆਧਾਰ ਤੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ।600 ਯੂਨਿਟ ਬਿਜਲੀ ਮੁਫ਼ਤ ਦਿੱਤੀ ਜਾ ਰਹੀ ਹੈ।ਇਸ ਤੋਂ ਇਲਾਵਾ ਵੱਖ-ਵੱਖ ਲੋਕਪੱਖੀ ਫੈਸਲੇ ਲਏ ਗਏ ਹਨ।ਵਿਧਾਇਕ ਨੇ ਕਿਹਾ ਕਿ ਹਲਕੇ ਦਾ ਚਹੁਪੱਖੀ ਵਿਕਾਸ ਤੇ ਲੋਕਾਂ ਦੀਆਂ ਮੁੱਢਲੀਆਂ ਸਮੱਸਿਆਵਾਂ ਹੱਲ ਕਰਨ ਲਈ ਉਹ ਵਚਨਬੱਧ ਹਨ ਅਤੇ ਲੋਕ ਭਲਾਈ ਸਕੀਮਾਂ ਦਾ ਲਾਭ ਲੋਕਾਂ ਤੱਕ ਪੁਜਦਾ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ।ਵਰਨਣਯੋਗ ਹੈ ਕਿ ਬਟਾਲਾ ਹਲਕੇ ਸਮੇਤ ਕਰੀਬ 314 ਪਿੰਡਾਂ ਦੇ ਲੋਕਾਂ ਨੂੰ ਇੱਕ ਛੱਤ ਹੇਠ ਵੱਖ-ਵੱਖ ਸਰਕਾਰੀ ਸੇਵਾਵਾਂ ਦਾ ਲਾਭ ਮੁਹੱਈਆ ਕਰਵਾਇਆ ਗਿਆ ਹੈ।ਉਨ੍ਹਾਂ ਕਿਹਾ ਕਿ ਤੁਸੀਂ ਮੈਨੂੰ ਸੇਵਾ ਕਰਨ ਦਾ ਮੌਕਾ ਦਿੱਤਾ, ਮੈਂ ਤੁਹਡੀ ਸੇਵਾ ਵਿੱਚ ਚੌਵੀ ਘੰਟੇ ਹਾਜ਼ਰ ਹਾਂ ਅਤੇ ਲੋਕਾਂ ਦੇ ਸਹਿਯੋਗ ਨਾਲ ਬਟਾਲਾ ਹਲਕੇ ਨੂੰ ਵਿਕਾਸ ਪੱਖੋਂ ਨਮੂਨੇ ਦਾ ਹਲਕਾ ਬਣਾਇਆ ਜਾਵੇਗਾ।

# ਭਾਰਤੀ ਕਮਿਊਨਿਸਟ ਪਾਰਟੀ ਬਲਾਕ ਖਡੂਰ ਸਾਹਿਬ ਦਾ ਅਜਲਾਸ ਭਲਕੇ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਭਾਰਤੀ ਕਮਿਊਨਿਸਟ ਪਾਰਟੀ ਬਲਾਕ ਖਡੂਰ ਸਾਹਿਬ ਦਾ ਅਜਲਾਸ 19 ਨਵੰਬਰ ਨੂੰ ਕਸਬਾ ਫਤਿਹਾਬਾਦ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਮਰੇਡ ਬਲਜੀਤ ਸਿੰਘ ਫਤਿਹਾਬਾਦ ਤੇ ਗੁਰਦਿਆਲ ਸਿੰਘ ਖਡੂਰ ਸਾਹਿਬ ਨੇ ਦੱਸਿਆ ਕਿ ਇਸ ਅਜਲਾਸ ਨੂੰ ਸਫਲ ਬਣਾਉਣ ਵਾਸਤੇ ਇਲਾਕੇ ਵਿੱਚ ਬਰਾਂਚਾਂ ਦੀਆਂ ਚੋਣਾਂ ਲਗਾਤਾਰ ਕਰਵਾਈਆਂ ਜਾ ਰਹੀਆਂ ਹਨ ਜਿਵੇਂ ਇਲਾਕੇ ਦੇ ਪਿੰਡ ਧੂੰਦਾ, ਭਰੋਵਾਲ, ਖਡੂਰ ਸਾਹਿਬ, ਵੈਰੋਵਾਲ, ਖਵਾਸਪੁਰ, ਭਲਾਈਪੁਰ, ਖੇਲਾ ਅਤੇ ਕਸਬਾ ਫਤਿਹਾਬਾਦ ਦੀਆਂ ਬ੍ਰਾਂਚ ਚੋਣਾਂ ਦਾ ਕੰਮ ਮੁਕੰਮਲ ਹੋ ਚੁੱਕਾ ਹੈ।ਬਾਕੀ ਰਹਿੰਦੀਆਂ ਬ੍ਰਾਂਚਾਂ ਦੀਆਂ ਚੋਣਾਂ ਕਰਵਾਈਆਂ ਜਾ ਰਹੀਆਂ ਹਨ।ਅਜਲਾਸ ਨੂੰ ਅਬਜ਼ਰਵਰ ਤੌਰ 'ਤੇ ਕਾਮਰੇਡ ਪ੍ਰਿਥੀਪਾਲ ਸਿੰਘ ਮਾੜੀਮੇਘਾ ਕੌਮੀ ਕੌਂਸਲ ਮੈਂਬਰ, ਕਾਮਰੇਡ ਗੁਰਪ੍ਰੀਤ ਸਿੰਘ ਗੰਡੀਵਿੰਡ ਜ਼ਿਲ੍ਹਾ ਐਗਜ਼ੈਕਟਿਵ ਮੈਂਬਰ ਤੇ ਗੁਰਦਿਆਲ ਸਿੰਘ ਕਾਰਜਕਾਰੀ ਸਕੱਤਰ ਤਰਨ ਤਾਰਨ ਪਹੁੰਚ ਰਹੇ ਹਨ।ਇਸ ਮੌਕੇ ਅਜਲਾਸ ਦੌਰਾਨ ਪਿਛਲੇ ਤਿੰਨ ਸਾਲਾਂ ਦੀ ਰਿਪੋਰਟ ਪੇਸ਼ ਕਰਨ ਦੇ ਨਾਲ ਨਾਲ ਬਲਾਕ ਸਕੱਤਰ ਤੇ ਮੀਤ ਸਕੱਤਰਾਂ ਦੀ ਚੋਣ ਕੀਤੀ ਜਾਵੇਗੀ ਤੇ ਬਲਾਕ ਕਮੇਟੀ ਦਾ ਗਠਨ ਕੀਤਾ ਜਾਵੇਗਾ।ਅਜਲਾਸ ਦੌਰਾਨ ਪਿੰਡ ਫਤਿਹਾਬਾਦ ਦੀ ਫਿਰਨੀ ਦੀਆਂ ਬੁਰੀ ਤਰ੍ਹਾਂ ਨਾਲ ਟੁੱਟ ਚੁੱਕੀਆਂ ਸੜਕਾਂ, ਪੀਣ ਵਾਲੇ ਸਾਫ ਪਾਣੀ ਅਤੇ ਭਿਆਨਕ ਰੂਪੀ ਛੱਪੜਾਂ ਦੇ ਗੰਦੇ ਪਾਣੀ ਦੇ ਨਿਕਾਸ ਵਰਗੇ ਮਸਲੇ ਵਿਚਾਰਨ ਉਪਰੰਤ ਉਚ ਅਧਿਕਾਰੀਆਂ ਨੂੰ ਮਿਲਿਆ ਜਾਵੇਗਾ।ਭਾਰੀ ਬਾਰਿਸ਼ ਦੌਰਾਨ ਗਰੀਬ ਲੋਕਾਂ ਦੇ ਢਹਿ ਚੁੱਕੇ ਮਕਾਨਾਂ ਦੇ ਮੁਆਵਜ਼ੇ ਦੀ ਗੱਲ ਕੀਤੀ ਜਾਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਬਲਦੇਵ ਸਿੰਘ ਧੂੰਦਾ, ਕਾਮਰੇਡ ਜਗਤਾਰ ਸਿੰਘ ਖਡੂਰ ਸਾਹਿਬ, ਕਾਮਰੇਡ ਹਰਜੀਤ ਕੌਰ ਫਤਿਹਾਬਾਦ, ਕਾਮਰੇਡ ਬਿਮਲਾ ਕੁਮਾਰੀ ਚੰਡੀਗੜ੍ਹ ਕਲੋਨੀ, ਕਾਮਰੇਡ ਜਸਪਾਲ ਸਿੰਘ, ਕਾਮਰੇਡ ਗੁਰਚਰਨ ਸਿੰਘ ਕੰਡਾ, ਕਾਮਰੇਡ ਜਸਵੰਤ ਸਿੰਘ ਚੰਡੀਗੜ੍ਹ ਕਲੋਨੀ, ਮੱਖਣ ਸਿੰਘ ਪੰਚ, ਕਾਮਰੇਡ ਤੀਰਥ ਸਿੰਘ, ਕਾਮਰੇਡ ਤਰਸੇਮ ਸਿੰਘ, ਕਾਮਰੇਡ ਦਲਬੀਰ ਸਿੰਘ ਰਿਟਾਇਰਡ ਸੈਕਟਰੀ ਆਦਿ ਸਾਥੀ ਹਾਜ਼ਰ ਸਨ।

# ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਵੱਲੋਂ ਪੁਤਲਾ ਫੂਕ ਪ੍ਰਦਰਸ਼ਨ




ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ ਕਰਾਂਤੀ ਕਾਰੀ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਬਲਾਕ ਸ੍ਰੀ ਹਰਗੋਬਿੰਦਪੁਰ ਕਾਦੀਆਂ ਵੱਲੋਂ ਕੇਂਦਰ ਅਤੇ ਪੰਜਾਬ ਸਰਕਾਰ ਦੇ ਪੁਤਲੇ ਸਾੜਨ ਦੀ ਤਿੰਨ ਰੋਜ਼ਾ ਮੁਹਿੰਮ ਦੇ ਆਖਰੀ ਦਿਨ ਪਿੰਡ ਸੈਰੋਵਾਲ ਅਤੇ ਅਤੇਪੁਰ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਪੁਤਲੇ ਫੂਕ ਕੇ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਬਲਾਕ ਪ੍ਰਧਾਨ ਕੈਪਟਨ ਅਜੀਤ ਸਿੰਘ ਸੈਰੋਵਾਲ ਅਤੇ ਬਲਾਕ ਸਕੱਤਰ ਕੁਲਦੀਪ ਸਿੰਘ ਸੈਰੋਵਾਲ, ਜ਼ਿਲ੍ਹਾ ਖਜ਼ਾਨਚੀ ਸਿਕੰਦਰ ਸਿੰਘ ਚੀਮਾ ਖੁੱਡੀ, ਜ਼ਿਲ੍ਹਾ ਕਮੇਟੀ ਮੈਂਬਰ ਮਾਸਟਰ ਜਗੀਰ ਸਿੰਘ ਅਤੇਪੁਰ ਨੇ ਦੱਸਿਆ ਕਿ ਬਿਜਲੀ ਸੋਧ ਬਿੱਲ 2025 ਲਿਆ ਕੇ ਕੇਂਦਰ ਸਰਕਾਰ ਬਿਜਲੀ ਨੂੰ ਸੂਬਿਆਂ ਤੋਂ ਖੋਹ ਕੇ ਆਪਣੇ ਅਧਿਕਾਰ ਵਿੱਚ ਕਰਨ ਜਾ ਰਹੀ ਹੈ ਜਿਸ ਨੂੰ ਬਾਅਦ ਵਿੱਚ ਕਾਰਪੋਰੇਟ ਅਤੇ ਸਾਮਰਾਜੀ ਕੰਪਨੀਆਂ ਨੂੰ ਸੌਂਪਿਆ ਜਾਵੇਗਾ।ਇਸ ਨਾਲ ਬਿਜਲੀ ਕਿਰਤੀ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਜਾਵੇਗੀ।ਪ੍ਰੈੱਸ ਸਕੱਤਰ ਡਾ. ਅਸ਼ੋਕ ਭਾਰਤੀ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਨੂੰ ਵੀ ਕੇਂਦਰ ਸਰਕਾਰ ਆਪਣੇ ਕਬਜ਼ੇ ਵਿੱਚ ਕਰਨ ਲਈ ਯੂਨੀਵਰਸਿਟੀ ਵਿਦਿਆਰਥੀਆਂ ਅਤੇ ਸਹਿਯੋਗ ਕਰ ਰਹੀਆਂ ਜਥੇਬੰਦੀਆਂ ਅਤੇ ਲੋਕਾਂ ਨੂੰ ਜਬਰ/ਪਾਬੰਦੀਆਂ ਅਤੇ ਝੂਠੇ ਮਾਮਲਿਆਂ ਵਿੱਚ ਉਲਝਾਉਣ ਦੇ ਰਾਹ ਪਈ ਹੋਈ ਹੈ ਜਿਸਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੁਹਿੰਮ ਤਹਿਤ ਪਿੰਡ ਬਸਰਾਵਾਂ, ਮਠੋਲਾ, ਚੀਮਾ ਖੁੱਡੀ, ਨੰਗਲ ਝੌਰ, ਸੈਰੋਵਾਲ ਅਤੇ ਅਤੇਪੁਰ ਵਿੱਚ ਪੁਤਲੇ ਫੂਕ ਮੁਹਿੰਮ ਨੂੰ ਉਪਰੋਕਤ ਤੋਂ ਇਲਾਵਾ ਜੁਗਿੰਦਰ ਸਿੰਘ ਮਠੋਲਾ, ਹਰਜੀਤ ਸਿੰਘ ਮਠੋਲਾ, ਕੁਲਵਿੰਦਰ ਸਿੰਘ ਬਸਰਾਵਾਂ, ਗੁਰਦੀਪ ਸਿੰਘ ਬਸਰਾਵਾਂ, ਸਤਨਾਮ ਸਿੰਘ ਨੰਗਲ ਝੌਰ, ਜਗਤਾਰ ਸਿੰਘ ਨੰਗਲ ਝੌਰ, ਮਹਿੰਦਰ ਸਿੰਘ ਚੀਮਾ ਖੁੱਡੀ, ਸਰਦੂਲ ਸਿੰਘ ਚੀਮਾ ਖੁੱਡੀ, ਗੁਰਦਿਆਲ ਸਿੰਘ ਸੈਰੋਵਾਲ ਅਤੇ ਸਤਨਾਮ ਸਿੰਘ ਅਤੇਪੁਰ, ਅਮਰਜੀਤ ਸਿੰਘ ਅਤੇਪੁਰ ਅਤੇ ਆਦਿ ਨੇ ਸੰਬੋਧਨ ਕੀਤਾ।

## ਪੰਜਾਬ ਬਚਾਓ ਮੋਰਚੇ ਵੱਲੋਂ ਟੂਣੇ-ਟੋਟਕੇ ਤੇ ਜਾਦੂ ਦਾ ਪ੍ਰਚਾਰ ਬੰਦ ਕਰਨ ਦੀ ਮੰਗ

**ਚੰਡੀਗੜ੍ਹ** : ਪੰਜਾਬ ਵਿੱਚ ਵੱਧ ਰਹੇ ਅਵੈਧ ਪਰਿਵਰਤਨ ਅਤੇ ਭਰਮ ਪੈਦਾ ਕਰਨ ਵਾਲੀਆਂ ਧਾਰਮਿਕ ਗਤੀਵਿਧੀਆਂ ਨੂੰ ਰੋਕਣ ਲਈ ਪੰਜਾਬ ਬਚਾਓ ਮੋਰਚੇ ਨੇ ਚੰਡੀਗੜ੍ਹ ਪ੍ਰੈੱਸ ਕਲੱਬ ਵਿੱਚ ਮਹੱਤਵਪੂਰਨ ਪ੍ਰੈੱਸ ਕਾਨਫਰੰਸ ਕੀਤੀ। ਮੋਰਚੇ ਨੇ ਕਿਹਾ ਕਿ ਕੁਝ ਖੁਦ-ਘੋਸ਼ਿਤ ਜਾਦੂ-ਟੋਣਾ, ਝੂਠੇ ਚਮਤਕਾਰ, ਲਾਲਚ ਅਤੇ ਧੋਖੇ ਨਾਲ ਕਮਜ਼ੋਰ ਵਰਗਾਂ ਨੂੰ ਫੁਸਲਾ ਕੇ ਬਦਲਨ ਲਈ ਮਜਬੂਰ ਕਰ ਰਹੇ ਹਨ।ਇਹ ਨਾ ਸਿਰਫ਼ ਸੰਵਿਧਾਨ ਦੀ ਭਾਵਨਾ ਦੇ ਵਿਰੁੱਧ ਹੈ, ਸਗੋਂ ਸਮਾਜਕ ਸਮਰੱਸਤਾ ਲਈ ਵੀ ਖ਼ਤਰਨਾਕ ਹੈ।ਮੋਰਚੇ ਨੇ ਮੰਗ ਕੀਤੀ ਕਿ ਪੰਜਾਬ ਵਿੱਚ ਗੈਰ-ਕਾਨੂੰਨੀ ਡੇਰਿਆਂ ਦੀ ਫੰਡਿੰਗ ਦੀ ਜਾਂਚ ਹੋਵੇ ਅਤੇ ਝੂਠੇ ਜਾਦੂਈ ਪ੍ਰਚਾਰ 'ਤੇ ਪੂਰਨ ਪਾਬੰਦੀ ਲੱਗੇ।ਇਸਦੇ ਨਾਲ ਹੀ ਧਾਰਮਿਕ ਜਾਗਰਣਾਂ ਅਤੇ ਪ੍ਰਚਾਰ ਨੂੰ ਨਿਯਮਿਤ ਕੀਤਾ ਜਾਵੇ, ਭੜਕਾਊ ਧਾਰਮਿਕ ਰਾਜਨੀਤੀ ਕਰਨ ਵਾਲਿਆਂ ਦੀ ਪਹਿਚਾਣ ਕੀਤੀ ਜਾਵੇ।

## ਮੰਡੀ 'ਚੋਂ ਅਣਪਛਾਤੇ ਦੀ ਲਾਸ਼ ਮਿਲੀ



ਬਿਆਸ (ਰੱਖੜਾ)-ਦਾਣਾ ਮੰਡੀ ਰਈਆ 'ਚੋਂ ਇੱਕ ਅਣਪਛਾਤੇ ਪ੍ਰਵਾਸੀ ਮਜ਼ਦੂਰ ਦੀ ਲਾਸ਼ ਮਿਲੀ ਹੈ। ਇਸ ਸੰਬਧੀ ਚੌਕੀ ਇੰਚਾਰਜ ਰਈਆ ਸਬ-ਇੰਸਪੈਕਟਰ ਨਰੇਸ਼ ਕੁਮਾਰ ਨੇ ਦੱਸਿਆ ਕਿ ਲਾਸ਼ ਨੂੰ ਸਿਵਲ ਹਸਪਤਾਲ ਬਾਬਾ ਬਕਾਲਾ ਸਾਹਿਬ ਵਿਖੇ ਮੋਰਚਰੀ ਵਿੱਚ 72 ਘੰਟੇ ਲਈ ਰੱਖਿਆ ਗਿਆ ਹੈ।

## ਚੰਨਣਕੇ ਦੇ ਨੌਜਵਾਨਾਂ ਨੇ ਲਾਇਆ ਦੁੱਧ ਤੇ ਬਿਸਕੁਟਾਂ ਦਾ ਲੰਗਰ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)—ਪਿੰਡ ਚੰਨਣਕੇ ਦੇ ਨੌਜਵਾਨਾਂ ਵੱਲੋਂ ਧੰਨ ਧੰਨ ਅਨੋਖੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਡਰੇਨ ਦੇ ਪੁਲ ਉਪਰ ਦੁੱਧ ਅਤੇ ਬਿਸਕੁਟਾਂ ਦਾ ਲੰਗਰ ਲਗਾਇਆ ਗਿਆ।ਇਸ ਮੌਕੇ ਨੌਜਵਾਨਾਂ ਵਿਚ ਬਹੁਤ ਉਤਸ਼ਾਹ ਨਾਲ ਸੇਵਾ ਕਰ ਰਹੇ ਸਨ।ਇਸ ਮੌਕੇ ਸੂਬੇਦਾਰ ਕਰਤਾਰ ਸਿੰਘ, ਥਾਣੇਦਾਰ ਅੰਗਰੇਜ਼ ਸਿੰਘ ਬਾਠ, ਪ੍ਰਧਾਨ ਗੁਰਪ੍ਰੀਤ ਸਿੰਘ, ਲਵਪਰੀਤ ਸਿੰਘ ਢੱਲਾ, ਰਾਜਵਿੰਦਰ ਸਿੰਘ ਰਾਜੂ, ਕਰਨਬੀਰ ਸਿੰਘ, ਰੂੜ ਸਿੰਘ ਮੈਂਬਰ, ਨਵਪ੍ਰੀਤ ਸਿੰਘ ਬਾਠ, ਸ਼ਮਸ਼ੇਰ ਸਿੰਘ ਸ਼ੇਰਾ, ਮਨਦੀਪ ਸਿੰਘ ਬਿੰਸਮਪੁਰੀਏ ਅਤੇ ਕਾਲ਼ਾ ਸਿੰਘ ਆਦਿ ਸੇਵਾਦਾਰ ਹਾਜ਼ਰ ਸਨ।

## ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਿਜਦਾ



ਕਲਾਨੌਰ (ਮਨਦੀਪ ਕੋਹਲੀ)-ਭਾਈ ਗੁਰਦਾਸ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਲੱਖਣ ਕਲਾਂ ਵਿੱਚ ਮੈਨੇਜਿੰਗ ਡਾਇਰੈਕਟਰ ਬਲਬੀਰ ਸਿੰਘ ਕਾਹਲੋਂ ਅਤੇ ਪ੍ਰਿੰ. ਬਲਜਿੰਦਰ ਕੌਰ ਕਾਹਲੋਂ ਦੀ ਸੁਚੱਜੀ ਅਗਵਾਈ ਹੇਠ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸਮਾਗਮ ਨੂੰ ਮੁੱਖ ਰੱਖਦਿਆਂ ਭਾਈ ਗੁਰਦਾਸ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਦੀ ਨੌਵੀਂ ਜਮਾਤ ਦੇ ਵਿਦਿਆਰਥੀਆਂ ਨੇ ਸੱਤਵੇਂ ਪਾਠਕ੍ਰਮ ਨੂੰ ਬਾਖੂਬੀ ਨਿਭਾਇਆ। ਨੌਵੀਂ ਕਲਾਸ ਦੀ ਵਿਦਿਆਰਥਣ ਵੰਸ਼ਿਕਾ, ਕਿਰਨ, ਸਹਿਜਪ੍ਰੀਤ ਅਤੇ ਗੁਰਲੀਨ ਕੌਰ ਨੇ ਵਾਰੀ ਵਾਰੀ ਆ ਕੇ ਬੜੇ ਹੀ ਸੁਚੱਜੇ ਤਰੀਕੇ ਨਾਲ ਗੁਰੂ ਸਾਹਿਬ ਦੇ ਜੀਵਨ ਬਿਰਤਾਂਤ 'ਤੇ ਚਾਨਣਾ ਪਾਇਆ। ਇਸ ਤੋਂ ਬਾਅਦ ਵਿਦਿਆਰਥੀਆਂ ਤੋਂ ਪ੍ਰਸ਼ਨ ਪੁੱਛੇ ਗਏ ਜਿਸ ਵਿੱਚ ਮੁਸਕਾਨਦੀਪ ਕੌਰ ਪੰਜਵੀਂ ਕਲਾਸ, ਰਣਬੀਰ ਸਿੰਘ ਚੌਥੀ ਕਲਾਸ, ਹਰਕੀਰਤ ਸਿੰਘ ਤੀਸਰੀ ਕਲਾਸ ਅਤੇ ਅਕਾਲ ਜੋਤ ਕੌਰ ਨੇ ਸਵਾਲਾਂ ਦਾ ਜਵਾਬ ਦੇ ਕੇ ਇਨਾਮ ਹਾਸਲ ਕੀਤੇ ਜੋ ਕਿ ਨਗਦ ਰੂਪ ਵਿੱਚ ਸਨ।

## ਜੋਬਨ ਰੰਧਾਵਾ ਨੇ ਚੇਅਰਮੈਨ ਜ਼ਿਲ੍ਹਾ ਪਲਾਨਿੰਗ ਕਮੇਟੀ ਗੁਰਦਾਸਪੁਰ ਦਾ ਅਹੁਦਾ ਸੰਭਾਲਿਆ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਆਮ ਆਦਮੀ ਪਾਰਟੀ ਦੇ ਨੌਜਵਾਨ ਆਗੂ ਜੋਬਨ ਰੰਧਾਵਾ ਨੇ ਜ਼ਿਲ੍ਹੇ ਦੀ ਸਮੁੱਚੀ ਲੀਡਰਸ਼ਿਪ ਦੀ ਮੌਜੂਦਗੀ ਵਿੱਚ ਚੇਅਰਮੈਨ ਜ਼ਿਲ੍ਹਾ ਪਲਾਨਿੰਗ ਕਮੇਟੀ ਗੁਰਦਾਸਪੁਰ ਦਾ ਅਹੁਦਾ ਸੰਭਾਲ ਲਿਆ।ਇਸ ਮੌਕੇ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਬਟਾਲਾ ਸ਼ੈਰੀ ਕਲਸੀ, ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਵਿਧਾਇਕ ਅਮਰਪਾਲ ਸਿੰਘ, ਹਲਕਾ ਇੰਚਾਰਜ ਰਮਨ ਬਹਿਲ, ਬਲਬੀਰ ਸਿੰਘ ਪਨੂੰ, ਜਗਰੂਪ ਸਿੰਘ ਸੇਖਵਾਂ, ਸ਼ਮਸ਼ੇਰ ਸਿੰਘ ਸਮੇਤ ਸਮੁੱਚੀ ਲੀਡਰਸ਼ਿਪ ਨੇ ਨਵ-ਨਿਯੁਕਤ ਚੇਅਰਮੈਨ ਜੋਬਨ ਰੰਧਾਵਾ ਨੂੰ ਮੁਬਾਰਕਬਾਦ ਦਿੱਤੀ।ਚੇਅਰਮੈਨ ਰੰਧਾਵਾ ਨੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਮਾਨ, ਮੁਨੀਸ਼ ਸਿਸੋਦੀਆ ਇੰਚਾਰਜ ਪੰਜਾਬ, ਅਮਨ ਅਰੋੜਾ ਸੂਬਾ ਪ੍ਰਧਾਨ ਪੰਜਾਬ ਅਤੇ ਕਾਰਜਕਾਰੀ ਪ੍ਰਧਾਨ ਸ਼ੈਰੀ ਕਲਸੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਪਾਰਟੀ ਨੂੰ ਪੂਰਨ ਭਰੋਸਾ ਦਿੰਦੇ ਹਨ ਕਿ ਉਹ ਉਨ੍ਹਾਂ ਦੇ ਵਿਸ਼ਵਾਸ 'ਤੇ ਖਰ੍ਹਾ ਉਤਰਨਗੇ। ਉਨ੍ਹਾਂ ਕਿਹਾ ਕਿ ਆਮ ਲੋਕਾਂ ਦੀਆਂ ਦੁੱਖ-ਤਕਲੀਫਾਂ ਤੋਂ ਭਲੀ ਭਾਂਤ ਜਾਣੂ ਹਨ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਦੂਰ ਕਰਨ ਲਈ ਪਾਰਟੀ ਦ੍ਰਿੜ੍ਹ ਸੰਕਲਪ ਹੈ।ਇਸ ਮੌਕੇ ਰਾਜੀਵ ਸ਼ਰਮਾ, ਲੋਕ ਸਭਾ ਇੰਚਾਰਜ ਅਤੇ ਚੇਅਰਮੈਨ ਇੰਪਰੂਵਮੈਂਟ ਟਰੱਸਟ ਗੁਰਦਾਸਪੁਰ, ਚੇਅਰਮੈਨ ਭਾਰਤ ਭੂਸ਼ਣ ਸ਼ਰਮਾ, ਚੇਅਰਮੈਨ ਯਸ਼ਪਾਲ ਚੌਹਾਨ, ਮੁੱਖਦੇਵ ਸਿੰਘ ਆਲੋਵਾਲ, ਜ਼ਿਲ੍ਹਾ ਮੀਡੀਆ ਇੰਚਾਰਜ ਗੁਰਦਾਸਪੁਰ, ਚੇਅਰਮੈਨ ਰਣਜੀਤ ਸਿੰਘ ਬਾਠ, ਮੋਹਨ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਕਾਦੀਆਂ, ਨਿਸ਼ਾਨ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਸ਼੍ਰੀ ਹਰਗੋਬਿੰਦਪੁਰ ਸਾਹਿਬ, ਬਲਜੀਤ ਸਿੰਘ ਚੇਅਰਮੈਨ ਮਾਰਕਿਟ ਕਮੇਟੀ ਦੀਨਾਨਗਰ, ਅਸ਼ਵਨੀ ਦੁੱਗਲ ਪ੍ਰਧਾਨ ਕਾਰਪੋਰੇਸ਼ਨ ਰਾਜੇਸ਼ ਕੁਮਾਰ ਬਿੱਟਾ, ਪ੍ਰਧਾਨ ਡੇਰਾ ਬਾਬਾ ਨਾਨਕ ਨਗਰ ਕੌਂਸਲ, ਜਗਜੀਤ ਸਿੰਘ ਪਿੰਟਾ, ਸਕੱਤਰ ਆਪ ਪਾਰਟੀ ਜ਼ਿਲ੍ਹਾ ਗੁਰਦਾਸਪੁਰ, ਸੋਨਾ ਬਾਜਵਾ ਸਮੇਤ ਜ਼ਿਲ੍ਹਾ ਗੁਰਦਾਸਪੁਰ ਦੇ ਪਾਰਟੀ ਆਗੂ ਤੇ ਵਲੰਟੀਅਰ ਮੌਜੂਦ ਸਨ।

# 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਨਗਰ ਕੀਰਤਨ ਦਾ ਬਟਾਲਾ 'ਚ ਹੋਵੇਗਾ ਭਰਵਾਂ ਸਵਾਗਤ: ਸ਼ੈਰੀ ਕਲਸੀ



ਬਟਾਲਾ, (ਡਾ. ਮਲਵਿੰਦਰ ਸਿੰਘ)-ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਵਸ ਸਬੰਧੀ 20 ਨਵੰਬਰ ਨੂੰ ਬਟਾਲਾ ਵਿਖੇ ਪਹੁੰਚ ਰਹੇ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਜਾਵੇਗਾ, ਜਿਸ ਸਬੰਧੀ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।ਇਹ ਪ੍ਰਗਟਾਵਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਸ਼ੈਰੀ ਕਲਸੀ ਨੇ ਪੱਤਰਕਾਰ ਸਾਥੀਆਂ ਨਾਲ ਗੱਲਬਾਤ ਦੌਰਾਨ ਕੀਤਾ।

ਇਸ ਮੌਕੇ ਉਨ੍ਹਾਂ ਨਾਲ ਜੋਬਨ ਰੰਧਾਵਾ, ਨਵ ਨਿਯੁਕਤ ਚੇਅਰਮੈਨ ਜ਼ਿਲ੍ਹਾ ਪਲਾਨਿੰਗ ਕਮੇਟੀ ਗੁਰਦਾਸਪੁਰ ਵੀ ਮੌਜੂਦ ਸਨ।ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ 20 ਨਵੰਬਰ ਨੂੰ ਸਵੇਰੇ 8 ਵਜੇ ਗੁਰਦਾਸਪੁਰ ਤੋਂ ਨਗਰ ਸਜਾਇਆ ਜਾਵੇਗਾ, ਜੋ ਬਟਾਲਾ ਵਿਖੇ ਕਰੀਬ ਸਵੇਰੇ 11 ਵਜੇ ਪਹੁੰਚੇਗਾ।

ਉਨ੍ਹਾਂ ਦੱਸਿਆ ਕਿ ਨਗਰ ਕੀਰਤਨ ਦਾ ਸ਼ਹੀਦ ਭਗਤ ਸਿੰਘ ਚੌਂਕ, ਨੇੜੇ ਉਸਮਾਨਪੁਰ ਸਿਟੀ ਬਟਾਲਾ ਵਿਖੇ ਭਰਵਾਂ ਸਵਾਗਤ ਕੀਤਾ ਜਾਵੇਗਾ।ਉਨ੍ਹਾਂ ਸਮੂਹ ਸੰਗਤਾਂ ਨੂੰ ਨਗਰ ਕੀਰਤਨ ਵਿੱਚ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਅਕਾਲ ਪੁਰਖ ਦੀ ਬਖਸ਼ਿਸ਼ ਨਾਲ ਪੰਜਾਬ ਸਰਕਾਰ, ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਉਹਨਾਂ ਦੇ ਪਿਆਰੇ ਸ਼ਹੀਦ ਗੁਰਸਿੱਖਾਂ ਨੂੰ ਯਾਦ ਕਰ ਰਹੀ ਹੈ।

ਉਨ੍ਹਾਂ ਦੱਸਿਆ ਕਿ 350 ਸਾਲਾ ਸ਼ਹੀਦੀ ਪੁਰਬ ਸਬੰਧੀ ਪੰਜਾਬ ਸਰਕਾਰ ਵੱਲੋਂ ਮਹੀਨਾ ਨਵੰਬਰ ਦੌਰਾਨ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਵੱਖ-ਵੱਖ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਹਨ ਤਾਂ ਜੋ ਮਹਾਨ ਸ਼ਹੀਦਾਂ ਦੇ ਜੀਵਨ ਸਿਧਾਂਤਾਂ ਬਾਰੇ ਬੱਚਿਆਂ, ਨੌਜਵਾਨ ਪੀੜ੍ਹੀ ਅਤੇ ਹਰੇਕ ਉਮਰ ਵਰਗ ਦੇ ਲੋਕਾਂ ਨੂੰ ਜਾਣੂੰ ਕਰਵਾਇਆ ਜਾ ਸਕੇ।

# ਸਵਿੰਦਰ ਸਿੰਘ ਨਮਿਤ ਅੰਤਿਮ ਅਰਦਾਸ ਭਲਕੇ



ਵੇਰਕਾ (ਰਾਣਾ)-ਪਿੰਡ ਲੁੱਧੜ ਦੇ ਸਾਬਕਾ ਸਰਪੰਚ ਜਸਵੰਤ ਸਿੰਘ ਅਤੇ ਸਮੂਹ ਲੁੱਧੜ ਪਰਿਵਾਰ ਨੂੰ ਉਸ ਵੇਲੇ ਗਹਿਰਾ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਪੂਜਨੀਕ ਪਿਤਾ ਸ: ਸਵਿੰਦਰ ਸਿੰਘ ਦੀ ਸੰਖੇਪ ਬਿਮਾਰੀ ਕਾਰਨ ਅਚਨਚੇਤ ਮੌਤ ਹੋ ਗਈ।ਇਸ ਮੌਕੇ ਮਰਹੂਮ ਸਵਿੰਦਰ ਸਿੰਘ ਨਮਿੱਤ ਆਤਮਿਕ ਸ਼ਾਂਤੀ ਲਈ ਪਰਿਵਾਰ ਵੱਲੋਂ ਰਖਾਏ ਗਏ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਪਿੰਡ ਲੁੱਧੜ ਵਿਖੇ 19 ਨਵੰਬਰ ਨੂੰ 12 ਤੋਂ 1 ਵਜੇ ਤੱਕ ਪਿੰਡ ਦੇ ਗੁ: ਸਾਹਿਬ ਸ਼੍ਰੋਮਣੀ ਬਾਬਾ ਜੀਵਨ ਸਿੰਘ ਵਿਖੇ ਪਾਏ ਜਾਣਗੇ।ਉਪਰੰਤ ਰਾਗੀ ਸਿੰਘਾਂ ਵੱਲੋਂ ਵਿਰਾਗਮਈ ਕੀਰਤਨ ਕੀਤਾ ਜਾਵੇਗਾ।ਉਪਰੰਤ ਵੱਖ-ਵੱਖ ਸਮਾਜਿਕ, ਰਾਜਨੀਤਕ, ਧਾਰਮਿਕ ਅਤੇ ਸਮਾਜ-ਸੇਵੀ ਸੰਗਠਨਾਂ ਦੇ ਅਹੁਦੇਦਾਰਾਂ ਵੱਲੋਂ ਮਰਹੂਮ ਸਵਿੰਦਰ ਸਿੰਘ ਲੁੱਧੜ ਨੂੰ ਸ਼ਰਧਾ ਦੇ ਸੁਮਨ ਵੀ ਭੇਟ ਕੀਤੇ ਜਾਣਗੇ।

# ਲੁੱਧੜ ਵਿਖੇ ਅੰਮ੍ਰਿਤ ਛਕ ਕੇ 40 ਪ੍ਰਾਣੀ ਗੁਰੂ ਵਾਲੇ ਬਣੇ



ਵੇਰਕਾ (ਰਾਣਾ)-ਇਥੋਂ ਨੇੜਲੇ ਪਿੰਡ ਲੁਧੱੜ ਵਿਖੇ ਸ੍ਰਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਗੁਰਦੁਆਰਾ ਸਾਹਿਬ ਵਿਖੇ ਜਥੇਦਾਰ ਗੁਰਿੰਦਰ ਸਿੰਘ ਜੀ ਵੱਲੋਂ ਗੁਰੂ ਫਤਿਹ ਗੁਰਮਿਤ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਗਿਆ।ਇਸ ਸਬੰਧੀ ਮੁੱਖ ਭੂਮਿਕਾ ਵੀ ਜਥੇ: ਗੁਰਿੰਦਰ ਸਿੰਘ ਵੱਲੋਂ ਹੀ ਨਿਭਾਈ ਗਈ।ਇਸ ਮੌਕੇ ਉਨ੍ਹਾਂ ਨਾਲ ਭਾਈ ਸੁਖਦੇਵ ਸਿੰਘ, ਭਾਈ ਹਰਕੀਰਤ ਸਿੰਘ, ਭਾਈ ਫਤਿਹ ਸਿੰਘ, ਜਸਪ੍ਰੀਤ ਸਿੰਘ, ਭਾਈ ਦਿਲਬਾਗ ਸਿੰਘ ਅਤੇ ਭਾਈ ਗੁਰਪ੍ਰੀਤ ਸਿੰਘ ਵੱਲੋਂ ਸਵੇਰੇ ਅੰਮ੍ਰਿਤ ਵੇਲੇ ਪਿੰਡ ਵਿੱਚ ਪ੍ਰਭਾਤ ਫੇਰੀ ਰਾਹੀਂ ਸਮੂਹ ਸੰਗਤਾਂ ਨੂੰ ਸ਼ਬਦ ਗੁਰਬਾਣੀ ਨਾਲ ਜੋੜਿਆ ਗਿਆ ਅਤੇ ਰਸਭਿੰਨਾ ਸਬਦ ਗਾਇਣ ਕੀਤਾ।ਇਸ ਉਪਰੰਤ ਦੁਪਹਿਰ 12:00 ਵਜੇ ਸ਼੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਵੱਲੋਂ ਨਗਰ ਦੇ 40 ਪੁਰਾਣੀਆਂ ਨੂੰ ਅੰਮ੍ਰਿਤ ਸੰਚਾਰ ਦੀ ਦਾਤ ਵੀ ਦਿੱਤੀ ਗਈ ਅਤੇ ਗੁਰੂ ਵਾਲੇ ਬਣਾਇਆ ਗਿਆ।

ਇਸ ਦੌਰਾਨ ਨਗਰ ਲੁੱਧੜ ਦੀਆਂ ਸਮੂਹ ਸੰਗਤਾਂ ਦਾ ਕਰਵਾਏ ਗਏ ਧਾਰਮਿਕ ਸਮਾਗਮ 'ਚ ਭਾਰੀ ਇਕੱਠ ਵੀ ਵੇਖਣ ਨੂੰ ਮਿਲਿਆ।ਇਸ ਮੌਕੇ ਗੁਰੂ ਕਾ ਅਤੁੱਟ ਲੰਗਰ ਸਾਰਾ ਦਿਨ ਹੀ ਸੰਗਤਾਂ ਦੇ ਭਰਪੂਰ ਸਹਿਯੋਗ ਨਾਲ ਚਲਦਾ ਰਿਹਾ।ਇਸ ਹੋਏ ਧਾਰਮਿਕ ਸਮਾਗਮ ਦਾ ਸਮੁੱਚਾ ਪ੍ਰਬੰਧ ਵਿਸ਼ੇਸ਼ ਤੌਰ ਤੇ ਪਿੰਡ ਦੇ ਗ੍ਰੰਥੀ ਸਿੰਘ ਭਾਈ ਕਸ਼ਮੀਰ ਸਿੰਘ, ਅਜੀਤ ਸਿੰਘ, ਬਖਸ਼ੀਸ਼ ਸਿੰਘ, ਸੁਖਵਿੰਦਰ ਸਿੰਘ ਦੋਧੀ, ਜਸਵੰਤ ਸਿੰਘ ਸਾਬਕਾ ਸਰਪੰਚ, ਪਲਵਿੰਦਰ ਸਿੰਘ ਲੁੱਧੜ ਸੁਪਰਡੈਂਟ, ਕਸ਼ਮੀਰ ਸਿੰਘ ਫੌਜੀ, ਜੋਗਿੰਦਰ ਸਿੰਘ ਠੇਕੇਦਾਰ, ਜਸਬੀਰ ਸਿੰਘ, ਦਵਿੰਦਰ ਸਿੰਘ ਸਾਬਕਾ ਸਰਪੰਚ, ਟੇਲਰ ਮਾਸਟਰ ਮਨਜੀਤ ਸਿੰਘ, ਗੁਰਮੀਤ ਸਿੰਘ, ਜਥੇਦਾਰ ਅਮੋਲਕ ਸਿੰਘ, ਜਥੇਦਾਰ ਸੋਹਨਦੀਪ ਸਿੰਘ ਆਦਿ ਵੀ ਹਾਜ਼ਰ ਸਨ।ਇਸ ਦੌਰਾਨ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਤੋਂ ਭਾਈ ਗੁਰਮੁਖ ਸਿੰਘ ਸੈਦੋਲੇਹਲ ਹਲਕਾ ਪ੍ਰਚਾਰਕ ਅਤੇ ਬੀਬੀ ਤਜਿੰਦਰ ਕੌਰ ਹਲਕਾ ਪ੍ਰਚਾਰਕ ਵੱਲੋਂ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਗਈ।

# ਕੀਰਤਨ ਦਰਬਾਰ ਸੁਸਾਇਟੀ ਦਾ ਸੁਹਿਰਦ ਉਪਰਾਲਾ; ਲੋੜਵੰਦ ਪਰਿਵਾਰਾਂ ਨੂੰ ਵੰਡਿਆ ਮਹੀਨਾਵਾਰ ਰਾਸ਼ਨ



ਪੱਟੀ (ਬਲਦੇਵ ਸਿੰਘ ਸੰਧੂ)-ਪੱਟੀ ਸ਼ਹਿਰ ਦੀ ਸਭ ਤੋਂ ਪੁਰਾਣੀ ਸੰਸਥਾ ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਕੀਰਤਨ ਦਰਬਾਰ ਸੁਸਾਇਟੀ ਰਜਿ :ਪੱਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਮਹੀਨਾਵਾਰ ਲੋੜਵੰਦ ਪਰਿਵਾਰਾਂ ਅਤੇ ਬੇਸਹਾਰਾ ਨੂੰ ਰਾਸ਼ਨ ਦੀ ਸੇਵਾ ਗੁਰਦਵਾਰਾ ਬੀਬੀ ਰਜਨੀ ਜੀ ਪੱਟੀ ਵਿਖੇ ਕੀਤੀ ਗਈ।ਬਾਬਾ ਦੀਪ ਸਿੰਘ ਜੀ ਦੀ ਕਿਰਪਾ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹਰ ਮਹੀਨੇ ਸੰਗਤ ਦੇ ਉੱਦਮ ਨਾਲ ਇਹ ਸੇਵਾਵਾਂ ਚੱਲ ਰਹੀਆਂ ਹਨ।ਰਾਸ਼ਨ ਦੇਣ ਦੀ ਆਰੰਭਤਾ ਤੋਂ ਪਹਿਲਾਂ ਗੁਰਦਵਾਰਾ ਸਾਹਿਬ ਦੇ ਗ੍ਰੰਥੀ ਭਾਈ ਕੁਲਵਿੰਦਰ ਸਿੰਘ ਵੱਲੋ ਅਰਦਾਸ ਬੇਨਤੀ ਕੀਤੀ ਗਈ।ਇਸ ਮਹੀਨੇ ਦੀ ਸੇਵਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਹੈ।ਉਸ ਤੋਂ ਬਾਅਦ ਰਾਸ਼ਨ ਦੀ ਆਰੰਭ ਕੀਤੀ ਗਈ।ਇਹ ਜਾਣਕਾਰੀ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੱਬੂ ਅਤੇ ਸਕੱਤਰ ਜੋਗਾ ਸਿੰਘ ਵੱਲੋਂ ਦਿੱਤੀ ਗਈ।

ਇਸ ਮੌਕੇ ਪ੍ਰਧਾਨ ਗੁਰਦਵਾਰਾ ਬੀਬੀ ਰਜਨੀ ਜੀ ਬਲਬੀਰ ਸਿੰਘ ਲੁਹਾਰੀਆ, ਅਵਤਾਰ ਸਿੰਘ ਸੇਵਾ ਸਿੰਘ ਦੀ ਹੱਟੀ ਵਾਲੇ, ਭਾਈ ਕੰਵਲਜੀਤ ਸਿੰਘ ਰਾਗੀ ਜਥਾ ਪੱਟੀ, ਅਮਰੀਕ ਸਿੰਘ ਜੇਈ, ਰਜਵੰਤ ਸਿੰਘ ਜੇਈ, ਡੀਐੱਸਪੀ ਬਲਰਾਜ ਸਿੰਘ ਖਹਿਰਾ, ਸੁਰਜੀਤ ਸਿੰਘ, ਜਸਪਾਲ ਸਿੰਘ ਮੈਡੀਕਲ ਸਟੋਰ ਵਾਲੇ, ਮਨਕੀਰਤ ਸਿੰਘ ਕੈਨੇਡਾ, ਡਾ. ਸਰਵਪ੍ਰੀਤ ਸਿੰਘ, ਅੰਮ੍ਰਿਤ ਸਿੰਘ ਪੁੱਤਰ ਇਕਬਾਲ ਸਿੰਘ ਜੋਲੀ, ਸੁਖਚੈਨ ਸਿੰਘ ਰਾਜੂ ਕਲਾਥ ਹਾਊਸ ਵਾਲੇ, ਪ੍ਰਬਜੀਤ ਸਿੰਘ, ਨਰਿੰਦਰ ਸਿੰਘ, ਮਾਸਟਰ ਸਰਬਜੀਤ ਸਿੰਘ, ਮਾਸਟਰ ਗੁਰਦੇਵ ਸਿੰਘ ਲੁਹਾਰੀਆ, ਕੈਪਟਨ ਮਹਿਲ ਸਿੰਘ ਸਿੱਧੂ, ਮਾਸਟਰ ਸਤਨਾਮ ਸਿੰਘ ਸਿੱਧੂ, ਮਾਸਟਰ ਅਰਸ਼ਦੀਪ ਸਿੰਘ, ਮਾਸਟਰ ਬਿਕਰਮਜੀਤ ਸਿੰਘ, ਮਾਸਟਰ ਅਮਨਦੀਪ ਸਿੰਘ ਕਰੀਰ, ਸਰਦਾਰ ਗੁਰਸੇਵਕ ਸਿੰਘ ਪਟਵਾਰੀ, ਅਵਤਾਰ ਸਿੰਘ ਫੌਜੀ ਚੀਮਾ, ਪਰਮਜੀਤ ਸਿੰਘ ਬੈਂਕ ਵਾਲੇ, ਨਿਰਮਲ ਸਿੰਘ ਕਿਰਪਾਨਾਂ ਵਾਲੇ, ਬਲਜਿੰਦਰ ਸਿੰਘ ਬੀਟੀ, ਸੰਦੀਪ ਸਿੰਘ ਨਗਰ ਕੌਂਸਲ, ਜਗਦੀਪ ਸਿੰਘ ਪ੍ਰਿੰਸ, ਜੋਬਨਜੀਤ ਸਿੰਘ ਪਟਿਆਲਾ, ਜਸ਼ਨਪ੍ਰੀਤ ਸਿੰਘ ਪਟਿਆਲਾ, ਅਮਨ ਕਲਸੀ ਕਾਸਮੈਟਿਕ ਸੈਂਟਰ, ਪ੍ਰਭਜੋਤ ਸਿੰਘ, ਇੰਸਪੈਕਟਰ ਦਰਸ਼ਨ ਸਿੰਘ, ਹਰਚਰਨ ਸਿੰਘ ਵਿਰਦੀ, ਜਗਤਾਰ ਸਿੰਘ ਮੁੱਕਰ, ਅਜੇਪਾਲ ਸਿੰਘ, ਹਰਵੇਲ ਸਿੰਘ ਕੈਰੋਂ, ਪਿੰਟੂ ਕਰਿਆਨਾ ਸਟੋਰ, ਹਰਪ੍ਰੀਤ ਸਿੰਘ ਲੇਡੀਜ਼ ਜ਼ੋਨ, ਨਿਰਮਲ ਸਿੰਘ, ਸ਼ੁਭਦੀਪ ਸਿੰਘ, ਕਾਕਾ ਕੁਲਵਿੰਦਰ ਸਿੰਘ, ਬਲਦੇਵ ਸਿੰਘ ਲਵ ਗਾਰਮੈਂਟਸ ਵਾਲੇ ਆਦਿ ਹਾਜ਼ਰ ਸਨ।

# 24ਵੀਂ ਸੀ ਕੇ ਡੀ ਸਟੇਟ ਲੈਵਲ ਐਥਲੈਟਿਕ ਮੀਟ-2025 'ਚ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ




ਤਰਨ ਤਾਰਨ (ਪ੍ਰਿਤਪਾਲ ਸਿੰਘ)-ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਤਰਨ ਤਾਰਨ ਦੇ ਵਿਦਿਆਰਥੀਆਂ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ, ਪੱਟੀ ਵਿਖੇ ਹੋਈ 24ਵੀਂ ਸੀ ਕੇ ਡੀ ਰਾਜ ਪੱਧਰੀ ਐਥਲੈਟਿਕ ਮੀਟ 2025 ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਹ ਦੋ ਦਿਨਾਂ ਐਥਲੈਟਿਕ ਮੀਟ 15 ਨਵੰਬਰ ਤੇ 16 ਨਵੰਬਰ ਨੂੰ ਆਯੋਜਿਤ ਕੀਤੀ ਗਈ ਸੀ, ਜਿਸ ਵਿੱਚ 35 ਸਕੂਲਾਂ ਦੇ ਲਗਭਗ 1300 ਖਿਡਾਰੀਆਂ ਨੇ ਭਾਗ ਲਿਆ। ਤਰਨ ਤਾਰਨ ਸਕੂਲ ਦੇ ਵਿਦਿਆਰਥੀਆਂ ਨੇ ਇਤਿਹਾਸ ਨੂੰ ਦੁਹਰਾਉਂਦੇ ਹੋਏ ਇੱਕ ਵਾਰ ਫਿਰ ਤੋਂ ਓਵਰਆਲ ਟਰਾਫੀ 'ਤੇ ਕਬਜ਼ਾ ਕੀਤਾ। ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਤਰਨ ਤਾਰਨ ਦੇ ਖਿਡਾਰੀਆਂ ਨੇ ਸਭ ਤੋਂ ਵੱਧ ਅੰਕ ਹਾਸਲ ਕਰਕੇ ਓਵਰਆਲ ਚੈਂਪੀਅਨਸ਼ਿਪ ਟਰਾਫੀ ਹਾਸਲ ਕੀਤੀ ।ਵਿਦਿਆਰਥੀਆਂ ਨੇ ਸ਼ਾਟ ਪੁਟ, ਲੰਬੀ ਛਾਲ, ਰਿਲੇਅ ਦੌੜ, ਡਿਸਕਸ ਥਰੋ, ਜੈਵਲਿਨ ਥਰੋਅ, ਹਾਈ ਜੰਪ ਅਤੇ ਟ੍ਰਿਪਲ ਜੰਪ ਵਿੱਚ ਭਾਗ ਲਿਆ ਅਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਸ ਮੌਕੇ ਸਕੂਲ ਦੀ ਮੈਨੇਜਮੈਂਟ ਅਤੇ ਪ੍ਰਿੰਸੀਪਲ ਸਾਹਿਬਾਨ ਨੇ ਆਪਣੇ ਵਿਦਿਆਰਥੀਆਂ ਦੀ ਸ਼ਾਨਦਾਰ ਕਾਰਗੁਜ਼ਾਰੀ 'ਤੇ ਮਾਣ ਪ੍ਰਗਟ ਕੀਤਾ।ਚੀਫ਼ ਖਾਲਸਾ ਦੀਵਾਨ ਦੀ ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਸ. ਹਰਜੀਤ ਸਿੰਘ ਨੇ ਵਧਾਈ ਦਿੱਤੀ। ਕਮੇਟੀ ਦੇ ਮੀਤ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਸ. ਗੁਰਿੰਦਰ ਸਿੰਘ ਨੇ ਕਿਹਾ ਕਿ ਇਹ ਜਿੱਤ ਵਿਦਿਆਰਥੀਆਂ ਦੀ ਸਮਰੱਥਾ ਨੂੰ ਦਰਸਾਉਂਦੀ ਹੈ। ਮੈਂਬਰ ਇੰਚਾਰਜ ਸ. ਨਵਜੋਤ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਦੀ ਇਹ ਜਿੱਤ ਇਸ ਗੱਲ ਦਾ ਸਬੂਤ ਹੈ ਕਿ ਮਿਹਨਤ ਅਤੇ ਸਮਰਪਣ ਨਾਲ ਹਰ ਉਦੇਸ਼ ਨੂੰ ਹਾਸਲ ਕੀਤਾ ਜਾ ਸਕਦਾ ਹੈ।ਮੈਂਬਰ ਇੰਚਾਰਜ ਸ. ਰਣਦੀਪ ਸਿੰਘ ਜੀ ਨੇ ਕਿਹਾ ਕਿ ਐਥਲੈਟਿਕ ਮੀਟ ਵਿੱਚ ਮਿਲੀ ਜਿੱਤ ਸਾਡੇ ਸਟਾਫ ਅਤੇ ਵਿਦਿਆਰਥੀਆਂ ਦੀ ਲਗਨ ਦਾ ਨਤੀਜਾ ਹੈ।ਸਕੂਲ ਦੇ ਪ੍ਰਿੰਸੀਪਲ ਸ. ਸਤਵੰਤ ਸਿੰਘ ਬੈਂਸ ਨੇ ਪ੍ਰਬੰਧਕ ਕਮੇਟੀ, ਖੇਡ ਅਧਿਆਪਕ ਸ. ਰਜਿੰਦਰ ਸਿੰਘ, ਮੈਡਮ ਰਾਜਸੰਦੀਪ ਕੌਰ, ਰੋਹਿਤ, ਮੈਡਮ ਪੂਨਮ ਅਤੇ ਸਹਾਇਕ ਸਟਾਫ਼ ਮੈਂਬਰਾਂ ਸ. ਤਰਸੇਮ ਸਿੰਘ, ਸ. ਪਨਦੀਪ ਸਿੰਘ ਅਤੇ ਮੈਡਮ ਕੁਲਦੀਪ ਕੌਰ, ਵਿਦਿਆਰਥੀਆਂ ਅਤੇ ਮਾਪਿਆਂ ਦਾ ਧੰਨਵਾਦ ਕੀਤਾ।

ਜੇਤੂ ਟੀਮ ਦਾ ਤਰਨਤਾਰਨ ਪਹੁੰਚਣ ਤੇ ਪ੍ਰਬੰਧਕੀ ਮੈਂਬਰਾਂ, ਮਾਨਯੋਗ ਪ੍ਰਿੰਸੀਪਲ ਤੇ ਅਕਾਦਮਿਕ ਅਫਸਰਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ।

# ਗੁਰਮਤਿ ਮੁਕਾਬਲੇ 'ਚ ਸ਼ਾਨਦਾਰ ਪ੍ਰਦਰਸ਼ਨ ਸਦਕਾ ਜੈਦੀਪ ਸਿੰਘ ਸਨਮਾਨਿਤ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ, ਸਕੱਤਰ ਮੈਡਮ ਪਰਮਿੰਦਰ ਕੌਰ ਚਾਹਲ, ਪ੍ਰਿੰ. ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਦੇ ਵਿਦਿਆਰਥੀ ਜੈਦੀਪ ਸਿੰਘ ਸਪੁੱਤਰ ਬਿਕਰਮਜੀਤ ਸਿੰਘ ਅਤੇ ਗੁਰਮਨਪ੍ਰੀਤ ਕੌਰ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਚਾਰ ਰੋਜ਼ਾ ਗੁਰਮਤਿ ਸਮਾਗਮ ਦੌਰਾਨ ਗੁਰਮਤਿ ਮੁਕਾਬਲੇ ਵਿੱਚ ਭਾਗ ਲਿਆ।ਇਸ ਮੁਕਾਬਲੇ ਵਿੱਚ ਬਾਬਾ ਬੰਦਾ ਸਿੰਘ ਬਹਾਦੁਰ ਪਬਲਿਕ ਸਕੂਲ ਧਾਰੀਵਾਲ ਦੇ ਲਿਟਲ ਸਪਰਾਊਟ ਦੇ ਯੂਕੇਜੀ ਦੇ ਵਿਦਿਆਰਥੀ ਜੈਦੀਪ ਸਿੰਘ ਸਪੁੱਤਰ ਬਿਕਰਮਜੀਤ ਸਿੰਘ (ਖੁੰਡਾ) ਨੇ ਬਹੁਤ ਹੀ ਵਧੀਆ ਪ੍ਰਦਰਸ਼ਨ ਕਰਦੇ ਹੋਏ ਦੂਜਾ ਸਥਾਨ ਹਾਸਲ ਕੀਤਾ, ਜਿਸ ਨੂੰ ਸਮੂਹ ਮੈਂਬਰਾਂ ਵੱਲੋਂ ਸਨਮਾਨ ਚਿੰਨ੍ਹ, ਸਿਰੋਪਾਓ ਅਤੇ 2100 ਰੁਪਏ ਦੇ ਕੇ ਸਨਮਾਨਿਤ ਕੀਤਾ ਗਿਆ।ਸਵੇਰ ਦੀ ਸਭਾ ਵਿੱਚ ਪ੍ਰਿੰ. ਕਿਰਨ ਕੇਸਰ ਵੱਲੋਂ ਵਿਦਿਆਰਥੀ ਨੂੰ ਸਨਮਾਨਿਤ ਕੀਤਾ ਗਿਆ ਅਤੇ ਵਿਦਿਆਰਥੀ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ।

# ਹਰਮੀਤ ਸਿੰਘ ਸੰਧੂ ਦੀ ਜਿੱਤ ਤਰਨਤਾਰਨ ਵਾਸੀਆਂ ਦੀ ਜਿੱਤ: ਤਰਵਿੰਦਰ ਸਾਧਪੁਰ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਪੰਜਾਬ ਵਿੱਚ ਵਿਧਾਨ ਸਭਾ ਹਲਕਾ ਤਰਨਤਾਰਨ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਵੱਲੋਂ ਚੋਣ ਜਿੱਤ ਨੇ 2027 ਵਿੱਚ ਪੰਜਾਬ ਦੀ ਅਗਲੀ ਸਰਕਾਰ ਆਮ ਆਦਮੀ ਪਾਰਟੀ ਦੀ ਬਣਨ ਦਾ ਮੁੱਢ ਬੰਨ੍ਹਿਆ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਪ ਪਾਰਟੀ ਮਜੀਠਾ ਹਲਕੇ ਦੇ ਬਲਾਕ ਪ੍ਰਧਾਨ ਤਰਵਿੰਦਰ ਸਿੰਘ ਸਾਧਪੁਰ ਨੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਨੂੰ ਮਿਲਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਤਰਵਿੰਦਰ ਸਾਧਪੁਰ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਨੂੰ ਮੁੱਖ ਰੱਖਦਿਆਂ ਹੋਇਆਂ ਵਿਧਾਨ ਸਭਾ ਹਲਕਾ ਤਰਨ ਤਾਰਨ ਦੇ ਵੋਟਰਾਂ ਨੇ ਪਾਰਟੀ ਉਮੀਦਵਾਰ ਹਰਮੀਤ ਸਿੰਘ ਸੰਧੂ ਦੇ ਹੱਕ ਵਿੱਚ ਵੋਟਾਂ ਪਾ ਕੇ ਤਰਨਤਾਰਨ ਦੇ ਵੋਟਰਾਂ ਨੇ ਇਹ ਦਰਸਾ ਦਿੱਤਾ ਹੈ ਕਿ ਪੰਜਾਬ ਦੇ ਹਰਮਨ ਪਿਆਰੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ ਤੋਂ ਲੋਕ ਪੂਰੀ ਤਰ੍ਹਾਂ ਸੰਤੁਸ਼ਟ ਹਨ। ਉਨ੍ਹਾਂ ਕਿਹਾ ਕਿ ਇਸ ਜਿੱਤ ਨੇ ਇਹ ਦਰਸਾ ਦਿੱਤਾ ਕਿ ਆਮ ਆਦਮੀ ਪਾਰਟੀ 2027 ਦੀਆਂ ਚੋਣਾਂ ਵਿੱਚ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਦੁਬਾਰਾ ਫਿਰ ਪੰਜਾਬ ਵਿੱਚ ਸਰਕਾਰ ਬਣਾਏਗੀ।ਉਨ੍ਹਾਂ ਇਸ ਜਿੱਤ ਲਈ ਮਜੀਠਾ ਹਲਕੇ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਨੂੰ ਵੀ ਵਧਾਈ ਦਿੱਤੀ ਜਿਨ੍ਹਾਂ ਦੀ ਅਗਵਾਈ ਹੇਠ ਮਜੀਠਾ ਹਲਕੇ ਦੇ ਆਗੂਆਂ ਵੱਲੋਂ ਤਰਨ ਤਾਰਨ ਚੋਣ ਵਿੱਚ ਦਿਨ ਰਾਤ ਪ੍ਰਚਾਰ ਕੀਤਾ ਸੀ, ਇਸ ਸਦਕਾ ਇਸ ਸ਼ਾਨਦਾਰ ਜਿੱਤ ਨਾਲ ਤਲਬੀਰ ਸਿੰਘ ਗਿੱਲ ਦਾ ਕੱਦ ਪਾਰਟੀ ਵਿੱਚ ਅਤੇ ਹਲਕਾ ਮਜੀਠਾ ਵਿੱਚ ਹੋਰ ਵਧਿਆ ਹੈ ।

# ਟੌਟੇ ਤੋਂ ਦੋਰਾਂਗਲੇ ਨੂੰ ਜਾਣ ਵਾਲੀ ਸੜਕ ਦੇ ਕੰਢਿਆਂ ਨੂੰ ਲੱਗਾ ਖੋਰਾ, ਹਾਦਸਾ ਵਾਪਰਨ ਦਾ ਡਰ



ਗੁਰਦਾਸਪੁਰ, (ਜਨਕ ਮਹਾਜਨ)-ਪਿਛਲੇ ਦਿਨੀਂ ਆਏ ਹੜ੍ਹਾਂ ਕਾਰਨ ਹੋਏ ਨੁਕਸਾਨ ਨਾਲ ਗੁਰਦਾਸਪੁਰ, ਟੌਟੇ ਤੋਂ ਦੋਰਾਂਗਲੇ ਨੂੰ ਜਾਣ ਵਾਲੀ ਸੜਕ ਕਈ ਜਗ੍ਹਾ ਤੋਂ ਟੁੱਟ ਭੱਜ ਗਈ ਸੀ। ਪਿੰਡ ਮਨਸੂਰਾ ਮੋੜ 'ਤੇ ਸੜਕ ਕੰਢੇ ਬਣੀ ਪੁਲੀ ਦੀ ਰੇਲਿੰਗ ਤੇ ਸੜਕ ਵਿੱਚਕਾਰ ਕਾਫੀ ਗੈਪ ਪੈ ਗਿਆ ਸੜਕ ਦੇ ਕੰਢੇ ਖੁਰ ਚੁੱਕੇ ਹਨ। ਇੱਥੋਂ ਗੁਜਰਨ ਵੇਲੇ ਕਿਸੇ ਵੇਲੇ ਵੀ ਕੋਈ ਵਾਹਨ ਖਾਲੀ ਗੈਪ ਵਾਲੀ ਜਗ੍ਹਾ ਵਿਚ ਡਿੱਗ ਕੇ ਜਾਨੀ ਮਾਲੀ ਨੁਕਸਾਨ ਕਰਵਾ ਸਕਦਾ ਹੈ।

ਇਸ ਪਾਸੇ ਸਬੰਧਿਤ ਵਿਭਾਗ ਦਾ ਧਿਆਨ ਨਾ ਹੋਣ ਕਰਕੇ ਲੋਕਾਂ ਦਾ ਵਿਭਾਗ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਲਾਕਾ ਵਾਸੀਆਂ ਦਾ ਕਹਿਣਾ ਹੈ ਕਿ ਲਗਭਗ 2 ਮਹੀਨੇ ਬੀਤਣ ਦੇ ਬਾਵਜੂਦ ਇਸ ਖਰਾਬ ਸੜਕ ਦੇ ਕੰਢਿਆਂ ਨੂੰ ਠੀਕ ਕਰਨ ਲਈ ਸਬੰਧਿਤ ਵਿਭਾਗ ਨੇ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਇਸ ਸੜਕ ਨਾਲ ਕਾਫੀ ਪਿੰਡ ਜੁੜੇ ਹੋਏ ਹਨ ਅਤੇ ਇਸ 'ਤੇ ਦਿਨ-ਰਾਤ ਕਾਫੀ ਆਵਾਜਾਈ ਬਣੀ ਰਹਿੰਦੀ ਹੈ।

ਇਲਾਕਾ ਵਾਸੀਆਂ ਦੀ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਹੈ ਕਿ ਗੁਰਦਾਸਪੁਰ ਤੋਂ ਦੋਰਾਂਗਲਾ ਨੂੰ ਜਾਣ ਵਾਲੀ ਟੌਟੇ ਵਾਲੀ ਸੜਕ ਦੇ ਕੰਢਿਆਂ ਨੂੰ ਲੱਗੀ ਖੋਰ ਨੂੰ ਜਲਦ ਤੋਂ ਜਲਦ ਠੀਕ ਕੀਤਾ ਜਾਵੇ ਤਾਂ ਜੋ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

# ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਮਨਾਇਆ ਬਾਲ ਦਿਵਸ



ਮਜੀਠਾ (ਸੋਇਮ ਆਨੰਦ)-ਗੁਰੂ ਖਾਲਸਾ ਹਾਈ ਸਕੂਲ ਸ਼ਾਮ ਨਗਰ ਵਿੱਚ ਚਾਰ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਬਾਲ ਦਿਵਸ ਮਨਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਦੀ ਇੱਕ ਵਿਸ਼ਾਲ ਸਭਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਕੂਲ ਦੇ ਪ੍ਰਿੰ. ਲਖਨਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਇਸ ਪਵਿੱਤਰ ਦਿਨ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਕਿਹਾ ਕਿ ਬਾਲ ਦਿਵਸ ਕੇਵਲ ਬੱਚਿਆਂ ਦੇ ਹੱਕਾਂ ਅਤੇ ਉਨ੍ਹਾਂ ਦੇ ਉਜਵਲ ਭਵਿੱਖ ਦੀ ਗੱਲ ਨਹੀਂ ਕਰਦਾ, ਬਲਕਿ ਇਹ ਸਾਨੂੰ ਉਨ੍ਹਾਂ ਬਹਾਦਰ ਬੱਚਿਆਂ ਦੀ ਯਾਦ ਵੀ ਦਿਵਾਉਂਦਾ ਹੈ ਜਿਨ੍ਹਾਂ ਨੇ ਬਚਪਨ ਵਿੱਚ ਹੀ ਅਸਾਧਾਰਣ ਹਿੰਮਤ ਅਤੇ ਧਰਮ ਪ੍ਰਤੀ ਅਟੱਲ ਵਫ਼ਾਦਾਰੀ ਦਿਖਾਈ।ਜਿਵੇਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਸਾਹਿਬਜ਼ਾਦਾ ਅਜੀਤ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਦੀ ਜੀਵਨ ਗਾਥਾ ਸਾਨੂੰ ਸੱਚ, ਧਰਮ ਅਤੇ ਨਿਡਰਤਾ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੰਦੀ ਹੈ।ਉਨ੍ਹਾਂ ਨੇ ਨਿੱਕੀ ਉਮਰ ਵਿੱਚ ਵੀ ਜ਼ੁਲਮ ਦੇ ਸਾਹਮਣੇ ਝੁਕਣ ਤੋਂ ਇਨਕਾਰ ਕੀਤਾ ਅਤੇ ਸਿੱਖੀ ਦੇ ਸਿਧਾਂਤਾਂ ਨੂੰ ਸਰਬਉਚ ਰੱਖਿਆ।ਸਭਾ ਦੌਰਾਨ ਵਿਦਿਆਰਥੀਆਂ ਨੇ ਭਾਵ-ਭਿੰਨੇ ਕੀਰਤਨ, ਵਿਚਾਰਪੂਰਕ ਭਾਸ਼ਣ ਅਤੇ ਧਾਰਮਿਕ ਗੀਤਾਂ ਰਾਹੀਂ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਭੇਟ ਕੀਤੀ।ਇਸ ਮੌਕੇ ਪ੍ਰਿੰ. ਲਖਨਪਾਲ ਸਿੰਘ, ਵਾਈਸ ਪ੍ਰਿੰ. ਸਿਮਰਜੀਤ ਕੌਰ, ਅਧਿਆਪਕਾ ਸਿਮਰਨਜੀਤ ਕੌਰ, ਬਲਜੀਤ ਕੌਰ, ਹਰਲੀਨ ਕੌਰ, ਜਗਰੂਪ ਕੌਰ, ਸੁਖਵਿੰਦਰ ਕੌਰ ਤੇ ਹੋਰ ਸਟਾਫ ਮੈਂਬਰਾਂ ਸਣੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਮੌਜੂਦ ਸਨ।

# ਸਾਂਸਦ ਸੁਖਜਿੰਦਰ ਰੰਧਾਵਾ ਇਤਿਹਾਸਕ ਮੰਦਰ ਧਿਆਨਪੁਰ ਵਿਖੇ ਹੋਏ ਨਤਮਸਤਕ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੰਜਾਬ ਦੇ ਸਾਬਕਾ ਉਪ-ਮੁੱਖ ਮੰਤਰੀ ਅਤੇ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਇਤਿਹਾਸਕ ਮੰਦਿਰ ਸ੍ਰੀ ਬਾਵਾ ਲਾਲ ਦਿਆਲ ਜੀ ਧਿਆਨਪੁਰ ਵਿਖੇ ਨਤਮਸਤਕ ਹੋਣ ਲਈ ਪਹੁੰਚੇ। ਇਸ ਮੌਕੇ ਰੰਧਾਵਾ ਵੱਲੋਂ ਮੰਦਰ ਸ੍ਰੀ ਬਾਬਾ ਲਾਲ ਦਿਆਲ ਜੀ ਦੇ ਗੱਦੀਨਸ਼ੀਨ ਮਹੰਤ ਰਾਮ ਸੁੰਦਰ ਦਾਸ ਅਤੇ ਛੋਟੇ ਮਹਾਰਾਜ ਗੋਪਾਲ ਦਾਸ ਪਾਸੋਂ ਆਸ਼ੀਰਵਾਦ ਪ੍ਰਾਪਤ ਕੀਤਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਇਸ ਮੌਕੇ ਉਨ੍ਹਾਂ ਦੇ ਨਾਲ ਮੰਦਿਰ ਸ੍ਰੀ ਬਾਬਾ ਲਾਲ ਦਿਆਲ ਜੀ ਦੇ ਮੁੱਖ ਸੇਵਾਦਾਰ ਜਗਦੀਸ਼, ਸਰਪੰਚ ਤਰਸੇਮ ਸਿੰਘ, ਗੁਰਪ੍ਰੀਤ ਸਿੰਘ ਗੋਪੀ ਸਰਪੰਚ, ਕਾਂਗਰਸੀ ਯੂਥ ਆਗੂ ਵਿਨੇ ਕੁਮਾਰ, ਰਿੰਕੂ ਫੌਜੀ ਮੈਂਬਰ ਪੰਚਾਇਤ ਧਿਆਨਪੁਰ, ਅਰੁਣ ਕੁਮਾਰ ਧਿਆਨਪੁਰ, ਸ਼ਿੰਦਾ ਮੈਂਬਰ ਧਿਆਨਪੁਰ, ਅਵਤਾਰ ਸਿੰਘ ਮੈਂਬਰ ਪੰਚਾਇਤ ਧਿਆਨਪੁਰ, ਟਿੰਕੂ ਮੈਂਬਰ ਪੰਚਾਇਤ ਧਿਆਨਪੁਰ, ਗੱਬਰ ਧਿਆਨਪੁਰ, ਡਾ, ਸੁਰਜੀਤ ਸਿੰਘ ਬੱਲੀ ਧਿਆਨਪੁਰ ਅਤੇ ਹੋਰ ਸੀਨੀਅਰ ਆਗੂ ਹਾਜ਼ਰ ਸਨ।

# ਵਜ਼ੀਰ ਭੁੱਲਰ ਵਿਖੇ 350ਵੇਂ ਸ਼ਹਾਦਤ ਪੁਰਬ ਨੂੰ ਸਮਰਪਤ ਕੀਰਤਨ ਦਰਬਾਰ



ਬਿਆਸ (ਪਰਮਜੀਤ ਸਿੰਘ ਰੱਖੜਾ)-ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹਾਦਤ ਪੁਰਬ ਨੂੰ ਸਮਰਪਿਤ ਸਮਾਗਮਾਂ ਦੀ ਲੜੀ ਤਹਿਤ ਅੱਜ ਗੁਰਦੁਆਰਾ ਵਜ਼ੀਰ ਭੁੱਲਰ ਵਿਖੇ ਸੰਗਤਾਂ ਦੇ ਸਹਿਯੋਗ ਨਾਲ ਕੀਰਤਨ ਦਰਬਾਰ ਆਯੋਜਿਤ ਕੀਤਾ ਗਿਆ। ਸਮਾਗਮ ਦੌਰਾਨ ਰਾਗੀ ਜਥੇ ਵੱਲੋਂ ਕੀਤੇ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਦਲਬੀਰ ਸਿੰਘ ਟੌਂਗ ਨੇ ਗੁਰੂ ਘਰ ਹਾਜ਼ਰੀ ਲਗਵਾ ਕੇ ਕੀਰਤਨੀ ਜਥੇ ਨੂੰ ਸਿਰੋਪਾਓ ਭੇਟ ਕੀਤੇ। ਉਨ੍ਹਾ ਦੱਸਿਆ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਗੁਰੂ ਸਾਹਿਬ ਦੇ 350ਵੇਂ ਸ਼ਹਾਦਤ ਵਰ੍ਹੇ ਨੂੰ ਵੱਡੇ ਪੱਧਰ 'ਤੇ ਸ਼ਰਧਾ ਅਤੇ ਸਤਿਕਾਰ ਨਾਲ ਮਨਾਉਣ ਲਈ ਵੱਖ-ਵੱਖ ਪ੍ਰੋਗਰਾਮ ਆਯੋਜਿਤ ਕਰ ਰਹੀ ਹੈ। ਉਨ੍ਹਾ ਦੱਸਿਆ ਕਿ ਸ੍ਰੀ ਆਨੰਦਪੁਰ ਸਾਹਿਬ ਤੋਂ ਚੱਲ ਕੇ ਨਗਰ ਕੀਰਤਨ 20 ਨਵੰਬਰ ਨੂੰ ਅੰਮ੍ਰਿਤਸਰ ਵਿਖੇ ਪੁੱਜੇਗਾ। ਉਨ੍ਹਾ ਕਿਹਾ ਕਿ 20 ਨਵੰਬਰ ਨੂੰ ਅੰਮ੍ਰਿਤਸਰ ਵਿਖੇ ਪੜਾਅ ਉਪਰੰਤ ਇਹ ਨਗਰ ਕੀਰਤਨ 21 ਨਵੰਬਰ ਨੂੰ ਤਰਨ ਤਾਰਨ ਲਈ ਰਵਾਨਾ ਹੋਵੇਗਾ। ਸ੍ਰੀ ਟੌਂਗ ਨੇ ਦੱਸਿਆ ਕਿ 23 ਤੋਂ 25 ਨਵੰਬਰ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਧਾਰਮਿਕ ਸਮਾਗਮ, ਸਰਬ ਧਰਮ ਸੰਮੇਲਨ, ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ, ਢਾਡੀ ਅਤੇ ਕਵੀਸ਼ਰ ਦਰਬਾਰ, ਕੀਰਤਨ ਦਰਬਾਰ, ਗੁਰਬਾਣੀ ਕਥਾ ਪ੍ਰਵਾਹ ਅਤੇ ਡਰੋਨ ਸ਼ੋਅ ਵਰਗੇ ਵੱਖ-ਵੱਖ ਪ੍ਰੋਗਰਾਮ ਉਲੀਕੇ ਗਏ ਹਨ। ਉਨ੍ਹਾ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੱਡੀ ਗਿਣਤੀ ਵਿੱਚ ਖਾਲਸੇ ਦੀ ਜਨਮਭੂਮੀ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਕੇ ਗੁਰੂ ਸਾਹਿਬ ਨੂੰ ਸ਼ਰਧਾ ਸਤਿਕਾਰ ਭੇਟ ਕਰਨ। ਕੀਰਤਨ ਸਮਾਗਮ ਵਿੱਚ ਸਰਵਣ ਸਿੰਘ ਬੱਲ, ਸਰਪੰਚ ਪ੍ਰਦੀਪ ਸਿੰਘ, ਸਰਪੰਚ ਕੁਲਬੀਰ ਸਿੰਘ, ਸਰਪੰਚ ਰਣਬੀਰ ਸਿੰਘ, ਸਰਪੰਚ ਸ਼ਰਨਜੀਤ ਸਿੰਘ ਕੋਟ ਮਹਿਤਾਬ, ਸੰਦੀਪ ਵਿਰਦੀ, ਗੁਰਦੇਵ ਸਿੰਘ ਖਾਲਸਾ, ਸਰਪੰਚ ਬਲਦੇਵ ਸਿੰਘ, ਬਲਵਿੰਦਰ ਸਿੰਘ ਕਲਕੱਤਾ ਵਾਲੇ, ਕਪੂਰ ਸਿੰਘ ਭੁੱਲਰ, ਬਲਦੇਵ ਸਿੰਘ ਭੱਪੀ, ਬਾਬਾ ਬਲਬੀਰ ਸਿੰਘ, ਗ੍ਰੰਥੀ ਬਲਬੀਰ ਸਿੰਘ, ਭੁਪਿੰਦਰ ਸਿੰਘ ਬਿੱਟੂ, ਵਿਸ਼ਾਲ ਮੰਨਣ, ਭਗਵੰਤ ਸਿੰਘ, ਮੇਜਰ ਸਿੰਘ, ਮੇਵਾ ਸਿੰਘ, ਦਲਬੀਰ ਸਿੰਘ, ਰੇਸ਼ਮ ਸਿੰਘ, ਪਰਮਜੀਤ ਸਿੰਘ, ਸੁਖਬੀਰ ਸਿੰਘ, ਮਾਸਟਰ ਜਗਜੀਤ ਸਿੰਘ, ਜਸਬੀਰ ਸਿੰਘ ਗ੍ਰੰਥੀ ਤੋਂ ਇਲਾਵਾ ਵੱਡੀ ਗਿਣਤੀ ਸੰਗਤਾਂ ਨੇ ਹਾਜ਼ਰੀ ਭਰੀ।

# ਸੜਕੀ ਹਾਦਸਿਆਂ 'ਚ ਵਿੱਛੜ ਗਿਆਂ ਦੀ ਯਾਦ 'ਚ ਸਮਾਗਮ



ਬਟਾਲਾ, (ਡਾ. ਮਲਵਿੰਦਰ ਸਿੰਘ)-ਸੜਕੀ ਹਾਦਸਿਆਂ 'ਚ ਵਿਛੜ ਗਿਆਂ ਨੂੰ ਸ਼ਰਧਾਂਜਲੀ ਅਤੇ ਪੀੜਤਾਂ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਹਮਦਰਦੀ ਮੌਕੇ ਨਾਗਰਿਕ ਸੁਰੱਖਿਆ ਕੈਂਪ, ਗੁਰੂ ਨਾਨਕ ਖਾਲਸਾ ਸੀਨੀ. ਸੈਕੰ. ਸਕੂਲ (ਨਾਰੋਵਾਲ) ਸਕੂਲ ਵਿਖੇ ਲਗਾਇਆ ਗਿਆ। ਇਹ 401ਵਾਂ ਕੈਂਪ ਸ. ਰਵੇਲ ਸਿੰਘ, ਜ਼ਿਲ੍ਹਾ ਕਮਾਂਡਰ ਪੰਜਾਬ ਹੋਮ ਗਾਰਡਜ਼-ਕਮ-ਵਧੀਕ ਕੰਟਰੋਲਰ ਸਿਵਲ ਡਿਫੈਂਸ ਗੁਰਦਾਸਪੁਰ ਤੇ ਸਟੋਰ ਸੁਪਰਡੈਂਟ ਦੇ ਦਿਸ਼ਾ ਨਿਰਦੇਸ਼ ਅਨੁਸਾਰ, ਪ੍ਰਿੰਸੀਪਲ ਦਲਜੀਤ ਸਿੰਘ ਬਾਜਵਾ ਦੀ ਅਗਵਾਈ ਵਿਚ, ਪੋਸਟ-ਵਾਰਡਨ ਹਰਬਖਸ਼ ਸਿੰਘ, ਵਾਈਸ, ਪ੍ਰਿੰਸੀਪਲ ਰਾਜਵਿੰਦਰ ਕੌਰ, ਲੈਕ. ਸੰਦੀਪ ਸਿੰਘ, ਦਵਿੰਦਰ ਸਿੰਘ ਖਾਲਸਾ ਗੁਰਪ੍ਰੀਤ ਸਿੰਘ ਦੇ ਨਾਲ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਹਿੱਸਾ ਲਿਆ।ਇਸ ਮੌਕੇ ਪਹਿਲਾਂ ਸੜਕੀ ਹਾਦਸਿਆਂ 'ਚ ਵਿਛੜਿਆਂ ਨੂੰ ਸ਼ਰਧਾਂਜਲੀ ਦਿੱਤੀ ਗਈ ਤੇ ਪੀੜਤਾਂ ਦੀ ਸਿਹਤਯਾਬੀ ਲਈ ਕਾਮਨਾ ਕੀਤੀ ਗਈ।

ਉਪਰੰਤ ਪੋਸਟ ਵਾਰਡਨ ਹਰਬਖਸ਼ ਸਿੰਘ ਨੇ ਕਿਹਾ ਕਿ ਇਹ ਦਿਨ ਨਵੰਬਰ ਮਹੀਨੇ ਦੇ ਤੀਸਰੇ ਐਤਵਾਰ ਨੂੰ ਸੜਕ, ਰੇਲ, ਹਵਾਈ ਜਾਂ ਸਮੁੰਦਰੀ ਅਤੇ ਪੈਦਲ ਚਲਦੇ ਹੋਏ, ਹਾਦਸਿਆਂ ਕਾਰਨ ਮ੍ਰਿਤਕਾਂ ਨੂੰ ਸ਼ਰਧਾਂਜਲੀ ਦੇਣ ਤੇ ਜਿਊਂਦੇ ਲੋਕਾਂ ਨੂੰ ਆਪਣੇ ਬਚਾਓ ਅਤੇ ਪੀੜਤਾਂ ਦੀ ਮਦਦ ਕਰਨ ਸਬੰਧੀ, ਜਾਗਰੂਕ ਕਰਨ ਹਿਤ, ਇਹ ਦਿਨ ਮਨਾਇਆ ਜਾਂਦਾ ਹੈ।

18-Nov-PAGE-12.qxd 11/17/2025 11:04 PM Page 1



## ਜ਼ਿਲ੍ਹਾ ਸੈਨਿਕ ਬੋਰਡ ਦੀ ਤਿਮਾਹੀ ਮੀਟਿੰਗ



ਮੋਹਾਲੀ, (ਗੁਰਜੀਤ ਬਿੱਲਾ)-ਜ਼ਿਲ੍ਹਾ ਸੈਨਿਕ ਬੋਰਡ, ਐੱਸ ਏ ਐੱਸ ਨਗਰ ਦੀ ਤਿਮਾਹੀ ਮੀਟਿੰਗ ਅੱਜ ਸ਼੍ਰੀਮਤੀ ਗੀਤਿਕਾ ਸਿੰਘ, ਆਈ.ਏ.ਐਸ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਦੀ ਪ੍ਰਧਾਨਗੀ ਡਿਪਟੀ ਕਮਿਸ਼ਨਰ ਦਫਤਰ ਵਿਖੇ ਹੋਈ। ਇਸ ਮੀਟਿੰਗ ਵਿੱਚ ਗਰੁੱਪ ਕੈਪਟਨ ਦਵਿੰਦਰ ਸਿੰਘ ਢਿੱਲੋਂ (ਰਿਟਾ), ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ, ਐਸ.ਏ.ਐਸ ਨਗਰ ਨੇ ਵਿਭਾਗ ਦੇ ਚੱਲ ਰਹੇ ਕੰਮਾਂ ਸਬੰਧੀ ਚਾਨਣਾ ਪਾਉਂਦੇ ਹੋਏ ਮਿਤੀ 01.04.2025 ਤੋਂ ਮਿਤੀ 30.09.2025 ਤੱਕ ਦੀ ਦਫਤਰ ਦੀ ਪ੍ਰਗਤੀ ਰਿਪੋਰਟ ਪੇਸ਼ ਕੀਤੀ ਅਤੇ ਵਿਭਾਗ ਵਿੱਚ ਚਲ ਰਹੀਆਂ ਵੱਖ-ਵੱਖ ਸਕੀਮਾਂ ਬਾਰੇ ਸਦਨ ਨੂੰ ਜਾਣੂ ਕਰਵਾਇਆ।ਮੀਟਿੰਗ ਦੌਰਾਨ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਵੱਲੋਂ ਉਠਾਏ ਗਏ ਵੱਖ-ਵੱਖ ਮੁੱਦਿਆਂ ਉਪੱਰ ਵਧੀਕ ਡਿਪਟੀ ਕਮਿਸ਼ਨਰ ਵੱਲੋਂ ਸਬੰਧਤ ਵਿਭਾਗਾਂ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਇਹਨਾਂ ਦਾ ਪਹਿਲ ਦੇ ਆਧਾਰ ਤੇ ਨਿਪਟਾਰਾ ਕਰਨ ਦੇ ਆਦੇਸ਼ ਦਿੱਤੇ।

## ਫੁਲਵਾੜੀ ਸਕੂਲ ਦੇ ਵਿਦਿਆਰਥੀਆਂ ਨੇ ਖੇਡਾਂ 'ਚ ਖੇਡ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ

ਸ਼ਾਹਕੋਟ (ਗਿਆਨ ਸੈਦਪੁਰੀ)

ਫੁਲਵਾੜੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਲੋਹੀਆਂ ਖਾਸ ਦਾ ਸਲਾਨਾ ਖੇਡ ਦਿਵਸ ਜਿੱਥੇ ਸਕੂਲ ਦੇ ਪਹਿਲੀ ਜਮਾਤ ਦੇ ਵਿਦਿਆਰਥੀਆਂ ਤੋਂ ਲੈ ਕੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਅੰਦਰਲੀ ਖੇਡ ਪ੍ਰਤਿਭਾ ਦੇ ਦਰਸ਼ਨ ਦੀਦਾਰੇ ਕਰਵਾ ਗਿਆ, ਉੱਥੇ ਸਕੂਲ ਦੇ ਪੁਰਾਣੇ ਅਧਿਆਪਕਾਂ ਤੇ ਵਿਦਿਆਰਥੀਆਂ ਦੀਆਂ ਮੌਜੂਦਾ ਵਿਦਿਆਰਥੀਆਂ, ਅਧਿਆਪਕਾਂ ਅਤੇ ਪ੍ਰਬੰਧਕਾਂ ਨਾਲ ਮਿੱਠੀਆਂ ਤੇ ਨਿੱਘੀਆਂ ਛੋਟੀਆਂ ਛੋਟੀਆਂ ਮੋਹ ਮਿਲਣੀਆਂ ਰਿਸ਼ਤਿਆਂ ਅੰਦਰ ਨਿੱਘ ਵੀ ਪੈਦਾ ਕਰ ਗਈਆਂ। ਸਕੂਲ ਦੇ ਸੰਤਾ ਸਿੰਘ ਤੇ ਸਰਮੁਖ ਸਿੰਘ ਯਾਦਗਾਰੀ ਖੇਡ ਸਟੇਡੀਅਮ ਨੂੰ ਪੂਰੀ ਤਰ੍ਹਾਂ ਸਜਾਇਆ ਗਿਆ, ਜਿਸ ਵਿੱਚ 35ਵਾਂ ਦੋ ਰੋਜ਼ਾ ਖੇਡ ਦਿਵਸ ਯਾਦਗਾਰੀ ਪਲ ਸਿਰਜਦਾ ਹੋਇਆ ਸਮਾਪਤ ਹੋਇਆ।ਖੇਡ ਦਿਵਸ ਦੇ ਪਹਿਲੇ ਦਿਨ ਦਾ ਉਦਘਾਟਨ ਸਕੂਲ ਦੇ ਮੈਨੇਜਰ ਜਗੀਰ ਜੋਸਨ, ਮੈਨੇਜਿੰਗ ਡਾਇਰੈਕਟਰ ਗੁਰਬਖਸ਼ ਕੌਰ ਜੋਸਨ, ਰਾਜਬੀਰ ਸਿੰਘ ਜੋਸਨ ਤੇ ਮੈਡਮ ਮਨੀਸ਼ਾ ਸਿੰਘ ਜੋਸਨ ਅਤੇ ਪ੍ਰਿੰਸੀਪਲ ਲਖਬੀਰ ਸਿੰਘ ਨੇ ਫੀਤਾ ਕੱਟ ਕੇ ਕੀਤਾ। ਇਸ ਦਿਨ ਨਰਸਰੀ ਦੇ ਬੱਚਿਆਂ ਤੋਂ ਲੈ ਕੇ ਪੰਜਵੀਂ ਜਮਾਤ ਦੇ ਬੱਚਿਆਂ ਨੇ ਬੈਨਰ ਰੇਸ, ਮੇਕਿੰਗ ਟਾਵਰ, ਬਲੈਸਿੰਗ ਬਾਲ, ਬੈਗ ਪੈਕਿੰਗ ਤੇ ਇਹੋ ਜਿਹੀਆਂ ਹੋਰ ਖੇਡਾਂ ਵਿੱਚ ਕਲਾਤਮਿਕ ਪ੍ਰਦਰਸ਼ਨ ਰਾਹੀਂ ਸਭ ਦੇ ਮਨ ਮੋਹ ਲਏ।ਖੇਡ ਦਿਵਸ ਦੇ ਦੂਸਰੇ ਤੇ ਆਖਰੀ ਦਿਨ ਛੇਵੀਂ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਵਾਲੀਬਾਲ ਵਿੱਚ ਸ਼ਾਨਦਾਰ ਪ੍ਰਦਰਸ਼ਨ ਤੋਂ ਇਲਾਵਾ ਮੈਟਲ ਮੈਥ, ਅੜਿੱਕਾ ਦੌੜ, ਥਰੀ ਲੈਗ ਅਤੇ ਵਨ ਲੈਗ ਆਦਿ ਦੌੜਾਂ ਵਿੱਚ ਆਪਣੀ ਖੇਡ ਪ੍ਰਤਿਭਾ ਦਾ ਲੋਹਾ ਮਨਵਾਇਆ। ਇਸ ਤੋਂ ਪਹਿਲਾਂ ਇਸ ਦਿਨ ਸ੍ਰ: ਚਾਨਣ ਸਿੰਘ



ਸਕੂਲ ਦੇ ਪ੍ਰਬੰਧਕ ਗਿਆਨ ਸੈਦਪੁਰੀ ਦਾ ਸਨਮਾਨ ਕਰਦੇ ਹੋਏ।

ਚੰਦੀ ਸਪੋਰਟਸ ਕਲੱਬ ਕਾਸੂਪੁਰ ਦੇ ਪ੍ਰਧਾਨ ਹਰਬੰਸ ਸਿੰਘ ਚੰਦੀ ਨੇ ਉਦਘਾਟਨੀ ਰਸਮਾਂ ਦੀ ਅਗਵਾਈ ਕੀਤੀ। ਉਨ੍ਹਾਂ ਵੱਲੋਂ ਸਕੂਲ ਦੀ ਪ੍ਰਬੰਧਕ ਕਮੇਟੀ ਅਤੇ ਹੋਰ ਮਹਿਮਾਨਾਂ ਦੇ ਸਾਥ ਨਾਲ ਖੇਡਾਂ ਦਾ ਲੋਗੋ ਅਤੇ ਰੰਗ ਬਿਰੰਗੇ ਗੁਬਾਰਿਆਂ ਨੂੰ ਅਸਮਾਨੀ ਪ੍ਰਵਾਜ਼ ਦਿੱਤੀ ਗਈ ਤਾਂ ਖੇਡ ਸਟੇਡੀਅਮ ਤਾੜੀਆਂ ਦੀ ਗੂੰਜ ਨਾਲ ਪੂਰੀ ਤਰ੍ਹਾਂ ਖੇਡ ਮਈ ਹੋਇਆ ਨਜ਼ਰ ਆਉਣ ਲੱਗਾ।ਖਿਡਾਰੀਆਂ ਨੂੰ ਇਨਾਮ ਵੰਡਣ ਮੌਕੇ ਸਕੂਲ ਦੇ ਉਨ੍ਹਾਂ ਪੁਰਾਣੇ ਵਿਦਿਆਰਥੀਆਂ ਨੂੰ ਵੀ ਸਨਮਾਨਤ ਕੀਤਾ ਗਿਆ ਜਿਹੜੇ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਦੇ ਹੋਏ ਸਕੂਲ ਦਾ ਵੀ ਮਾਣ ਵਧਾ ਰਹੇ ਹਨ। ਇਹਨਾਂ ਵਿੱਚ ਤਲਵਿੰਦਰ ਸਿੰਘ, ਭਵਰਪ੍ਰੀਤ ਸਿੰਘ, ਰਣਜੋਧ ਸਿੰਘ, ਨਛੱਤਰ ਸਿੰਘ, ਕੋਮਲ ਪ੍ਰੀਤ ਕੌਰ ਅਤੇ ਸਮਾਈਲ ਪ੍ਰੀਤ ਕੌਰ ਸ਼ਾਮਲ ਹਨ। ਪੁਰਾਣੇ ਵਿਦਿਆਰਥੀਆਂ ਨੇ ਨਿੱਕੜਿਆਂ ਦੀ ਦਿਲ ਖੋਲ੍ਹ ਕੇ ਮਾਲੀ ਸਹਾਇਤਾ ਕੀਤੀ।ਖੇਡ ਦਿਵਸ ਮੌਕੇ ਸਕੂਲ ਅਧਿਆਪਕ ਰਮੇਸ਼ ਸ਼ਰਮਾ, ਹਰਪ੍ਰੀਤ ਕੌਰ, ਰਮਿੰਦਰ, ਰਣਜੀਤ ਸਿੰਘ, ਅਮਨਦੀਪ ਕੌਰ, ਗੀਟਾ ਸ਼ਰਮਾ, ਕਵਿਤਾ, ਨਤਾਸ਼ਾ, ਹਰਵਿੰਦਰ ਕੌਰ, ਹਰਮੀਤ ਕੌਰ, ਨਿੰਦਰ ਕੌਰ, ਸੰਦੀਪ ਕੌਰ, ਮਨਪ੍ਰੀਤ ਕੌਰ, ਕਿਰਨਦੀਪ ਕੌਰ, ਪ੍ਰਭਜੋਤ ਕੌਰ, ਗੁਰਸ਼ਰਨ ਕੌਰ ਅਤੇ ਸਕੂਲ ਦਾ ਸਟਾਫ ਹਾਜ਼ਰ ਸੀ।ਪ੍ਰਬੰਧਕਾਂ ਵੱਲੋਂ ਸਕੂਲ ਦੇ ਪ੍ਰਿੰਸੀਪਲ ਅਤੇ ਵਿਲੱਖਣ ਸੇਵਾਵਾਂ ਨਿਭਾਉਣ ਵਾਲੇ ਅਧਿਆਪਕਾਂ ਨੂੰ ਤਮਗੇ ਦੇ ਕੇ ਸਨਮਾਨਤ ਕੀਤਾ ਗਿਆ। ਦੋ ਰੋਜ਼ਾ ਖੇਡ ਮੇਲੇ ਵਿੱਚ ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆਂ, ਗੁਰਪਾਲ ਸਿੰਘ ਸ਼ਤਾਬਗੜ੍ਹ ਸੀਨੀਅਰ ਪੱਤਰਕਾਰ, ਡਾ. ਬਲਦੇਵ ਰਾਜ, ਤਰਕਸ਼ੀਲ ਆਗੂ ਬਿੱਟੂ ਰੂਪੇਵਾਲੀ, ਅਧਿਆਪਕ ਆਗੂ ਗੁਰਮੀਤ ਸਿੰਘ ਕੋਟਲੀ, ਲਖਬੀਰ ਸਿੰਘ ਕੰਗ, ਪ੍ਰੇਮ ਕੁਮਾਰ ਸੱਦੀ, ਅਮਰਜੀਤ ਸਿੰਘ ਖੋਸਾ, ਪਰਮਜੀਤ ਸਿੰਘ ਪੰਮਾ, ਸੁਰਜੀਤ ਸਿੰਘ ਤਾਹਰਪੁਰ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਾਮਿਲ ਹੋਏ।ਪਹਿਲੇ ਦਿਨ ਸਟੇਜ ਸਕੱਤਰ ਵਜੋਂ ਮਾਨਸੀ ਅਤੇ ਰਮਨਪ੍ਰੀਤ ਕੌਰ ਅਤੇ ਦੂਸਰੇ ਦਿਨ ਹਰਪ੍ਰੀਤ ਕੌਰ ਅਤੇ ਮਾਨਸੀ ਨੇ ਡਿਊਟੀ ਬਾਖੂਬੀ ਨਿਭਾਈ। ਦੋਵੇਂ ਦਿਨ ਸਕੂਲ ਦੇ ਡੀਪੀ ਰਣਜੀਤ ਸਿੰਘ ਰਾਣਾ ਕਮੈਂਟੇਟਰ ਵਜੋਂ ਖੇਡਾਂ ਵਿੱਚ ਨਿਆਰੇ ਰੰਗ ਭਰਦੇ ਰਹੇ।ਸਕੂਲ ਦੀ ਪ੍ਰਬੰਧਕ ਕਮੇਟੀ ਵੱਲੋਂ ਮੁੱਖ ਮਹਿਮਾਨ ਹਰਬੰਸ ਸਿੰਘ ਚੰਦੀ ਅਤੇ ਵਿਸ਼ੇਸ਼ ਮਹਿਮਾਨਾਂ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਆਖਿਰ ਵਿੱਚ ਸਕੂਲ ਦੇ ਮੈਨੇਜਰ ਜਗੀਰ ਜੋਸਨ ਨੇ ਸਭ ਦਾ ਧੰਨਵਾਦ ਕੀਤਾ।

## ਪੈਨਸ਼ਨਰਾਂ ਨੇ ਵੱਡੀ ਗਿਣਤੀ 'ਚ ਪੁੱਜ ਕੇ ਮੇਲੇ ਦਾ ਲਿਆ ਲਾਭ : ਜ਼ਿਲ੍ਹਾ ਖਜ਼ਾਨਾ ਅਫਸਰ

ਜਲੰਧਰ (ਨ ਜ ਸ)-ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਦੇ ਦਿਸ਼ਾ ਨਿਰਦੇਸ਼ਾਂ ਤੇ 13 ਨਵੰਬਰ ਤੋਂ ਸ਼ੁਰੂ ਹੋਏ ਸਰਕਾਰੀ ਪੈਨਸ਼ਨ ਸੇਵਾ ਮੇਲੇ ਦੇ ਆਖਰੀ ਦਿਨ ਜ਼ਿਲ੍ਹੇ ਭਰ ਦੇ ਪੈਨਸ਼ਨਰਾਂ ਨੇ ਆਪਣੀ ਈ-ਕੇ.ਵਾਈ.ਸੀ ਪੋਰਟਲ ਤੇ ਕਰਵਾਉਣ ਸਮੇਤ ਆਪਣੇ ਲਾਈਫ ਸਰਟੀਫਿਕੇਟ ਆਨਲਾਈਨ ਕਰਵਾਏ। ਇਸ ਮੌਕੇ ਜ਼ਿਲ੍ਹਾ ਖਜ਼ਾਨਾ ਅਫਸਰ ਪੰਜਾਬ ਖਜ਼ਾਨਾ ਚੰਡੀਗੜ੍ਹ ਵੱਲੋਂ ਆਏ ਸਾਰੇ ਪੈਨਸ਼ਨਰਾਂ ਦਾ ਇਸ ਮੇਲੇ ਦਾ ਲਾਭ ਲੈਣ ਲਈ ਧੰਨਵਾਦ ਕੀਤਾ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਰਕਾਰ ਵੱਲੋਂ ਪੈਨਸ਼ਨਰ/ਫੈਮਲੀ ਪੈਨਸ਼ਨਰਾਂ ਦੀ ਸਹੂਲਤ ਲਈ ਪੈਨਸ਼ਨਰ ਸੇਵਾ ਪੋਰਟਲ ਲਾਗੂ ਕੀਤਾ ਜਾ ਚੁੱਕਾ ਹੈ, ਜਿਸ ਰਾਹੀਂ ਪੈਨਸ਼ਨਰ ਘਰ ਬੈਠੇ ਹੀ ਆਪਣਾ ਲਾਈਫ ਸਰਟੀਫਿਕੇਟ ਅਪਲੋਡ ਕਰ ਸਕਣਗੇ। ਉਨ੍ਹਾਂ ਦੱਸਿਆ ਕਿ ਇਸ ਪੋਰਟਲ ਰਾਹੀਂ ਮਹੀਨਾਵਾਰ ਪੈਨਸ਼ਨ ਦੀ ਅਕਾਉਂਟਿੰਗ, ਈ ਪੀ ਪੀ ਪੈਨਸ਼ਨ ਡਾਟਾ ਸ਼ਿਕਾਇਤ ਨਿਵਾਰਨ ਸੈਕਸ਼ਨ ਮੋਡਿਊਲ ਆਦਿ ਦੀ ਵਿਵਸਥਾ ਉਪਲਬਧ ਹੈ। ਉਨ੍ਹਾਂ ਦੱਸਿਆ ਕਿ ਪੈਨਸ਼ਨਰਾਂ ਦੀ ਜੀਵਨ ਪ੍ਰਮਾਣ ਪੱਤਰ ਦੀ ਪੈਨਸ਼ਨ ਸੇਵਾ ਪੋਰਟਲ ਨਾਲ ਸਿੰਕ ਸੁਵਿਧਾ ਵੀ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ। ਜ਼ਿਲ੍ਹਾ ਖਜ਼ਾਨਾ ਅਫਸਰ ਨੇ ਦੱਸਿਆ ਕਿ ਪੈਨਸ਼ਨ ਸੇਵਾ ਪੋਰਟਲ ਤਹਿਤ ਹਰੇਕ ਪੈਨਸ਼ਨਰ/ਫੈਮਲੀ ਪੈਨਸ਼ਨਰ ਦਾ ਈ-ਕੇ ਵਾਈ ਸੀ ਕਰਵਾਉਣਾ ਜਾਣਾ ਲਾਜ਼ਮੀ ਹੈ। ਭਵਿੱਖ ਵਿੱਚ ਪੰਜਾਬ ਸਰਕਾਰ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਹੁਕਮਾਂ ਤੇ ਪੈਨਸ਼ਨ ਸੇਵਾ ਪੋਰਟਲ ਤੇ ਰਹਿ ਗਏ ਪੈਨਸ਼ਨਰਾਂ ਦਾ ਡਾਟਾ ਅਗਲੇ ਹੁਕਮਾਂ ਤੱਕ ਚਾਲੂ ਰਹੇਗਾ। ਕੋਈ ਵੀ ਪੈਨਸ਼ਨਰ ਕਿਸੇ ਵੀ ਕੰਮ ਵਾਲੇ ਦਿਨ ਸਬੰਧਤ ਬੈਂਕਾਂ ਅਤੇ ਜ਼ਿਲ੍ਹਾ ਖਜ਼ਾਨਾ ਦਫਤਰ ਵਿਚ ਤਾਲਮੇਲ ਕਰ ਸਕਦਾ ਹੈ।

## ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸ਼ਰਧਾਂਜਲੀ ਭੇਟ



ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)

ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਉਨਾਂ ਦੇ 110ਵੇਂ ਸ਼ਹੀਦੀ ਦਿਹਾੜੇ ਮੌਕੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨਾਂ ਦੇ ਆਜ਼ਾਦੀ ਸੰਗਰਾਮ 'ਚ ਪਾਏ ਬੇਮਿਸਾਲ ਯੋਗਦਾਨ ਨੂੰ ਸਿਜਦਾ ਕੀਤਾ ਗਿਆ। ਹਰ ਸਾਲ ਦੀ ਤਰਾਂ ਇਸ ਸਾਲ ਵੀ ਲੋਕਾਂ ਵਲੋਂ ਉਨ੍ਹਾਂ ਦੀ ਸ਼ਹਾਦਤ ਨੂੰ ਸਿਜਦਾ ਕੀਤਾ ਗਿਆ। ਪਿੰਡ ਨੰਗਲ ਖਿਲਾੜੀਆਂ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਤਲਵਿੰਦਰ ਸਿੰਘ ਹੀਰ ਨੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸਮੁੱਚੀਆਂ ਲੋਕ ਪੱਖੀ ਧਿਰਾਂ ਨੂੰ ਏਕਤਾ ਕਰਨ ਤੇ ਦੇਸ਼ ਨੂੰ ਫਿਰਕਾਪ੍ਰਸਤ ਹਾਕਮਾਂ ਤੇ ਲੁਟੇਰੇ ਸਰਮਾਏਦਾਰਾਂ ਵਿਰੁੱਧ ਸਾਂਝੇ ਸੰਘਰਸ਼ਾਂ ਵਿੱਚ ਜੂਝਣ ਦਾ ਸੱਦਾ ਦਿੱਤਾ। ਇਸ ਮੌਕੇ ਭੈਣ ਸੁਰਿੰਦਰ ਕੌਰ, ਬੀਬੀ ਰਾਜਵਿੰਦਰ ਕੌਰ, ਜੈਸਮੀਨ ਕੌਰ,ਜਸਪ੍ਰੀਤ ਕੌਰ,ਜਤਿੰਦਰ ਸਿੰਘ, ਸੁੱਚਾ ਸਿੰਘ ਨੇ ਵੀ ਸ਼ਮੂਲੀਅਤ ਕੀਤੀ।

## ਪ੍ਰਕਾਸ਼ਦੀਪ ਨੇ ਜੀ ਐੱਨ ਏ 'ਵਰਸਿਟੀ ਟੈਕਫੈਸਟ 'ਚ ਸਰਵੋਤਮ ਵਿਦਿਆਰਥੀ ਪੁਰਸਕਾਰ ਜਿੱਤਿਆ

ਜਲੰਧਰ (ਸ਼ੈਲੀ ਐਲਬਰਟ)-ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਅਗਵਾਈ ਅਤੇ ਪ੍ਰੀਤ ਕੰਵਲ, ਇੰਚਾਰਜ, ਈਸੀਈ ਵਿਭਾਗ, ਪ੍ਰਕਾਸ਼ਦੀਪ ਸਿੰਘ ਦੀ ਯੋਗ ਅਗਵਾਈ ਹੇਠ, ਵਿਦਿਆਰਥੀ (ਈ ਸੀ ਈ) ਨੇ ਜੀ ਐੱਨ ਏ ਯੂਨੀਵਰਸਿਟੀ ਦੇ ਟੈਕ ਪ੍ਰਗਿਆ ਟੈਕਫੈਸਟ ਵਿੱਚ ਸਰਵੋਤਮ ਵਿਦਿਆਰਥੀ ਪੁਰਸਕਾਰ ਪ੍ਰਾਪਤ ਕਰਕੇ ਵਿਭਾਗ ਦਾ ਮਾਣ ਵਧਾਇਆ। ਉਸ ਦੀ ਪ੍ਰਾਪਤੀ ਈਸੀਈ ਵਿਭਾਗ ਦੇ ਅੰਦਰ ਉਤਸ਼ਾਹਿਤ ਤਕਨੀਕੀ ਸੂਝ, ਰਚਨਾਤਮਕਤਾ ਅਤੇ ਸਮਰਪਣ ਨੂੰ ਦਰਸਾਉਂਦੀ ਹੈ ਮਨੀਸ਼ ਸਚਦੇਵਾ, ਮਨਿੰਦਰ ਕੌਰ ਅਤੇ ਮੈਡਮ ਦੇਵਿਕਾ ਸਮੇਤ ਫੈਕਲਟੀ ਮੈਂਬਰ ਅਕਾਦਮਿਕ ਮਾਰਗਦਰਸ਼ਨ, ਤਕਨੀਕੀ ਸੈਸ਼ਨਾਂ ਅਤੇ ਵਿਭਾਗੀ ਗਤੀਵਿਧੀਆਂ ਰਾਹੀਂ ਵਿਦਿਆਰਥੀ ਵਿਕਾਸ ਵਿੱਚ ਸਰਗਰਮੀ ਨਾਲ ਯੋਗਦਾਨ ਪਾਉਂਦੇ ਹਨ। ਪ੍ਰਿੰਸੀਪਲ ਸਾਹਿਬ ਅਤੇ ਇੰਚਾਰਜ ਮੈਡਮ ਨੇ ਪ੍ਰਕਾਸ਼ਦੀਪ ਅਤੇ ਫੈਕਲਟੀ ਮੈਂਬਰਾਂ ਨੂੰ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ ਤੇ ਵਧਾਈ ਦਿੱਤੀ।



## ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਮੈਗਾ ਜਾਬ ਫੇਅਰ ਭਲਕੇ

ਮੋਹਾਲੀ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)-ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (4255) ਅਤੇ ਮਾਡਲ ਕਰੀਅਰ ਸੈਂਟਰ, ਐਸ.ਏ.ਐਸ ਨਗਰ ਵੱਲੋਂ ਮਿਤੀ 19 ਨਵੰਬਰ ਨੂੰ ਸਰਕਾਰੀ ਕਾਲਜ, ਫੇਜ਼-6 ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਮੈਗਾ ਜਾਬ ਫੇਅਰ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਜਾਬ ਫੇਅਰ ਦਾ ਸਮਾਂ ਸਵੇਰ 10:00 ਵਜੇ ਤੋਂ ਦੁਪਿਹਰ 02.00 ਵਜੇ ਤੱਕ ਹੋਵੇਗਾ। ਹਰਪ੍ਰੀਤ ਸਿੰਘ ਮਾਨਸ਼ਾਹੀਆਂ, ਡਿਪਟੀ ਡਾਇਰੈਕਟਰ, ਡੀ.ਬੀ.ਈ.ਈ ਨੇ ਦੱਸਿਆ ਕਿ ਜਾਬ ਫੇਅਰ ਵਿੱਚ ਡੀਮਾਰਟ, ਟੀ.ਡੀ.ਐਸ, ਟੈਲੀਪਰਫ੍ਰਾਮੈਂਸ, ਏਕਸੀਜ਼ ਬੈਂਕ, ਪ੍ਰੋਟਾਲਕ, ਗੋਵਨ,ਪੀ.ਵੀ.ਆਰ, ਫਲਿਪਕਾਰਟ ਅਤੇ ਕਈ ਹੋਰ ਨਾਮੀ ਕੰਪਨੀਆਂ ਵੱਲੋਂ 10ਵੀ, 12ਵੀਂ ਅਤੇ ਗ੍ਰੈਜੂਏਟ ਪਾਸ ਯੋਗ ਪ੍ਰਾਰਥੀਆਂ ਦੀ ਚੋਣ ਵੱਖ-2 ਅਸਾਮੀਆਂ ਲਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਚੁਣੇ ਗਏ ਪ੍ਰਾਰਥੀਆਂ ਦੀ ਤਨਖਾਹ ਕੰਪਨੀ ਨੋਰਮਜ਼ ਅਨੁਸਾਰ ਹੋਵੇਗੀ ਅਤੇ ਕੰਮ ਕਰਨ ਦਾ ਸਥਾਨ ਮੋਹਾਲੀ ਹੋਵੇਗਾ।

## ਐੱਲ ਪੀ ਯੂ ਵਿਖੇ 'ਬਾਇਓਇਨੋਵੇਟ' 'ਤੇ ਇੱਕ ਅੰਤਰਰਾਸ਼ਟਰੀ ਕਾਨਫਰੰਸ




ਜਲੰਧਰ (ਸ਼ੈਲੀ ਐਲਬਰਟ)

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ ਪੀ ਯੂ) ਦੇ ਸਕੂਲ ਆਫ਼ ਬਾਇਓਇੰਜੀਨੀਅਰਿੰਗ ਐਂਡ ਬਾਇਓਸਾਇੰਸਿਜ਼ ਨੇ 'ਬਾਇਓਇਨੋਵੇਟ: ਬ੍ਰਿਜਿੰਗ ਸਾਇੰਸ ਐਂਡ ਸੋਸਾਇਟੀ ਫਾਰ ਸਸਟੇਨੇਬਲ ਡਿਵੈਲਪਮੈਂਟ ਗੋਲਜ਼' ਸਿਰਲੇਖ ਵਾਲੀ ਇੱਕ ਅੰਤਰਰਾਸ਼ਟਰੀ ਕਾਨਫਰੰਸ ਦਾ ਆਯੋਜਨ ਕੀਤਾ। ਇਹ ਦੋ ਦਿਨਾਂ ਪ੍ਰੋਗਰਾਮ ਇੱਕ ਮਹੱਤਵਪੂਰਨ ਗਲੋਬਲ ਪਲੇਟਫਾਰਮ ਵਜੋਂ ਕੰਮ ਕਰਦਾ ਸੀ ਜਿੱਥੇ ਉੱਘੇ ਵਿਗਿਆਨੀ, ਅੰਤਰਰਾਸ਼ਟਰੀ ਸਿੱਖਿਆ ਸ਼ਾਸਤਰੀ, ਉਦਯੋਗ ਦੇ ਲੀਡਰਸ ਅਤੇ ਉਤਸ਼ਾਹੀ ਨੌਜਵਾਨ ਖੋਜਕਰਤਾ ਬਾਇਓਟੈਕਨਾਲੋਜੀ ਵਿੱਚ ਟਿਕਾਊ ਨਵੀਨਤਾ ਅਤੇ ਅਤਿ-ਆਧੁਨਿਕ ਅਨੁਵਾਦਕ ਖੋਜ 'ਤੇ ਸੰਵਾਦ ਨੂੰ ਅੱਗੇ ਵਧਾਉਣ ਲਈ ਇਕੱਠੇ ਹੋਏ।ਡਾ. ਨੀਤਾ ਰਾਜ ਸ਼ਰਮਾ, ਸੀਨੀਅਰ ਡੀਨ ਅਤੇ ਸਕੂਲ ਆਫ਼ ਬਾਇਓਇੰਜੀਨੀਅਰਿੰਗ ਐਂਡ ਬਾਇਓਸਾਇੰਸਿਜ਼ ਦੀ ਮੁਖੀ, ਨੇ ਸਾਰੇ ਵਿਸ਼ੇਸ਼ ਮਹਿਮਾਨਾਂ, ਡੈਲੀਗੇਟਾਂ ਅਤੇ ਭਾਗੀਦਾਰਾਂ ਦਾ ਨਿੱਘਾ ਸਵਾਗਤ ਕੀਤਾ। ਡਾ. ਸ਼ਰਮਾ ਨੇ ਵਿਸ਼ਵਵਿਆਪੀ ਚੁਣੌਤੀਆਂ ਨੂੰ ਹੱਲ ਕਰਨ ਵਿੱਚ ਬਾਇਓਇੰਜੀਨੀਅਰਿੰਗ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ।ਐੱਲ ਪੀ ਯੂ ਦੇ ਪ੍ਰੋ-ਵਾਈਸ ਚਾਂਸਲਰ ਡਾ. ਲਵੀ ਰਾਜ ਗੁਪਤਾ ਨੇ ਯੂਨੀਵਰਸਿਟੀ ਦੀ ਨਵੀਨਤਾ ਨੂੰ ਸਥਿਰਤਾ ਨਾਲ ਜੋੜਨ ਦੀ ਵਚਨਬੱਧਤਾ ਨੂੰ ਦੁਹਰਾਇਆ। ਡਾ. ਗੁਪਤਾ ਨੇ ਕਿਹਾ ਕਿ ਬਾਇਓਇਨੋਵੇਟ ਵਰਗੇ ਪ੍ਰੋਗਰਾਮ ਵਿਸ਼ਵ ਵਿਗਿਆਨਕ ਭਾਈਚਾਰੇ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦੇ ਹਨ ਅਤੇ ਨੌਜਵਾਨ ਬਾਇਓਟੈਕਨਾਲੋਜੀ ਨੇਤਾਵਾਂ ਨੂੰ ਇੱਕ ਹੋਰ ਨਿਆਂਪੂਰਨ ਅਤੇ ਟਿਕਾਊ ਸੰਸਾਰ ਬਣਾਉਣ ਲਈ ਪ੍ਰੇਰਿਤ ਕਰਦੇ ਹਨ।

## ਸੀ ਟੀ ਗਰੁੱਪ ਵੱਲੋਂ ਵੀਕਐਂਡ ਆਫ ਵੈੱਲਨੈੱਸ ਦਾ ਸਫ਼ਲ ਆਯੋਜਨ




ਜਲੰਧਰ (ਸ਼ੈਲੀ ਐਲਬਰਟ)-ਸੀ ਟੀ ਗਰੁੱਪ ਆਫ ਇੰਸਟੀਟਿਊਸ਼ਨਜ਼ ਨੇ ਜ਼ਿਲ੍ਹਾ ਪ੍ਰਸ਼ਾਸਨ ਜਲੰਧਰ ਦੇ ਸਹਿਯੋਗ ਨਾਲ ਮਾਡਲ ਟਾਊਨ ਦੇ ਸ਼ਿਵਾਨੀ ਪਾਰਕ ਵਿੱਚ ਵੀਕਐਂਡ ਆਫ ਵੈੱਲਨੈੱਸ ਦਾ ਸ਼ਾਨਦਾਰ ਆਯੋਜਨ ਕੀਤਾ। ਇਹ ਪ੍ਰੋਗਰਾਮ ਰਾਜ-ਪੱਧਰੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਨੂੰ ਹੋਰ ਮਜ਼ਬੂਤ ਕਰਦਿਆਂ ਨਸ਼ਿਆਂ ਤੋਂ ਬਚਾਅ ਅਤੇ ਸਿਹਤਮੰਦ ਜੀਵਨਸ਼ੈਲੀ ਵੱਲ ਲੋਕਾਂ ਨੂੰ ਪ੍ਰੇਰਿਤ ਕਰਨ ਲਈ ਸਮਰਪਿਤ ਸੀ।ਇਸ ਸਮਾਜ-ਕੇਂਦਰਿਤ ਵੈੱਲਨੈੱਸ ਇਵੈਂਟ ਵਿੱਚ ਵਿਦਿਆਰਥੀਆਂ, ਨੌਜਵਾਨਾਂ, ਪਰਵਾਰਾਂ ਅਤੇ ਨੇੜਲੇ ਖੇਤਰਾਂ ਦੇ ਬਜ਼ੁਰਗਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਪ੍ਰੋਗਰਾਮ ਵਿੱਚ ਆਉਟਡੋਰ ਫਿਟਨੈੱਸ ਸੈਸ਼ਨ, ਮਨੋਰੰਜਕ ਖੇਡਾਂ, ਡਾਂਸ ਅਤੇ ਸੋਚ ਨੂੰ ਪ੍ਰੇਰਿਤ ਕਰਨ ਵਾਲੇ ਇੰਟਰਐਕਟਿਵ ਟਾਸਕ ਸ਼ਾਮਲ ਸਨ, ਜਿਨ੍ਹਾਂ ਦਾ ਮਕਸਦ ਤੰਦਰੁਸਤੀ ਦਾ ਪ੍ਰਚਾਰ ਸੀ। ਇੱਕ ਸਿਹਤਮੰਦ ਅਤੇ ਨਸ਼ਾ-ਮੁਕਤ ਸਮਾਜ ਵੱਲ ਵਚਨਬੱਧਤਾ ਦੇ ਪ੍ਰਤੀਕ ਵਜੋਂ ਰੁੱਖ ਲਗਾਉਣ ਦੀ ਮੁਹਿੰਮ ਵੀ ਚਲਾਈ ਗਈ। ਪ੍ਰੋਗਰਾਮ ਦੀ ਸ਼ੋਭਾ ਵਧਾਉਣ ਲਈ ਮੁੱਖ ਮਹਿਮਾਨ ਡਿਪਟੀ ਕਮਿਸ਼ਨਰ ਜਲੰਧਰ ਡਾ. ਹਿਮਾਂਸ਼ੂ ਅੱਗਰਵਾਲ, ਅਤੇ ਵਿਸ਼ੇਸ਼ ਮਹਿਮਾਨ ਹਲਕਾ ਇੰਚਾਰਜ ਜਲੰਧਰ ਕੈਂਟ ਅਤੇ ਸਟੇਟ ਸੈਕ੍ਰੇਟਰੀ ਪੰਜਾਬ ਮੈਡਮ ਰਾਜਵਿੰਦਰ ਥਿਆੜਾ ਨੇ ਹਾਜ਼ਰੀ ਭਰੀ। ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ, ਪਰਮਿੰਦਰ ਕੌਰ, ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਨੇ ਵੀ ਆਪਣੀ ਹਾਜ਼ਰੀ ਦਰਜ ਕਰਵਾਈ।

## ਵਿਧਾਇਕ ਵੱਲੋਂ ਖੇਡ ਸਟੇਡੀਅਮ ਦੇ ਨਿਰਮਾਣ ਦਾ ਉਦਘਾਟਨ



ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)

ਪੰਜਾਬ ਸਰਕਾਰ ਸੂਬੇ ਦੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਹਰ ਪਿੰਡ ਖੇਡ ਮੈਦਾਨ ਨੀਤੀ ਤਹਿਤ ਪੰਜਾਬ ਭਰ ਵਿੱਚ 3100 ਅਤੇ ਆਧੁਨਿਕ ਸਹੂਲਤਾਂ ਨਾਲ ਲੈਸ ਖੇਡ ਸਟੇਡੀਅਮ ਦਾ ਨਿਰਮਾਣ ਕਰਵਾ ਰਹੀ ਹੈ ਤਾਂ ਜੋ ਨੌਜਵਾਨਾਂ ਨੂੰ ਨਸ਼ਿਆਂ ਵੱਲ ਜਾਣ ਤੋਂ ਰੋਕਿਆ ਜਾ ਸਕੇ। ਇਹ ਪ੍ਰਗਟਾਵਾ ਹਲਕਾ ਵਿਧਾਇਕ ਡਾ ਚਰਨਜੀਤ ਸਿੰਘ ਨੇ ਪਿੰਡ ਚੂਹੜ ਮਾਜਰਾ ਵਿਖੇ 28 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਖੇਡ ਸਟੇਡੀਅਮ ਦੇ ਨਿਰਮਾਣ ਕਾਰਜਾ ਦਾ ਉਦਘਾਟਨ ਕਰਨ ਸਮੇਂ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਹਲਕਾ ਵਿਧਾਇਕ ਨੇ ਦੱਸਿਆ ਕਿ ਇਹ ਸਟੇਡੀਅਮ ਤਿੰਨ ਮਹੀਨਿਆਂ ਵਿੱਚ ਤਿਆਰ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਪੰਜਾਬ ਦੇ ਪਿੰਡਾਂ ਵਿੱਚ 1194 ਕਰੋੜ ਰੁਪਏ ਦੀ ਲਾਗਤ ਨਾਲ 3100 ਖੇਡ ਸਟੇਡੀਅਮ ਬਣਾ ਰਹੀ ਹੈ, ਜਿਨ੍ਹਾਂ ਵਿੱਚ ਖੇਡਾਂ ਨਾਲ ਸੰਬੰਧਤ ਸਾਰੀਆਂ ਅਤਿ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਹ ਸਾਰੇ ਸਟੇਡੀਅਮ ਤਿੰਨ ਤੋਂ ਛੇ ਮਹੀਨਿਆਂ ਦੇ ਅੰਦਰ ਅੰਦਰ ਤਿਆਰ ਕਰਕੇ ਖਿਡਾਰੀਆਂ ਨੂੰ ਸਮਰਪਿਤ ਕਰ ਦਿੱਤੇ ਜਾਣਗੇ।ਇਸ ਮੌਕੇ ਸਰਪੰਚ ਹਰਪ੍ਰੀਤ ਸਿੰਘ, ਸਿਆਸੀ ਸਕੱਤਰ ਜਗਤਾਰ ਸਿੰਘ ਘੜੂੰਆ ਅਤੇ ਸਰਪੰਚ ਗੁਰਪ੍ਰੀਤ ਸਿੰਘ ਅਮਰਾਲੀ ਆਦਿ ਹਾਜ਼ਰ ਸਨ।

## ਮੁਫਤ ਡੇਅਰੀ ਸਿਖਲਾਈ ਕੋਰਸ ਦਾ ਤੀਜਾ ਬੈਚ 1 ਦਸੰਬਰ ਤੋਂ

ਹੁਸ਼ਿਆਰਪੁਰ, (ਓ ਪੀ ਰਾਣਾ)-ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਪੰਜਾਬ ਗੁਰਮੀਤ ਸਿੰਘ ਖੁੱਡੀਆਂ ਦੀ ਅਗਵਾਈ ਵਿਚ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ, ਪੰਜਾਬ ਕੁਲਦੀਪ ਸਿੰਘ ਜੱਸੋਵਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡੇਅਰੀ ਵਿਕਾਸ ਵਿਭਾਗ, ਪੰਜਾਬ ਵਲੋਂ ਐਸ.ਸੀ ਉਮੀਦਵਾਰਾਂ ਲਈ 2 ਹਫ਼ਤੇ ਦਾ ਮੁਫ਼ਤ ਡੇਅਰੀ ਸਿਖਲਾਈ ਕੋਰਸ 1 ਦਸੰਬਰ ਤੋਂ ਡੇਅਰੀ ਸਿਖਲਾਈ ਕੇਂਦਰ, ਫਗਵਾੜਾ ਵਿਖੇ ਚਲਾਇਆ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਹਰਵੰਤ ਸਿੰਘ ਨੇ ਦੱਸਿਆ ਕਿ ਇਸ ਸਿਖਲਾਈ ਪ੍ਰੋਗਰਾਮ ਵਿੱਚ ਦੁਧਾਰੂ ਪਸ਼ੂਆਂ ਦੀ ਖ਼ਰੀਦ ਤੋਂ ਲੈ ਕੇ ਰੱਖ-ਰਖਾਅ,ਖਾਧ-ਖੁਰਾਕ, ਨਸਲ-ਸੁਧਾਰ,ਸਾਂਭ-ਸੰਭਾਲ ਅਤੇ ਸੁਚੱਜੇ ਮੰਡੀਕਰਨ ਦੀਆਂ ਨਵੀਨਤਮ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਇਨ੍ਹਾਂ ਸਿਖਿਆਰਥੀਆਂ ਦੀ ਚੋਣ ਜ਼ਿਲ੍ਹਾ ਲੈਵਲ ਕਮੇਟੀ ਵਲੋਂ ਕੀਤੀ ਜਾਵੇਗੀ। ਇਸ ਸੰਬੰਧੀ ਅਨੁਸੂਚਿਤ ਜਾਤੀ ਦੇ ਵਿਅਕਤੀ (ਮਰਦ/ਔਰਤ) ਜਿਨ੍ਹਾ ਦੀ ਉਮਰ 18 ਤੋਂ 55 ਸਾਲ ਦੇ ਵਿੱਚ ਹੋਵੇ, ਪੰਜਵੀਂ ਪਾਸ ਹੋਵੇ,ਪੇਂਡੂ ਪਿਛੋਕੜ ਨਾਲ ਸਬੰਧ ਰੱਖਦਾ ਹੋਵੇ, 29 ਨਵੰਬਰ ਤੱਕ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ, ਮਿੰਨੀ ਸਕੱਤਰੇਤ, ਚੌਥੀ ਮੰਜ਼ਿਲ, ਕਮਰਾ ਨੰਬਰ 439 ਵਿਖੇ ਆਪਣਾ ਆਧਾਰ ਕਾਰਡ,ਯੋਗਤਾ ਸਰਟੀਫਿਕੇਟ,ਅਨੁਸੂਚਿਤ ਜਾਤੀ ਸਰਟੀਫਿਕੇਟ ਲੈ ਕੇ ਫਾਰਮ ਭਰ ਸਕਦੇ ਹਨ। ਟ੍ਰੇਨਿੰਗ ਉਪਰੰਤ ਸਿਖਿਆਰਥੀਆਂ ਨੂੰ 3500 ਰੁਪਏ ਵਜ਼ੀਫਾ ਵੀ ਦਿੱਤਾ ਜਾਵੇਗਾ। ਸਿਖਲਾਈ ਪ੍ਰਾਪਤ ਉਮੀਦਵਾਰਾਂ ਨੂੰ 2, 5, 10 ਦੁਧਾਰੂ ਪਸ਼ੂਆਂ ਦੀ ਖ਼ਰੀਦ 'ਤੇ 33 ਫੀਸਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ।

## ਬਾਲ ਦਿਵਸ ਧੂਮਧਾਮ ਨਾਲ ਮਨਾਇਆ

ਬਲਾਚੌਰ (ਜਸਵਿੰਦਰ ਬੈਂਸ)

ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਲਿਟਲ ਸਟਾਰ ਮਾਡਲ ਹਾਈ ਸਕੂਲ ਨਾਨੋਵਾਲ ਬੇਟ ਵਿਖੇ ਮੈਡਮ ਅਮਨਦੀਪ ਕੌਰ ਗੰਗੜ ਦੀ ਅਗਵਾਈ ਹੇਠ ਸਮੂਹ ਸਟਾਫ ਦੇ ਸਹਿਯੋਗ ਨਾਲ ਬੱਚਿਆਂ ਵੱਲੋਂ ਬਾਲ ਦਿਵਸ ਬੜੇ ਚਾਵਾਂ ਨਾਲ ਮਨਾਇਆ ਗਿਆ। ਰੰਗ ਬਰੰਗੀਆਂ ਪੋਸ਼ਾਕਾਂ ਵਿੱਚ ਜਦੋਂ ਬੱਚੇ ਸਕੂਲ ਆ ਰਹੇ ਸੀ ਤਾਂ ਬਾਲ ਦਿਵਸ ਮਨਾਉਣ ਦੀ ਖੁਸ਼ੀ ਉਹਨਾਂ ਦੇ ਚੇਹਰਿਆਂ ਤੇ ਸਪਸ਼ਟ ਦਿਖਾਈ ਦੇ ਰਹੀ ਸੀ। ਖੂਬਸੂਰਤ ਪੰਡਾਲ ਵਿੱਚ ਬੱਚਿਆਂ ਅਤੇ ਸਟਾਫ ਵੱਲੋਂ ਸੁਸ਼ੋਭਿਤ ਹੋਣ ਉਪਰੰਤ ਮੰਚ ਸੰਚਾਲਕ ਜਤਿੰਦਰਾ ਵਲੋਂ ਸਮਾਗਮ ਦੀ ਕਾਰਵਾਈ ਸ਼ੁਰੂ ਕੀਤੀ ਗਈ ਅਤੇ ਸਭ ਤੋਂ ਪਹਿਲੋਂ ਉਨ੍ਹਾਂ ਬਾਲ ਦਿਵਸ ਮਨਾਉਣ ਦੀ ਮਹੱਤਤਾ ਬਾਰੇ ਵੇਰਵੇ ਸਹਿਤ ਚਾਨਣਾ ਪਾਇਆ।ਪੰਡਿਤ ਜਵਾਹਰ ਲਾਲ ਨਹਿਰੂ ਦੇ ਬੱਚਿਆਂ ਪ੍ਰਤੀ ਅਥਾਹ ਪਿਆਰ ਅਤੇ ਬੱਚਿਆਂ ਵਲੋਂ ਉਹਨਾਂ ਨੂੰ ਚਾਚਾ ਨਹਿਰੂ ਦੇ ਨਾਮ ਨਾਲ ਪੁਕਾਰਨ ਬਾਬਤ ਛੋਟੇ-ਛੋਟੇ ਬੱਚਿਆਂ ਵਲੋਂ ਭਾਸ਼ਣ, ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਵੱਡੇ ਬੱਚਿਆਂ ਵੱਲੋਂ ਸੋਲੋ ਡਾਂਸ, ਗਰੁੱਪ ਡਾਂਸ ਅਤੇ ਕੋਰੀਓਗ੍ਰਾਫੀ ਦੀਆਂ ਵੱਖ-ਵੱਖ ਪੇਸ਼ਕਾਰੀਆਂ ਵੱਖਰੇ -ਵੱਖਰੇ ਅੰਦਾਜ਼ ਵਿੱਚ ਪੇਸ਼ ਕੀਤੀਆਂ ਗਈਆਂ।ਲੜਕੀਆਂ ਵੱਲੋਂ ਰੰਗਾ ਰੰਗ ਪ੍ਰੋਗਰਾਮ ਦੀ ਆਖਰੀ ਪੇਸ਼ਕਾਰੀ 'ਖੇਡਣ ਦੇ ਦਿਨ ਚਾਰ' ਬਹੁਤ ਸਰਾਹੁਣ ਯੋਗ ਰਹੀ ਅਤੇ ਸਰੋਤੇ ਭਾਵੁਕ ਹੋਏ ਦਿਸੇ।ਅੰਤ ਵਿੱਚ ਬੱਚਿਆਂ ਨੂੰ ਤੋਹਫੇ ਅਤੇ ਚਾਕਲੇਟਾਂ ਵੰਡੀਆਂ ਗਈਆਂ ਅਤੇ ਸਮਾਗਮ ਦੀ ਸਮਾਪਤੀ ਹੋਈ। ਉਪਰੋਕਤ ਤੋਂ ਇਲਾਵਾ ਇਸ ਸਮੇਂ ਪੂਨਮ, ਰਿਸ਼ੂ ,ਗੁਰਚਰਨ, ਭਾਗਿਆ ਸ੍ਰੀ, ਨੇਹਾ ਸੁਜੋਵਾਲ, ਨੇਹਾ ਡੁੱਗਰੀ, ਇੰਦੂ, ਸਨਪ੍ਰੀਤ, ਨਿਧੀ ਸ਼ਰਮਾ, ਸੁਮਨ, ਸਵਿਤਾ, ਆਸ਼ਾ ਦੇਵੀ ਅਤੇ ਜਸਵਿੰਦਰ ਕੌਰ ਵੀ ਹਾਜ਼ਰ ਸਨ।



## ਮੋਡੀਫਾਈਡ ਵਹੀਕਲਾਂ, ਮੋਟਰਸਾਈਕਲ ਟਰਾਲੀਆਂ ਅਵਾਰਾ ਪਸ਼ੂਆਂ ਨੂੰ ਤੁਰੰਤ ਹਟਾਉਣ ਦੀ ਮੰਗ : ਫੁਗਲਾਣਾ



ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)-ਦੋਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਦੇ ਪ੍ਰਧਾਨ ਬਲਵੀਰ ਸਿੰਘ ਫੁਗਲਾਣਾ, ਜਨਰਲ ਸਕੱਤਰ ਜਗਤਾਰ ਸਿੰਘ,ਵਰਿੰਦਰ ਸਿੰਘ ਭਿੰਡਰ ਅਤੇ ਜਸਵਿੰਦਰ ਸਿੰਘ ਸੰਘਾ ਨੇ ਸਾਂਝੇ ਤੌਰ 'ਤੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਸ ਸਮੇਂ ਪੰਜਾਬ ਵਿੱਚ ਜੋ ਮੋਡੀਫਾਈਡ ਵਹੀਕਲ ਅਤੇ ਮੋਟਰਸਾਈਕਲ ਟਰਾਲੀਆਂ ਅਤੇ ਅਵਾਰਾ ਪਸ਼ੂ ਸੜਕਾਂ ਤੇ ਆਮ ਘੁੰਮ ਰਹੇ ਹਨ, ਇਨ੍ਹਾਂ ਕਾਰਨ ਆਏ ਦਿਨ ਹਾਦਸੇ ਹੋ ਰਹੇ ਹਨ। ਮੋਡੀਫਾਈ ਕੀਤੇ ਟਰਾਲੀ ਮੋਟਰਸਾਈਕਲ ਤਾਂ ਮਾਨਤਾ ਪ੍ਰਾਪਤ ਵੀ ਨਹੀਂ ਹਨ ਇਨ੍ਹਾਂ ਕੋਲ ਨਾ ਤਾਂ ਡਰਾਈਵਿੰਗ ਲਾਇਸੈਂਸ ਹੁੰਦਾ ਹੈ, ਨਾ ਹੀ ਜ਼ਰੂਰੀ ਕਾਗਜ਼ਾਤ, ਬੀਮਾ ਵਗੈਰਾ ਅਤੇ ਨਾ ਹੀ ਇਨ੍ਹਾਂ ਨੂੰ ਸੜਕ ਦੇ ਆਵਾਜਾਈ ਨਿਯਮਾਂ ਦੀ ਜਾਣਕਾਰੀ ਹੁੰਦੀ ਹੈ। ਰਾਤ ਸਮੇਂ ਇਹ ਮੋਡੀਫਾਈ ਮੋਟਰਸਾਈਕਲ ਇੱਕ ਲਾਈਟ ਨਾਲ ਚੱਲਦੇ ਹਨ ਪਰੰਤੂ ਇਸ ਦੇ ਪਿੱਛੇ ਇੱਕ ਮੋਡੀਫਾਈ ਕੀਤੀ ਟਰਾਲੀ ਅਗਲੇ ਵਹੀਕਲ ਨਜ਼ਰ ਨਹੀਂ ਆਉਂਦੀ ਜੋ ਹਾਦਸੇ ਕਾਰਨ ਬਣਦੀ ਹੈ।ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਵਾਹਨਾਂ 'ਤੇ ਤੁਰੰਤ, ਖਾਸ ਕਰਕੇ ਮੇਨ ਰੋਡ ਉੱਪਰ ਇਨ੍ਹਾਂ ਵਾਹਨਾਂ ਤੇ ਚੱਲਣ ਦੀ ਪਾਬੰਦੀ ਲਗਾਈ ਜਾਵੇ।

## ਚਰਨਜੀਤ ਸਿੰਘ ਬਾਸੀ ਯਾਦਗਾਰੀ ਟੂਰਨਾਮੈਂਟ ਦੀਆਂ ਤਿਆਰੀਆਂ ਮੁਕੰਮਲ : ਬਾਗਲਾ

ਫਗਵਾੜਾ (ਡਾ. ਰਮਨ)-ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਨੂੰ ਹਨੇਰੇ 'ਚ ਲਿਜਾ ਰਹੇ ਡਰੱਗ ਮਾਫੀਆ ਦੇ ਖ਼ਤਰੇ ਦੇ ਵਿਚਕਾਰ ਫਗਵਾੜਾ ਫੁੱਟਬਾਲ ਅਕੈਡਮੀ ਨੌਜਵਾਨਾਂ ਲਈ ਉਮੀਦ ਦੀ ਕਿਰਨ ਵਜੋਂ ਉੱਭਰ ਰਹੀ ਹੈ, ਜੋ ਨਾ ਸਿਰਫ ਨੌਜਵਾਨਾਂ ਦੀ ਪ੍ਰਤਿਭਾ ਨੂੰ ਨਿਖਾਰ ਰਹੀ ਹੈ ਬਲਕਿ ਖੇਡਾਂ ਰਾਹੀਂ ਅਨੁਸ਼ਾਸਿਤ, ਸਿਹਤਮੰਦ ਅਤੇ ਉਦੇਸ਼ਪੂਰਨ ਜੀਵਨ ਜੀਉਣ ਲਈ ਮਾਰਗਦਰਸ਼ਨ ਵੀ ਪ੍ਰਦਾਨ ਕਰ ਰਹੀ ਹੈ। ਅਕੈਡਮੀ ਦੇ ਸੰਸਥਾਪਕ ਬਖਸ਼ੀਸ਼ ਸਿੰਘ ਬਾਗਲਾ, ਜੋ ਕਿ ਖੁਦ ਇੱਕ ਖਿਡਾਰੀ ਹਨ ਨੇ ਦੱਸਿਆ ਕਿ ਬਦਲਦੇ ਦੌਰ 'ਚ ਨੌਜਵਾਨਾਂ ਨੂੰ ਪਹਿਲਾਂ ਸ਼ਰਾਬ ਅਤੇ ਫਿਰ ਡਰੱਗ ਦੇ ਆਤਮ-ਘਾਤੀ ਨਸ਼ਿਆਂ 'ਚ ਗਰਕ ਹੁੰਦਿਆਂ ਦੇਖ ਕੇ ਉਹਨਾਂ ਦਾ ਮਨ ਕਾਫੀ ਦੁਖੀ ਹੋਇਆ ਅਤੇ ਉਨ੍ਹਾਂ ਨੇ 4 ਮਈ, 1997 ਨੂੰ ਫਗਵਾੜਾ ਫੁੱਟਬਾਲ ਅਕੈਡਮੀ ਦੀ ਸ਼ੁਰੂਆਤ ਕੀਤੀ। ਅਕੈਡਮੀ ਨੇ ਕੁਝ ਮਹੀਨਿਆਂ ਬਾਅਦ 15 ਅਗਸਤ, 1997 ਨੂੰ ਇੱਕ ਸ਼ਾਨਦਾਰ ਪ੍ਰਦਰਸ਼ਨੀ ਮੈਚ ਦਾ ਆਯੋਜਨ ਕਰਕੇ ਆਪਣੀ ਪਹਿਲੀ ਵੱਡੀ ਪ੍ਰਾਪਤੀ ਦਾ ਜਸ਼ਨ ਮਨਾਇਆ। ਜਿਸ ਵਿੱਚ ਤਜਰਬੇਕਾਰ ਅੰਤਰਰਾਸ਼ਟਰੀ ਫੁੱਟਬਾਲਰ ਅਤੇ ਅਰਜਨ ਅਵਾਰਡ ਨਾਲ ਸਨਮਾਨਤ ਖਿਡਾਰੀ ਇੰਦਰ ਸਿੰਘ, ਜਰਨੈਲ ਸਿੰਘ, ਗੁਰਦੇਵ ਸਿੰਘ, ਗੁਰਬਚਨ ਸਿੰਘ, ਪਰਮਿੰਦਰ, ਕਸ਼ਮੀਰਾ ਸਿੰਘ ਅਤੇ ਕੁਲਜੀਤ ਸਿੰਘ ਨੇ ਸ਼ਮੂਲੀਅਤ ਕੀਤੀ। ਬੀ ਐੱਸ ਬਾਗਲਾ ਨੇ ਦੱਸਿਆ ਕਿ ਅਕੈਡਮੀ 20 ਨਵੰਬਰ ਨੂੰ ਅਕਾਲ ਸਟੇਡੀਅਮ ਫਗਵਾੜਾ ਵਿਖੇ ਸਵਰਗੀ ਚਰਨਜੀਤ ਸਿੰਘ ਬਾਸੀ ਯਾਦਗਾਰੀ ਟੂਰਨਾਮੈਂਟ ਕਰਵਾ ਰਹੀ ਹੈ। ਜਿਸ ਦੀਆਂ ਤਿਆਰੀਆਂ ਪੂਰੀਆਂ ਕਰ ਲਈਆਂ ਗਈਆਂ ਹਨ। ਟੂਰਨਾਮੈਂਟ ਦਾ ਉਦਘਾਟਨ 20 ਨਵੰਬਰ, ਵੀਰਵਾਰ ਨੂੰ ਸਵੇਰੇ 10:30 ਵਜੇ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਕਰਨਗੇ। ਜਦਕਿ 23 ਨਵੰਬਰ ਨੂੰ ਦੁਪਹਿਰ 1:00 ਵਜੇ ਹੋਣ ਵਾਲੇ ਫਾਈਲ ਮੁਕਾਬਲੇ ਦੀ ਸਮਾਪਤੀ ਸਮੇਂ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਕ੍ਰਮਵਾਰ 1 ਲੱਖ ਅਤੇ 50 ਹਜ਼ਾਰ ਰੁਪਏ ਦੇ ਨਾਲ ਟਰਾਫੀਆਂ ਭੇਂਟ ਕਰਨ ਲਈ ਹਲਕਾ ਮੈਂਬਰ ਪਾਰਲੀਮੈਂਟ ਡਾ. ਰਾਜਕੁਮਾਰ ਚੱਬੇਵਾਲ ਆਪਣੀ ਹਾਜ਼ਰੀ ਲਗਾਉਣਗੇ।



## ਕਾਨੂੰਨੀ ਜਾਗਰੂਕਤਾ ਸੈਮੀਨਾਰ ਕਰਵਾਇਆ

ਨਵਾਂਸ਼ਹਿਰ (ਮਨੋਜ ਲਾਡੀ)-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋ ਮਾਪਿਆਂ ਅਤੇ ਸੀਨੀਅਰ ਨਾਗਰਿਕਾਂ ਦੀ ਦੇਖਭਾਲ ਅਤੇ ਭਲਾਈ ਐਕਟ 2007 ਦੇ ਬਾਰੇ ਕਰਵਾਇਆ ਨੈਸ਼ਨਲ ਲੀਗਲ ਸਰਵਿਸ ਅਥਾਰਟੀ, ਨਵੀ ਦਿੱਲੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ ਏ ਐੱਸ ਨਗਰ ਅਤੇ ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ, ਸ਼ਹੀਦ ਭਗਤ ਸਿੰਘ ਨਗਰ ਪ੍ਰਿਆ ਸੂਦ ਜੀਆਂ ਦੇ ਨਿਰਦੇਸ਼ਾਂ ਤਹਿਤ ਸੀ.ਜੇ.ਐੱਮ.-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਡਾ. ਅਮਨਦੀਪ ਜੀਆਂ ਦੀ ਅਗਵਾਈ ਹੇਠ ਦਫਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ ਭ ਨਗਰ ਵੱਲੋ ਮਿਤੀ 17.11.2025 ਨੂੰ ਸ੍ਰੀ ਨਾਵ ਕੰਵਲ ਰਾਜਾ ਸਾਹਿਬ, ਬਿਰਧ ਆਸ਼ਰਮ ਫਤੋਆਣਾ ਸਾਹਿਬ, ਪਿੰਡ ਭਰੋਮਜਾਰਾ ਵਿਖੇ ਮਾਪਿਆਂ ਅਤੇ ਸੀਨੀਅਰ ਨਾਗਰਿਕ ਦੀ ਦੇਖਭਾਲ ਅਤੇ ਭਲਾਈ ਐਕਟ 2007 ਦੇ ਬਾਰੇ ਕਾਨੂੰਨੀ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਦਫਤਰ ਦੇ ਪੈਰਾ ਲੀਗਲ ਵਲੰਟੀਅਰ ਸ੍ਰੀ ਦੇਸ ਰਾਜ ਬਾਲੀ ਅਤੇ ਸ੍ਰੀ ਵਾਸਦੇਵ ਪਰਦੇਸੀ ਵੱਲੋ ਬਜ਼ੁਰਗਾਂ ਅਤੇ ਆਮ ਲੋਕਾਂ ਨੂੰ ਮਾਪਿਆਂ ਅਤੇ ਸੀਨੀਅਰ ਨਾਗਰਿਕ ਦੀ ਦੇਖਭਾਲ ਅਤੇ ਭਲਾਈ ਐਕਟ 2007 ਦੇ ਬਾਰੇ ਕਾਨੂੰਨੀ ਜਾਗਰੂਕਤ ਕੀਤਾ ਗਿਆ। ਇਸ ਤੋਂ ਇਲਾਵਾ ਉਹਨਾਂ ਦੀਆ ਸਮੱਸਿਆਵਾਂ ਸੁਣੀਆ ਗਈਆ ਅਤੇ ਸੀਨੀਅਰ ਸੀਟੀਜ਼ਨ ਐਕਟ ਤਹਿਤ ਉਹਨਾਂ ਦੇ ਹੱਕਾਂ ਬਾਰੇ ਜਾਣੂ ਕਰਵਾਇਆ ਗਿਆ। ਇਸ ਤੋ ਇਲਾਵਾ ਬਜ਼ੁਰਗਾਂ ਨੂੰ ਆਧਾਰ ਕਾਰਡ, ਬੁਢਾਪਾ ਪੈਨਸ਼ਨ ਅਤੇ ਹੋਰਨਾਂ ਮੁਸ਼ਕਲਾਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਸ੍ਰੀ ਨਾਵ ਕੰਵਲ ਰਾਜਾ ਸਾਹਿਬ, ਬਿਰਧ ਆਸ਼ਰਮ ਫਤੋਆਣਾ ਸਾਹਿਬ, ਪਿੰਡ ਭਰੋਮਜਾਰਾ ਦੇ ਸੇਵਾਦਾਰ ਬਾਬਾ ਬਲਵੰਤ ਸਿੰਘ ਅਤੇ ਹੋਰ ਸੇਵਾਦਾਰ ਹਾਜ਼ਰ ਸਨ।

## ਦੀ ਲੈਂਡਮਾਰਕ ਸਕੂਲ ਭੋਗਪੁਰ 'ਚ ਬਾਲ ਦਿਵਸ ਮਨਾਇਆ




ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)

ਬਾਲ ਦਿਵਸ ਦੇ ਮੌਕੇ 'ਤੇ ਦੀ ਲੈਂਡਮਾਰਕ ਸਕੂਲ ਭੋਗਪੁਰ ਵਿੱਚ ਸਾਲਾਨਾ ਖੇਡ ਦਿਵਸ ਵੱਡੇ ਜੋਸ਼, ਅਨੁਸ਼ਾਸਨ ਅਤੇ ਖੇਡਭਾਵਨਾ ਨਾਲ ਮਨਾਇਆ ਗਿਆ ਜਿਸ ਵਿਚ ਮੁੱਖ ਮਹਿਮਾਨ ਵਜੋਂ ਰਜੀਵ ਕੁਮਾਰ (ਡੀ.ਐਸ.ਪੀ. ਭੋਗਪੁਰ, ਆਦਮਪੁਰ ਸਬ ਡਿਵਿਜ਼ਨ) ਅਤੇ ਮਿਲਨ ਹੰਸ (ਮੈਨੇਜਿੰਗ ਡਾਇਰੈਕਟਰ ਕਲਾਸ ਓਨ) ਨੇ ਸ਼ਿਰਕਤ ਕੀਤੀ। ਕਾਰਜਕਰਮ ਦੀ ਸ਼ੁਰੂਆਤ ਸ਼ਾਨਦਾਰ ਮਾਰਚ ਪਾਸਟ ਨਾਲ ਹੋਈ ਜਿਸ ਨੇ ਵਿਦਿਆਰਥੀਆਂ ਦੀ ਇਕਜੁਟਤਾ ਅਤੇ ਅਨੁਸ਼ਾਸਨ ਦਾ ਪ੍ਰਗਟਾਵਾ ਕੀਤਾ। ਵਿਦਿਆਰਥੀਆਂ ਨੇ ਦੌੜਾਂ, ਰੀਲੇ ਰੇਸ, ਲਾਂਗ ਜੰਪ, ਸ਼ਾਟ ਪੁੱਟ, ਲੈਮਨ ਰੇਸ ਅਤੇ ਰੱਸਾਕੱਸ਼ੀ ਆਦਿ ਮਨੋਰੰਜਕ ਰੇਸਾਂ ਵਿੱਚ ਵਧ-ਚੜ੍ਹ ਕੇ ਭਾਗ ਲਿਆ। ਤਿੱਖੀ ਮੁਕਾਬਲੇਬਾਜ਼ੀ ਬਾਅਦ ਚਾਰੇ ਹਾਊਸਾਂ ਵਿੱਚੋਂ ਸਕਾਲਰ ਹਾਊਸ ਨੇ ਸਮੁੱਚੇ ਚੈਂਪੀਅਨ ਦਾ ਖਿਤਾਬ ਜਿੱਤਿਆ ਜਦੋਂਕਿ ਥਿੰਕਰਜ਼ ਹਾਊਸ ਰਨਰ ਅੱਪ ਰਿਹਾ। ਅੰਤ ਵਿਚ ਜੇਤੂਆਂ ਨੂੰ ਖੇਡਾਂ ਪ੍ਰਤੀ ਹੋਰ ਉਤਸ਼ਾਹਿਤ ਕਰਨ ਲਈ ਸਰਟੀਫਿਕੇਟ, ਇਨਾਮ ਤੇ ਮੈਡਲ ਦਿੱਤੇ ਗਏ। ਮਹਿਮਾਨਾਂ ਨੇ ਵਿਦਿਆਰਥੀਆਂ ਦੇ ਜਜ਼ਬੇ, ਟੈਲੈਂਟ ਅਤੇ ਅਨੁਸ਼ਾਸਿਤ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ। ਇਸ ਮੌਕੇ ਚੇਅਰਮੈਨ ਇੰਜੀਨੀਅਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਜੋ ਵੀ ਬੱਚੇ ਕਿਸੇ ਵੀ ਖੇਤਰ ਵਿੱਚ ਵਧੀਆ ਕਾਰਗੁਜ਼ਾਰੀ ਕਰਦੇ ਹਨ ਉਨਾਂ ਨੂੰ ਸਕੂਲ ਵੱਲੋਂ 1.50 ਕਰੋੜ ਤੱਕ ਸਕਾਲਰਸ਼ਿਪ ਦਿੱਤੀ ਜਾ ਰਹੀ ਹੈ ਤਾਂ ਜੋ ਵਿਦਿਆਰਥੀ ਆਪਣੀ ਪੜ੍ਹਾਈ ਦੇ ਨਾਲ ਨਾਲ ਹਰ ਖੇਤਰ ਵਿੱਚ ਆਪਣੇ ਮਾਂ ਬਾਪ ਦਾ ਨਾਮ ਰੋਸ਼ਨ ਕਰ ਸਕਣ।

## ਪੰਜਾਬ ਸਟੇਟ ਯੂਥ ਵੇਟਲਿਫਟਿੰਗ ਚੈਂਪੀਅਨਸ਼ਿਪ ਕਰਵਾਈ




ਅੱਡਾ ਸਰਾਂ, (ਜਸਵੀਰ ਕਾਜਲ)

ਸਰਕਾਰੀ ਹਾਈ ਸਕੂਲ ਦੇਹਰੀਵਾਲ ਦੇ ਵੇਟਲਿਫਟਿੰਗ ਸੈਂਟਰ ਵਿਚ ਪੰਜਾਬ ਸਟੇਟ ਯੂਥ ਵੇਟਲਿਫਟਿੰਗ ਚੈਂਪੀਅਨਸ਼ਿਪ ਕਰਵਾਈ ਗਈ। ਸਰਪ੍ਰਸਤ ਹਰਦੀਪ ਸਿੰਘ ਬੀਰਮਪੁਰ,ਅਰਜੁਨ ਐਵਾਰਡੀ ਤਾਰਾ ਸਿੰਘ ਅਤੇ ਕੋਚ ਬਲਜਿੰਦਰ ਸਿੰਘ ਭਿੰਡਰ ਦੀ ਅਗਵਾਈ ਵਿਚ ਹੋਈ ਇਸ ਚੈਂਪੀਅਨਸ਼ਿਪ ਵਿਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਲੜਕੇ ਲੜਕੀਆਂ ਨੇ ਭਾਗ ਲਿਆ। ਇਸ ਚੈਂਪੀਅਨਸ਼ਿਪ ਦਾ ਉਦਘਾਟਨ ਉਲੰਪੀਅਨ ਡੀ ਐੱਸ ਪੀ ਸੰਦੀਪ ਕੁਮਾਰ, ਜਸਮੇਲ ਸਿੰਘ ਸਹੋਤਾ, ਡੀ ਐੱਸ ਪੀ ਮਨਜੀਤ ਸਿੰਘ, ਮੈਨੇਜਰ ਜਸਵਿੰਦਰ ਕੌਰ, ਪ੍ਰਿੰਸੀਪਲ ਆਸ਼ਾ ਰਾਣੀ ਅਤੇ ਜਸਦੀਪ ਕੌਰ ਢੱਟ ਨੇ ਕੀਤਾ ਜਦਕਿ ਇਨਾਮਾਂ ਦੀ ਵੰਡ ਮੁੱਖ ਮਹਿਮਾਨ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਕੀਤੀ। ਮੁਕਾਬਲਿਆਂ ਦੇ ਨਤੀਜੇ : 94 ਕਿਲੋ ਭਾਰ ਵਰਗ ਵਿਚ ਮਨਤੇਜ ਸਿੰਘ ਭਿੰਡਰ ਹੁਸ਼ਿਆਰਪੁਰ ਪਹਿਲੇ, ਓਂਕਾਰ ਸਿੰਘ ਲੁਧਿਆਣਾ ਦੂਜੇ ਅਤੇ ਅਜੇ ਵੀਰ ਸਿੰਘ ਪਟਿਆਲਾ ਤੀਜੇ ਸਥਾਨ ਤੇ ਰਿਹਾ। 88 ਕਿਲੋ ਭਾਰ ਵਰਗ ਵਿਚ ਗੁਰਕੀਰਤ ਸਿੰਘ ਲੁਧਿਆਣਾ ਪਹਿਲੇ, ਸਮਾਈਲ ਸ਼ਰਮਾ ਪਟਿਆਲਾ ਦੂਜੇ ਅਤੇ ਹਰਕੀਰਤ ਸਿੰਘ ਮੋਹਾਲੀ ਤੀਜੇ ਸਥਾਨ ਤੇ ਰਿਹਾ। 94 ਕਿਲੋ ਭਾਰ ਵਰਗ ਵਿਚ ਫਤਿਹਗੜ੍ਹ ਸਾਹਿਬ ਤੋਂ ਹਸਰਤ ਸਿੰਘ ਪਹਿਲੇ, ਪਟਿਆਲਾ ਦਾ ਅਦਿਤ ਸ਼ਰਮਾ ਦੂਜੇ ਅਤੇ ਹੁਸ਼ਿਆਰਪੁਰ ਦਾ ਪਰਮਜੋਤ ਸਿੰਘ ਤੀਜੇ ਸਥਾਨ ਤੇ ਰਿਹਾ। 79 ਕਿਲੋ ਭਾਰ ਵਰਗ ਵਿਚ ਕਾਰਤਿਕ ਪੁਰੀ ਲੁਧਿਆਣਾ ਜੇਤੂ ਰਿਹਾ। 71 ਕਿਲੋ ਭਾਰਕ ਵਰਗ ਵਿਚ ਫਾਜ਼ਿਲਕਾ ਦਾ ਜਸ਼ਨਦੀਪ ਸਿੰਘ ਪਹਿਲੇ, ਪਟਿਆਲਾ ਦਾ ਅੰਸ਼ ਸ਼ਰਮਾ ਦੂਜੇ ਅਤੇ ਅੰਮ੍ਰਿਤਸਰ ਦਾ ਕੁਵਰਪਾਲ ਤੀਜੇ ਸਥਾਨ ਤੇ ਰਿਹਾ। 65 ਕਿਲੋ ਭਾਰ ਵਰਗ ਵਿਚ ਸੁਨੀਲ ਸਿੰਘ ਅੰਮ੍ਰਿਤਸਰ ਪਹਿਲੇ ਅਤੇ ਤੇਜਸ ਠੇਠਰ ਹੁਸ਼ਿਆਰਪੁਰ ਦੂਜੇ ਸਥਾਨ ਤੇ ਰਿਹਾ। 60 ਕਿਲੋ ਭਾਰ ਵਰਗ ਵਿਚ ਰੂਪਨਗਰ ਦਾ ਜਤਿਨ ਪਹਿਲੇ ,ਨਵਾਂ ਸ਼ਹਿਰ ਦਾ ਯੁਵਰਾਜ ਸਿੰਘ ਦੂਜੇ ਅਤੇ ਪਟਿਆਲਾ ਦਾ ਨਿਤਨ ਤੀਜੇ ਸਥਾਨ ਤੇ ਰਿਹਾ। 56 ਕਿਲੋ ਭਾਰ ਵਰਗ ਅੰਮ੍ਰਿਤਸਰ ਦਾ ਸਮੀਰ ਸਿੰਘ ਪਹਿਲੇ, ਫਾਜ਼ਿਲਕਾ ਦਾ ਭੁਪਿੰਦਰ ਸਿੰਘ ਦੂਜੇ ਅਤੇ ਲੁਧਿਆਣਾ ਦਾ ਈਸ਼ਾਨ ਬੱਤਾ ਤੀਜੇ ਸਥਾਨ ਤੇ ਰਿਹਾ। ਲੜਕੀਆਂ ਦੇ ਵਰਗ ਵਿਚ ਬਿੰਦੂ, ਅਨੰਨਿਆ, ਸਾਨੀਆ, ਮਨਦੀਪ ਕੌਰ ਅਤੇ ਅੰਜਲੀ ਜੇਤੂ ਰਹੀਆਂ। ਇਸ ਮੌਕੇ ਐੱਸ .ਪੀ. ਕਮਲਦੀਪ ਸਿੰਘ,ਡੀ ਐੱਸ ਪੀ ਮਨਜੀਤ ਸਿੰਘ, ਇੰਸਪੈਕਟਰ ਵਿੱਕੀ, ਪ੍ਰਿੰਸੀਪਲ ਮਨਜੀਤ ਸਿੰਘ, ਹਰਮੀਤ ਸਿੰਘ ਔਲਖ, ਰਣਜੀਤ ਸਿੰਘ ਦਿਓਲ, ਐਸਐਚ ਓ ਗੁਰਿੰਦਰਜੀਤ ਸਿੰਘ ਨਾਗਰਾ, ਹਰਪ੍ਰੀਤ ਸਿੰਘ ਬਾਜਵਾ, ਹਰਦਿਆਲ ਸਿੰਘ, ਨੰਬਰਦਾਰ ਓਂਕਾਰ ਸਿੰਘ ਆਦਿ ਮੌਜੂਦ ਸਨ।

## ਕੈਂਬ੍ਰਿਜ ਓਵਰਸੀਜ਼ ਇੰਟਰਨੈਸ਼ਨਲ ਸਕੂਲ 'ਚ ਬਾਲ ਦਿਵਸ ਮਨਾਇਆ




ਫਿਲੌਰ (ਨਿਰਮਲ)- ਕੈਂਬ੍ਰਿਜ ਓਵਰਸੀਜ਼ ਇੰਟਰਨੈਸ਼ਨਲ ਸਕੂਲ ਫਿਲੌਰ ਵਿੱਚ ਬਾਲ ਦਿਵਸ ਬੜੇ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ। ਇਸ ਸਾਲ ਸਮਾਗਮ ਦੀ ਥੀਮ ਬਾਲੀਵੁੱਡ ਰਹੀ, ਜਿਸ ਅਧੀਨ ਵਿਦਿਆਰਥੀਆਂ ਨੇ ਰੰਗ-ਬਰੰਗੇ ਅਤੇ ਮਨਮੋਹਕ ਪ੍ਰਦਰਸ਼ਨ ਪੇਸ਼ ਕੀਤੇ।ਸਮਾਗਮ ਦੌਰਾਨ ਵਿਦਿਆਰਥੀਆਂ ਨੇ ਬਾਲੀਵੁੱਡ ਗੀਤਾਂ 'ਤੇ ਸ਼ਾਨਦਾਰ ਡਾਂਸ ਪਰਫਾਰਮੈਂਸ ਕਰਕੇ ਸਭ ਦਾ ਮਨ ਮੋਹ ਲਿਆ। ਇਸ ਮੌਕੇ 'ਤੇ ਫੈਸ਼ਨ ਫੈਸਟਾ ਦਾ ਵੀ ਆਯੋਜਨ ਕੀਤਾ ਗਿਆ, ਜਿਸ ਵਿੱਚ ਬੱਚਿਆਂ ਨੇ ਬਾਲੀਵੁੱਡ ਕਿਰਦਾਰਾਂ ਦੀ ਤਰ੍ਹਾਂ ਤਿਆਰ ਹੋ ਕੇ ਰੈਂਪ ਵਾਕ ਕਰਕੇ ਦਰਸ਼ਕਾਂ ਤੋਂ ਵਾਹ-ਵਾਹ ਲੁੱਟੀ। ਵੱਖ-ਵੱਖ ਫਨ ਗੇਮਜ਼, ਮਾਈਂਡ ਗੇਮਜ਼ ਅਤੇ ਮਨੋਰੰਜਕ ਗਤੀਵਿਧੀਆਂ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ ਵਿਦਿਆਰਥੀਆਂ ਨੇ ਵੱਡੇ ਚਾਵ ਨਾਲ ਹਿੱਸਾ ਲਿਆ। ਬੱਚਿਆਂ ਲਈ ਲੰਚ ਦਾ ਵੀ ਖ਼ਾਸ ਪ੍ਰਬੰਧ ਕੀਤਾ ਗਿਆ, ਜਿਸ ਨਾਲ ਸਮਾਰੋਹ ਦੀ ਰੌਣਕ ਹੋਰ ਵੱਧ ਗਈ।

## ਪੰਜਾਬ ਘੋੜਸਵਾਰੀ ਮੇਲਾ ਸਮਾਪਤ

ਮੋਹਾਲੀ, (ਗੁਰਜੀਤ ਬਿੱਲਾ)

ਪੰਜਾਬ ਘੋੜਸਵਾਰੀ ਮੇਲਾ 2.0 ਪਲਨਪੁਰ, ਐਸ.ਏ.ਐਸ. ਨਗਰ ਵਿੱਚ ਸਮਾਪਤ ਹੋਇਆ, ਜਿਸ ਵਿੱਚ ਘੋੜਸਵਾਰੀ ਖੇਡਾਂ ਵਿੱਚ ਪੰਜਾਬ ਦੇ ਵਧਦੇ ਪ੍ਰਭਾਵ ਅਤੇ ਇਸਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਦਰਸਾਇਆ ਗਿਆ। ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਸਮਾਪਤੀ ਸਮਾਰੋਹ ਵਿੱਚ ਸ਼ਿਰਕਤ ਕੀਤੀ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਖੇਡਾਂ ਅਤੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਅਟੁੱਟ ਵਚਨਬੱਧਤਾ ਦੀ ਪ੍ਰਸ਼ੰਸਾ ਕੀਤੀ।ਸੰਸਦ ਮੈਂਬਰ ਮੀਤ ਹੇਅਰ ਨੇ ਕਿਹਾ ਕਿ ਪੰਜਾਬ ਘੋੜਸਵਾਰੀ ਮੇਲਾ, ਘੋੜਸਵਾਰੀ ਪ੍ਰੇਮੀਆਂ ਦਾ ਲੰਬੇ ਸਮੇਂ ਤੋਂ ਸੁਪਨਾ ਰਿਹਾ ਹੈ, ਅਤੇ ਮੌਜੂਦਾ ਸਰਕਾਰ ਨੇ ਇਸਨੂੰ ਇੱਕ ਸਾਲਾਨਾ ਸਮਾਗਮ ਬਣਾ ਕੇ ਇਸ ਇੱਛਾ ਨੂੰ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪਲਨਪੁਰ ਵਿੱਚ ਪੰਚਾਇਤੀ ਜ਼ਮੀਨ 'ਤ ਪੇਸ਼ੇਵਰ ਪੱਧਰ ਦਾ ਘੋੜਸਵਾਰ ਰਿੰਗ ਸਥਾਪਤ ਕਰਨ ਵਿੱਚ ਸਰਕਾਰ ਦਾ ਸਮਰਥਨ, ਖੇਤਰ ਵਿੱਚ ਘੋੜਸਵਾਰ ਖੇਡਾਂ ਨੂੰ ਮਜ਼ਬੂਤ ਕਰਨ ਵੱਲ ਇੱਕ ਵੱਡਾ ਕਦਮ ਹੈ। ਉਨ੍ਹਾਂ ਨੇ ਪੰਜਾਬ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ, ਐਸ ਏ ਐਸ ਨਗਰ ਜ਼ਿਲ੍ਹਾ ਪ੍ਰਸ਼ਾਸਨ ਅਤੇ ਪ੍ਰਬੰਧਕਾਂ ਹਰਜਿੰਦਰ ਸਿੰਘ ਖੋਸਾ, ਦੀਪਿੰਦਰ ਸਿੰਘ ਬਰਾੜ ਅਤੇ ਹਰਮਨ ਸਿੰਘ ਖਹਿਰਾ ਨੂੰ ਖੇਡ ਨੂੰ ਉਤਸ਼ਾਹਿਤ ਕਰਨ ਲਈ ਉਨ੍ਹਾਂ ਦੇ ਸਮਰਪਣ ਲਈ ਵਧਾਈ ਦਿੱਤੀ।ਗਰੁੱਪ 1 ਓਪਨ 90 ਸੈਂਟੀਮੀਟਰ ਸ਼੍ਰੇਣੀ ਵਿੱਚ, ਮਯੰਕ ਨੇ ਘੋੜੇ ਵਜ਼ੀਰ 'ਤੇ ਪਹਿਲਾ ਸਥਾਨ ਪ੍ਰਾਪਤ ਕੀਤਾ, ਉਸ ਤੋਂ ਬਾਅਦ ਰੈੱਡ ਰਮ ਘੋੜੇ 'ਤੇ ਬਲਰਾਜ ਦੂਜੇ ਸਥਾਨ 'ਤੇ, ਸੰਦੀਪ, ਆਕਾਸ਼ ਤੇ ਤੀਜੇ ਸਥਾਨ 'ਤੇ, ਅਤੇ ਦੀਆ ਸ਼ਰਮਾ, ਜ਼ੋਲਾ ਡੇਲ 'ਤੇ ਚੌਥੇ ਸਥਾਨ 'ਤੇ ਰਹੇ। ਗਰੁੱਪ 1 ਓਪਨ 90 ਸੈਂਟੀਮੀਟਰ ਰਿਲੇਅ ਵਿੱਚ, ਘੋੜੇ ਥੰਡਰ 'ਤੇ ਕ੍ਰਿਸ਼ਨਨ ਕੋਟੋਡੀਅਨ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਬਾਜ਼ 'ਤੇ ਮਨਕੀਰਤ ਗਿੱਲ ਅਤੇ ਸਾਹਿਬਾ ਨੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ।ਗਰੁੱਪ 2 ਓਪਨ 75 ਸੈਂਟੀਮੀਟਰ ਈਵੈਂਟ ਵਿੱਚ ਘੋੜੇ ਉਜਾਲਾ 'ਤੇ ਰੁਦਰ ਨਹਿਰਾ ਨੇ ਪਹਿਲਾ ਸਥਾਨ ਜਿੱਤਿਆ। ਫੈਬੀਓ 'ਤੇ ਅਕਸ਼ਪ੍ਰੀਤ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਅਮਰੀਕਨ ਫੈਰੋਨ 'ਤੇ ਮਨਕੀਰਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ, ਅਤੇ ਟਾਈਗਰ 'ਤੇ ਗੁਰਵੀਰ ਸਿੱਧੂ ਨੇ ਚੌਥਾ ਸਥਾਨ ਪ੍ਰਾਪਤ ਕੀਤਾ। ਗਰੁੱਪ 3 ਓਪਨ 60 ਸੈਂਟੀਮੀਟਰ ਰਿਲੇਅ ਵਿੱਚ, ਬਾਜ਼ 'ਤੇ ਸੁਦੀਪ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਉਸ ਤੋਂ ਬਾਅਦ ਜ਼ੋਰਾਵਰ ਨੇ ਦਾਰਾ 'ਤੇ ਦੂਜੇ ਸਥਾਨ, ਦਿਵਜੋਤ ਕੌਰ ਨੇ ਜ਼ੋਲਾ ਡੇਲ 'ਤੇ ਤੀਜਾ ਸਥਾਨ ਅਤੇ ਮਨਕੀਰਤ ਨੇ ਵਿਕਟਰ 'ਤੇ ਚੌਥਾ ਸਥਾਨ ਪ੍ਰਾਪਤ ਕੀਤਾ।

